Worldwide Travel, Inc.
Call for special fares
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

APPROVED MORTGAGE
THE LENDER YOU CAN TRUST SM
C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com
1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

Call Prince Buttar 513-693-5125
7801 Brightfield Ct. Liberty Township, Ohio 45044
Prince Art Gallery
Professional HD, Video and Digital Photography
Wedding & Birthday Parties, Sweet Sixteen, Marriage Anny.
Discounts for Religious Events
Dj services available Princeart13@Hotmail.com

Eleventh Year in Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 16, April 17, 2010 | 20451 N Plum Grove Rd. Palatine, IL 60074 | Ph:847-359-0746, Fax:847-705-9388

## ਸਤਵੰਤ ਸਿੰਘ ਅਟੱਲ ਪੈਲਾਟਾਈਨ ਗੁਰੂ ਘਰ ਦੇ ਨਵੇਂ ਪ੍ਰਧਾਨ ਹੋਣਗੇ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਜੋ ਕਿ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਹੈ, ਦੇ ਨਵੇਂ ਚੁਣੇ ਗਏ ਬੋਰਡ ਨੇ ਸਰਬਸੰਮਤੀ ਨਾਲ ਸ. ਸਤਵੰਤ ਸਿੰਘ ਅਟੱਲ ਨੂੰ ਇਕ ਸਾਲ ਲਈ ਸੁਸਾਇਟੀ ਦਾ ਪ੍ਰਧਾਨ ਚੁਣ ਲਿਆ ਹੈ। ਉਨ੍ਹਾਂ ਤੋਂ ਬਾਅਦ ਅਗਲੇ ਇਕ ਸਾਲ ਲਈ ਮੌਜੂਦਾ ਵਿੱਤ ਸਕੱਤਰ ਸ. ਹਰਕੀਰਤ ਸਿੰਘ ਸੰਧੂ ਪ੍ਰਧਾਨ ਬਣਾਏ ਜਾਣਗੇ। ਸ. ਅਟੱਲ ਇਸ ਸਮੇਂ ਗੁਰੂ ਘਰ ਦੇ ਲੰਗਰ ਇੰਚਾਰਜ ਹਨ। ਇਸ ਸਬੰਧੀ ਫੈਸਲਾ



*ਸ. ਸਤਵੰਤ ਸਿੰਘ ਅਟੱਲ*

ਸੁਸਾਇਟੀ ਦੇ ਬੋਰਡ ਨੇ 4 ਅਪਰੈਲ ਨੂੰ ਹੋਈਆਂ ਚੋਣਾਂ ਤੋਂ ਬਾਅਦ ਬਣੇ ਨਵੇਂ ਬੋਰਡ ਦੀ ਲੰਘੇ ਸਨਿਚਰਵਾਰ ਨੂੰ ਹੋਈ ਇਕ ਮੀਟਿੰਗ ਵਿਚ ਲਿਆ। ਜ਼ਿਕਰਯੋਗ ਹੈ ਕਿ ਇਸ ਚੋਣ ਵਿਚ ਬੋਰਡ ਦੇ 5 ਨਵੇਂ ਮੈਂਬਰ ਚੁਣੇ ਗਏ ਸਨ, ਜਦੋਂਕਿ ਬੋਰਡ ਦੇ ਕੁਲ 9 ਮੈਂਬਰ ਹਨ।

ਮੀਟਿੰਗ ਵਿਚ ਕੀਤੇ ਗਏ ਫੈਸਲੇ ਅਨੁਸਾਰ

*(ਬਾਕੀ ਸਫਾ 5 ’ਤੇ)*



*ਦਿੱਲੀ ਵਿਚ ਹੋਈ ਵਿਸ਼ਵ ਸਿੱਖ ਕਨਵੈਨਸ਼ਨ ਵਿਚ ਸਟੇਜ ’ਤੇ ਬੈਠੇ ਸਿੱਖ ਆਗੂ*

# ਦਿੱਲੀ ਵਿਸ਼ਵ ਸਿੱਖ ਕਨਵੈਨਸ਼ਨ ਨਾਲ ਸਿੱਖ ਸਿਆਸਤ ਵਿਚਲਾ ਸੰਘਰਸ਼ ਤੇਜ਼

**ਬਿੰਦਰ ਬਸਰਾ**

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਨੂੰ ਸਿਆਸੀ ਦਾਬੇ ਹੇਠੋਂ ਕੱਢਣ ਲਈ ਵਿਦਵਾਨਾਂ ਦੀ ਕਮੇਟੀ ਬਣਾਉਣ ਅਤੇ ਵਿਵਾਦਗ੍ਰਸਤ ਹੁਕਮਨਾਮਿਆਂ ‘ਤੇ ਪੁਨਰਵਿਚਾਰ ਕਰਨ ਦੀ ਅਪੀਲ ਸਮੇਤ 12 ਮਤਿਆਂ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦੇਣ ਵਾਲੀ ਵਿਸ਼ਵ ਸਿੱਖ ਕਨਵੈਨਸ਼ਨ ਆਪਣੀ ਸਮਾਪਤੀ ਪਿੱਛੋਂ ਵੀ ਵਿਵਾਦਾਂ ‘ਚ ਘਿਰੀ ਹੋਈ ਹੈ। ਕਨਵੈਨਸ਼ਨ ਦੀਆਂ ਹਮਾਇਤੀ ਧਿਰਾਂ ਜਿਥੇ ਇਸ ਦੀ ਸਫਲਤਾ ਦੇ ਦਾਅਵੇ ਕਰ ਰਹੀਆਂ ਹਨ ਉਥੇ ਪੰਜ ਤਖਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਦਾ ਬਾਈਕਾਟ ਕਰਦਿਆਂ ਇਸ ਨੂੰ ਅਣਅਧਿਕਾਰਤ ਲੋਕਾਂ ਦਾ ਨਿੱਜੀ ਇਕੱਠ ਐਲਾਨਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਕਨਵੈਨਸ਼ਨ ਦਾ ਮਨੋਰਥ ਸਿੱਖਾਂ ਦੀ ਦੁਸ਼ਮਣ ਜਮਾਤ ਕਾਂਗਰਸ ਦੇ ਇਸ਼ਾਰੇ ‘ਤੇ ਸ੍ਰੀ ਅਕਾਲ ਤਖਤ ਨੂੰ ਵੰਗਾਰਨ ਅਤੇ ਗੁਰਦੁਆਰਾ ਪ੍ਰਬੰਧ ‘ਚ ਗੈਰਪੰਥਕ ਅਨਸਰਾਂ ਦੀ ਘੁਸਪੈਠ ਕਰਾਉਣ ਦਾ ਜਤਨ ਕਰਾਰ ਦਿੱਤਾ ਹੈ।

ਨਵੀਂ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਵਿਖੇ 10 ਅਤੇ 11 ਅਪ੍ਰੈਲ ਨੂੰ ਹੋਈ ਦੋ ਰੋਜ਼ਾ ਵਿਸ਼ਵ ਸਿੱਖ ਕਨਵੈਨਸ਼ਨ ‘ਚ ਪੰਜਾਬ, ਹਰਿਆਣਾ, ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆ ਵਿਚੋਂ ਪੁੱਜੀਆਂ ਸੰਗਤਾਂ ਵਿਚ ਵਿਦੇਸ਼ਾਂ ਤੋਂ ਵੀ ਡੈਲੀਗੇਟ ਸ਼ਾਮਿਲ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੁਲਾਈ ਗਈ ਇਸ ਵਿਸ਼ਵ ਸਿੱਖ ਕਨਵੈਨਸ਼ਨ ‘ਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਦਮਦਮੀ ਟਕਸਾਲ, ਦਲ ਖਾਲਸਾ,

*(ਬਾਕੀ ਸਫਾ 18 ’ਤੇ)*

**ਖਾਲਸੇ ਦੇ ਸਿਰਜਣਾ ਦਿਵਸ ਦੀ ਪਾਠਕਾਂ ਨੂੰ ਲੱਖ ਲੱਖ ਵਧਾਈ**

## ਡਾ. ਮਨਮੋਹਨ ਸਿੰਘ ਵਲੋਂ ਪ੍ਰਮਾਣੂ ਸੁਰੱਖਿਆ ’ਚ ਸਿਫਰ ਸਹਿਣਸ਼ੀਲਤਾ ਦੀ ਵਕਾਲਤ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਥੇ ਪ੍ਰਮਾਣੂ ਸੁਰੱਖਿਆ ਸੰਮੇਲਨ ਵਿਚ ਵਿਸ਼ਵ ਆਗੂਆਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਗਰੁੱਪਾਂ ਅਤੇ ਲੋਕਾਂ ਪ੍ਰਤੀ ‘ਸਿਫਰ ਸਹਿਣਸ਼ੀਲਤਾ’ ਵਰਤੀ ਜਾਵੇ ਜੋ ਪ੍ਰਮਾਣੂ ਸਮੱਗਰੀ ਦਾ ਨਾਜਾਇਜ਼ ਧੰਦਾ ਕਰਨ ਵਿਚ ਲੱਗੇ ਹੋਏ ਹਨ। ਇਸ ਸੰਮੇਲਨ ਵਿਚ 47 ਦੇਸ਼ਾਂ ਦੇ ਆਗੂ ਹਿੱਸਾ ਲੈ ਰਹੇ ਹਨ, ਜਿਨ੍ਹਾਂ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਵੀ ਸ਼ਾਮਲ ਹਨ।

ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਵਿਸ਼ਵ ਪੱਧਰੀ ਪ੍ਰਮਾਣੂ ਅਪ੍ਰਸਾਰ ਵਿਵਸਥਾ ਪ੍ਰਮਾਣੂ ਪ੍ਰਸਾਰ ਨੂੰ ਰੋਕਣ ਵਿਚ ਇਸ ਲਈ ਅਸਫਲ ਹੋ ਗਈ ਕਿਉਂਕਿ ਵਿਸ਼ਵ ਵਿਚ ਚੋਰੀ-ਛਿਪੇ ਪ੍ਰਮਾਣੂ ਪ੍ਰਸਾਰ ਦਾ ਧੰਦਾ ਕਰਨ ਵਾਲਿਆਂ ਦਾ ਨੈਟਵਰਕ ਵਧਦਾ-ਫੁਲਦਾ ਗਿਆ ਅਤੇ ਇਸ ਨਾਲ ਸਾਰੇ ਦੇਸ਼ਾਂ ਖਾਸ ਕਰਕੇ ਭਾਰਤ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ।

ਪ੍ਰਧਾਨ ਮੰਤਰੀ ਨੇ ਪਾਕਿਸਤਾਨ ਦੇ ਪ੍ਰਮਾਣੂ ਪ੍ਰੋਗਰਾਮ ਦੇ ਮੁਖੀ ਏ. ਕਿਊ. ਖ਼ਾਨ ਬਾਰੇ ਉਕਤ ਗੱਲ ਕਹੀ। ਏ. ਕਿਊ. ਖ਼ਾਨ ‘ਤੇ ਪ੍ਰਮਾਣੂ ਹਥਿਆਰ ਬਣਾਉਣ ਦੀ ਤਕਨੀਕ ਇਰਾਨ, ਲੀਬੀਆ ਅਤੇ ਉਤਰੀ ਕੋਰੀਆ ਨੂੰ ਵੇਚਣ ਲਈ ‘ਸਮਗਲਰਾਂ ਦਾ ਕੌਮਾਂਤਰੀ ਨੈਟਵਰਕ’ ਬਣਾਉਣ ਦਾ ਦੋਸ਼ ਹੈ। ਖਾਨ ਨੂੰ ਇਹ ਸਮਗਲਰ ਗਿਰੋਹ ਚਲਾਉਣ ਦਾ ਆਪਣਾ ਦੋਸ਼ ਸਵੀਕਾਰ ਕਰਨ ‘ਤੇ 2004 ਦੇ ਸ਼ੁਰੂ ਵਿਚ ਘਰ ਵਿਚ ਨਜ਼ਰਬੰਦ ਕਰ ਦਿੱਤਾ ਸੀ। ਪਿਛਲੇ ਸਾਲ ਖਾਨ ਅਤੇ ਪਾਕਿਸਤਾਨ ਸਰਕਾਰ ਵਿਚਾਲੇ ਗੁਪਤ ਸਮਝੌਤਾ ਹੋਣ ‘ਤੇ ਉਥੋਂ ਦੀ ਇਕ ਅਦਾਲਤ ਨੇ ਉਸ ‘ਤੇ ਲੱਗੀਆਂ ਕੁਝ ਪਾਬੰਦੀਆਂ ਹਟਾ ਦਿੱਤੀਆਂ ਸਨ।

ਭਾਰਤੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਪ੍ਰਮਾਣੂ ਸੁਰੱਖਿਆ ਇਕ ਵੱਡੀ ਚੁਣੌਤੀ ਬਣ ਗਈ

*(ਬਾਕੀ ਸਫਾ 18 ’ਤੇ)*

Wraich Transport LLS
North American Truck Stop
14320 Slover Ave., Fontana, CA 92337
ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king
*North american truck stop offer all kind of truck repair @ economy price.
*We have special deal on oil change $189 +
ਤੁਰਤ ਕਾਲ ਕਰੋ: 800-746-6201, 9093-350-3310

Dhade & Associates, PC
Immigration Lawyers
WE FIGHT FOR YOUR RIGHTS!
ਪੰਜਾਬੀ ਬੋਲਣ ਵਾਲੇ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ
*ਅਡਜਸਟਮੈਂਟ ਆਫ ਸਟੇਟਸ *ਡੀਪੋਰਟੇਸ਼ਨ
*ਅਸੀਂ ਤੁਹਾਡੀਆਂ ਸਾਰੀਆਂ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ ਵਿਚ ਕਰ ਸਕਦੇ ਹਾਂ
Randhir Singh Garcha
Immigration Lawyer
Herman Singh Dhade
Immigration Lawyer
Ph:248-254-3441
www.eagle.pro
e-mail: info@eagle.pro
28800 Orchard Lake Road, Suite 135, Farmington Hills, MI 48334

ੴ ਸਤਿਗੁਰ ਪ੍ਰਸਾਦਿ॥

*ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੇਊ ਮੈ ਸਾਰਾ।*
*ਜਬ ਯਹ ਜਹੈ ਬਿਪਰਨ ਕੀ ਰੀਤ। ਮੈ ਨ ਕਰਹੂੰ ਇਨ ਕੀ ਪ੍ਰਤੀਤ।*

1699 ਦੀ ਵਿਸਾਖੀ ਉਹ ਪਵਿਤਰ ਦਿਹਾੜਾ ਹੈ ਜਦੋਂ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਪਿਛੋਂ ਇਕ ਨਵੀਂ ਖਾਲਸਾ ਕੌਮ ਨੂੰ ਜਨਮ ਦਿਤਾ। ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦਾ ਕੌਤਕ ਰਚਾ ਕੇ ਖਾਲਸਾ ਕੌਮ ਦੇ ਇਕ ਇਕ ਮਰਜੀਵੜੇ ਨੂੰ ਸਵਾ ਸਵਾ ਲਖ ਨਾਲ ਲੜਨ ਦਾ ਬਲ ਬਖਸ਼ਿਆ। ਇਸ ਪਵਿਤਰ ਦਿਹਾੜੇ ਦੀ ਸਮੁੱਚੀ ਸਿੱਖ ਕੌਮ ਨੂੰ

# ਲੱਖ-ਲੱਖ ਵਧਾਈ ਹੋਵੇ




ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ

ਵਲੋਂ

## ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਿਲਵਾਕੀ ਦੀ ਸਾਧ ਸੰਗਤ

# Sikh Temple Of Wisconsin

7512 South Howell Ave. Oak Creek, WI 53154
Web Site: sikhtemplewi.org
Ph. 414-764-7454 Fax: 414-764-7512

# Sikh Religious Society of North West Indiana

ੴ ਸਤਿਗੁਰ ਪ੍ਰਸਾਦਿ

## ਸਮੂਹ ਸੰਗਤਾਂ ਨੂੰ ਵਿਸਾਖੀ ਮੁਬਾਰਕ !

## ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ ਜਨਮ ਦਿਹਾੜੇ ਦੀ ਸਮੂਹ ਸੰਗਤਾਂ ਨੂੰ

# ਲੱਖ ਲੱਖ ਵਧਾਈ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਖਾਲਸੇ ਦਾ ਸਿਰਜਣਾ ਦਿਹਾੜਾ ਗੁਰਦੁਆਰਾ ਕਰਾਊਨ ਪੁਆਇੰਟ ਵਿਚ ਸੰਗਤਾਂ ਵਲੋਂ 18 ਅਪਰੈਲ, 2010 ਨੂੰ ਮਨਾਇਆ ਜਾ ਰਿਹਾ ਹੈ। ਇਸ ਮੌਕੇ ਭਾਈ ਬਲਬੀਰ ਸਿੰਘ ਮਾਛੀਵਾੜੇ ਦਾ ਢਾਡੀ ਜਥਾ ਅਤੇ ਹੋਰ ਕੀਰਤਨੀ ਜਥੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਆਪ ਸਭ ਨੂੰ ਇਸ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ॥



## ਪ੍ਰੋਗਰਾਮ

**16 ਅਪਰੈਲ, 2010 (ਸ਼ੁਕਰਵਾਰ)**

ਅਰੰਭ ਸ੍ਰੀ ਅਖੰਡ ਪਾਠ

**18 ਅਪਰੈਲ, 2010 (ਐਤਵਾਰ)**

ਭੋਗ ਸ੍ਰੀ ਅਖੰਡ ਪਾਠ

### ਰਾਗੀ-ਢਾਡੀ ਜਥੇ ਤੇ ਕਥਾ ਵਾਚਕ

ਭਾਈ ਬਲਬੀਰ ਸਿੰਘ ਮਾਛੀਵਾੜਾ
ਭਾਈ ਮਹਿੰਦਰ ਸਿੰਘ
ਭਾਈ ਹਰਪਾਲ ਸਿੰਘ
ਗੁਰੂ ਘਰ ਦੇ ਸੰਗੀਤ ਵਿਦਿਆਲਿਆ ਦੇ ਵਿਦਿਆਰਥੀ ਬੱਚੇ

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

## ਸਾਧ ਸੰਗਤ ਦੇ ਝਾੜੂਬਰਦਾਰ

### Governing Body;

Dr. Gurbachan Singh Kapoor, M.D.(President)
S. Gurnam Singh Sidhu (Executive Sect.)
S. Rajinder Singh Bains (Financial Sect.)
S.Ravinder Singh Pannu (Religious Sect.)
S. Jaspal Singh Ghotra (PR & Ed. Sect.)

**Board Of Trustees:** 1.Dr. Gurbachan Singh Kapoor, M.D. 2. S. Surjit Singh Grewal 3. S. Harjit Singh Sahi.4. S. Sukhdev Singh Multani.5. S. Gurnam Singh Sidhu. 6.Dr. Renu Juneja, Ph.D. 7. S. Kuldip Singh Turke. 8. S. Sarwan Singh. 9. S. Rajbir Singh Boparai.10. S. Gurinder Singh. 11. S. Shamsher Singh Boparai. 12. S. Rajinder Singh Bains.13. S. Baldev Singh.14. S. Balraj Singh.15. S. Amrik Singh Basra. 16. S. Kuldip Singh. I7. S. Lakhwinder Singh. Honorary -Members. S. Inderpal Singh.

**ਐਸ. ਆਰ. ਐਸ. ਆਫ ਇੰਡੀਆਨਾ**

**ਗੁਰਦਵਾਰਾ ਕਰਾਊਨ ਪੁਆਇੰਟ (ਇੰਡੀਆਨਾ)**

**10005 Colorado St, Crown Point, IN 46307, Ph: 219-793-9446**

ਗੁਰੂ ਪੰਥ ਦੇ ਦਾਸ

## ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦਵਾਰਾ ਕਰਾਊਨ ਪੁਆਇੰਟ

# ਸਰਕਾਰੀ ਸੂਹੀਏ ਕੈਪਟਨ ਦੇ ਸਮਾਗਮਾਂ 'ਤੇ ਨਜ਼ਰ ਰੱਖਣ ਲੱਗੇ

## ਕਿਤਾਬ ਦੇ ਐਲਾਨ ਤੋਂ ਜਥੇਦਾਰ ਬੇਚੈਨ

**ਜਲੰਧਰ:** ਕੈਪਟਨ ਅਮਰਿੰਦਰ ਸਿੰਘ ਵਲੋਂ ਲਿਖੀ ਕਿਤਾਬ 'ਦੀ ਲਾਸਟ ਸਨਸੈਟ, ਦੀ ਰਾਈਜ਼ ਐਂਡ ਫਾਲ ਆਫ਼ ਦੀ ਲਾਹੌਰ ਦਰਬਾਰ'' ਕਾਰਨ ਜਿੱਥੇ ਉਹ ਦੇਸ਼-ਵਿਦੇਸ਼ 'ਚ ਚਰਚਾ 'ਚ ਆ ਗਏ ਹਨ, ਉਥੇ ਉਨ੍ਹਾਂ ਵਲੋਂ ਵਾਰ-ਵਾਰ ਕੀਤੇ ਜਾ ਰਹੇ ਇਸ ਐਲਾਨ ਨਾਲ ਕਿ ਉਹ ਸਿੱਖ ਲੀਡਰਸ਼ਿਪ ਦੀਆਂ ਨਾਕਾਮੀਆਂ ਬਾਰੇ ਅਗਲੀ ਕਿਤਾਬ ਲਿਆਉਣਗੇ, ਤੋਂ ਬਾਅਦ ਅਕਾਲੀ ਲੀਡਰਸ਼ਿਪ 'ਚ ਬੇਚੈਨੀ ਪਾਈ ਜਾ ਰਹੀ ਹੈ। ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ, ਕੈਪਟਨ ਅਮਰਿੰਦਰ ਸਿੰਘ ਦੇ ਕਿਤਾਬ ਰਿਲੀਜ਼ ਸਮਾਰੋਹਾਂ ਦੀ ਚੱਲ ਰਹੀ ਲੜੀ ਤੋਂ ਡਾਢਾ ਪ੍ਰੇਸ਼ਾਨ ਹਨ। ਪੰਜਾਬ ਪੁਲਿਸ ਦੀ ਸੂਹੀਆ ਏਜੰਸੀ ਸੀ ਆਈ ਡੀ ਦੇ ਅਧਿਕਾਰੀ ਤੇ ਉਨ੍ਹਾਂ ਦੇ ਮੁਲਾਜ਼ਮਾਂ ਦੀਆਂ ਧਾੜਾਂ ਕੈਪਟਨ ਦੇ ਸਮਾਗਮਾਂ ਦੀ ਬੜੀ ਬਰੀਕੀ ਨਾਲ ਪੁਣਛਾਣ ਕਰ ਰਹੀਆਂ ਹਨ।

ਬੀਤੀ 8 ਅਪ੍ਰੈਲ ਨੂੰ ਦੇਰ ਰਾਤ ਤੱਕ ਇੱਕ ਪੰਜ ਤਾਰਾ ਹੋਟਲ 'ਚ ਕੈਪਟਨ ਅਮਰਿੰਦਰ ਸਿੰਘ ਦੀ ਪੁਸਤਕ ਸਬੰਧੀ ਚੱਲੀ ਚਰਚਾ ਨੇ ਕਈ ਹਲਕਿਆਂ 'ਚ ਤਰਥੱਲੀ ਮਚਾਈ ਹੋਈ ਹੈ। ਕਿਤਾਬ ਕਾਰਨ ਕੈਪਟਨ ਅਮਰਿੰਦਰ ਸਿੰਘ ਦਾ ਕੱਦ ਬੁੱਤ ਵੀ ਉਚਾ ਹੋ ਰਿਹਾ ਹੈ। ਇਨ੍ਹਾਂ ਸਮਾਗਮਾਂ 'ਚ ਜਿੱਥੇ ਭੱਠਲ-ਕੇ ਪੀ ਧੜਾ ਦੂਰੀ ਬਣਾ ਕੇ ਚੱਲ ਰਿਹਾ ਹੈ, ਉਥੇ ਹੀ ਕੈਪਟਨ ਧੜੇ ਦੇ ਕਈ ਆਗੂ ਉਨ੍ਹਾਂ ਦੀ ਚਮਚਾਗਿਰੀ ਕਰਨ ਦੀਆਂ ਵੀ ਸਾਰੀਆਂ ਹੱਦਾਂ ਤੋੜਦੇ ਜਾ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਵਲੋਂ ਕਿਤਾਬ ਸਬੰਧੀ ਕਰਵਾਏ ਜਾ ਰਹੇ ਸਮਾਗਮਾਂ 'ਚ ਆਪਣੀ ਅਗਲੀ ਪੰਜਵੀਂ ਕਿਤਾਬ ਸਬੰਧੀ ਸਿੱਖ ਲੀਡਰਸ਼ਿਪ ਦੀਆਂ ਨਾਕਾਮੀਆਂ ਨੂੰ ਉਭਾਰਨ ਦਾ ਜ਼ਿਕਰ ਵਾਰ-ਵਾਰ ਕੀਤਾ ਜਾ ਰਿਹਾ ਹੈ। ਖ਼ੁਦ ਕੈਪਟਨ ਨੇ ਇਸ ਗੱਲ ਨੂੰ ਬੜੀ ਸੰਜੀਦਗੀ ਨਾਲ ਲੈਂਦਿਆਂ ਕਿਹਾ ਕਿ ਇਸ ਸਬੰਧੀ ਕਾਰਜ ਸ਼ੁਰੂ ਹੋ ਚੁੱਕਾ ਹੈ। ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਇਹ ਕਿਤਾਬ ਲੋਕਾਂ ਸਾਹਮਣੇ ਆ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ 'ਚ ਵਾਪਰੇ ਅੱਤਵਾਦ ਦੇ ਦੌਰ ਸਮੇਂ ਲਗਭਗ 35 ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਸਨ। ਆਖਰ ਕਿਸੇ ਸਿਰ ਤਾਂ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਉਹ 30 ਸਾਲਾਂ ਦੇ ਸਿਆਸੀ ਜੀਵਨ ਦੌਰਾਨ ਅਹਿਮ ਘਟਨਾਵਾਂ ਦੇ ਚਸ਼ਮਦੀਦ ਗਵਾਹ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ, ਸੰਤ ਲੌਂਗੋਵਾਲ ਤੇ ਭਿੰਡਰਾਂਵਾਲਿਆਂ 'ਚ ਗੱਲਬਾਤ ਸਿਰੇ ਚਾੜ੍ਹਨ ਲਈ ਉਨ੍ਹਾਂ ਏਲਚੀ ਦੀ ਭੂਮਿਕਾ ਨਿਭਾਈ ਸੀ। ਉਨ੍ਹਾਂ ਬੜੀ ਬੇਬਾਕੀ ਨਾਲ ਕਿਹਾ ਕਿ ਸਿਆਸੀ ਲੀਡਰਾਂ ਦੀਆਂ ਕਿਤਾਬਾਂ ਜੇ ਵਿਵਾਦਪੂਰਨ ਹੋ ਵੀ ਜਾਣ ਤਦ ਉਹ ਲੀਡਰ ਕਿਹੜਾ ਫੇਲ੍ਹ ਹੋ ਜਾਂਦੇ ਹਨ। ਸੂਤਰਾਂ ਅਨੁਸਾਰ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਤੋਂ ਇਸ ਗੱਲ ਦੀ ਚਿੰਤਾ ਸਤਾਅ ਰਹੀ ਦੱਸੀ ਜਾਂਦੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਵਲੋਂ ਸਿੱਖ ਲੀਡਰਸ਼ਿਪ ਬਾਰੇ ਲਿਖੀ ਜਾਣ ਵਾਲੀ ਪੁਸਤਕ ਨਾਲ ਉਨ੍ਹਾਂ ਦੇ ਅਕਸ ਨੂੰ ਡੂੰਘੇ ਚਿੱਬ ਪੈ ਜਾਣਗੇ। ਪੰਜਾਬ ਸਰਕਾਰ ਨੇ ਆਪਣੀਆਂ ਸੂਹੀਆ ਏਜੰਸੀਆਂ ਇਸ ਕੰਮ ਲਈ ਝੋਕ ਦਿੱਤੀਆਂ ਹਨ ਕਿ ਉਹ ਇਹ ਸੰਭਾਵਨਾਵਾਂ ਅਗਾਊਂ ਹੀ ਲਗਾ ਕੇ ਦੱਸਣ ਕਿ ਇਸ ਨਾਲ ਕਿੰਨਾ ਤੇ ਕਿਸ ਤਰ੍ਹਾਂ ਦਾ ਨੁਕਸਾਨ ਹੋ ਸਕਦਾ ਹੈ।

ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਛੋਟਾ ਬਾਦਲ ਕੈਪਟਨ ਅਮਰਿੰਦਰ ਸਿੰਘ ਦੀਆਂ ਰੋਜ਼ਾਨਾ ਗਤੀਵਿਧੀਆਂ 'ਤੇ ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖੀ ਕਿਤਾਬ ਬਾਰੇ ਹੋਣ ਵਾਲੇ ਸਮਾਗਮਾਂ ਦੀ ਰਿਪੋਰਟ ਨੂੰ ਖੁਦ ਘੋਖਣ ਤੋਂ ਬਾਅਦ ਹੀ ਸੌਣ ਲਈ ਜਾਂਦਾ ਹੈ। ਅਕਾਲੀਆਂ ਦੀ ਕੈਪਟਨ ਦੇ ਬਿਆਨਾਂ ਨਾਲ ਹੋਈ ਨੀਂਦ ਹਰਾਮ ਦਾ ਇਸ ਗੱਲ ਤੋਂ ਵੀ ਪਤਾ ਲੱਗਦਾ ਹੈ ਕਿ ਉਹ ਕੈਪਟਨ ਦੇ ਸਮਾਗਮ ਤੋਂ ਬਾਅਦ ਮੀਡੀਏ ਤੋਂ ਜਾਣਕਾਰੀ ਹਾਸਲ ਕਰਕੇ ਇਸ ਗੱਲ ਦੀ ਗਹਿਰਾਈ ਤੱਕ ਜਾਂਦੇ ਹਨ। ਪੁਸਤਕ ਰਿਲੀਜ਼ ਸਮਾਗਮ 'ਚ ਉਨ੍ਹਾਂ ਨਾਲ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਵਰਨ ਸਿੰਘ ਬੋਪਾਰਾਏ, ਸਾਬਕਾ ਵਿੱਤ ਮੰਤਰੀ ਸੁਰਿੰਦਰ ਸਿੰਗਲਾ ਉਚੇਚੇ ਤੌਰ 'ਤੇ ਹੁੰਦੇ ਹਨ। ਇਸ ਸਮਾਗਮ 'ਚ ਕੈਪਟਨ ਧੜੇ ਦੇ ਕਈ ਆਗੂ ਉਨ੍ਹਾਂ ਦੀ ਹੀ ਹਾਜ਼ਰੀ 'ਚ ਸਿਰੇ ਦੀ ਚਮਚਾਗਿਰੀ ਕਰਨ ਤੱਕ ਵੀ ਜਾ ਰਹੇ ਹਨ। ਇਸ ਸਮਾਗਮ 'ਚ ਅਮਰਜੀਤ ਸਿੰਘ ਸਮਰਾ, ਕੰਵਲਜੀਤ ਸਿੰਘ ਲਾਲੀ, ਜੀਤ ਮਹਿੰਦਰ ਸਿੰਘ, ਜਸਬੀਰ ਸਿੰਘ ਜੱਸੀ ਖੰਘੂੜਾ, ਤੇਜਿੰਦਰ ਬਿੱਟੂ, ਗੁਰਕੰਵਲ ਕੌਰ, ਚੌਧਰੀ ਸੰਤੋਖ ਸਿੰਘ ਆਦਿ ਹਾਜ਼ਰ ਸਨ।



ਰੋਲੀ ਬੁਕਸ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਛਾਪੀ ਗਈ ਕਿਤਾਬ 'ਦੀ ਲਾਸਟ ਸਨਸੈਟ ਦੀ ਰਾਈਜ਼ ਐਂਡ ਫਾਲ ਆਫ਼ ਦੀ ਲਾਹੌਰ ਦਰਬਾਰ' ਵਿਕਰੀ ਪੱਖੋਂ ਪਹਿਲੇ ਸਥਾਨ 'ਤੇ ਦੱਸੀ ਜਾ ਰਹੀ ਹੈ। ਕੈਪਟਨ ਨੇ ਇਹ ਐਲਾਨ ਕੀਤਾ ਹੋਇਆ ਹੈ ਕਿ ਪੁਸਤਕ ਤੋਂ ਹੋਣ ਵਾਲੀ ਆਮਦਨ ਦਾ 50 ਫੀਸਦੀ ਹਿੱਸਾ ਅੰਮ੍ਰਿਤਸਰ ਦੇ ਪਿੰਗਲਵਾੜੇ ਨੂੰ ਤੇ 50 ਫੀਸਦੀ ਹਿੱਸਾ ਪਾਕਿਸਤਾਨ 'ਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਦੀਆਂ ਵਸਤਾਂ ਸੰਭਾਲਣ ਵਾਲੇ ਫਕੀਰ ਅਜੀਜ਼-ਉਦ-ਦੀਨ ਤੇ ਫਕੀਰ ਨੂਰ-ਉਦ ਦੀਨ ਦੇ ਖਾਨਦਾਨ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਆਪਣੇ ਘਰ 'ਚ ਹੀ ਅਜਾਇਬ ਘਰ ਬਣਾ ਕੇ ਮਹਾਰਾਜਾ ਰਣਜੀਤ ਸਿੰਘ ਦੀਆਂ ਵਸਤਾਂ ਸੰਭਾਲੀਆਂ ਹਨ। ਇਸ ਪੁਸਤਕ ਦਾ ਪੰਜਾਬੀ ਤੇ ਹਿੰਦੀ ਐਡੀਸ਼ਨ ਵੀ ਜਲਦੀ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 695 ਰੁਪਏ ਦੇ ਮੁੱਲ ਦੀ ਇਹ ਕਿਤਾਬ ਹੱਥੋ-ਹੱਥੀ ਵਿਕ ਰਹੀ ਹੈ।

**ਸਿੱਖੀ 'ਚ ਅਥਾਹ ਸ਼ਰਧਾ ਦੇ ਬਾਵਜੂਦ ਧਰਮ ਨਿਰਪੱਖ ਸਨ ਮਹਾਰਾਜਾ ਰਣਜੀਤ ਸਿੰਘ :** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣਾ ਵਿਚ ਕਿਹਾ ਕਿ ਉਨ੍ਹਾਂ ਦੀ ਇਸ ਕਿਤਾਬ ਦੀ ਵਿਕਰੀ ਤੋਂ ਹੋਣ ਵਾਲੀ ਸਾਰੀ ਆਮਦਨ ਦਾ 50 ਫੀਸਦੀ ਹਿੱਸਾ ਅੰਮ੍ਰਿਤਸਰ ਸਾਹਿਬ ਵਿਚ ਸਥਿਤ ਪਿੰਗਲਵਾੜਾ ਸੰਸਥਾ ਨੂੰ ਅਤੇ 50 ਫੀਸਦੀ ਪਾਕਿਸਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਨਾਲ ਸਬੰਧਤ ਵਸਤਾਂ ਸਾਂਭੀ ਬੈਠੇ ਫਕੀਰ ਖਾਨ ਅਜਾਇਬ ਘਰ ਨੂੰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਫਕੀਰ ਅਜ਼ੀਜ਼ੂਦੀਨ ਅਤੇ ਫਕੀਰ ਨੂਰ-ਉਦ-ਦੀਨ ਦੇ ਖਾਨਦਾਨ ਨੇ ਆਪਣੀ ਜਾਇਦਾਦ ਵਿਚ ਇੱਕ ਨਿੱਜੀ ਅਜਾਇਬ ਘਰ ਬਣਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੀਆਂ ਵਸਤਾਂ ਸੰਭਾਲੀਆਂ ਹੋਈਆਂ ਹਨ ਜੋ ਕਿ ਸਿੱਖ ਰਾਜ ਦਾ ਅਣਮੋਲ ਖਜ਼ਾਨਾ ਹੈ।

ਇੱਕ ਸਵਾਲ ਦੇ ਜਵਾਬ ਵਿਚ ਕੈਪਟਨ ਨੇ ਕਿਹਾ ਕਿ ਉਹ ਜਲਦ ਹੀ ਸਿੱਖ ਰਾਜਨੀਤੀ ਅਤੇ ਸਿੱਖ ਲੀਡਰਾਂ ਦੀ ਨਾਕਾਮੀ ਬਾਰੇ ਵੀ ਇੱਕ ਕਿਤਾਬ ਲਿਖਣਗੇ। ਇਸ ਕਿਤਾਬ ਵਿਚ ਪਿਛਲੇ ਤਿੰਨ ਚਾਰ ਦਹਾਕੇ ਦੌਰਾਨ ਪੰਜਾਬ ਵਿਚ ਵਾਪਰੀਆਂ ਅਹਿਮ ਘਟਨਾਵਾਂ ਅਤੇ ਸਿੱਖ ਨੇਤਾਵਾਂ ਦੀ ਰਾਜਸੀ ਸੂਝ-ਬੂਝ ਖੁਲ੍ਹ ਕੇ ਲਿਖਣਗੇ। ਇੱਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਮੌਜੂਦਾ ਕਿਤਾਬ ਦਾ ਪੰਜਾਬੀ ਅਨੁਵਾਦ ਵੀ ਜਲਦ ਹੀ ਲੋਕਾਂ ਨੂੰ ਉਪਲਬਧ ਹੋਵੇਗਾ ਜਿਸ ਬਾਰੇ ਪਹਿਲਾਂ ਹੀ ਕੰਮ ਸ਼ੁਰੂ ਹੋ ਚੁੱਕਾ ਹੈ।

**ਕੈਪਟਨ ਅਮਰਿੰਦਰ ਸਿੰਘ ਨੂੰ ਵਿਦੇਸ਼ ਜਾਣ ਦੀ ਆਗਿਆ:** ਸਿਟੀ ਸੈਂਟਰ ਮਾਮਲੇ ਦੀ ਲੁਧਿਆਣਾ ਦੀ ਸੈਸ਼ਨ ਅਦਾਲਤ 'ਚ ਚੱਲ ਰਹੀ ਸੁਣਵਾਈ 24 ਅਪ੍ਰੈਲ ਤਕ ਮੁਲਤਵੀ ਕਰ ਦਿੱਤੀ ਗਈ ਹੈ। ਅਦਾਲਤ ਵਲੋਂ 10 ਅਪ੍ਰੈਲ ਦੀ ਸੁਣਵਾਈ ਦੌਰਾਨ ਇਸ ਮਾਮਲੇ ਦੇ ਮੁੱਖ ਮੁਲਜ਼ਮ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਦਾਲਤ ਵਲੋਂ 15 ਤੋਂ 20 ਅਪ੍ਰੈਲ ਤਕ ਵਿਦੇਸ਼ ਜਾਣ ਦੀ ਆਗਿਆ ਵੀ ਦੇ ਦਿੱਤੀ ਗਈ ਹੈ।

## ਬਾਦਲ ਪਿਓ-ਪੁੱਤ ਕਬੱਡੀਆਂ ਕਰਵਾਉਣ ਜੋਗੇ ਹੀ ਨੇ, ਹੋਰ ਇਨ੍ਹਾਂ ਤੋਂ ਕੁਝ ਨਹੀਂ ਹੋਣਾ - ਕੈਪਟਨ ਅਮਰਿੰਦਰ ਸਿੰਘ

**ਲੁਧਿਆਣਾ :** ਕਾਂਗਰਸ ਦੇ ਸ਼ਾਸਨਕਾਲ ਦੌਰਾਨ ਹੋਏ ਕਰੋੜਾਂ ਰੁਪਏ ਦੇ ਸਿਟੀ ਸੈਂਟਰ ਘੁਟਾਲੇ ਵਿਚ ਬੀਤੀ 10 ਅਪ੍ਰੈਲ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜ਼ਿਲ੍ਹਾ ਤੇ ਸੈਸ਼ਨ ਜੱਜ ਐਸ ਪੀ ਬੰਗੜ ਦੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 24 ਅਪ੍ਰੈਲ ਨਿਸ਼ਚਿਤ ਕਰ ਦਿੱਤੀ ਹੈ।ਸਵੇਰੇ 10 ਵਜੇ ਅਦਾਲਤ ਵਿਚ ਹਾਜ਼ਰੀ ਲਗਾਉਣ ਉਪਰੰਤ 10.10 ਮਿੰਟ 'ਤੇ ਕੈਪਟਨ ਸਿੰਘ ਸਾਬਕਾ ਪਾਰਲੀਮਾਨੀ ਸਕੱਤਰ ਸੁਰਿੰਦਰ ਡਾਬਰ ਦੀ ਰਿਹਾਇਸ਼ 'ਤੇ ਤੁਰਦੇ ਬਣੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਚੁਟਕੀ ਲੈਂਦਿਆਂ ਕਿਹਾ ''ਪਿਉ-ਪੁੱਤ ਤਾਂ ਕਬੱਡੀ ਮੈਚ ਕਰਵਾਉਣ ਜੋਗੇ ਹੀ ਹਨ, ਹੋਰ ਇਨ੍ਹਾਂ ਤੋਂ ਕੁਝ ਨਹੀਂ ਹੋਣਾ।'' ਪ੍ਰੈਸ ਕਾਨਫਰੰਸ ਦੌਰਾਨ ਸੱਤਾ ਧਿਰ 'ਤੇ ਕਰਾਰੀ ਟਿੱਪਣੀ ਕਰਦਿਆਂ ਕੈਪਟਨ ਸਿੰਘ ਨੇ ਕਿਹਾ ਕਿ ਇਸ ਸਰਕਾਰ ਨੇ ਤਾਂ ਪੰਜਾਬ ਨੂੰ ਹਰ ਪੱਖੋਂ ਤਬਾਹੀ ਦੇ ਕੰਢੇ ਲਿਆ ਖੜ੍ਹਾ ਕਰ ਦਿੱਤਾ ਹੈ। ਆਰਥਿਕ ਸਥਿਤੀ ਦੀ ਹਾਲਤ ਤਾਂ ਇਹ ਹੈ ਕਿ ਮੁਲਾਜ਼ਮਾਂ ਨੂੰ ਦੇਣ ਲਈ ਤਨਖਾਹਾਂ ਵੀ ਨਹੀਂ ਹਨ। ਉਨ੍ਹਾਂ ਕਿਹਾ ਕਿ ਇਹ ਸਰਕਾਰ ਵਿਕਾਸ ਕਰਨ ਦੀ ਥਾਂ ਵਿਨਾਸ਼ ਕਰਨ 'ਤੇ ਤੁਲੀ ਹੋਈ ਹੈ। ਬਿਜਲੀ ਸਰਪਲਸ ਹੋਣ ਦੇ ਵੱਡੇ-ਵੱਡੇ ਦਾਅਵਿਆਂ ਦੀ ਫੂਕ ਕੱਢਦਿਆਂ ਕੈਪਟਨ ਨੇ ਕਿਹਾ ਕਿ ਇਸ ਸਰਕਾਰ ਵਲੋਂ ਲਗਾਏ ਜਾਣ ਵਾਲੇ ਪ੍ਰੋਜੈਕਟ ਅਜੇ ਸਰਕਾਰੀ ਫਾਈਲਾਂ ਤੱਕ ਹੀ ਸੀਮਤ ਹਨ।





ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838

# ਬੈਡਫੋਰਡ ਓਹਾਇਓ ’ਚ ਪੁਲਿਸ ਗੋਲੀ ਨਾਲ ਇਕ ਸਿੱਖ ਹਲਾਕ

**ਬੈਡਫੋਰਡ, ਓਹਾਇਓ:** ਇਥੇ ਗੁਰਦੁਆਰਾ ਗੁਰੂ ਗੋਬਿੰਦ ਸਿੰਘ, ਗਰੇਟਰ ਕਲੀਵਲੈਂਡ ਵਿਚ ਲੰਘੀ 8 ਅਪਰੈਲ ਨੂੰ ਪੁਲਿਸ ਵਲੋਂ ਚਲਾਈ ਗਈ ਗੋਲੀ ਨਾਲ 41 ਸਾਲਾ ਰਵਿੰਦਰ ਨਿੱਜਰ ਦੀ ਮੌਤ ਹੋ ਗਈ। ਮ੍ਰਿਤਕ ਦਿਮਾਗੀ ਤੌਰ ‘ਤੇ ਬਿਮਾਰ ਦੱਸਿਆ ਗਿਆ ਹੈ।

ਘਟਨਾ ਦੇ ਵੇਰਵਿਆਂ ਅਨੁਸਾਰ ਵੀਰਵਾਰ ਤੜਕੇ ਕਰੀਬ 4:30 ਵਜੇ ਜਦੋਂ ਗ੍ਰੰਥੀ ਸਿੰਘ ਗੁਰੂ ਦਰਬਾਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ ਤਾਂ ਰਵਿੰਦਰ ਨਿੱਜਰ ਹੱਥ ਵਿਚ ਮੀਟ ਕੱਟਣ ਵਾਲਾ ਦਾਤਰ ਲੈ ਕੇ ਦਾਖਲ ਹੋਇਆ। ਦੋ ਗ੍ਰੰਥੀ ਸਿੰਘਾਂ ਨੇ ਖਤਰਾ ਭਾਂਪਦਿਆਂ ਗੁਰੂ ਘਰ ਤੋਂ ਬਾਹਰ ਆ ਕੇ ਉਥੋਂ ਲੰਘਦੀ ਇਕ ਪੁਲਿਸ ਕਾਰ ਨੂੰ ਇਸ ਬਾਰੇ ਦੱਸਿਆ ਜਿਸ ‘ਤੇ ਪੁਲਿਸ ਅਫਸਰ ਹੋਰ ਪੁਲਿਸ ਫੋਰਸ ਮੰਗਵਾ ਕੇ ਗੁਰੂ ਘਰ ਅੰਦਰ ਦਾਖਲ ਹੋਇਆ ਜਿਥੇ ਪੁਲਿਸ ਅਫਸਰ ਨੇ ਰਵਿੰਦਰ ਨਿੱਜਰ ਨੂੰ ਹੱਥ ਵਿਚ ਫੜ੍ਹਿਆ ਦਾਤਰ ਸੁੱਟਣ ਲਈ ਆਖਿਆ। ਜਦੋਂ ਦੋ ਵਾਰ ਵਾਰਨਿੰਗ ਦੇਣ ‘ਤੇ ਵੀ ਮ੍ਰਿਤਕ ਨੇ ਦਾਤਰ ਨਾ ਸੁੱਟਿਆ ਤਾਂ ਪੁਲਿਸ ਅਫਸਰ ਨੇ ਗੋਲੀ ਚਲਾ ਦਿੱਤੀ। ਇਸ ਘਟਨਾ ਸਮੇਂ ਗੁਰੂ ਘਰ ਦੇ ਦੋ ਗ੍ਰੰਥੀ ਵੀ ਪੁਲਿਸ ਅਫਸਰ ਦੇ ਨਾਲ ਸਨ।

ਬੈਡਫੋਰਡ ਪੁਲਿਸ ਮੁਖੀ ਗਰੈਗਰੀ ਡੂਬਰ ਅਨੁਸਾਰ ਜਿਸ ਸਮੇਂ ਪੁਲਿਸ ਅਫਸਰ ਨੇ ਗੋਲੀ ਚਲਾਈ ਮ੍ਰਿਤਕ ਉਸ ਤੋਂ ਸਿਰਫ 11 ਫੁੱਟ ਦੂਰ ਸੀ। ਇਹ ਘਟਨਾ ਸਵੇਰੇ ਕੋਈ 4:30 ਵਜੇ ਦੀ ਹੈ। ਸੂਤਰਾਂ ਅਨੁਸਾਰ ਪੁਲਿਸ ਨੇ 5 ਗੋਲੀਆਂ ਚਲਾਈਆਂ ਜਿਸ ‘ਤੇ ਰਵਿੰਦਰ ਥੱਲੇ ਡਿੱਗ ਪਿਆ। ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਪੁਲਿਸ ਮੁਖੀ ਅਨੁਸਾਰ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਮ੍ਰਿਤਕ ਇੰਨੀ ਸਵੇਰ ਗੁਰਦੁਆਰਾ ਸਾਹਿਬ ਕਿਉਂ ਗਿਆ, ਕਿਉਂਕਿ ਉਹ ਕੋਈ ਨਿੱਤਨੇਮੀ ਸਿੱਖ ਨਹੀਂ ਸੀ। ਸ੍ਰੀ ਡੂਬਰ ਨੇ ਇਹ ਵੀ ਆਖਿਆ ਕਿ ਪੁਲਿਸ ਵਿਭਾਗ ਇਸ ਘਟਨਾ ਦੀ ਜਾਂਚ ਕਰ ਰਿਹਾ ਹੈ ਅਤੇ ਇਹ ਜਾਂਚ ਰਿਪੋਰਟ ਸ਼ਹਿਰ ਦੇ ਲਾਅ ਡਾਇਰੈਕਟਰ ਨੂੰ ਦਿੱਤੀ ਜਾਏਗੀ ਜੋ ਇਹ ਫੈਸਲਾ ਕਰੇਗਾ ਕਿ ਕੀ ਇਹ ਫੈਸਲਾ ਗ੍ਰੈਂਡ ਜਿਊਰੀ ਦੇ ਸਪੁਰਦ ਕੀਤਾ ਜਾਣਾ ਚਾਹੀਦਾ ਹੈ?

ਪੁਲਿਸ ਰਿਕਾਰਡ ਅਨੁਸਾਰ ਰਵਿੰਦਰ ਨਿੱਜਰ ਨੂੰ 2008 ਵਿਚ ਸ਼ਰਾਬੀ ਹਾਲਤ ਵਿਚ ਹੰਗਾਮਾ ਕਰਨ ਬਦਲੇ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਸਮੇਂ ਉਸ ਨੂੰ ਇਲਾਜ ਲਈ ਮੈਰੀ ਮਾਊਂਟ ਮੈਂਟਲ ਹੈਲਥ ਸੈਂਟਰ ਵੀ ਲਿਜਾਇਆ ਗਿਆ ਸੀ। ਰਵਿੰਦਰ ਨਿੱਜਰ ਹੰਗਾਮਾ ਕਰਨ ਦੇ ਕੇਸ ਵਿਚ ਅਦਾਲਤ ਵਿਚ ਹਾਜ਼ਰ ਨਹੀਂ ਹੋਇਆ ਜਿਸ ਕਰਕੇ ਉਸ ਨੂੰ ਉਸ ਦੇ ਅਪਾਰਟਮੈਂਟ ਤੋਂ ਗ੍ਰਿਫਤਾਰ ਕੀਤਾ ਗਿਆ ਜਿਥੇ ਕਿ ਉਹ ਆਪਣੀ ਮਾਂ ਨਾਲ ਰਹਿੰਦਾ ਸੀ।

ਇਸੇ ਦੌਰਾਨ ਸਿੱਖ ਭਾਈਚਾਰੇ ਵਿਚ ਇਸ ਗੱਲ ਨੂੰ ਲੈ ਕੇ ਰੋਸ ਹੈ ਕਿ ਪੁਲਿਸ ਨੇ ਲੋੜ ਨਾਲੋਂ ਕਿਤੇ ਜ਼ਿਆਦਾ ਸ਼ਕਤੀ ਦੀ ਵਰਤੋਂ ਕੀਤੀ, ਖਾਸ ਕਰਕੇ ਇਸ ਗੱਲ ਨੂੰ ਮੁੱਖ ਰੱਖਦਿਆਂ ਕਿ ਮ੍ਰਿਤਕ ਦਿਮਾਗੀ ਤੌਰ ‘ਤੇ ਠੀਕ ਨਹੀਂ ਸੀ। ਬਹੁਤੇ ਲੋਕਾਂ ਦਾ ਖਿਆਲ ਹੈ ਕਿ ਉਸ ਨੂੰ ਨਿਹੱਥੇ ਕਰਨ ਲਈ ਕਿਤੇ ਘੱਟ ਤਾਕਤ ਦੀ ਵਰਤੋਂ ਨਾਲ ਗੁਜ਼ਾਰਾ ਹੋ ਸਕਦਾ ਸੀ। ਗੁਰੂ ਘਰ ਦੇ ਇਕ ਸ਼ਰਧਾਲੂ ਨੇ ਆਖਿਆ ਕਿ ਪੁਲਿਸ ਉਸ ਦੀਆਂ ਲੱਤਾਂ ਵਿਚ ਗੋਲੀ ਮਾਰ ਕੇ ਜਾਂ ਪੈਪਰ ਸਪਰੇਅ ਨਾਲ ਵੀ ਕੰਮ ਚਲਾ ਸਕਦੀ ਸੀ। ਇਹ ਵੀ ਦੱਸਿਆ ਗਿਆ ਹੈ ਕਿ ਪੁਲਿਸ ਅਫਸਰ ਨੇ ਤਿੰਨ ਗੋਲੀਆਂ ਲੱਗਣ ਨਾਲ ਡਿੱਗੇ ਪਏ ਰਵਿੰਦਰ ਨਿੱਜਰ ਉਪਰ ਵੀ ਗੋਲੀਆਂ ਚਲਾਈਆਂ। ਸ਼ੁਰੂ ਵਿਚ ਇਹ ਕਿਹਾ ਗਿਆ ਸੀ ਕਿ ਮ੍ਰਿਤਕ ਦੇ ਸਿਰਫ ਤਿੰਨ ਗੋਲੀਆਂ ਲੱਗੀਆਂ ਹਨ ਪਰ ਸੂਤਰਾਂ ਅਨੁਸਾਰ ਪੋਸਟਮਾਰਟਮ ਦੀ ਰਿਪੋਰਟ ਤੋਂ ਇਹ ਸਾਬਤ ਹੋ ਗਿਆ ਹੈ ਕਿ ਮ੍ਰਿਤਕ ਦੇ ਸਰੀਰ ਵਿਚ 5 ਗੋਲੀਆਂ ਦੇ ਨਿਸ਼ਾਨ ਸਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਅਜੇ ਕੁਝ ਹਫਤੇ ਪਹਿਲਾਂ ਹੀ ਨਿਊ ਯਾਰਕ ਵਿਚ ਅਜਿਹੀ ਹੀ ਇਕ ਘਟਨਾ ਵਿਚ ਪੁਲਿਸ ਨੇ ਦਿਮਾਗੀ ਤੌਰ ‘ਤੇ ਬਿਮਾਰ ਇਕ ਵਿਅਕਤੀ ਨੂੰ ਉਸ ਦੇ ਘਰ ਅੰਦਰ ਦਾਖਲ ਹੋ ਕੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

ਉਧਰ ਇਕ ਦੇਸੀ ਟੀ ਵੀ ਚੈਨਲ ਵਲੋਂ ਇਹ ਘਟਨਾ ਸ਼ਿਕਾਗੋ ਵਿਚ ਹੋਣ ਬਾਰੇ ਖਬਰ ਪ੍ਰਸਾਰਿਤ ਕੀਤੇ ਜਾਣ ਨਾਲ ਸ਼ੁੱਕਰਵਾਰ ਸਾਰਾ ਦਿਨ ਸ਼ਿਕਾਗੋ ਦੇ ਭਾਈਚਾਰੇ ਵਿਚ ਹੱਲਚੱਲ ਮਚੀ ਰਹੀ।

## ਬੇਅੰਤ ਸਿੰਘ ਦੇ ਕਾਤਲ ਭਿਓਰਾ ਨੂੰ ਪਨਾਹ ਦੇਣ ਵਾਲੇ 5 ਬਰੀ

**ਪਟਿਆਲਾ:** ਐਡੀਸ਼ਨਲ ਸ਼ੈਸ਼ਨ ਜੱਜ ਪਟਿਆਲਾ ਸੁਮਿਤ ਮਲਹੋਤਰਾ ਦੀ ਅਦਾਲਤ ਨੇ ਪਿੰਡ ਹੁਲਕਾਂ ਦੇ ਰਹਿਣ ਵਾਲੇ ਪੰਜ ਮੁਲਜ਼ਮਾਂ ਜਸਬੀਰ ਸਿੰਘ, ਭੁਪਿੰਦਰ ਸਿੰਘ, ਕਰਮਜੀਤ ਸਿੰਘ, ਜਗਤਾਰ ਸਿੰਘ ਅਤੇ ਨਾਇਬ ਸਿੰਘ ਨੂੰ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਬਰੀ ਕਰ ਦਿੱਤਾ ਹੈ।

ਥਾਣਾ ਰਾਜਪੁਰਾ ਪੁਲਸ ਨੇ ਉਕਤ ਪੰਜਾਂ ਮੁਲਜ਼ਮਾਂ ‘ਤੇ ਬੇਅੰਤ ਸਿੰਘ ਕਤਲ ਕਾਂਡ ਵਿਚ ਦੋਸ਼ੀ ਕਰਾਰ ਦਿੱਤੇ ਗਏ ਪਰਮਜੀਤ ਸਿੰਘ ਭਿਓਰਾ ਨੂੰ ਪਨਾਹ ਦੇਣ ਅਤੇ ਉਸਨੂੰ ਅਸਲਾ ਸਪਲਾਈ ਕਰਨ ਦੇ ਇਲਜ਼ਾਮ ਦੇ ਤਹਿਤ ਉਨ੍ਹਾਂ ਦੇ ਖਿਲਾਫ ਲਗਭਗ ਪੰਜ ਸਾਲ ਪਹਿਲਾਂ 4 ਅਪ੍ਰੈਲ, 2006 ਨੂੰ ਧਾਰਾ 212, 216, 216-ਏ ਅਤੇ 18 ਤੋਂ 21 ਅਨ ਲਾਅ ਫੁੱਲ ਪ੍ਰੀਵੈਨਸ਼ਨ ਐਕਟ ਦੇ ਤਹਿਤ ਮੁਕੱਦਮਾ ਨੰਬਰ 41 ਦਰਜ ਕੀਤਾ ਸੀ।

ਅਦਾਲਤੀ ਫੈਸਲੇ ਉਪਰੰਤ ਵਕੀਲ ਨੇ ਦੱਸਿਆ ਕਿ ਉਕਤ ਮੁੱਕਦਮਾ ਥਾਣਾ ਰਾਜਪੁਰਾ ਦੇ ਉਸ ਸਮੇਂ ਦੇ ਐਸ.ਐਚ.ਓ. ਪਰਮਜੀਤ ਸਿੰਘ ਨੇ ਦਰਜ ਕੀਤਾ ਸੀ।

ਦਰਜ ਮੁਕੱਦਮੇ ਅਨੁਸਾਰ ਉਕਤ ਮੁਲਜ਼ਮਾਂ ਨੇ ਬੁੜੈਲ ਜੇਲ੍ਹ ‘ਚੋਂ ਸੁਰੰਗ ਪੁੱਟ ਕੇ ਫਰਾਰ ਹੋਣ ਵਾਲੇ ਭਿਓਰਾ ਨੂੰ ਆਪਣੇ ਕੋਲ ਛੁਪਾ ਕੇ ਰੱਖਿਆ ਸੀ।

# ਸਤਵੰਤ ਸਿੰਘ ਅਟੱਲ ਪੈਲਾਟਾਈਨ ਗੁਰੂ ਘਰ ਦੇ ਨਵੇਂ ਪ੍ਰਧਾਨ ਹੋਣਗੇ

4 ਅਪਰੈਲ ਦੀ ਚੋਣ ਵਿਚ ਨਵੇਂ ਚੁਣੇ ਗਏ ਬੋਰਡ ਮੈਂਬਰ ਬੀਬੀ ਸੁਖਦੇਵ ਕੌਰ ਘੁੰਮਣ ਐਗਜੈਕਟਿਵ ਸੈਕਟਰੀ ਹੋਣਗੇ ਜਦੋਂਕਿ ਸ. ਅਮਰਜੀਤ ਸਿੰਘ ਜੌਹਰ ਵਿੱਤ ਸਕੱਤਰ ਹੋਣਗੇ। ਸ. ਸੋਖੀ ਸਿੰਘ ਪਹਿਲਾਂ ਵਾਂਗ ਹੀ ਰਿਲੀਜੀਅਸ ਸੈਕਟਰੀ ਬਣੇ ਰਹਿਣਗੇ। ਸ. ਸਤਵੰਤ ਸਿੰਘ ਅਟੱਲ 2008 ਵਿਚ ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਲਈ ਚੁਣੇ ਗਏ ਸਨ ਅਤੇ ਇਸ ਤੋਂ ਪਹਿਲਾਂ ਉਹ ਦੋ ਵਾਰ ਰਿਲੀਜੀਅਸ ਸੈਕਟਰੀ ਰਹਿ ਚੁਕੇ ਹਨ। ਪੰਜਾਬ ਦੇ ਜ਼ਿਲਾ ਹੁਸ਼ਿਆਰਪੁਰ ਦੀ ਮੁਕੇਰੀਆਂ ਤਹਿਸੀਲ ਦੇ ਪਿੰਡ ਅਟੱਲਗੜ੍ਹ ਵਿਚ ਜਨਮੇ ਸ. ਸਤਵੰਤ ਸਿੰਘ ਅਟੱਲ 1976 ਵਿਚ ਅਮਰੀਕਾ ਆਏ।



ਬੀਬੀ ਸੁਖਦੇਵ ਕੌਰ ਘੁੰਮਣ, ਭਾਈ ਅਮਰਜੀਤ ਸਿੰਘ ਜੌਹਰ ਅਤੇ ਭਾਈ ਸੋਖੀ ਸਿੰਘ

ਇਸੇ ਦੌਰਾਨ ਐਤਵਾਰ ਨੂੰ ਨਵੇਂ ਚੁਣੇ ਗਏ ਪ੍ਰਧਾਨ ਅਤੇ ਅਹੁਦੇਦਾਰਾਂ ਨੇ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਅਹੁਦੇ ਦਾ ਹਲਫ ਲਿਆ ਅਤੇ ਨਿਸ਼ਠਾ ਨਾਲ ਗੁਰੂ ਘਰ ਦੀ ਸੇਵਾ ਕਰਨ ਦਾ ਪ੍ਰਣ ਕੀਤਾ। ਇਸ ਮੌਕੇ ਬੋਲਦਿਆਂ ਬੀਬੀ ਸੁਖਦੇਵ ਕੌਰ ਘੁੰਮਣ ਨੇ ਆਖਿਆ ਕਿ ਬੋਰਡ ਦੀਆਂ ਚੋਣਾਂ ਦੌਰਾਨ ਦੋਹਾਂ ਧਿਰਾਂ ਵਲੋਂ ਅਨੇਕਾਂ ਭੁੱਲਾਂ ਹੋ ਗਈਆਂ ਹੋਣਗੀਆਂ ਪਰ ਗੁਰੂ ਅਤੇ ਸੰਗਤ ਬਖ਼ਸ਼ਣਹਾਰ ਹੈ। ਅਸੀਂ ਇਨ੍ਹਾਂ ਭੁੱਲਾਂ ਲਈ ਗੁਰੂ ਅਤੇ ਸੰਗਤ ਤੋਂ ਮਾਫੀ ਚਾਹੁੰਦੇ ਹਾਂ। ਅਸੀਂ ਸਾਰੇ ਗੁਰੂ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਗੁਰੂ ਸਾਨੂੰ ਕਿਸੇ ਵੀ ਧੜੇਬੰਦੀ ਤੋਂ ਉਪਰ ਉਠ ਕੇ ਸਿਰਫ ਤੇ ਸਿਰਫ ਗੁਰੂ ਘਰ ਦੇ ਭਲੇ ਲਈ ਕੰਮ ਕਰਨ ਦੀ ਸਮਰੱਥਾ ਬਖ਼ਸ਼ੇ।



*ਅਹੁਦਾ ਛੱਡ ਰਹੇ ਪ੍ਰਧਾਨ ਜਸਪ੍ਰੀਤ ਸਿੰਘ ਨੂੰ ਗੁਰੂ ਘਰ ਵਲੋਂ ਸਿਰੋਪਾਓ ਬਖ਼ਸ਼ਿਸ਼ ਕਰਦੇ ਹੋਏ ਗ੍ਰੰਥੀ ਭਾਈ ਗੁਰਜੰਟ ਸਿੰਘ*


ਅਹੁਦਾ ਛੱਡ ਰਹੇ ਪ੍ਰਧਾਨ ਭਾਈ ਜਸਪ੍ਰੀਤ ਸਿੰਘ ਅਟਵਾਲ ਨੇ ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਪਿਛਲੇ ਦੋ ਸਾਲਾਂ ਦੌਰਾਨ ਹੋਈਆਂ ਭੁੱਲਾਂ-ਚੁੱਕਾਂ ਲਈ ਖਿਮਾ ਦੀ ਜਾਚਨਾ ਕੀਤੀ ਅਤੇ ਉਮੀਦ ਕੀਤੀ ਕਿ ਨਵਾਂ ਬੋਰਡ ਵਾਹਿਗੁਰੂ ਦੀ ਕਿਰਪਾ ਨਾਲ ਸੰਗਤ ਦੀਆਂ ਆਸਾਂ ਉਤੇ ਪੂਰਾ ਉਤਰੇਗਾ ਅਤੇ ਗੁਰੂ ਘਰ ਦੀ ਤਰੱਕੀ ਲਈ ਕੰਮ ਕਰੇਗਾ। ਉਨ੍ਹਾਂ ਵਾਅਦਾ ਕੀਤਾ ਕਿ ਉਹ ਬੋਰਡ ਮੈਂਬਰ ਵਜੋਂ ਆਪਣੇ ਸੇਵਾ ਕਾਲ ਦੇ ਰਹਿੰਦੇ ਦੋ ਸਾਲ ਵੀ ਪੂਰੀ ਨਿਸ਼ਠਾ ਨਾਲ ਕੰਮ ਕਰਦੇ ਰਹਿਣਗੇ।

## ਗੁਰੂ ਨਾਨਕ ਦਰਬਾਰ ‘ਚ ਗੁਰੂ ਘਰ ’ਚ ਨਿੱਤਨੇਮ ਸੱਤੇ ਦਿਨ

**ਡੈਲਸ, ਟੈਕਸਸ (ਰਾਣਾ ਇਕਬਾਲ):** ਗੁਰਦੁਆਰਾ ਗੁਰੂ ਨਾਨਕ ਦਰਬਾਰ, ਫੋਰਟਵਰਥ (3025 ਫੈਮਲੀ ਡਰਾਈਵ) ਵਿਚ ਸੰਗਤ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਨਿੱਤਨੇਮ ਹਫਤੇ ਦੇ ਸੱਤੇ ਦਿਨ ਕਰਨ ਅਤੇ ਗੁਰੂ ਘਰ 24 ਘੰਟੇ ਖੁੱਲ੍ਹਾ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਰਘਬੀਰ ਸਿੰਘ ਗਰਚਾ ਅਤੇ ਲਖਬੀਰ ਸਿੰਘ ਨੇ ਦੱਸਿਆ ਕਿ ਗੁਰੂ ਘਰ ਅੰਦਰ ਭਾਈ ਜਗਦੀਸ਼ ਸਿੰਘ ਹਰ ਵਕਤ ਮੌਜੂਦ ਹੁੰਦੇ ਹਨ ਅਤੇ ਲੰਮੇ ਰੂਟ ‘ਤੇ ਚੱਲਣ ਵਾਲੇ ਟਰੱਕਰ ਭਰਾ ਕਦੇ ਵੀ ਗੁਰੂ ਘਰ ਅੰਦਰ ਲੰਗਰ ਛਕ ਸਕਦੇ ਹਨ। ਗੁਰੂ ਘਰ ਅੰਦਰ ਇਸ਼ਨਾਨ ਪਾਣੀ ਦਾ ਬੰਦੋਬਸਤ ਵੀ ਹੈ। ਗੁਰੂ ਘਰ ਨਾਲ ਸੰਪਰਕ ਫੋਨ 817-489-5566 ਉਤੇ ਕੀਤਾ ਜਾ ਸਕਦਾ ਹੈ।

ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ

ਅਮਰੀਕ ਸਿੰਘ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਤੁਹਾਡਾ ਇਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ

ਇਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼
ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ
NEW YORK
T 718.672.8000
JACKSON HEIGHTS, NY 11370
* ADMITTED IN THE STATE OF NEW YORK ONLY
CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**Director Community & Business Relations:**
Sunita Chopra
Ph:773-370-7106

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਡਾ. ਮਨਮੋਹਨ ਸਿੰਘ ਵਲੋਂ ਪ੍ਰਮਾਣੂ ਸੁਰੱਖਿਆ 'ਚ ਸਿਫਰ ਸਹਿਣਸ਼ੀਲਤਾ ਦੀ ਵਕਾਲਤ

ਹੈ। ਇਸ ਲਈ ਇਸ ਸਿਖਰ ਸੰਮੇਲਨ ਨੂੰ ਇਸ ਦਿਸ਼ਾ ਵਿਚ ਠੋਸ ਨਤੀਜਿਆਂ 'ਤੇ ਪਹੁੰਚਣਾ ਚਾਹੀਦਾ ਹੈ ਤਾਂ ਜੋ ਸਾਡੀ ਇਹ ਦੁਨੀਆਂ ਇਕ ਸੁਰੱਖਿਅਤ ਥਾਂ ਬਣ ਸਕੇ।

ਅੱਜ ਪ੍ਰਮਾਣੂ ਵਿਗਿਆਨ ਵੱਖ-ਵੱਖ ਖੇਤਰਾਂ ਵਿਚ ਤਰੱਕੀ ਕਰ ਗਿਆ ਹੈ। ਵਿਸ਼ਵ ਦੀਆਂ ਵਧਦੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪ੍ਰਮਾਣੂ ਊਰਜਾ ਇਕ ਅਹਿਮ ਸਾਧਨ ਬਣ ਗਈ ਹੈ। ਭਾਰਤ ਨੇ ਵੀ ਆਪਣੀ ਊਰਜਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਕ ਅਹਿਮ ਯੋਜਨਾ ਬਣਾਈ ਹੈ। ਸਾਡਾ ਟੀਚਾ 2022 ਤੱਕ ਆਪਣੀ ਬਿਜਲੀ ਉਤਪਾਦਨ ਸਮਰੱਥਾ 7 ਗੁਣਾ ਤੋਂ ਵਧਾ ਕੇ 35 ਹਜ਼ਾਰ ਮੈਗਾਵਾਟ ਅਤੇ 2032 ਤੱਕ 60 ਹਜ਼ਾਰ ਮੈਗਾਵਾਟ ਕਰਨ ਦਾ ਹੈ।

ਡਾ. ਮਨਮੋਹਨ ਸਿੰਘ ਨੇ ਕਿਹਾ ਕਿ 2002 ਤੋਂ ਅਸੀਂ ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਇਹ ਪ੍ਰਸਤਾਵ ਲਿਆ ਰਹੇ ਹਾਂ ਕਿ ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਵੱਡੇ ਪੱਧਰ 'ਤੇ ਤਬਾਹੀ ਮਚਾਉਣ ਵਾਲੇ ਹਥਿਆਰ ਅਤਿਵਾਦੀਆਂ ਦੇ ਹੱਥ ਨਾ ਲੱਗ ਸਕਣ। ਅਸੀਂ ਇਸ ਸੰਬੰਧ ਵਿਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਸਤਾਵ 1540 ਅਤੇ ਸੰਯੁਕਤ ਰਾਸ਼ਟਰ ਦੀ ਅੱਤਵਾਦੀ ਵਿਰੋਧੀ ਗਲੋਬਲ ਨੀਤੀ ਦੀ ਪੂਰੀ ਹਮਾਇਤ ਕਰਦੇ ਹਾਂ।



ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵਾਸ਼ਿੰਗਟਨ ਵਿਚ ਪ੍ਰਮਾਣੂ ਸੁਰੱਖਿਆ ਸਿਖਰ ਸੰਮੇਲਨ ਮੌਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਜੀ ਆਇਆਂ ਕਹਿੰਦੇ ਹੋਏ

ਪ੍ਰਮਾਣੂ ਸੁਰੱਖਿਆ ਦੀ ਜ਼ਿੰਮੇਵਾਰੀ ਰਾਸ਼ਟਰਾਂ 'ਤੇ ਹੈ ਪਰ ਇਸ ਦੇ ਨਾਲ ਹੀ ਰਾਸ਼ਟਰਾਂ ਨੂੰ ਵੀ ਜ਼ਿੰਮੇਵਾਰਾਨਾ ਵਤੀਰਾ ਅਪਣਾਉਣਾ ਚਾਹੀਦਾ ਹੈ। ਭਾਰਤ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਜ਼ਮਾਨੇ ਤੋਂ ਅੱਜ ਤਕ ਪ੍ਰਮਾਣੂ ਹਥਿਆਰਾਂ 'ਤੇ ਮੁਕੰਮਲ ਪਾਬੰਦੀ ਦਾ ਹਮਾਇਤੀ ਰਿਹਾ ਹੈ।

ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵੀ ਸਮਾਂਬੱਧ ਆਧਾਰ 'ਤੇ ਪ੍ਰਮਾਣੂ ਨਿਸ਼ਸਤਰੀਕਰਨ ਦਾ ਸੁਝਾਅ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅੱਜ ਮੈਂ ਇਸ ਸੰਬੰਧ ਵਿਚ ਵਿਸ਼ਵ ਭਾਈਚਾਰੇ ਨੂੰ ਬੇਨਤੀ ਕਰ ਰਿਹਾ ਹਾਂ ਕਿ ਉਹ ਇਸ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਉਣ। ਪ੍ਰਮਾਣੂ ਅਤਿਵਾਦ ਦੇ ਵਧਦੇ ਖੇਤਰ ਦੇ ਮੱਦੇਨਜ਼ਰ ਪ੍ਰਮਾਣੂ ਹਥਿਆਰਾਂ ਦੀ ਸਮਾਪਤੀ ਇਕ ਬਹੁਤ ਵੱਡੀ ਜ਼ਰੂਰਤ ਹੋ ਗਈ ਹੈ।

ਡਾ. ਮਨਮੋਹਨ ਸਿੰਘ ਨੇ ਪ੍ਰਮਾਣੂ ਸੁਰੱਖਿਆ ਮਾਮਲੇ 'ਤੇ ਭਾਰਤ ਵਿਚ ਪ੍ਰਮਾਣੂ ਊਰਜਾ ਸਾਂਝੇਦਾਰੀ ਲਈ ਗਲੋਬਲ ਸੈਂਟਰ ਬਣਾਉਣ ਦਾ ਵੀ ਐਲਾਨ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਭਾਰਤ ਨਾਜ਼ੁਕ ਤਕਨੀਕ ਦੇ ਵਿਸਥਾਰ-ਪਸਾਰ ਦਾ ਸਰੋਤ ਨਹੀਂ ਬਣੇਗਾ। ਇਹ ਕੇਂਦਰ ਐਡਵਾਂਸਡ ਨਿਊਕਲੀਅਰ ਐਨਰਜੀ ਸਿਸਟਮ ਸਟੱਡੀਜ਼ ਪ੍ਰਮਾਣੂ ਸੁਰੱਖਿਆ ਰੈਡੀਏਸ਼ਨ ਸੇਫਟੀ ਅਤੇ ਰੇਡੀਓ ਆਈਸਪਕਸ ਅਤੇ ਰੇਡੀਏਸ਼ਨ ਤਕਨੀਕ ਦਾ ਸਿਹਤ ਦੀ ਦੇਖ-ਰੇਖ ਦੇ ਖੇਤਰ ਵਿਚ ਇਸਤੇਮਾਲ ਬਾਰੇ ਜਾਣਕਾਰੀ ਦੇਵੇਗਾ।

ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਅਸੀਂ ਭਾਰਤ ਅਤੇ ਪ੍ਰਮਾਣੂ ਊਰਜਾ ਸਾਂਝੇਦਾਰੀ ਦੇ ਕੇਂਦਰ ਦੀ ਸਥਾਪਨਾ ਦੇ ਐਲਾਨ ਦਾ ਸਵਾਗਤ ਕਰਦੇ ਹਾਂ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਇਸ ਕੇਂਦਰ ਨੂੰ ਕਾਮਯਾਬ ਬਣਾਉਣ ਲਈ ਸਾਰੇ ਦੇਸ਼ਾਂ, ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਆਈ. ਏ. ਈ. ਏ. ਅਤੇ ਦੁਨੀਆਂ ਦਾ ਸਵਾਗਤ ਕਰਾਂਗੇ। ਅਸੀਂ ਆਈ. ਏ ਈ. ਏ. ਅਤੇ ਸੰਯੁਕਤ ਰਾਸ਼ਟਰ ਵਿਚ ਆਪਣੇ ਸਾਥੀਆਂ ਤੋਂ ਇਲਾਵਾ ਗਲੋਬਲ ਇਨੀਸ਼ੀਏਟਿਵ ਵਰਗੀ ਫੋਰਮ ਨਾਲ ਕੰਮ ਕਰਨ, ਪ੍ਰਮਾਣੂ ਅੱਤਵਾਦ ਨਾਲ ਲੜਨ, ਮਾਪਦੰਡਾਂ ਵਿਚ ਸੁਧਾਰ ਕਰਨ ਅਤੇ ਆਪਣੇ ਤਜਰਬੇ ਸਾਂਝੇ ਕਰਨ ਦਾ ਸੰਕਲਪ ਕਰਦੇ ਹਾਂ ਅਤੇ ਪ੍ਰਮਾਣੂ ਸੁਰੱਖਿਆ 'ਤੇ ਕੌਮਾਂਤਰੀ ਹਦਾਇਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦਾ ਭਰੋਸਾ ਦਿੰਦੇ ਹਾਂ।

# ਪੀ.ਐਚ.ਡੀ. ਦੀਆਂ ਡਿਗਰੀਆਂ ਲਈ ਥੀਸਸ ਵਿਕਣ ਲੱਗੇ

**ਚੰਡੀਗੜ੍ਹ:** ਤਿੰਨ ਦਿਨ ਪਹਿਲਾਂ ਸਾਨੂੰ 'ਔਰਤਾਂ ਦੀ ਸਿੱਖਿਆ ਵਿਚ ਆਰੀਆ ਸਮਾਜ ਦੀ ਇਤਿਹਾਸਕ ਭੂਮਿਕਾ' ਬਾਰੇ ਕੋਈ ਵੀ ਜਾਣਕਾਰੀ ਨਹੀਂ ਸੀ। ਸਾਡੇ ਕੋਲ ਇਸ ਵਿਸ਼ੇ 'ਤੇ 102 ਸਫ਼ਿਆਂ ਵਾਲਾ ਪੂਰਾ ਥੀਸਸ ਹੈ ਜੋ ਸਿਰਫ 8000 ਰੁਪਏ ਵਿਚ ਮਿਲਿਆ। ਇਸਨੂੰ ਅਸੀਂ ਦੇਸ਼ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਪੀ ਐਚ ਡੀ ਦੀ ਡਿਗਰੀ ਲਈ 'ਅਸਲ ਖੋਜ' ਵਜੋਂ ਆਪਣੇ ਨਾਂ ਹੇਠ ਜਮ੍ਹਾਂ ਕਰਵਾ ਸਕਦੇ ਹਾਂ। ਅਜਿਹੇ ਥੀਸਸਾਂ ਦੀ ਸੂਹ ਮਿਲਣ 'ਤੇ ਪੱਤਰਕਾਰਾਂ ਦੀ ਟੀਮ ਵਲੋਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਪਤਾ ਲੱਗਿਆ ਕਿ ਭਾਰਤ ਦੀਆਂ ਘੱਟ ਜਾਣੀਆਂ ਪਛਾਣੀਆਂ ਯੂਨੀਵਰਸਿਟੀਆਂ ਵਿਚ ਪੀ ਐਚ ਡੀ ਦੀ ਡਿਗਰੀ ਲੈਣ ਲਈ ਜੋ ਥੀਸਸ ਜਮ੍ਹਾਂ ਕਰਵਾਏ ਜਾਂਦੇ ਹਨ, ਉਹ ਇਨ੍ਹਾਂ ਯੂਨੀਵਰਸਿਟੀਆਂ ਦੇ 'ਅਧਿਕਾਰਤ' ਸੂਚਨਾ ਕੇਂਦਰਾਂ ਵਿਚੋਂ ਖਰੀਦੇ ਜਾ ਸਕਦੇ ਹਨ।

ਯੂਨੀਵਰਸਿਟੀ ਵਿਚ ਪੀ ਐਚ ਡੀ ਲਈ ਆਪਣੇ ਆਪ ਨੂੰ ਇਤਿਹਾਸ ਦੇ ਵਿਦਿਆਰਥੀ ਦੱਸਣ 'ਤੇ ਪੰਜਾਬ ਯੂਨੀਵਰਸਿਟੀ ਵਿਚਲੇ ਇਕ ਸਰੋਤ ਨੇ ਪੱਤਰਕਾਰਾਂ ਦੀ ਟੀਮ ਨੂੰ ਸੈਕਟਰ-38 ਵਿਚ ਸਥਿਤ ਦੱਖਣੀ ਭਾਰਤ ਦੀ ਯੂਨੀਵਰਸਿਟੀ ਦੇ ਸੂਚਨਾ ਕੇਂਦਰ ਨਾਲ ਸੰਪਰਕ ਕਰਨ ਲਈ ਕਿਹਾ। ਵੇਚਣ ਵਾਲੇ ਨੇ ਉਨ੍ਹਾਂ ਨੂੰ ਭਾਰਤੀ ਇਤਿਹਾਸ ਵਿਚ ਤਿੰਨ ਥੀਸਸਾਂ ਦੀ ਪਸੰਦ ਪੇਸ਼ ਕੀਤੀ। ਹਰੇਕ ਦੀ ਕੀਮਤ 8000 ਰੁਪਏ ਸੀ। ਇਨ੍ਹਾਂ ਥੀਸਸਾਂ ਵਿਚ 'ਸਵਾਮੀ ਵਿਵੇਕਾਨੰਦ ਐਂਡ ਦੀ ਇੰਡੀਅਨ ਰਿਨਾਇਸੈਂਸ' (115 ਸਫੇ, ਸਾਧਾਰਨ ਜਿਲਦ ਵਿਚ), 'ਵੁਮੈਨ ਐਜੂਕੇਸ਼ਨ ਇਨ ਪੰਜਾਬ 1886 ਟੂ 1947 ਐਂਡ ਦੀ ਰੋਲ ਆਫ ਆਰੀਆ ਸਮਾਜ', (ਸਫੇ 102, ਹਾਰਡ ਜਿਲਦ ਵਿਚ) ਤੇ ਹੈਂਡਲੂਮ ਵੀਵਿੰਗ ਇੰਡਸਟਰੀ ਇਨ ਪੰਜਾਬ' (ਸਫਾ 85, ਹਾਰਡ ਜਿਲਦ) ਸ਼ਾਮਲ ਹਨ। ਥੀਸਸ ਵੇਚਣ ਵਾਲੇ ਦਾ ਕਹਿਣਾ ਸੀ ਕਿ ਇਹ ਯੂਨੀਵਰਸਿਟੀ ਵਿਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਤੇ ਕਿਸੇ ਨੂੰ ਵੀ ਇਸ ਬਾਰੇ ਪਤਾ ਨਹੀਂ ਲੱਗ ਸਕਦਾ। ਜੇਕਰ ਤੁਸੀਂ ਫੜੇ ਗਏ ਤਾਂ ਇਸ ਲਈ ਸਿਰਫ ਤੁਸੀਂ ਹੀ ਜ਼ਿੰਮੇਵਾਰ ਹੋਵੋਗੇ। 8-10 ਹਜ਼ਾਰ ਰੁਪਏ ਵਿਚ ਤਿਆਰ-ਬਰ-ਤਿਆਰ ਖੋਜ ਕੰਮ ਮਿਲਣਾ, ਇਸ ਤੋਂ ਸਸਤਾ ਹੋਰ ਕੀ ਹੋ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਸ 'ਤੇ ਗਾਈਡ ਦੇ ਹਸਤਾਖਰ ਨਹੀਂ ਹਨ। ਅਜਿਹੇ ਥੀਸਸ ਅਸਲ ਵਿਚ ਉਨ੍ਹਾਂ ਸਾਰਿਆਂ ਲਈ ਹਨ ਜੋ ਕਿਤੇ ਨਾ ਕਿਤੇ ਪੀ ਐਚ.ਡੀ. ਜਾਂ ਐਮ.ਫਿਲ. ਲਈ ਦਾਖਲ ਹਨ ਪਰ ਏਨੀ ਡੂੰਘਾਈ ਤਕ ਖੋਜ ਨਹੀਂ ਕਰ ਸਕਦੇ। ਉਸਨੇ ਸੁਝਾਅ ਦਿੱਤਾ, ''ਮੈਂ ਤਾਂ ਇਹੀ ਸਿਫਾਰਸ਼ ਕਰਦਾ ਹਾਂ ਕਿ ਇਸ ਵਿਚ ਕੁਝ ਸ਼ਬਦ ਬਦਲੇ ਜਾ ਸਕਦੇ ਹਨ।'' ਬਿਨਾ ਕੋਈ ਕਿਤਾਬ ਚੁੱਕਿਆ ਪੀ ਐਚ ਡੀ ਦੀ ਡਿਗਰੀ ਲੈਣ ਦਾ ਇਕ ਸੌਖਾ ਢੰਗ ਹੋਰ ਵੀ ਹੈ ਜੋ ਮਹਿੰਗਾ ਹੈ ਪਰ ਵਿਆਪਕ ਹੈ। ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਵਿਚ ਯੂਨੀਵਰਸਿਟੀਆਂ ਵਲੋਂ ਪੀ ਐਚ ਡੀ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਇਥੇ ਵਿਦਿਆਰਥੀਆਂ ਦੀ ਯੂਨੀਵਰਸਿਟੀ ਦੇ ਗਾਈਡ ਤੇ ਸਥਾਨਕ ਸਹਾਇਕ ਗਾਈਡ ਨਾਲ ਰਜਿਸਟਰੇਸ਼ਨ ਕਰ ਲਈ ਜਾਂਦੀ ਹੈ। ਇਨ੍ਹਾਂ ਦੇ ਸੂਚਨਾ ਕੇਂਦਰ ਦੇਸ਼ ਭਰ ਵਿਚ ਛੋਟੇ ਕਸਬਿਆਂ ਵਿਚ ਫੈਲੇ ਹੋਏ ਹਨ। ਇਥੇ ਸਥਾਨਕ 'ਗਾਈਡ' ਦੀ ਸਹੂਲਤ ਦੇ ਨਾਲ ਵਿਦਿਆਰਥੀ ਨੂੰ ਹਰੇਕ ਸਹੂਲਤ ਦਿੱਤੀ ਜਾਂਦੀ ਹੈ। ਪਟਿਆਲਾ ਵਿਚ ਰਾਜਸਥਾਨ ਯੂਨੀਵਰਸਿਟੀ ਦਾ ਸਿਖਲਾਈ ਕੇਂਦਰ ਚਲਾ ਰਹੇ ਵਿਅਕਤੀ ਨੇ ਦੱਸਿਆ, ''ਅਸੀਂ ਤੁਹਾਡੇ ਲਈ ਗਾਈਡ ਮੁਹੱਈਆ ਕਰਵਾ ਦਿਆਂਗੇ। ਉਹ ਸਾਰੀ ਖੋਜ ਕਰੇਗਾ। ਤੁਸੀਂ ਸਿਰਫ ਉਸਨੂੰ 1.25 ਲੱਖ ਰੁਪਏ ਦੇਣੇ ਹਨ। ਉਸ ਵਲੋਂ ਮੁਹੱਈਆ ਕਰਵਾਇਆ ਜਾ ਰਿਹਾ 'ਗਾਈਡ' ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਸੇਵਾਮੁਕਤ ਟੀਚਰ ਹੈ। ਇਸੇ ਯੂਨੀਵਰਸਿਟੀ ਦੇ ਅੰਬਾਲਾ ਵਿਖੇ ਸੈਂਟਰ ਚਲਾ ਰਹੇ ਵਿਅਕਤੀ ਨੇ ਕਿਹਾ, ''ਪੀ.ਐਚ.ਡੀ. ਦੀ ਦਾਖਲ ਪ੍ਰੀਖਿਆ 7 ਮਾਰਚ ਨੂੰ ਸੀ। ਤੁਹਾਨੂੰ ਦੇਰ ਹੋ ਗਈ ਪਰ ਮੈਂ ਦਾਖਲੇ ਲਈ ਆਪਣੇ ਸੈਂਟਰ ਤੋਂ ਤੁਹਾਨੂੰ 'ਹਾਜ਼ਰ ਤੇ ਪਾਸ' ਹੋਇਆ ਦਿਖਾ ਸਕਦਾ ਹਾਂ। ਪੀ.ਐਚ.ਡੀ. ਥੀਸਸ ਕੋਰਸ ਦੇ ਸਰਕਾਰੀ ਖਰਚੇ ਤੋਂ ਇਲਾਵਾ 80000 ਵਿਚ ਪਏਗਾ, ਜੋ ਯੂਨੀਵਰਸਿਟੀ ਨੂੰ ਦਿੱਤਾ ਜਾਵੇਗਾ।' ਦਿਲਚਸਪ ਗੱਲ ਹੈ ਕਿ ਅਜਿਹੀਆਂ ਪੀ ਐਚ ਡੀ ਦੀਆਂ ਡਿਗਰੀਆਂ ਕਰਾਉਣ ਵਾਲੇ ਹਜ਼ਾਰਾਂ 'ਗਾਈਡ' ਆਪਣੀਆਂ ਜੇਬਾਂ ਭਰਨ ਲਈ ਵਿਦਿਆਰਥੀਆਂ ਲਈ ਹਰ ਸਮੇਂ ਤਿਆਰ ਮਿਲਦੇ ਹਨ। ਵਿਦਿਆਰਥੀ ਇਸ ਪ੍ਰੀਕਿਰਿਆ ਵਿਚੋਂ ਕੁਝ ਨਹੀਂ ਸਿੱਖਦੇ। ਥੀਸਸ ਦੇ ਅਖੀਰ ਵਿਚ ਕੁਝ ਸਫੇ ਖੋਜ ਦੀ ਨਿਚੋੜ ਦੇ ਜੋੜ ਦਿੱਤੇ ਜਾਣਗੇ। ਜੋ ਵਿਦਿਆਰਥੀ ਨੂੰ ਡਿਗਰੀ ਦਿਵਾਉਣ ਲਈ ਕਾਫੀ ਹਨ। ਸੈਕਟਰ-37 ਵਿਚ ਦੋ ਯੂਨੀਵਰਸਿਟੀਆਂ ਦੇ ਕੇਂਦਰ ਚਲਾ ਰਹੀ ਇਕ ਮਹਿਲਾ ਨੇ ਕਿਹਾ, ''ਸ਼ਾਨੂੰ ਪੂਰਾ ਯਕੀਨ ਹੈ ਕਿ ਤੁਹਾਡਾ ਥੀਸਸ ਸਾਡੇ ਆਪਣੇ ਬੰਦਿਆਂ ਵਲੋਂ ਚੈੱਕ ਕੀਤਾ ਜਾਵੇਗਾ ਅਤੇ ਤਿੰਨ ਸਾਲਾਂ ਦੇ ਅਖੀਰ ਵਿਚ ਆਖਰੀ ਜ਼ੁਬਾਨੀ ਪ੍ਰੀਖਿਆ (ਵਾਈਵਾ) ਪਾਸ ਕਰਨ ਬਾਰੇ ਵੀ ਗਾਈਡ ਤੁਹਾਡੀ ਮਦਦ ਕਰੇਗਾ। ਤੁਸੀਂ ਬਸ ਇਕ ਵਾਰ ਥੀਸਸ ਪੜ੍ਹ ਲੈਣਾ।''

## ਸ਼ਿਵ ਸੈਨਾ ਵਲੋਂ ਦਿੱਲੀ-ਲਾਹੌਰ ਬੱਸ ਖਿਲਾਫ ਵਿਖਾਵਾ

**ਫਗਵਾੜਾ:** ਫਗਵਾੜਾ ਵਿਚ ਸ਼ਿਵ ਸੈਨਾ (ਬਾਲ ਠਾਕਰੇ) ਪੰਜਾਬ ਦੇ ਉਪ ਪ੍ਰਧਾਨ ਸ਼੍ਰੀ ਇੰਦਰਜੀਤ ਕਟਬਲ ਦੀ ਅਗਵਾਈ ਵਿਚ ਬੀਤੀ 9 ਅਪ੍ਰੈਲ ਨੂੰ ਸੈਂਕੜੇ ਸ਼ਿਵ ਸੈਨਿਕਾਂ ਨੇ ਸਥਾਨਕ ਸ਼ੂਗਰ ਮਿਲ ਚੌਕ ਵਿਚ ਭਾਰਤ-ਪਾਕਿਸਤਾਨ ਵਿਚ ਦੋਸਤੀ ਦਾ ਪੈਗਾਮ ਲੈ ਕੇ ਚੱਲਣ ਵਾਲੀ ਸਦਾ-ਏ-ਸਰਹੱਦ ਦਿੱਲੀ-ਲਾਹੌਰ ਬੱਸਾਂ ਨੂੰ ਫਗਵਾੜਾ ਪੁਲਸ ਦੀ ਭਾਰੀ ਮੌਜੂਦਗੀ 'ਚ ਕਾਲੇ ਝੰਡੇ ਦਿਖਾ ਕੇ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਇਸ ਮੌਕੇ ਸ਼ਿਵ ਸੈਨਿਕਾਂ ਨੇ ਸਭ ਤੋਂ ਪਹਿਲਾਂ ਦਿੱਲੀ ਤੋਂ ਲਾਹੌਰ ਜਾ ਰਹੀ ਭਾਰਤ ਦੀ ਬੱਸ ਨੂੰ ਕਾਲੇ ਝੰਡੇ ਦਿਖਾਏ ਅਤੇ ਬਾਅਦ ਵਿਚ ਲਾਹੌਰ (ਪਾਕਿਸਤਾਨ) ਤੋਂ ਨਵੀਂ ਦਿੱਲੀ ਜਾ ਰਹੀ ਪਾਕਿਸਤਾਨ ਬੱਸ ਨੂੰ ਕਾਲੇ ਝੰਡੇ ਦਿਖਾ ਕੇ ਪਾਕਿਸਤਾਨ ਵਿਰੁਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਫਗਵਾੜਾ 'ਚ ਦੋਹਾਂ ਦੇਸ਼ਾਂ (ਭਾਰਤ-ਪਾਕਿ) ਦੀਆਂ ਕੌਮਾਂਤਰੀ ਪੱਧਰ 'ਤੇ ਚਲ ਰਹੀਆਂ ਬੱਸਾਂ ਦੇ ਲੰਘ ਜਾਣ ਤੋਂ ਬਾਅਦ ਸ਼ਿਵ ਸੈਨਿਕਾਂ ਨੇ ਡਰੱਗਸ ਸਮਗਲਿੰਗ ਵਾਲੀ ਲਾਹੌਰ ਬੱਸ ਮੁਰਦਾਬਾਦ, ਜਾਅਲੀ ਕਰੰਸੀ ਵਾਲੀ ਪਾਕਿਸਤਾਨ ਬੱਸ ਮੁਰਦਾਬਾਦ ਆਦਿ, ਤਰ੍ਹਾਂ-ਤਰ੍ਹਾਂ ਦੇ ਪਾਕਿਸਤਾਨ ਵਿਰੋਧੀ ਨਾਅਰੇ ਲਗਾਏ। ਸਥਾਨਕ ਸ਼ੂਗਰ ਮਿਲ ਚੌਕ 'ਤੇ ਪਾਕਿਸਤਾਨ ਦਾ ਰਾਸ਼ਟਰੀ ਝੰਡਾ ਅੱਗ ਲਗਾ ਕੇ ਸਾੜ ਦਿੱਤਾ। ਬਾਅਦ ਵਿਚ ਕਿਹਾ ਕਿ ਸ਼ਿਵ ਸੈਨਾ (ਬਾਲ ਠਾਕਰੇ) ਪਾਕਿਸਤਾਨ ਦਾ ਹਮੇਸ਼ਾ ਵਿਰੋਧ ਕਰਦੀ ਰਹੇਗੀ। ਰੋਸ ਵਿਖਾਵੇ ਨੂੰ ਸੰਬੋਧਨ ਕਰਦੇ ਉਪ ਪ੍ਰਧਾਨ ਇੰਦਰਜੀਤ ਕਟਬਲ, ਰਾਜੇਸ਼ ਪਲਟਾ (ਸਕੱਤਰ), ਬਲਵਿੰਦਰ ਸਿੰਘ, ਕੁਲਦੀਪ ਦਾਨੀ ਤੇ ਵਿਪਨ ਸ਼ਰਮਾ ਆਦਿ ਹੋਰ ਨੇਤਾਵਾਂ ਨੇ ਰੋਸ ਭਰੇ ਲਹਿਜੇ ਵਿਚ ਕਿਹਾ ਕਿ ਦਿੱਲੀ-ਲਾਹੌਰ ਦੇ ਵਿਚ ਚੱਲ ਰਹੀ ਸਦਾ-ਏ-ਸਰਹੱਦ ਬੱਸ ਸੇਵਾ ਹਕੀਕਤ ਵਿਚ ਪਾਕਿਸਤਾਨੀ ਸਰਕਾਰ ਵਲੋਂ ਭਾਰਤ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ। ਇਹ ਪਾਕਿ ਹਮਾਇਤੀ ਅੱਤਵਾਦੀਆਂ ਨੂੰ ਨਸ਼ੀਲੇ ਡਰੱਗਸ ਅਤੇ ਜਾਅਲੀ ਕਰੰਸੀ ਨੂੰ ਸਪਲਾਈ ਕਰਨ ਦਾ ਸੌਖਾ ਰੂਟ ਬਣੀ ਹੋਈ ਹੈ। ਸੈਨਾ ਦੇ ਨੇਤਾਵਾਂ ਨੇ ਕਿਹਾ ਕਿ ਹਾਲ ਹੀ ਵਿਚ ਪਾਕਿਸਤਾਨੀ ਬੱਸ ਨਾਲ ਫੜਿਆ ਗਿਆ ਨਸ਼ੀਲਾ ਡਰੱਗਸ ਅਤੇ ਜਾਅਲੀ ਕਰੰਸੀ ਦੀ ਖੇਪ ਉਪ੍ਰੋਕਤ ਲਿਖਤੀ ਤੱਥਾਂ ਦੀ ਪੁਸ਼ਟੀ ਕਰ ਰਹੇ ਹਨ। ਫਗਵਾੜਾ ਵਿਚ ਇਸ ਤੋਂ ਪਹਿਲਾਂ ਸੈਂਕੜੇ ਸੈਨਿਕ ਸਥਾਨਕ ਸ਼੍ਰੀ ਹਨੂੰਮਾਨਗੜ੍ਹ ਮੰਦਰ ਵਿਚ ਇਕੱਠੇ ਹੋਏ ਜਿੱਥੋਂ ਉਨ੍ਹਾਂ ਨੇ ਪਾਕਿਸਤਾਨੀ ਝੰਡੇ ਨੂੰ ਰਸਤੇ ਵਿਚ ਜੁੱਤੀਆਂ ਮਾਰਦੇ ਹੋਏ ਜੁੱਤੀਆਂ ਦੀ ਮਾਲਾ ਪਹਿਨਾਈ। ਨਾਲ ਹੀ ਸ਼ੂਗਰ ਮਿਲ ਚੌਕ ਤੱਕ ਦਾ ਰਸਤਾ ਤੈਅ ਕੀਤਾ।

ਰੋਸ ਰੈਲੀ ਦੌਰਾਨ ਵਿਖਾਵਾਕਾਰੀਆਂ ਨੇ ਪਾਕਿਸਤਾਨ ਹਾਏ-ਹਾਏ, ਪਾਕਿਸਤਾਨ ਮੁਰਦਾਬਾਦ ਆਦਿ ਦੇ ਨਾਅਰੇ ਲਗਾਏ ਅਤੇ ਭਾਰਤ ਮਾਤਾ ਦੀ ਜੈ, ਮਾਂ ਭਾਰਤੀ ਦੀ ਜੈ ਦੇ ਜੈਕਾਰਿਆਂ ਨਾਲ ਸ਼ੂਗਰ ਚੌਕ 'ਤੇ ਪਹੁੰਚ ਦਿੱਲੀ-ਲਾਹੌਰ ਬੱਸ ਦੀ ਉਡੀਕ ਕੀਤੀ। ਇਸ ਮੌਕੇ ਇੰਦਰਜੀਤ ਕਟਬਲ, ਰਾਜੇਸ਼ ਪਲਟਾ, ਵਿਪਨ ਸ਼ਰਮਾ, ਅਸ਼ਵਨੀ ਚੰਬਾ, ਨਰਿੰਦਰ ਸ਼ਰਮਾ, ਸ਼ਮਸ਼ੇਰ ਭਾਰਤੀ ਸਮੇਤ ਸੈਂਕੜੇ ਸ਼ਿਵ ਸੈਨਿਕ ਮੌਜੂਦ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ਼੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ਼੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਯੂਨਾਈਟਿਡ ਸਿੱਖਸ ਅਤੇ ਰੈਡ ਕਰਾਸ ਵਿਚਾਲੇ ਸੰਧੀ

**ਨਿਊ ਯਾਰਕ:** ਮਨੁੱਖੀ ਅਧਿਕਾਰ ਜਥੇਬੰਦੀ ਯੂਨਾਈਟਿਡ ਸਿੱਖਸ ਅਤੇ ਅਮੈਰਿਕਨ ਰੈਡ ਕਰਾਸ, ਗਰੇਟਰ ਨਿਊ ਯਾਰਕ ਨੇ ਇਥੇ ਰੈਡ ਕਰਾਸ ਭਵਨ ਵਿਚ ਲੰਘੀ 31 ਮਾਰਚ ਨੂੰ ਇਕ ਮੁਆਇਦੇ ਉਤੇ ਦਸਤਖਤ ਕੀਤੇ ਜਿਸ ਤਹਿਤ ਦੋਵੇਂ ਜਥੇਬੰਦੀਆਂ ਕਿਸੇ ਵੀ ਤਰ੍ਹਾਂ ਦੇ ਮਾਨਵੀ ਸੰਕਟ ਸਮੇਂ ਰਲ ਕੇ ਕੰਮ ਕਰ ਸਕਣਗੀਆਂ। ਇਸ ਮੁਆਇਦੇ ਉਤੇ ਸਹੀ ਪਾਏ ਜਾਣ ਸਮੇਂ ਅਮੈਰਿਕਨ ਰੈਡ ਕਰਾਸ ਅਤੇ ਯੂਨਾਈਟਿਡ ਸਿੱਖਸ ਦੇ ਅਹੁਦੇਦਾਰਾਂ ਤੋਂ ਇਲਾਵਾ ਟਰਾਈ ਸਟੇਟ ਏਰੀਏ ਦੀਆਂ ਵੱਖ ਵੱਖ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਮੌਜੂਦ ਸਨ। ਨਿਊ ਯਾਰਕ ਰੈਡ ਕਰਾਸ ਦੇ ਮੁਖੀ ਬਾਬ ਇੰਬੋਰਨੋਨੀ ਨੇ ਕਿਹਾ ਕਿ ਦੋਵਾਂ ਸੰਸਥਾਵਾਂ ਦੀ ਇਸ ਭਾਈਵਾਲੀ ਨਾਲ ਕਿਸੇ ਵੀ ਮਾਨਵੀ ਸੰਕਟ ਸਮੇਂ ਸਹਾਇਤਾ ਪਹੁੰਚਾਉਣ ਵਿਚ ਵੱਡੀ ਸਹਾਇਤਾ ਮਿਲੇਗੀ। ਨਿਊ ਯਾਰਕ ਏਰੀਏ ਵਿਚ ਕਿਸੇ ਵੀ ਸੰਕਟ ਸਮੇਂ ਦੋਵੇਂ ਜਥੇਬੰਦੀਆਂ ਰਲ ਕੇ ਕੰਮ ਕਰਨਗੀਆਂ।

ਯੂਨਾਈਟਿਡ ਸਿੱਖਸ ਦੇ ਪ੍ਰਧਾਨ ਸ. ਕੁਲਦੀਪ ਸਿੰਘ ਨੇ ਆਖਿਆ ਕਿ ਇੰਜ ਦੋਵੇਂ ਜਥੇਬੰਦੀਆਂ ਰਲ ਕੇ ਬਿਹਤਰ ਕੰਮ ਕਰ ਸਕਣਗੀਆਂ। ਗੁਰੂ ਨਾਨਕ ਦਰਬਾਰ, ਸਾਊਥਿੰਗਟਨ (ਕੁਨੈਕਟੀਕਟ) ਦੇ ਟਰਸਟੀ ਸ੍ਰੀ ਦਰਸ਼ਨ ਸਿੰਘ ਨੇ ਆਖਿਆ ਕਿ ਸਿੱਖ ਧਰਮ ਵਿਚ ਬਿਨਾ ਕਿਸੇ ਭਿੰਨ ਭੇਦ ਦੇ ਮਨੁੱਖੀ ਭਲਾਈ ਦੀ ਰਵਾਇਤ 17ਵੀਂ ਸਦੀ ਵਿਚ ਭਾਈ ਘਨੱਈਆ ਜੀ ਨੇ ਹੀ ਕਾਇਮ ਕਰ ਦਿੱਤੀ ਸੀ।

# ਨਿਊ ਯਾਰਕ ’ਚ ਮੰਤਰੀ ਕਮਲ ਨਾਥ ਵਿਰੁਧ ਮੁਜਾਹਰਾ

**ਨਿਊ ਯਾਰਕ:** ਅਮਰੀਕੀ ਦੌਰੇ ‘ਤੇ ਆਏ ਭਾਰਤੀ ਮੰਤਰੀ ਕਮਲ ਨਾਥ ਵਿਰੁਧ ਇਥੇ ਸਿੱਖ ਸੰਸਥਾਵਾਂ ਦੀ ਅਗਵਾਈ ਹੇਠ ਸਿੱਖ ਭਾਈਚਾਰੇ ਵਲੋਂ ਵੱਡੇ ਪੱਧਰ ਉਤੇ ਮੁਜ਼ਾਹਰਾ ਕੀਤਾ ਗਿਆ। ਕਮਲ ਨਾਥ ਉਤੇ ਨਵੰਬਰ 1984 ਵਿਚ ਹਿੰਸਕ ਭੀੜ ਨੂੰ ਸਿੱਖਾਂ ਦੇ ਕਤਲੇਆਮ ਲਈ ਉਕਸਾਉਣ ਦਾ ਦੋਸ਼ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ




ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਦੀ ਅਗਵਾਈ ਹੇਠ ਮਨਹਟਨ ਵਿਚ ਮਕਗਾਅ ਹਿਲਜ਼ ਦੇ ਹੈਡਕੁਆਰਟਰ ਦੇ ਸਾਹਮਣੇ ਇਕੱਤਰ ਹੋਏ ਅਤੇ ਕਮਲ ਨਾਥ ਵਿਰੁਧ ਮੁਜ਼ਾਹਰਾ ਕੀਤਾ। ਇਥੇ ਭਵਨ ਉਸਾਰੀ ਬਾਰੇ ਇਕ ਕੌਮਾਂਤਰੀ ਪੱਧਰ ਦੇ ਸਿਖਰ ਸੰਮੇਲਨ ਵਿਚ ਮੰਤਰੀ ਕਮਲ ਨਾਥ ਨੇ ਭਾਸ਼ਣ ਦੇਣਾ ਸੀ।

ਸਿੱਖਸ ਫਾਰ ਜਸਟਿਸ ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਸ੍ਰੀ ਗੁਰਪਤਵੰਤ ਸਿੰਘ ਪੰਨੂ ਨੇ ਦੋਸ਼ ਲਾਇਆ ਕਿ ਕਮਲ ਨਾਥ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ੀ ਹੈ ਕਿਉਂਕਿ ਉਸ ਨੇ ਨਵੰਬਰ 1984 ਵਿਚ ਭੀੜ ਨੂੰ ਗੁਰਦੁਆਰਾ ਰਕਾਬਗੰਜ ਨੂੰ ਅੱਗ ਲਾਉਣ ਅਤੇ ਕਈ ਸਿੱਖਾਂ ਨੂੰ ਜਿਊਂਦੇ ਸਾੜ ਦੇਣ ਲਈ ਉਕਸਾਇਆ ਸੀ।

ਸਿੱਖ ਭਾਈਚਾਰੇ ਦੇ ਇਸ ਮੁਜਾਹਰੇ ਬਾਰੇ ਖਬਰਾਂ ਅਮਰੀਕੀ ਮੁੱਖ ਧਾਰਾ ਦੇ ਅਖਬਾਰਾਂ ਅਤੇ ਰੇਡੀਓ ਟੀ ਵੀ ਵਲੋਂ ਪ੍ਰਸਾਰਿਤ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ ਵਲੋਂ ਮਨਹਟਨ ਫੈਡਰਲ ਕੋਰਟ ਵਿਚ ਕਮਲ ਨਾਥ ਵਿਰੁਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਇਕ ਕੇਸ ਦਾਇਰ ਕੀਤਾ ਗਿਆ ਹੈ ਜਿਸ ਉਤੇ ਉਸ ਨੂੰ ਸੰਮਨ ਜਾਰੀ ਕਰ ਦਿੱਤੇ ਗਏ ਹਨ।

ਇਸੇ ਦੌਰਾਨ ਇਕ ਖਬਰ ਏਜੰਸੀ ਐਸੋਸੀਏਟਡ ਪ੍ਰੈਸ ਨਾਲ ਗੱਲ ਕਰਦਿਆਂ ਸ੍ਰੀ ਕਮਲ ਨਾਥ ਨੇ ਆਖਿਆ ਕਿ ਉਸ ਨੂੰ ਇਹ ਮੁਕੱਦਮਾ ਦਾਇਰ ਕੀਤੇ ਜਾਣ ਉਤੇ ਹੈਰਾਨੀ ਅਤੇ ਸਦਮਾ ਹੋਇਆ ਹੈ ਕਿਉਂਕਿ ਉਸ ਵਿਰੁਧ ਤਾਂ ਕਦੀ ਕੋਈ ਪਰਚਾ ਹੀ ਦਰਜ ਨਹੀਂ ਹੋਇਆ। ਇਹ ਪੁੱਛੇ ਜਾਣ ਉਤੇ ਕਿ ਉਸ ਉਪਰ 1984 ਵਿਚ ਭੀੜ ਨੂੰ ਉਕਸਾਉਣ ਦੇ ਦੋਸ਼ ਲਾਏ ਗਏ ਹਨ, ਕਮਲ ਨਾਥ ਨੇ ਕਿਹਾ ਕਿ ਜੇ ਮੈਂ ਅਜਿਹਾ ਕੀਤਾ ਹੁੰਦਾ ਤਾਂ ਪੁਲਿਸ ਨੇ ਮੇਰੇ ਵਿਰੁਧ ਪਰਚਾ ਦਰਜ ਕਰ ਲੈਣਾ ਸੀ ਅਤੇ ਅਦਾਲਤਾਂ ਵਿਚ ਮੇਰੇ ਵਿਰੁਧ ਮੁਕੱਦਮਾ ਚੱਲਣਾ ਸੀ। ਮੇਰੇ ਵਿਰੁਧ ਕਦੇ ਕੋਈ ਪਰਚਾ ਦਰਜ ਨਹੀਂ ਹੋਇਆ। ਮੈਂ ਪਤਾ ਨਹੀਂ ਕਿੰਨੀ ਵਾਰ ਅਮਰੀਕਾ ਆਇਆ ਹਾਂ ਅਤੇ ਇਹ ਮਸਲਾ ਕਦੇ ਪੈਦਾ ਹੀ ਨਹੀਂ ਹੋਇਆ। ਇਹ ਮਸਲਾ ਪਹਿਲੀ ਵਾਰ ਪੈਦਾ ਹੋਇਆ ਹੈ।

ਉਧਰ ਨਵੰਬਰ 84 ਦੇ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਲੋਕਾਂ ਦੀ ਪੈਰਵੀ ਕਰ ਰਹੇ ਦਿੱਲੀ ਦੇ ਵਕੀਲ ਸ੍ਰੀ ਐਚ ਐਸ ਫੂਲਕਾ ਨੇ ਆਖਿਆ ਹੈ ਕਿ ਸਬੂਤ ਸਪਸ਼ਟ ਹਨ ਅਤੇ ਕਮਲ ਨਾਥ ਵਿਰੁਧ ਮੁਕੱਦਮਾ ਚੱਲਣਾ ਚਾਹੀਦਾ ਹੈ ਪਰ ਮੰਤਰੀ ਹੋਣ ਕਰਕੇ ਆਪਣੇ ਅਸਰ-ਰਸੂਖ ਦੀ ਵਰਤੋਂ ਕਰਕੇ ਉਹ ਇਹ ਮੁਕੱਦਮਾ ਚੱਲਣ ਨਹੀਂ ਦੇ ਰਿਹਾ। ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਵੀ ਆਖਿਆ ਹੈ ਕਿ ਜੇ ਉਹ ਸਿੱਖਾਂ ਨੂੰ ਜਲਾ ਰਹੀ ਭੀੜ ਨੂੰ ਖਿੰਡਾਉਣ ਲਈ ਮੌਕੇ ‘ਤੇ ਪਹੁੰਚਿਆ ਸੀ ਤਾਂ ਫਿਰ ਇਸ ਮੰਤਰੀ ਨੇ ਨਵੰਬਰ 84 ਦੇ ਕਤਲੇਆਮ ਦੀ ਜਾਂਚ ਕਰ ਰਹੇ ਨਾਨਾਵਤੀ ਕਮਿਸ਼ਨ ਨੂੰ ਮੌਕੇ ਦੇ ਗਵਾਹ ਵਜੋਂ ਕੋਈ ਹਲਫੀਆ ਬਿਆਨ ਕਿਉਂ ਨਹੀਂ ਦਿੱਤਾ। ਇਸ ਮੁਜਾਹਰੇ ਵਿਚ ਸਿੱਖ ਯੂਥ ਆਫ ਅਮੈਰਿਕਾ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ (ਪੰਚ ਪ੍ਰਧਾਨੀ), ਅਕਾਲੀ ਦਲ (ਅੰਮ੍ਰਿਤਸਰ), ਬਾਬਾ ਬੁੱਢਾ ਸਾਹਿਬ ਸੁਸਾਇਟੀ, ਸ਼ਹੀਦ ਭਗਤ ਸਿੰਘ ਸੁਸਾਇਟੀ, ਪ੍ਰਭ ਮਿਲਣੈ ਕਾ ਚਾਓ ਸੰਸਥਾ, ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਅਤੇ ਪੰਥਕ ਸੁਸਾਇਟੀ ਨੇ ਹਿੱਸਾ ਲਿਆ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਮੈਂ ਸਭ ਤੋਂ ਵੱਧ ਨਾ ਸਮਝ ਆਉਣ ਵਾਲਾ ਨੇਤਾ ਹਾਂ-ਸੁਖਬੀਰ ਬਾਦਲ**

-ਤਾਂ ਹੀ ਲੋਕ ਥੋਨੂੰ ਸਿਆਸਤ ਦਾ ਸ਼ੇਖਚਿੱਲੀ ਕਹਿੰਦੇ ਆ।

***ਨਕਸਲੀਆਂ ਵਿਰੁਧ ਫੌਜ ਦੀ ਵਰਤੋਂ ਨਹੀਂ-ਸੈਨਾ ਮੁਖੀ ਵੀ ਕੇ ਸਿੰਘ**

-ਲੋੜ ਵੀ ਕੀ ਐ, ਬੇਦੋਸ਼ਿਆਂ ਨੂੰ ਨਕਸਲੀ ਕਹਿ ਕੇ ਮਾਰਨ, ਉਨ੍ਹਾਂ ਦੇ ਘਰ-ਬਾਰ ਸਾੜਨ ਤੇ ਔਰਤਾਂ ਨਾਲ ਬਲਾਤਕਾਰ ਕਰਨ ਦੀ ਡਿਊਟੀ ਤਾਂ ਪੁਲਿਸ ਹੀ ਕਰੀ ਜਾਂਦੀ ਐ।

***ਮੋਦੀ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ ਕਾਂਗਰਸ-ਆਰ ਐਸ ਐਸ**

-ਗੁਜਰਾਤ ਦੰਗੇ ਕਰਵਾ ਕੇ ਵਿਚਾਰੇ ਨੇ ਬੜੀ ਮੁਸ਼ਕਲ ਨਾਲ ਬਣਾਇਆ ਸੀ।

***ਸੂਫੀ ਗਾਇਕ ਹੈ ਸਤਿੰਦਰ ਸਰਤਾਜ-ਇਕ ਪੰਜਾਬੀ ਅਖਬਾਰ**

-ਹਲਾ! ਪਰ ਸੁਰਿੰਦਰ ਸੋਹਲ ਤੇ ਹਰਪਾਲ ਸਿੰਘ ਭਿੰਡਰ ਦਾ ਲੇਖ ਤਾਂ ਹੋਰ ਹੀ ਭੇਦ ਖੋਲ੍ਹਦੈ ਬਈ।

***ਸਪੋਕਸਮੈਨ ਦੇ ਸੰਪਾਦਕ ਨੇ ਸੰਪਾਦਕੀ ਵਾਪਸ ਲਈ, ਮਾਮਲਾ ਖਤਮ ਕਰੋ-ਜਸਜੀਤ ਸਿੰਘ ਯੂ ਕੇ**

-ਮੂੰਹੋਂ ਨਿਕਲੀ ਗੱਲ ਤੇ ਕਮਾਨੋਂ ਛੱਡਿਆ ਤੀਰ ਵੀ ਕਦੇ ਵਾਪਸ ਮੁੜੇ ਐ।

***ਕੀ ਪੰਜਾਬ ਰਾਜ ਬਿਜਲੀ ਬੋਰਡ ਦਾ ਨਿਗਮੀਕਰਨ ਹੋਣਾ ਚਾਹੀਦਾ ਹੈ-ਇਕ ਸਰਵੇ**

-ਜੋ ਮਰਜ਼ੀ ਕਰੋ ਯਾਰ! ਬੱਸ ਬਿਜਲੀ ਆਉਣੀ ਚਾਹੀਦੀ ਐ।

***ਨਾਨਕਸ਼ਾਹੀ ਕੈਲੰਡਰ ‘ਤੇ ਗਿਆਨੀ ਨੰਦਗੜ੍ਹ ਬਿਆਨਬਾਜ਼ੀ ਨਾ ਕਰੇ-ਜਥੇਦਾਰ ਗੁਰਬਚਨ ਸਿੰਘ**

-ਕਿਉਂਕਿ ਅਸੀਂ ਸੱਚ ਸੁਣਨ ਦੇ ਆਦੀ ਨਹੀਂ ਹਾਂ।

# ਕਸ਼ਮੀਰ ’ਚ ਹੇਠਲੇ ਦਰਜੇ ਦੀਆਂ ਨੌਕਰੀਆਂ ਜਿਲ੍ਹਿਆਂ ਤੱਕ ਸੀਮਤ

**ਪੰਜਾਬ ਟਾਈਮਜ਼ ਬਿਊਰੋ**

**ਸ੍ਰੀਨਗਰ:** ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਵਲੋਂ ਬਜਟ ਇਜਲਾਸ ਦੇ ਆਖਰੀ ਦਿਨ ਪਾਸ ਕੀਤਾ ਗਿਆ ਨਿਵੇਕਲਾ ਬਿੱਲ ਬੇਸ਼ੱਕ ਸੌੜੀ ਸਿਆਸਤ ਦੇ ਕਿਸੇ ਮਾਪਦੰਡ ਉਪਰ ਖਰਾ ਉਤਰਨ ਵਾਲਾ ਹੋਵੇ, ਪਰ ਇਸ ਨੂੰ ਫਿਲਹਾਲ ਸਿਆਸੀ ਦੂਰਅੰਦੇਸ਼ੀ ਵਾਲਾ ਨਹੀਂ ਆਖਿਆ ਜਾ ਸਕਦਾ। ਇਹ ਬਿੱਲ ਬਾਕਾਇਦਾ ਕਾਨੂੰਨ ਦੀ ਸ਼ਕਲ ਅਖਤਿਆਰ ਕਰ ਜਾਣ ਪਿੱਛੋਂ ਜੰਮੂ-ਕਸ਼ਮੀਰ ਦੇ ਇਕ ਜ਼ਿਲ੍ਹੇ ਅੰਦਰ ਵੱਸਣ ਵਾਲੇ ਨੌਜਵਾਨ ਰਾਜ ਦੇ ਕਿਸੇ ਹੋਰ ਜ਼ਿਲ੍ਹੇ ਵਿਚ ਜਾ ਕੇ ਤੀਜੇ ਤੇ ਚੌਥੇ ਦਰਜੇ ਦੀਆਂ ਨੌਕਰੀਆਂ ਨਹੀਂ ਲੈ ਸਕਣਗੇ। ਜ਼ਿਲ੍ਹੇ ਅੰਦਰ ਸਰਕਾਰੀ ਨੌਕਰੀਆਂ ਲਈ ਜਿੰਨੀਆਂ ਵੀ ਖਾਲੀ ਅਸਾਮੀਆਂ ਹੋਣਗੀਆਂ, ਉਹ ਉਸੇ ਜ਼ਿਲ੍ਹੇ ਦੇ ਯੋਗ ਉਮੀਦਵਾਰ ਲਈ ਹੀ ਹੋਣਗੀਆਂ। ਨਵਾਂ ਕਾਨੂੰਨ ਅਨੁਸੂਚਿਤ ਜਾਤੀ ਨਾਲ ਸੰਬੰਧਤ ਉਮੀਦਵਾਰ ਉਪਰ ਲਾਗੂ ਨਹੀਂ ਹੋਵੇਗਾ ਜਿਨ੍ਹਾਂ ਲਈ ਹਰ ਜ਼ਿਲ੍ਹੇ ਵਿਚ 8 ਪ੍ਰਤੀਸ਼ਤ ਸਰਕਾਰੀ ਨੌਕਰੀਆਂ ਰਾਖਵੀਆਂ ਹੋਣਗੀਆਂ ਤੇ ਉਹ ਜਿਸ ਜ਼ਿਲ੍ਹੇ ਵਿਚ ਵੀ ਚਾਹੁਣ ਨੌਕਰੀ ਲਈ ਅਰਜ਼ੀ ਦੇ ਸਕਣਗੇ। ਇਸ ਵੇਲੇ ਜੰਮੂ-ਕਸ਼ਮੀਰ ਦੇ ਕੁੱਲ 22 ਜ਼ਿਲ੍ਹੇ ਹਨ ਜਿਨ੍ਹਾਂ ਵਿਚੋਂ 10-10 ਜੰਮੂ ਤੇ ਕਸ਼ਮੀਰ ਦੇ ਹਨ ਜਦਕਿ 2 ਜ਼ਿਲ੍ਹੇ ਲੱਦਾਖ ਦੇ ਹਨ। ਰਾਜ ਅੰਦਰ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ 4.5 ਲੱਖ ਹੈ ਜਦਕਿ ਇਸ ਵੇਲੇ 13319 ਆਸਾਮੀਆਂ ਖਾਲੀ ਪਈਆਂ ਦੱਸੀਆਂ ਜਾ ਰਹੀਆਂ ਹਨ।

ਸੱਤਾਧਾਰੀ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਵਲੋਂ ਬਣਾਏ ਜਾ ਰਹੇ ਇਸ ਕਾਨੂੰਨ ਨੂੰ ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਹਮਾਇਤ ਮਿਲੀ ਹੈ ਜਦਕਿ ਭਾਰਤੀ ਜਨਤਾ ਪਾਰਟੀ ਨੇ ਇਸ ਦਾ ਵਿਰੋਧ ਕੀਤਾ ਹੈ। ਇਸ ਨਵੇਂ ਕਾਨੂੰਨ ਦੇ ਪੱਖ ਵਿਚ ਦਲੀਲ ਦਿੱਤੀ ਗਈ ਹੈ ਕਿ ਰਾਜ ਅੰਦਰ ਅਤਿਵਾਦ ਦਾ ਪਰਛਾਵਾਂ ਮੰਡਰਾਉਂਦਾ ਹੋਣ ਕਾਰਨ ਕੁਝ ਖੇਤਰ ਦਾ ਵਿਕਾਸ ਸਾਂਵਾ ਨਹੀਂ ਹੋ ਸਕਿਆ ਜਿਸ ਕਾਰਨ ਖਾਸ ਕਰ ਕੇ ਰਾਜੌਰੀ ਵਗੈਰਾ ਵਰਗੇ ਪਛੜੇ ਇਲਾਕਿਆਂ ‘ਚ ਵੱਸਣ ਵਾਲੇ ਨੌਜਵਾਨ ਜੰਮੂ ਅਤੇ ਕਸ਼ਮੀਰ ਵਾਦੀ ‘ਚ ਵੱਸਣ ਵਾਲਿਆਂ ਦੇ ਮੁਕਾਬਲੇ ਵਿਚ ਨਹੀਂ ਟਿਕ ਪਾ ਰਹੇ। ਸੂਬੇ ਦੇ ਹਾਲਾਤ ਦੇ ਕਾਰਨ ਪਛੜੇਵੇਂ ਦਾ ਸ਼ਿਕਾਰ ਹੋਏ ਨੌਜਵਾਨਾਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨਾ ਵੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਇਸ ਲਈ ਇਹ ਬਿੱਲ ਪਾਸ ਕਰਵਾਇਆ ਗਿਆ ਹੈ।

ਅਸੈਂਬਲੀ ਵਿਚ ਜ਼ੁਬਾਨੀ ਵੋਟ ਰਾਹੀਂ ਬਿੱਲ ਪਾਸ ਹੋਣ ਤੋਂ ਬਾਅਦ ਜਿਸ ਤਰ੍ਹਾਂ ਮੈਂਬਰਾਂ ਵਲੋਂ ਸਦਨ ਅੰਦਰ ਹੰਗਾਮਾ ਕੀਤਾ ਗਿਆ, ਕੁਰਸੀਆਂ ਵਗਾਹ ਕੇ ਮਾਰੀਆਂ ਗਈਆਂ, ਮਾਈਕਰੋਫੋਨ ਤੋੜੇ ਗਏ ਤੇ ਵਿਧਾਇਕ ਸੁਰੱਖਿਆ ਸਟਾਫ ਨਾਲ ਉਲਝੇ, ਉਸ ਤੋਂ ਜ਼ਾਹਰ ਹੈ ਕਿ ਸਿਆਸੀ ਪਾਰਟੀਆਂ ਨੇ ਇਸ ਮਾਮਲੇ ਨੂੰ ਆਪਣੇ-ਆਪਣੇ ਵੋਟ ਬੈਂਕ ਦੇ ਦ੍ਰਿਸ਼ਟੀਕੋਣ ਤੋਂ ਵੇਖਣਾ ਸ਼ੁਰੂ ਕੀਤਾ ਹੈ।

ਸਿਆਸੀ ਪਾਰਟੀਆਂ ਵਲੋਂ ਆ ਰਹੇ ਪ੍ਰਤੀਕਰਮ ਵੀ ਇਸੇ ਗੱਲ ਦੀ ਪੁਸ਼ਟੀ ਕਰਦੇ ਹਨ। ਸਰਕਾਰੀ ਨੌਕਰੀਆਂ ਰੁਜ਼ਗਾਰ ਦਾ ਸਭ ਤੋਂ ਮਕਬੂਲ ਤੇ ਪੁਖਤਾ ਵਸੀਲਾ ਮੰਨੀਆਂ ਜਾਂਦੀਆਂ ਹਨ ਤੇ ਹੁਣ ਜਦੋਂ ਕਿ ਇਨ੍ਹਾਂ ਨੌਕਰੀਆਂ ਨੂੰ ਜ਼ਿਲ੍ਹਿਆਂ ਦੀ ਹੱਦਬੰਦੀ ਦੇ ਅੰਦਰ-ਅੰਦਰ ਹੀ ਸੀਮਤ ਕੀਤਾ ਜਾ ਰਿਹਾ ਹੈ ਤਾਂ ਇਕ-ਦੂਜੇ ਨੂੰ ਵੇਖਣ ਵਾਲੀ ਨਜ਼ਰ ਵਿਚ ਹੀ ਫਰਕ ਪੈ ਜਾਵੇਗਾ ਜਿਸ ਨਾਲ ਸਮਾਜਿਕ ਤਾਣੇ ਬਾਣੇ ‘ਤੇ ਵੀ ਬੁਰਾ ਅਸਰ ਪੈ ਸਕਦਾ ਹੈ। ਜੰਮੂ-ਕਸ਼ਮੀਰ ਦੇਸ਼ ਦਾ ਅਜਿਹਾ ਸੰਵੇਦਨਸ਼ੀਲ ਸੂਬਾ ਹੈ ਜਿਸ ਬਾਰੇ ਜਾਂ ਜਿਸ ਅੰਦਰ ਕੋਈ ਵੀ ਫੈਸਲਾ ਲੈਣ ਵੇਲੇ ਰਾਜ ਦੇ ਸਾਰੇ ਵਰਗਾਂ ਦੇ ਹਿੱਤਾਂ ਨੂੰ ਬਹੁਤ ਧਿਆਨ ਵਿਚ ਰੱਖਣ ਦੀ ਜ਼ਰੂਰਤ ਹੈ।

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



westin travel & tours inc.
Tel:877-256-1971
773-465-4040
e-mail:info@westintravel.com
web:westintravel.com
Low Fares And Cofirm Seats With Lufthansa, American Ailines, Continental Air, Air India to India, Middle East And Europe



Easy Travel Inc.
7191 Camelot Drive, Canton, MI 48187 Fax: 866-908-6663
www.easytravelinc.net info@easytravelinc.net
ਸਸਤੀਆਂ ਹਵਾਈ ਟਿਕਟਾਂ
Please call us for the lowest fare from your city to india
Tel: 734-451-9526, Toll Free 866-51-INDIA



R K Carpet & Flooring, Inc.
6346 N. Claremont Ave. Chicago, IL 60659
ਵਾਜ਼ਬ ਭਾਅ, ਭਰੋਸੇਯੋਗ ਸਰਵਿਸ
*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865



SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)
734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION



ੴ ਸਤਿਗੁਰ ਪ੍ਰਸਾਦਿ

ਗੁਰ ਸਿਮਰ ਮਨਾਈ ਕਾਲਕਾ, ਖੰਡੇ ਕੀ ਵੇਲਾ॥
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮੁ ਸੁਹੇਲਾ॥

# ਸਮੂਹ ਸਿੱਖ ਸੰਗਤ ਨੂੰ ਸਿੱਖ ਰਿਲੀਜੀਅਸ ਸੁਸਾਇਟੀ (ਵਿਸਕਾਨਸਿਨ) ਦੀ ਸਾਧ ਸੰਗਤ ਵਲੋਂ ਖਾਲਸਾ ਜੀ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀ

# ਕੋਟਾਨਿ ਕੋਟਿ ਵਧਾਈ




**Sikh Religious Society of Wisconsin**

**3675 N Calhoun Rd Brookfield WI 53207 Ph: 414-262-1600**



ਖਾਲਸਾ ਮੇਰੋ ਪਿੰਡ ਪਰਾਣ॥ ਖਾਲਸਾ ਮੇਰੀ ਜਾਨ ਕੀ ਜਾਨ॥

# ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਸਮੂਹ ਸੰਗਤ ਨੂੰ

# ਲੱਖ-ਲੱਖ ਵਧਾਈ

ਵਲੋਂ: ਗੁਲਜ਼ਾਰ ਸਿੰਘ ਮੁਲਤਾਨੀ ਅਤੇ ਪਰਿਵਾਰ

**Pan-Oceanic Engineering**
General Contractors & Engineers

Awarded with "Green Certification" for "Sustainable Construction" at O'Hare Airport by City of Chicago.

# Pan-Oceanic Group

8501 W. Higgins Rd., Suite 630, Chicago, IL 60631
Ph: 773-601-8408, Fax: 773-601-8409 www.panoceanicinc.com

EXCAVATION • SITE UTILITIES • ASPHALT PAVING • CONCRETE WORK EXCAVATION • SITE UTILITIES • ASPHALT PAVING • CONCRETE WORK




# INDIA DESI BAZAAR

## ਦੇਸ਼ ਵਿਦੇਸ਼ ਵਿਚ ਵਸਦੇ ਸਮੂਹ ਪੰਜਾਬੀਆਂ ਨੂੰ ਵਿਸਾਖੀ ਮੁਬਾਰਕ!

11304 NE 4th Plain Blvd.,
Vancouver, WA 98662
Near Walgreen in Shell plaza

**Ph:360-882-7703**

**Open 7 Day a Week**



All kinds of Indian-Pakistani, Gujrati, Fijian & European Grocery

Lamb and Goat meat available
All kinds of Indian Beer available

ਖੁੱਲ੍ਹਾ ਡੁੱਲ੍ਹਾ, ਬਹੁਤ ਵੱਡਾ, ਸਾਫ ਸੁਥਰਾ ਗਰੌਸਰੀ ਸਟੋਰ

ਹਰ ਸ਼ੁੱਕਰਵਾਰ ਤਾਜ਼ਾ ਸਬਜ਼ੀਆਂ ਦੀ ਡਿਲੀਵਰੀ

ਹਰ ਤਰ੍ਹਾਂ ਦੀ ਭਾਰਤੀ ਤੇ ਪਾਕਿਸਤਾਨੀ ਗਰੌਸਰੀ, ਆਟਾ, ਦਾਲਾਂ, ਚੌਲ, ਮਸਾਲੇ ਅਤੇ ਹੋਰ ਬਹੁਤ ਕੁਝ ਸਾਫ-ਸੁਥਰਾ ਅਤੇ ਵਾਜਬ ਭਾਅ 'ਤੇ

ਭਾਰਤੀ ਤੇ ਪਾਕਿਸਤਾਨੀ, ਨਵੀਂਆਂ ਤੇ ਪੁਰਾਣੀਆਂ ਫਿਲਮਾਂ ਅਤੇ ਗੀਤ-ਸੰਗੀਤ ਦੀਆਂ ਵੀਡੀਓ ਕੈਸਿਟਾਂ, ਡੀ.ਵੀ.ਡੀ. ਅਤੇ ਸੀਡੀਆਂ ਦਾ ਬਹੁਤ ਵੱਡਾ ਭੰਡਾਰ

ੴ ਸਤਿਗੁਰ ਪ੍ਰਸਾਦਿ॥

# ਸੰਗਤਾਂ ਦਾ ਕੋਟਾਨਿ ਕੋਟਿ ਧੰਨਵਾਦ



ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕਾਂ ਦੀ ਚੋਣ ਵਿਚ ਦਾਸ ਨੂੰ ਸੰਵਿਧਾਨ ਅਮਲ ਕਮੇਟੀ (ਸੀ ਆਈ ਸੀ) ਮੈਂਬਰ ਵਜੋਂ ਸੇਵਾ ਬਖਸ਼ਣ ਲਈ ਸਮੂਹ ਸਾਧ ਸੰਗਤ ਅਤੇ ਆਜ਼ਾਦ ਸਿੱਖ ਸੰਗਤ ਸਲੇਟ ਦੇ ਸਮੂਹ ਹਮਾਇਤੀਆਂ ਦਾ ਕੋਟਾਨਿ ਕੋਟਿ ਧੰਨਵਾਦ ਅਤੇ ਖਾਲਸਾ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ!

**ਸੰਗਤਾਂ ਦਾ ਝਾੜੂਬਰਦਾਰ: ਮੱਤ ਸਿੰਘ ਢਿੱਲੋਂ**

*(ਮੈਂਬਰ, ਸੀ ਆਈ ਸੀ, ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ)*

## Azad Driving School

Mat Singh Dhillon, Azad Singh Dhillon,
Rajpal Chahal & Associates
142 Hawley Street, Grayslake, Illinois 60030

Ph: 847-308-5411
847-548-8367
www.azaddriving.com

*Providing all driving school services - Adult, Senior Citizen and Teen programs.*



President and CEO: Nick Gakhal

# 'ਪੰਜਾਬ ਟਾਈਮਜ਼' ਦੇ ਪਾਠਕਾਂ ਅਤੇ ਸਮੂਹ ਭਾਈਚਾਰੇ ਨੂੰ ਵਿਸਾਖੀ ਦੇ ਤਿਓਹਾਰ ਦੀ

# ਲੱਖ ਲੱਖ ਵਧਾਈ

## Allstates Transportation Company

## (630) 668-3570

# ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਇਲੀਨਾਏ ਚੈਪਟਰ ਦਾ ਗਠਨ, ਮਿੱਕੀ ਕਾਹਲੋਂ ਪ੍ਰਧਾਨ ਤੇ ਨਿੱਕ ਗਾਖਲ ਚੇਅਰਮੈਨ ਬਣੇ

**ਨਿਊ ਯਾਰਕ:** ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਅਮਰੀਕਾ ਇਕਾਈ ਨੇ ਆਪਣੇ ਇਲੀਨਾਏ ਚੈਪਟਰ ਦਾ ਗਠਨ ਕੀਤਾ ਹੈ ਅਤੇ ਮਿੱਕੀ ਕਾਹਲੋਂ ਨੂੰ ਇਸ ਦਾ ਪ੍ਰਧਾਨ ਅਤੇ ਨਿੱਕ ਗਾਖਲ ਨੂੰ ਚੇਅਰਮੈਨ ਥਾਪਿਆ ਹੈ। ਦੋਹਾਂ ਨੂੰ ਆਪਣੀ ਟੀਮ ਵਿਚ ਧਰਮ ਨਿਰਪੇਖ ਵਰਕਰ ਲੈ ਕੇ ਅਹੁਦੇਦਾਰ ਨਿਯੁਕਤ ਕਰਨ ਦਾ ਹੱਕ ਵੀ ਦਿੱਤਾ ਗਿਆ।

ਇਸ ਸਬੰਧੀ ਫੈਸਲਾ ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਦੀ ਇਕਾਈ ਦੇ ਪ੍ਰਧਾਨ ਡਾ. ਸੁਰਿੰਦਰ ਸਿੰਘ ਮਲਹੋਤਰਾ ਦੀ ਪ੍ਰਧਾਨਗੀ ਹੇਠ ਲੰਘੇ ਸਨਿਚਰਵਾਰ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਇਸ ਮੀਟਿੰਗ ਵਿਚ ਅਮਰੀਕਾ ਇਕਾਈ ਦੀ ਸਾਰੀ ਲੀਡਰਸ਼ਿਪ ਮੌਜੂਦ ਸੀ ਜਿਨ੍ਹਾਂ ਵਿਚ ਜਨਰਲ ਸਕੱਤਰ ਜਾਰਜ ਇਬਰਾਹੀਮ, ਮਹਿੰਦਰ ਸਿੰਘ ਗਿਲਜ਼ੀਆਂ, ਡਾ. ਰਾਮਜੀ ਦਾਸ ਸੇਠੀ, ਸੂਧ ਦਾਸੂਜਾ, ਮਾਸਟਰ ਸਵਰਨ ਸਿੰਘ, ਸੰਨੀ ਧੂੜ, ਮਿਸ ਨਜਮਾ, ਵਿਵੀਅਨ ਚੈਂਗ ਖੰਨਾ, ਡਾ. ਗੁਲਸ਼ਨ ਮਲਹੋਤਰਾ, ਰਾਜੀਵ ਖੰਨਾ ਅਤੇ ਜਗੀਰ ਸਿੰਘ ਸਬਜ਼ੀ ਮੰਡੀ ਸ਼ਾਮਲ ਸਨ। ਇਲੀਨਾਏ ਚੈਪਟਰ ਦੇ ਗਠਨ ਅਤੇ ਨਵੀਆਂ ਨਿਯੁਕਤੀਆਂ ਦਾ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ।

ਇਸੇ ਮੀਟਿੰਗ ਵਿਚ ਸ੍ਰੀ ਰਾਜੀਵ ਖੰਨਾ ਨੂੰ ਇਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਅਮਰੀਕਾ ਇਕਾਈ ਦਾ ਬਿਜਨਸ ਚੇਅਰ ਚੁਣ ਗਿਆ ਗਿਆ। ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਸ੍ਰੀ ਮਿੱਕੀ ਕਾਹਲੋਂ ਅਤੇ ਸ੍ਰੀ ਨਿੱਕ ਗਾਖਲ ਨੇ ਕਿਹਾ ਕਿ ਉਹ ਭਾਰਤ ਦੀ ਇਸ ਕੌਮੀ ਪਾਰਟੀ ਦੀ ਨਿਸ਼ਠਾ ਨਾਲ ਸੇਵਾ ਕਰਨਗੇ। ਪਾਰਟੀ ਦੀ ਇਕ ਖੇਤਰੀ ਮੀਟਿੰਗ ਵੀ ਅਗਲੇ ਹਫਤਿਆਂ ਵਿਚ ਕਰਨ ਦਾ ਫੈਸਲਾ ਲਿਆ ਗਿਆ।




*ਮਿੱਕੀ ਕਾਹਲੋਂ ਅਤੇ ਨਿੱਕ ਗਾਖਲ ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਦੇ ਹੋਰ ਅਹੁਦੇਦਾਰਾਂ ਨਾਲ*

# ਖਾਲਿਸਤਾਨ ਹਮਾਇਤੀ ਸੰਗਠਨਾਂ 'ਤੇ ਲਗਾਮ ਕੱਸੇ ਕੈਨੇਡਾ-ਮਨਮੋਹਨ ਸਿੰਘ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਏਅਰ ਇੰਡੀਆ ਦੇ ਜਹਾਜ਼ ਕਨਿਸ਼ਕ ਵਿਚ ਹੋਏ ਬੰਬ ਧਮਾਕੇ ਦੀ 25ਵੀਂ ਬਰਸੀ ਨੂੰ ਦੇਖਦੇ ਹੋਏ ਕੈਨੇਡਾ ਨੂੰ ਅੱਜ ਕਿਹਾ ਹੈ ਕਿ ਉਹ ਆਪਣੇ ਦੇਸ਼ ਵਿਚ ਸਿੱਖ ਵੱਖਵਾਦੀਆਂ ਦੀਆਂ ਵਧਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੇ।

ਡਾ: ਮਨਮੋਹਨ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨਾਲ ਮੀਟਿੰਗ ਵਿਚ ਇਹ ਗੱਲ ਕਹੀ। ਸਥਾਨਕ ਕਨਵੈਨਸ਼ਨ ਸੈਂਟਰ ਵਿਚ ਬੀਤੀ 13 ਅਪ੍ਰੈਲ ਤਕਰੀਬਨ 30 ਮਿੰਟ ਤਕ ਚੱਲੀ ਇਸ ਮੀਟਿੰਗ ਦੌਰਾਨ ਡਾ. ਸਿੰਘ ਨੇ ਕੈਨੇਡਾ ਵਿਚ ਸਿੱਖ ਵੱਖਵਾਦੀਆਂ ਦੀਆਂ ਵਧਦੀਆਂ ਸਰਗਰਮੀਆਂ ਉੱਤੇ ਚਿੰਤਾ ਪ੍ਰਗਟਾਈ, ਜੋ ਕਿ ਫਿਰ ਤੋਂ ਪੰਜਾਬ ਵਿਚ ਅੱਤਵਾਦ ਨੂੰ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਦੋਹਾਂ ਆਗੂਆਂ ਦਰਮਿਆਨ ਇਸ ਮੀਟਿੰਗ ਤੋਂ ਬਾਅਦ ਵਿਦੇਸ਼ ਮੰਤਰਾਲਾ ਦੇ ਬੁਲਾਰੇ ਵਿਸ਼ਨੂ ਪ੍ਰਕਾਸ਼ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਕੈਨੇਡਾ ਵਿਚ ਅੱਤਵਾਦੀਆਂ ਦੀਆਂ ਵਧਦੀਆਂ ਸਰਗਰਮੀਆਂ ਉੱਤੇ ਭਾਰਤ ਦੀ ਚਿੰਤਾ ਤੋਂ ਜਾਣੂ ਕਰਵਾ ਦਿੱਤਾ ਹੈ।

## ਕੇਂਦਰੀ ਵਿੱਤ ਮੰਤਰੀ ਨੇ ਦਿੱਤੇ ਰਾਹਤ ਪੈਕੇਜਾਂ ਨੂੰ ਵਾਪਸ ਲੈਣ ਦੇ ਸੰਕੇਤ

**ਕੋਲਕਾਤਾ:** ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਰਾਹਤ ਪੈਕੇਜਾਂ ਨੂੰ ਵਾਪਸ ਲੈਣ ਦੇ ਸੰਕੇਤ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਆਲਮੀ ਮੰਦੀ ਦੇ ਦੌਰ 'ਚ ਸਰਕਾਰ ਨੇ ਅਰਥ ਵਿਵਸਥਾ 'ਚ ਤੇਜ਼ੀ ਲਿਆਉਣ ਲਈ ਵੱਖ-ਵੱਖ ਖੇਤਰਾਂ ਨੂੰ ਰਾਹਤ ਪੈਕੇਜ ਦਿੱਤੇ ਸਨ, ਜਿਨ੍ਹਾਂ ਨੂੰ ਹੁਣ ਵਾਪਸ ਲੈਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ।



*ਨਿੱਕ ਗਾਖਲ (ਐਨ ਖੱਬੇ) ਅਤੇ ਮਿੱਕੀ ਕਾਹਲੋਂ (ਐਨ ਸੱਜੇ) ਡਾ. ਮਲਹੋਤਰਾ ਨਾਲ*

ੴ ਸਤਿਗੁਰ ਪ੍ਰਦਾਦਿ॥



ਸਮੂਹ ਪੰਜਾਬੀ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸਾ ਜੀ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਪੁਰਬ ਦੀ

ਲੱਖ-ਲੱਖ ਵਧਾਈ

ਅਮਨ ਸਿੰਘ ਸਿੱਧੂ
ਫੋਨ: 832-863-4756

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਮਿਡਲਟਨ

## ਮੈਡੀਸਨ ਦੀ ਸਮੂਹ ਸਾਧ ਸੰਗਤ ਵਲੋਂ ਸਮੂਹ ਸਿੱਖ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਕੋਟਾਨਿ ਕੋਟਿ ਵਧਾਈ

***Management Committee***

President:
Tarnam S. Dhillon
(608) 772-9451
Vice President:
Sundeep S. Manhani,
(608) 848-5334
Secretary:
Inderbans S. Brar,
(608) 850-4133
Treasurer:
Suchinderpal S. Manhani,
(608) 829-3948



***Board of Directors***

Jaspalinder S. Chahal,
(608) 288-8618
Rattan S. Ghotra,
(608) 833-6451
Inderbans S. Brar,
(608) 850-4133
Sundeep S. Manhani,
(608) 848-5334
Suchinderpal S. Manhani,
(608) 829-3948
Harjinder S. Pangli,
(608) 824-9459
Gurwattan S. Miranpuri,
(608) 274-7851
Tarnam S. Dhillon,
Chairman:
(608) 772-9451
Udaivir S. Sirohi,
(608) 277-1687
Balwinder S. Seerha,
(608) 831-5144
Surinder S. Pangli,
(608) 827-6765

*ਮੈਡੀਸਨ ਦੀਆਂ ਸੰਗਤਾਂ ਵਲੋਂ ਵਿਸਾਖੀ ਦਾ ਦਿਹਾੜਾ 23 ਤੋਂ 25 ਅਪਰੈਲ, 2010 ਤੱਕ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾਏਗਾ। ਇਸ ਮੌਕੇ ਰਾਗੀ, ਢਾਡੀ ਗੁਰੂ ਪਿਆਰੀਆਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਨਗੇ। ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਅਰੰਭ ਸ੍ਰੀ ਅਖੰਡ ਪਾਠ**
*23 ਅਪਰੈਲ, 2010 ਸਵੇਰੇ 7:00 ਵਜੇ*
**ਮੱਧ ਭੋਗ**
*24 ਅਪਰੈਲ, 2010 ਸਵੇਰੇ 8 ਤੋਂ 10 ਵਜੇ ਤੱਕ*
**ਭੋਗ ਅਤੇ ਅਰਦਾਸ**
*25 ਅਪਰੈਲ, 2010 ਸਵੇਰੇ 9:30*
**ਨਿਸ਼ਾਨ ਸਾਹਿਬ ਦੀ ਸੇਵਾ**
*25 ਅਪਰੈਲ, 2010 ਸਵੇਰੇ 9:45 ਵਜੇ*

### ਕੀਰਤਨ ਦਰਬਾਰ

*ਬੱਚਿਆਂ ਦਾ ਕੀਰਤਨ: ਸਵੇਰੇ 10 ਤੋਂ ਦੁਪਹਿਰ 10:45 ਤੱਕ*
*ਭਾਈ ਹਰਵਿੰਦਰਪਾਲ ਸਿੰਘ ਅਤੇ ਭਾਈ ਬਖਸ਼ਿੰਦਰ ਸਿੰਘ ਦੇ ਜਥੇ ਵਲੋਂ*
*ਗੁਰਬਾਣੀ ਕੀਰਤਨ: ਸਵੇਰੇ 10:45 ਤੋਂ 11:30 ਤੱਕ*
*ਭਾਈ ਮਹਿੰਦਰ ਸਿੰਘ ਸ਼ਿਕਾਗੋ ਵਾਲੇ:11:30 ਤੋਂ 12:15 ਤੱਕ*
*ਗਿਆਨੀ ਗੁਰਮੀਤ ਸਿੰਘ ਜੋਸ਼: ਦਪਹਿਰ 12:15 ਤੋਂ 1:15 ਤੱਕ*
*ਭੋਗ: 1:15*

*ਲੰਗਰ ਦੀ ਸੇਵਾ ਭਾਈ ਗੁਰਿੰਦਰਜੀਤ ਸਿੰਘ ਗਰੇਵਾਲ ਅਤੇ ਪਰਿਵਾਰ ਵਲੋਂ ਹੋਏਗੀ*

## *Sikh Society of Wisconsin – Madison*

*6970 Century Avenue, Middleton, WI 53562*

# ਪੀਰ ਸਈਅਦ ਆਪ ਸੰਕਟ 'ਚ ਫਸਿਆ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਦੁਨੀਆਂ ਦੇ ਹੋਰ ਕਈ ਮੁਲਕਾਂ ਵਿਚ ਭਾਰਤੀ ਤੇ ਪਾਕਿਸਤਾਨੀ ਅਖ਼ਬਾਰਾਂ ਵਿਚ ਪੂਰੇ-ਪੂਰੇ ਸਫੇ ਦੇ ਇਸ਼ਤਿਹਾਰ ਦੇ ਕੇ ਲੋਕਾਂ ਦੇ ਸਾਰੇ ਦੁਖ ਪਰੇਸ਼ਾਨੀਆਂ ਪਲਾਂ ਵਿਚ ਦੂਰ ਕਰਨ ਦੇ ਦਾਅਵੇ ਕਰਨ ਵਾਲਾ ਅਖਾਉਤੀ ਬਾਬਾ ਪੀਰ ਸਈਅਦ ਉਰਫ ਨਈਮ ਮੁਹੰਮਦ ਖੁਦ ਆਪਣੇ 'ਤੇ ਪੈਣ ਵਾਲੀ ਮੁਸੀਬਤ ਦਾ ਉਕਾ ਹੀ ਪਤਾ ਨਾ ਲਾ ਸਕਿਆ। ਰੇਡੀਓ ਟੀ ਵੀ ਰਾਹੀਂ ਲੋਕਾਂ ਦੇ ਦੁਖ-ਦਲਿਦਰ ਦੂਰ ਕਰਨ ਅਤੇ ਭਵਿਖ ਜਾਣਣ ਦੇ ਦਾਅਵੇ ਕਰਨ ਵਾਲਾ ਇਹ ਬਾਬਾ ਉਦੋਂ ਆਪ ਦੁਖਾਂ ਪਰੇਸ਼ਾਨੀਆਂ ਵਿਚ ਘਿਰ ਗਿਆ ਜਦੋਂ ਇਕ ਅਦਾਲਤ ਨੇ ਉਸਨੂੰ ਇਕ ਮੁਕਦਮੇ ਦਾ ਫੈਸਲਾ ਸੁਣਾਉਂਦਿਆਂ ਡੇਢ ਸਾਲ ਦੇ ਕਰੀਬ ਕੈਦ ਦੀ ਸਜ਼ਾ ਸੁਣਾ ਦਿਤੀ।

ਪੀਰ ਸਈਅਦ ਦੇ ਨਾਂ ਹੇਠ ਆਪਣੇ ਇਸ਼ਤਿਹਾਰਾਂ ਵਿਚ ਇਹ ਅਖਾਉਤੀ ਬਾਬਾ ਦਾਅਵਾ ਕਰਿਆ ਕਰਦਾ ਸੀ ਕਿ ਕਿਸੇ ਦਾ ਕੋਈ ਵਿਗੜਿਆ ਕੰਮ, ਮੀਆਂ-ਬੀਵੀ ਦੇ ਝਗੜੇ, ਵਿਛੜੇ ਪ੍ਰੇਮੀਆਂ ਦਾ ਮਿਲਾਪ, ਕਿਸੇ ਦੇ ਕੀਤੇ ਕਰਾਏ ਦਾ ਅਸਰ, ਵਿਗੜੀ ਔਲਾਦ ਨੂੰ ਸਮਝਾਉਣ ਦਾ ਕੰਮ ਉਹ ਤਿੰਨ ਦਿਨਾਂ ਦੇ ਅੰਦਰ ਕਰ ਕੇ ਹਰ ਪ੍ਰੇਸ਼ਾਨੀ ਖਤਮ ਕਰ ਸਕਦਾ ਹੈ ਅਤੇ ਮਨੋਕਾਮਨਾਵਾਂ ਪੂਰੀਆਂ ਕਰ ਸਕਦਾ ਹੈ।

ਇਸ ਪੀਰ ਬਾਬੇ ਦੇ ਆਪਣੇ ਕੰਮ ਉਦੋਂ ਵਿਗੜੇ ਜਦੋਂ ਇਕ ਔਰਤ ਪਾਸੋਂ ਇਸ ਬਾਬੇ ਨੇ 10 ਹਜਾਰ ਪੌਂਡ ਤੋਂ ਵੱਧ ਰਕਮ ਵਖ ਵਖ ਮੌਕਿਆਂ ਤੇ ਬਟੋਰ ਲਈ ਅਤੇ ਇਕ ਹੋਰ ਔਰਤ ਪਾਸੋਂ ਕੰਮ ਕਰਨ ਬਦਲੇ 1800 ਪੌਂਡ ਤੋਂ ਵੱਧ ਲੈ ਲਏ ਪਰ ਉਨ੍ਹਾਂ ਵਿਚੋਂ ਕਿਸੇ ਦਾ ਵੀ ਕੰਮ ਨਾ ਹੋਇਆ। ਸਤੀਆਂ ਹੋਈਆਂ ਇਨ੍ਹਾਂ ਦੋਹਾਂ ਔਰਤਾਂ ਨੇ ਬਾਬੇ ਵਿਰੁਧ ਵੁਲਵਰਹੈਂਪਟਨ ਦੀ ਅਦਾਲਤ ਵਿਚ ਮੁਕਦਮਾ ਠੋਕ ਦਿਤਾ। ਇਹ ਔਰਤਾਂ ਇਸ ਠੱਗ ਬਾਬੇ ਦੀਆਂ ਧਮਕੀਆਂ ਤੋਂ ਕਾਫੀ ਡਰੀਆਂ ਹੋਈਆਂ ਸਨ, ਕਿਉਂਕਿ ਬਾਬਾ ਉਨ੍ਹਾਂ ਨੂੰ ਜਿੰਨ ਛਡ ਦੇਣ ਦਾ ਡਰਾਵਾ ਦਿੰਦਾ ਰਹਿੰਦਾ ਸੀ। ਇਨ੍ਹਾਂ ਬੀਬੀਆਂ ਨੇ ਇੰਗਲੈਂਡ ਦੇ ਜਿੰਮੇਵਾਰ ਮੀਡੀਏ ਵਲੋਂ ਤਾਂਤਰਿਕ ਬਾਬਿਆਂ ਵਿਰੁਧ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਵਿੱਢੀ ਮੁਹਿੰਮ ਨੂੰ ਹੁੰਗਾਰਾ ਦਿੰਦਿਆਂ ਮੀਡੀਏ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਤਾਂਤਰਿਕ ਬਾਬੇ ਵਿਰੁਧ ਯੋਗ ਕਾਨੂੰਨੀ ਕਾਰਵਾਈ ਕਰਨ ਦੀ ਸਲਾਹ ਦਿਤੀ। ਇਨ੍ਹਾਂ ਬੀਬੀਆਂ ਨੂੰ ਮਾਨਸਿਕ ਤੌਰ 'ਤੇ ਵੀ ਤਗੜਾ ਕੀਤਾ ਗਿਆ ਕਿ ਬਾਬੇ ਦੀਆਂ ਅਖਾਉਤੀ ਧਮਕੀਆਂ ਤੋਂ ਨਾ ਡਰਨ।

ਅਦਾਲਤ ਵਿਚ ਇਨ੍ਹਾਂ ਦੋਹਾਂ ਔਰਤਾਂ ਵਿਚੋਂ ਇਕ ਨੇ ਦੱਸਿਆ ਕਿ ਉਸਨੇ ਪਹਿਲਾਂ ਪੀਰ ਸਈਅਦ ਸਾਹਿਬ ਉਰਫ ਨਈਮ ਮੁਹੰਮਦ ਨੂੰ 100 ਪੌਂਡ ਦਿਤੇ, ਫਿਰ 500 ਪੌਂਡ ਭੇਜੇ ਅਤੇ ਬਾਅਦ ਵਿਚ 1300 ਪੌਂਡ ਚੈਕ ਰਾਹੀਂ ਭੇਜੇ। ਇਸ ਔਰਤ ਨੇ ਪੀਰ ਸਈਅਦ ਨੂੰ ਪੈਸੇ ਦੇਣੇ ਉਦੋਂ ਬੰਦ ਕੀਤੇ ਜਦੋਂ ਉਸਨੇ 1800 ਪੌਂਡ ਹੋਰ ਮੰਗ ਲਏ। ਤਾਂਤਰਿਕ ਨੇ ਔਰਤ ਨੂੰ ਕਿਹਾ ਸੀ ਕਿ ਉਸਦੀ ਸਮੱਸਿਆ ਬਹੁਤ ਵਡੀ ਹੈ ਇਸ ਲਈ ਉਸਨੂੰ ਹੋਰ ਚਲੀਹੇ ਕਟਣੇ ਪੈਣਗੇ ਅਤੇ ਹੋਰ ਜਿਆਦਾ ਖਰਚਾ ਹੋਵੇਗਾ। ਜਦੋਂ ਔਰਤ ਨੇ ਹੋਰ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਬਾਬੇ ਨੇ ਧਮਕੀ ਦਿਤੀ ਕਿ ਉਹ ਉਸਦੇ ਘਰ ਜਿੰਨ ਭੇਜ ਦੇਵੇਗਾ। ਇਹ ਅਤੇ ਹੋਰ ਬਾਬੇ ਆਪਣੇ ਸ਼ਿਕਾਰ ਬਣੇ ਲੋਕਾਂ ਨੂੰ ਫਾਹੁਣ ਲਈ ਇਹੋ ਢੰਗ-ਤਰੀਕਾ ਅਖਤਿਆਰ ਕਰਦੇ ਹਨ।

ਸੁਣਵਾਈ ਦੌਰਾਨ ਇਸ ਔਰਤ ਨੇ ਅਦਾਲਤ ਵਿਚ ਬਿਆਨ ਦਿਤਾ ਕਿ ਪੀਰ ਸਈਅਦ ਦੇ ਖਿਲਾਫ ਉਸਦੇ ਮਨ ਵਿਚ ਸਵਾਲ ਉਦੋਂ ਉਠਿਆ ਜਦੋਂ ਉਹ ਆਪਣੀ ਕਿਸੇ ਸਹੇਲੀ ਦੇ ਘਰ ਉਸਨੂੰ ਮਿਲਣ ਗਈ ਅਤੇ ਫੋਨ ਉਤੇ ਬਾਬੇ ਨਾਲ ਬਹਿਸ ਕਰਦੇ ਸੁਣਿਆ। ਫੋਨ ਕਿਉਂਕਿ ਸਪੀਕਰ ਤੇ ਸੀ ਇਸ ਲਈ ਉਹ ਦੂਜੇ ਪਾਸੇ ਦੇ ਵਿਅਕਤੀ ਦੀ ਆਵਾਜ਼ ਸੁਣ ਸਕਦੀ ਸੀ। ਤਾਂਤਰਿਕ ਬਾਬਾ ਉਸਦੀ ਸਹੇਲੀ ਨੂੰ ਗਾਲਾਂ ਕੱਢ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਉਹ ਪੈਸਾ ਵਾਪਿਸ ਨਹੀਂ ਕਰੇਗਾ। ਇਹ ਵੀ ਧਮਕੀ ਦੇ ਰਿਹਾ ਸੀ ਕਿ ਉਹ ਕਾਲੇ ਜਾਦੂ ਨਾਲ ਉਸਦਾ ਘਰ-ਬਾਰ ਤਬਾਹ ਕਰ ਦੇਵੇਗਾ।

ਉਧਰ ਨਈਮ ਮੁਹੰਮਦ ਨੇ ਅਦਾਲਤ ਨੂੰ ਦੱਸਿਆ ਕਿ ਉਸਦੇ ਬਾਪ ਨੂੰ ਉਸਦੇ ਦਾਦੇ ਅਤੇ ਖੁਦ ਉਸਨੂੰ ਆਪਣੇ ਪਿਓ ਤੋਂ ਰੱਬੀ ਬਖਸ਼ਿਸ਼ ਹਾਸਲ ਹੋਈ ਹੈ। ਉਹ ਲਿਵਰਪੂਲ ਵਿਚ ਪੈਦਾ ਹੋਇਆ ਸੀ ਅਤੇ ਫਿਰ ਪੰਜ ਸਾਲ ਦੀ ਉਮਰ ਵਿਚ ਮਜ਼ਹਬ ਅਤੇ ਸਭਿਆਚਾਰ ਦੀ ਸਿਖਿਆ ਵਾਸਤੇ ਪਾਕਿਸਤਾਨ ਭੇਜ ਦਿਤਾ ਗਿਆ ਸੀ, ਜਿਥੇ ਉਹ 18 ਸਾਲ ਦੀ ਉਮਰ ਤਕ ਰਿਹਾ। ਉਸ ਇਹ ਵੀ ਦੱਸਿਆ ਕਿ ਉਸਦੇ ਦਾਦੇ ਨੇ 1952 ਵਿਚ ਸਕਾਰਬਰੋਅ ਵਿਚ ਹੱਥ ਵੇਖਣ ਅਤੇ ਖੁਦਾਈ ਤਾਕਤ ਨਾਲ ਲੋਕਾਂ ਦੇ ਕੰਮ ਕਰਨ ਦਾ ਕਾਰੋਬਾਰ ਸ਼ੁਰੂ ਕੀਤਾ ਸੀ। ਉਸਨੇ ਇਸ ਸਬੰਧੀ ਕੁਝ ਤਸਵੀਰਾਂ ਵੀ ਅਦਾਲਤ ਨੂੰ ਦਿਖਾਈਆਂ।

ਅਦਾਲਤ ਵਿਚ ਇਕ ਮੁਸਲਿਮ ਮਜ਼ਹਬੀ ਆਗੂ ਨੇ ਗਵਾਹੀ ਦਿੰਦਿਆਂ ਦਸਿਆ ਕਿ ਇਸਲਾਮ ਵਿਚ ਕਿਸੇ ਵਿਅਕਤੀ ਦੀ ਅਰਦਾਸ ਕਰਨ ਲਈ ਕੋਈ ਪੈਸਾ ਨਹੀਂ ਲਿਆ ਜਾਂਦਾ। ਇਸਲਾਮ ਵਿਚ ਜਿੰਨਾਂ ਭੂਤਾਂ ਉਤੇ ਵੀ ਯਕੀਨ ਨਹੀਂ ਕੀਤਾ ਜਾਂਦਾ। ਜੋ ਲੋਕ ਇਹ ਕੰਮ ਕਰਦੇ ਹਨ, ਗਲਤ ਹਨ।

31 ਮਾਰਚ ਨੂੰ ਸੁਣਵਾਈ ਦੌਰਾਨ ਨਈਮ ਮੁਹੰਮਦ ਨੇ ਅਦਾਲਤ ਵਿਚ ਦੋ ਗਵਾਹ ਪੇਸ਼ ਕੀਤੇ, ਜਿਨ੍ਹਾਂ ਵਿਚੋਂ ਇਕ ਸਤਿੰਦਰਪਾਲ ਜੋ ਕਿ ਇਕ ਵਿਦਿਆਰਥਣ ਹੈ, ਨੇ ਅਦਾਲਤ ਨੂੰ ਦੱਸਿਆ ਕਿ ਉਸਨੇ ਆਪਣਾ ਵਿਗੜਿਆ ਕੰਮ ਕਰਵਾਉਣ ਲਈ ਪੀਰ ਸਈਅਦ ਨੂੰ 25 ਹਜਾਰ ਪੌਂਡ ਦਿਤੇ ਅਤੇ ਉਸਦਾ ਕੰਮ ਹੋ ਗਿਆ। ਇਸੇ ਤਰ੍ਹਾਂ ਅੰਮ੍ਰਿਤ ਗੁਭੂ ਨਾਂ ਦੇ ਦੂਜੇ ਗਵਾਹ ਨੇ ਗਵਾਹੀ ਦਿਤੀ ਕਿ ਉਸਨੇ ਆਪਣੀ ਖੁਸੀ ਨੌਕਰੀ ਦੁਬਾਰਾ ਹਾਸਲ ਕਰਨ ਲਈ ਪੀਰ ਸਈਅਦ ਉਰਫ ਨਈਮ ਮੁਹੰਮਦ ਨੂੰ 8 ਹਜਾਰ ਪੌਂਡ ਦਿਤੇ ਅਤੇ ਉਸਨੂੰ ਉਸਦੀ ਨੌਕਰੀ ਵਾਪਸ ਮਿਲ ਗਈ।

ਚੈਸ਼ਾਇਰ ਕਸਬੇ ਵਿਚ ਰਹਿੰਦੇ 41 ਸਾਲਾ ਨਈਮ ਮੁਹੰਮਦ ਨੇ ਆਪਣੇ ਉਪਰ ਲਗੇ ਧੋਖਾਦੇਹੀ ਦੇ 15 ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਉਸਨੇ ਧੋਖੇਬਾਜੀ ਜਾਂ ਜਾਅਲਸਾਜ਼ੀ ਨਾਲ ਕਿਸੇ ਤੋਂ ਬਲੈਕਮੇਲ ਕਰ ਕੇ ਪੈਸੇ ਨਹੀਂ ਲਏ। ਜੋ ਵੀ ਪੈਸੇ ਦਿਤੇ, ਲੋਕਾਂ ਨੇ ਆਪਣੀ ਮਰਜੀ ਨਾਲ ਆਪਣਾ ਕੰਮ ਕਰਵਾਉਣ ਲਈ ਦਿਤੇ।

ਜ਼ਿਕਰਯੋਗ ਹੈ ਕਿ ਇਕ ਪੰਜਾਬੀ ਅਖਬਾਰ ਵਿਚ ਪੂਰੇ ਸਫੇ ਦੇ ਇਸ਼ਤਿਹਾਰ ਵਿਚ ਇਸ ਪੀਰ ਬਾਬੇ ਨੇ ਦਾਅਵਾ ਕੀਤਾ ਹੈ ਕਿ ਪਹਿਲੀ ਜਨਵਰੀ 2009 ਤੋਂ 31 ਜਨਵਰੀ 2009 ਦਰਮਿਆਨ ਉਸਦੇ ਮੰਤਰ-ਤੰਤਰ ਨਾਲ 890 ਧੀ-ਪੁਤਰਾਂ ਦੇ ਵਿਆਹ ਹੋਏ ਜਿਨ੍ਹਾਂ ਦੇ ਲੇਖ ਬੰਨ੍ਹੇ ਹੋਏ ਸਨ, 411 ਭਰਾਵਾਂ ਨੇ ਸ਼ਰਾਬ ਛਡੀ, 716 ਮੀਆਂ-ਬੀਵੀ ਦੇ ਲੜਾਈ-ਝਗੜੇ ਖਤਮ ਹੋ ਗਏ ਅਤੇ ਉਹ ਸੁਖੀ ਜ਼ਿੰਦਗੀ ਗੁਜ਼ਾਰਨ ਲਗ ਪਏ, 2410 ਭੈਣ-ਭਰਾਵਾਂ ਦੀ ਜ਼ਿੰਦਗੀ ਵਿਚੋਂ ਕਾਲਾ ਜਾਦੂ ਟੂਣਾ ਖਤਮ ਹੋ ਗਿਆ, 375 ਭੈਣਾਂ-ਭਰਾਵਾਂ ਨੂੰ ਕਾਰੋਬਾਰ ਵਿਚ ਕਾਮਯਾਬੀ ਹੋਈ, 511 ਵਿਛੜੇ ਪ੍ਰੇਮੀ-ਪ੍ਰਮਿਕਾ ਵਾਪਿਸ ਮਿਲੇ ਅਤੇ 347 ਬੱਚੇ ਆਪਣੇ ਮਾਂ-ਬਾਪ ਦੇ ਆਗਿਆਕਾਰੀ ਹੋ ਗਏ। ਸ਼ਾਇਦ ਇਹ ਬਾਬਾ ਆਪਣੇ ਅਗਲੇ ਇਸ਼ਤਿਹਾਰ ਵਿਚ ਲਿਖੇਗਾ ਕਿ ਲੋਕਾਂ ਦਾ ਭਲਾ ਕਰਦਿਆਂ ਉਸਦੇ ਆਪਣੇ ਲੇਖ ਵਿਗੜ ਗਏ। ਇਥੇ ਜ਼ਿਕਰਯੋਗ ਹੈ ਕਿ ਇਸ ਪੀਰ ਬਾਬੇ ਨੂੰ ਬੇਨਿਕਾਬ ਕਰਨ ਵਿਚ ਇੰਗਲੈਂਡ ਤੋਂ ਛਪਦੇ ਅਖਬਾਰ ਪੰਜਾਬ ਟਾਈਮਜ਼ ਨੇ ਅਹਿਮ ਭੂਮਿਕਾ ਨਿਭਾਈ।

ਇਹ ਪੀਰ ਬਾਬਾ ਆਪਣੇ ਇਸ਼ਤਿਹਾਰ ਵਿਚ ਮੌਲਵੀ ਜਾਪਦੇ ਬਜ਼ੁਰਗ ਦੀ ਤਸਵੀਰ ਦਿੰਦਾ ਹੈ ਜੋ ਸ਼ਾਇਦ ਉਸਦਾ ਕੋਈ ਰਿਸ਼ਤੇਦਾਰ ਹੈ। ਆਪ ਉਹ ਅਜੇ ਸਿਰਫ 41 ਸਾਲ ਦਾ ਹੈ। ਨਈਮ ਮੁਹੰਮਦ ਵਿਰੁਧ ਇਸ ਫੈਸਲੇ ਪਿਛੋਂ ਇੰਗਲੈਂਡ ਅਤੇ ਹੋਰਨਾਂ ਥਾਵਾਂ ਦੇ ਪੀਰ ਬਾਬੇ ਕੁਝ ਘਬਰਾਏ ਹੋਏ ਹਨ।

## ਨਵੰਬਰ 84 ਸਿੱਖ ਨਸਲਕੁਸ਼ੀ: ਕਮਲ ਨਾਥ ਖਿਲਾਫ ਸੰਮਨ ਜਾਰੀ

**ਨਿਊਯਾਰਕ:** ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਵਲੋਂ ਦਾਇਰ ਇਤਿਹਾਸਕ ਮੁਕੱਦਮੇ ਵਿਚ ਇਥੋਂ ਦੀ ਇਕ ਜ਼ਿਲਾ ਅਦਾਲਤ ਨੇ ਭਾਰਤ ਦੇ ਕੇਂਦਰੀ ਮੰਤਰੀ ਕਮਲ ਨਾਥ ਖਿਲਾਫ ਸੰਮਨ ਜਾਰੀ ਕੀਤੇ ਹਨ। ਸਿੱਖਸ ਫਾਰ ਜਸਟਿਸ ਨੇ ਸ੍ਰੀ ਕਮਲ ਨਾਥ ਉਤੇ ਨਵੰਬਰ 84 ਦੇ ਸਿੱਖ ਕਤਲੇਆਮ ਵਿਚ ਅਹਿਮ ਭੂਮਿਕਾ ਨਿਭਾਉਣ ਦਾ ਦੋਸ਼ ਲਾਇਆ ਹੈ।



ਸਿੱਖਸ ਫਾਰ ਜਸਟਿਸ ਨੇ ਨਵੰਬਰ 1984 ਵਲੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਦੋ ਵਿਅਕਤੀਆਂ ਦੇ ਨਾਲ ਏਲੀਅਨ ਟੋਰਟ ਕਲੇਮਸ ਐਕਟ ਤਹਿਤ ਮੁਕੱਦਮਾ ਦਾਇਰ ਕੀਤਾ ਸੀ। ਇਸ ਮੁਕੱਦਮੇ ਨੂੰ 10 ਸੀ ਵੀ 2940 ਤਹਿਤ ਪ੍ਰਵਾਨ ਕਰਦਿਆਂ ਅਦਾਲਤ ਨੇ 7 ਅਪਰੈਲ ਨੂੰ ਉਪਰੋਕਤ ਸੰਮਨ ਜਾਰੀ ਕੀਤੇ। ਕਮਲਨਾਥ ਉਪਰ ਨਵੰਬਰ 84 ਦੀ ਸਿੱਖ ਨਸਲਕੁਸ਼ੀ ਵਿਚ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦਾ ਦੋਸ਼ ਲਾਇਆ ਗਿਆ ਹੈ। ਉਸ ਉਪਰ ਦੋਸ਼ ਲਾਇਆ ਗਿਆ ਹੈ ਕਿ 1 ਨਵੰਬਰ 1984 ਨੂੰ ਕਮਲ ਨਾਥ ਨੇ ਸੰਸਦ ਮੈਂਬਰ ਹੁੰਦਿਆਂ ਨਵੀਂ ਦਿੱਲੀ ਵਿਚ ਗੁਰਦੁਆਰਾ ਰਕਾਬ ਗੰਜ 'ਤੇ ਹਮਲਾ ਕਰਨ ਤੇ ਅੱਗ ਲਾਉਣ ਅਤੇ ਕਈ ਸਿੱਖਾਂ ਨੂੰ ਜਿਊਂਦੇ ਸਾੜਨ ਵਾਲੀ ਭੀੜ ਦੀ ਅਗਵਾਈ ਕੀਤੀ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਦੱਸਿਆ ਕਿ ਕਮਲ ਨਾਥ ਦੇ ਖਿਲਾਫ ਏਲੀਅਨ ਟੋਰਟ ਕਲੇਮਸ ਐਕਟ (ਏ ਟੀ ਸੀ ਏ) ਅਤੇ ਟਾਰਚਰ ਵਿਕਟਿਮ ਪ੍ਰੋਟੈਕਸ਼ਨ ਐਕਟ (ਟੀ ਵੀ ਪੀ ਏ) ਤਹਿਤ ਮੁਕੱਦਮਾ ਦਾਇਰ ਕੀਤਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਭਾਰਤ ਸਰਕਾਰ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਜਵਾਬਦੇਹ ਬਣਾਉਣ ਵਿਚ ਨਾਕਾਮ ਰਹੀ ਹੈ। ਅਟਾਰਨੀ ਪੰਨੂ ਅਨੁਸਾਰ ਅਮਰੀਕਾ ਦਾ ਕਾਨੂੰਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸ਼ਿਕਾਰ ਪੀੜਤਾਂ ਨੂੰ ਰਾਹਤ ਮੁਹੱਈਆ ਕਰਵਾਉਂਦਾ ਹੈ ਅਤੇ ਦੋਸ਼ੀਆਂ ਖਿਲਾਫ ਅਮਰੀਕਾ ਦੀ ਫੈਡਰਲ ਜ਼ਿਲਾ ਅਦਾਲਤ ਵਿਚ ਮੁੱਕਦਮਾ ਦਾਇਰ ਕਰਨ ਦੀ ਪੀੜਤਾਂ ਨੂੰ ਇਜਾਜ਼ਤ ਦਿੰਦਾ ਹੈ। ਅਟਾਰਨੀ ਪੰਨੂ ਨੇ ਹੋਰ ਕਿਹਾ ਕਿ ਕਮਲ ਨਾਥ ਨੂੰ ਨਵੰਬਰ 1984 ਵਿਚ ਸਿੱਖਾਂ ਦੇ ਕਤਲ ਲਈ ਭੜਕਾਉਣ ਤੇ ਭੀੜ ਦੀ ਅਗਵਾਈ ਕਰਦਿਆਂ ਵੇਖਣ ਸਬੰਧੀ ਕਈ ਗਵਾਹਾਂ ਵਲੋਂ ਬਿਆਨ ਦਿੱਤੇ ਜਾਣ ਦੇ ਬਾਵਜੂਦ ਉਹ ਆਪਣੇ ਅਸਰ ਰਸੂਖ ਤੇ ਸੱਤਾਧਾਰੀ ਕਾਂਗਰਸ ਪਾਰਟੀ ਕਾਰਨ ਪਿਛਲੇ 25 ਸਾਲਾਂ ਤੋਂ ਭਾਰਤ ਦੀ ਮਾੜੀ ਨਿਆਂ ਪ੍ਰਣਾਲੀ ਤੋਂ ਬਚਦਾ ਆ ਰਿਹਾ ਹੈ।

## ਫਰਿਜ਼ਨੋ 'ਚ ਪੰਜਾਬੀ ਸਟੋਰ ਮਾਲਕ ਕਤਲ

**ਫਰਿਜ਼ਨੋ (ਮਨਦੀਪ ਮਾਨ):** ਫਰਿਜ਼ਨੋ ਕਾਊਂਟੀ ਦੇ ਸ਼ਹਿਰ ਕਿੰਗਜ਼ਬਰਗ ਦੇ ਪੰਜਾਬੀ ਬਿਜਨਸਮੈਨ ਪਰਮਜੀਤ ਸਿੰਘ ਦਾ ਕਥਿਤ ਤੌਰ 'ਤੇ ਉਸ ਦੇ ਕਾਰੋਬਾਰੀ ਹਿੱਸੇਦਾਰ ਮਨਿੰਦਰ ਸਿੰਘ ਹੱਥੋਂ ਕਤਲ ਹੋ ਗਿਆ। ਇਸ ਕਤਲ ਦੀ ਵਜ੍ਹਾ ਪੈਸੇ ਦੇ ਲੈਣ ਦੇਣ ਵਿਚ ਹੋਇਆ ਝਗੜਾ ਦੱਸਿਆ ਜਾਂਦਾ ਹੈ। ਪਰਮਜੀਤ ਸਿੰਘ ਨੂੰ ਆਮ ਕਰਕੇ ਪੰਮੇ ਜਗਰਾਉਂ ਨਾਲ ਜਾਣਿਆ ਜਾਂਦਾ ਹੈ।

ਘਟਨਾ ਬਾਰੇ ਮਿਲੇ ਵੇਰਵੇ ਅਨੁਸਾਰ ਪੰਮੇ ਦਾ ਕਤਲ ਬੀਤੇ ਮੰਗਲਵਾਰ ਸਵੇਰੇ ਉਸ ਦੇ ਸ਼ੈਲ ਗੈਸ ਸਟੇਸ਼ਨ ਉਤੇ ਸਵਾ ਛੇ ਵਜੇ ਗੋਲੀਆਂ ਮਾਰ ਕੇ ਕੀਤਾ ਗਿਆ। ਇਹ ਗੈਸ ਸਟੇਸ਼ਨ ਪੰਮੇ ਨੇ ਲੀਜ਼ ਉਤੇ ਕਰੀਬ 8 ਮਹੀਨੇ ਪਹਿਲਾਂ ਲਿਆ ਸੀ ਜਿਸ ਵਿਚ ਮਨਿੰਦਰ ਸਿੰਘ ਕੈਲੇ ਦੀ ਹਿੱਸੇਦਾਰੀ ਦੱਸੀ ਗਈ ਹੈ।

## Matrimonials



Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact- bains1956@yahoo.com

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data- Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718


SUPER TRAVEL
847-676-9090
*E-mail: supertravel2003@yahoo.com*
***Lowest Fares With Excellent Service***
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਓਨਰ ਅਪਰੇਟਰਾਂ ਦੀ ਲੋੜ ਹੈ

ਈਸਟ ਵੈਸਟ ਅਤੇ ਮਿਡਵੈਸਟ ਦੇ ਰੂਟ
ਅਸੀਂ ਟਰੇਲਰ ਲੀਜ਼ ਕਰਦੇ ਹਾਂ
*We pay on weekly basis*
ਕਾਲ ਕਰੋ:ਅਵਤਾਰ ਸਿੰਘ ਬਾਸੀ
Blue Horse Trucking Inc.
Ph.800-208-3464

# ਬਿਜਲੀ ਬੋਰਡ ਦੇ ਨਿਗਮੀਕਰਨ ਨੂੰ ਲੈ ਕੇ ਤਣਾਅ ਵਾਲੀ ਹਾਲਤ

## ਮੁਲਾਜ਼ਮਾਂ ਨਾਲ ਮੀਟਿੰਗ ਬੇਸਿੱਟਾ ਰਹੀ, ਪ੍ਰਸ਼ਾਸਨ ਨੂੰ ਬਾਦਲ ਵਲੋਂ ਸਖਤੀ ਵਰਤਣ ਲਈ ਤਿਆਰ ਰਹਿਣ ਦੀਆਂ ਹਦਾਇਤਾਂ

**ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ:** ਬਿਜਲੀ ਬੋਰਡ ਦੇ ਨਿਗਮੀਕਰਨ /ਨਿੱਜੀਕਰਨ ਦੇ ਮੁੱਦੇ ਨੂੰ ਲੈ ਕੇ ਮੁਲਾਜ਼ਮ ਜਥੇਬੰਦੀਆਂ ਅਤੇ ਕਿਸਾਨਾ ਵਿਚਕਾਰ ਸੰਘਰਸ਼ ਦੇ ਆਸਾਰ ਬਣ ਗਏ ਹਨ। ਇਸ ਦੌਰਾਨ 22 ਕਿਸਾਨ ਜਥੇਬੰਦੀਆਂ ਵੀ ਮੁਲਾਜ਼ਮਾਂ ਦੀ ਪਿੱਠ 'ਤੇ ਆ ਗਈਆਂ ਹਨ ਜਦਕਿ ਕਿਸਾਨ ਆਗੂ ਅਤੇ ਮੰਡੀਕਰਣ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਨੇ ਸਰਕਾਰ ਦੇ ਨਿਗਮੀਕਰਨ ਦੇ ਫੈਸਲੇ ਨੂੰ ਜਾਇਜ਼ ਠਹਿਰਾਇਆ ਹੈ ਅਤੇ ਇਸ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ। ਇਸ ਮਾਮਲੇ 'ਤੇ ਬਣੀ ਸਾਂਝੀ ਐਕਸ਼ਨ ਕਮੇਟੀ ਨੇ ਨਿਗਮੀਕਰਨ ਦੇ ਵਿਰੋਧ ਵਿਚ 15-16 ਅਪ੍ਰੈਲ ਨੂੰ ਹੜਤਾਲ ਦਾ ਸੱਦਾ ਦਿੱਤਾ ਹੈ। ਅਮਨ ਕਾਨੂੰਨ ਦੀ ਹਾਲਤ ਨੂੰ ਵੇਖਦਿਆਂ ਸਰਕਾਰ ਨੇ ਸਖਤ ਚੌਕਸੀ ਦੇ ਹੁਕਮ ਦਿੱਤੇ ਹਨ ਅਤੇ ਪਿੰਡਾਂ ਵਿਚ ਗਸ਼ਤ ਅਤੇ ਠੀਕਰੀ ਪਹਿਰੇ ਲਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਯਾਦ ਰਹੇ ਬੀਤੀ 9 ਅਪ੍ਰੈਲ ਨੂੰ ਦੇਰ ਸ਼ਾਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੱਦੇ 'ਤੇ ਪੀ. ਐਸ. ਈ. ਬੀ. ਇੰਪਲਾਈਜ਼ ਜੁਆਇੰਟ ਫੋਰਮ ਦੇ ਆਗੂਆਂ ਨਾਲ ਹੋਈ ਮੀਟਿੰਗ ਕੁੱਲ ਮਿਲਾ ਕੇ ਬੇਸਿੱਟਾ ਰਹੀ । ਸਰਕਾਰ ਦਾ ਪੱਖ ਸੀ ਕਿ ਹੁਣ ਬਿਜਲੀ ਐਕਟ 2003 ਨੂੰ ਲਾਗੂ ਕਰਦੇ ਹੋਏ ਇਸ ਦਾ ਨਿਗਮੀਕਰਨ ਕਰਨਾ ਜ਼ਰੂਰੀ ਹੋ ਗਿਆ ਹੈ, ਕੇਂਦਰ ਸਰਕਾਰ ਵਲੋਂ ਬੋਰਡ ਦੀ ਮਿਆਦ 'ਚ ਹੋਰ ਵਾਧਾ ਸੰਭਵ ਨਹੀਂ ਹੈ ਪਰ ਅਸੀਂ ਮੁਲਾਜ਼ਮ ਹਿੱਤਾਂ ਦਾ ਧਿਆਨ ਰੱਖਾਂਗੇ।

ਦੂਜੇ ਪਾਸੇ ਜੁਆਇੰਟ ਫੋਰਮ ਦੀ ਲੀਡਰਸ਼ਿਪ ਨੇ ਸਰਕਾਰ ਨੂੰ ਸਪਸ਼ਟ ਕੀਤਾ ਸੀ ਕਿ ਉਨ੍ਹਾਂ ਦੀ ਬਿਜਲੀ ਬੋਰਡ ਨੂੰ ਨਿਗਮਾਂ ਵਿਚ ਵੰਡਣ 'ਤੇ ਕੋਈ ਸਹਿਮਤ ਨਹੀਂ ਹੈ, ਕਿਉਂਕਿ ਦੇਸ਼ 'ਚ ਤੋੜੇ ਗਏ ਬਿਜਲੀ ਬੋਰਡਾਂ ਦਾ ਤਜਰਬਾ ਦੱਸਦਾ ਹੈ ਕਿ ਨਿਗਮੀਕਰਨ/ਨਿੱਜੀਕਰਨ ਹੋਣ ਨਾਲ ਨਾ ਹੀ ਮੁਲਾਜ਼ਮ ਦੇ ਹਿੱਤ ਸੁਰੱਖਿਅਤ ਰਹੇ ਹਨ ਅਤੇ ਨਾ ਹੀ ਪਬਲਿਕ ਦੇ ਹਿੱਤ ਸੁਰੱਖਿਅਤ ਹਨ। ਇਸ ਲਈ ਉਹ 15 ਅਪ੍ਰੈਲ 16 ਅਪ੍ਰੈਲ ਨੂੰ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ।

ਮੀਟਿੰਗ 'ਚ ਜੁਆਇੰਟ ਫੋਰਮ ਦੇ ਆਗੂ ਪਾਲ ਸਿੰਘ ਮੋਗਾ, ਕਰਮ ਚੰਦ ਭਾਰਦਵਾਜ, ਸੁਰਿੰਦਰ ਸਿੰਘ ਪਹਿਲਵਾਨ, ਹਰਭਜਨ ਸਿੰਘ, ਫਲਜੀਤ ਸਿੰਘ, ਜਗਤਾਰ ਸਿੰਘ ਉਪਲ, ਬ੍ਰਿਜ ਲਾਲ, ਮਨਜੀਤ ਸਿੰਘ ਚਾਹਲ, ਮੁਖਤਾਰ ਮੁਹਾਵਾ, ਪ੍ਰਕਾਸ਼ ਮਾਨ, ਸਵਰਣ ਸਿੰਘ, ਸਤੀਸ਼ ਚੰਦਰ, ਕਰਮ ਚੰਦ ਖੰਨਾ ਆਦਿ ਆਗੂ ਮੌਜੂਦ ਸਨ। ਪੰਜਾਬ ਬਿਜਲੀ ਬੋਰਡ ਦੇ ਮੁਲਾਜ਼ਮਾਂ ਨੇ ਕਿਹਾ ਹੈ ਕਿ ਬਿਜਲੀ ਬੋਰਡ ਦੇ ਨਿੱਜੀਕਰਨ ਦਾ ਮਸਲਾ ਡਾਂਗਾਂ ਜਾਂ ਅੱਥਰੂ ਗੈਸ ਦੇ ਗੋਲਿਆਂ ਨਾਲ ਨਹੀਂ ਹੱਲ ਹੋਵੇਗਾ। ਇਹ ਲੋਕ ਹਿੱਤਾਂ ਨਾਲ ਸਬੰਧਿਤ ਮਸਲਾ ਹੈ ਅਤੇ ਬੋਰਡ ਦਾ ਨਿੱਜੀਕਰਨ ਕਰਨਾ ਕਿਸੇ ਤਰ੍ਹਾਂ ਵੀ ਲੋਕ ਹਿੱਤ ਵਿਚ ਨਹੀਂ ਹੈ। ਕਿਉਂਕਿ ਭਾਰਤ ਵਿਚ ਹੀ ਨਹੀਂ ਬਲਕਿ ਬਾਹਰਲੇ ਕਈ ਮੁਲਕਾਂ ਦੇ ਤਜਰਬੇ ਨੇ ਵੀ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਜਿੱਥੇ ਵੀ ਬਿਜਲੀ ਸਨਅਤ ਦਾ ਨਿੱਜੀਕਰਨ ਹੋਇਆ ਹੈ ਉਥੇ ਲੋਕ ਹਿੱਤਾਂ ਨਾਲ ਹਮੇਸ਼ਾਂ ਖਿਲਵਾੜ ਹੋਇਆ ਹੈ ਤੇ ਬਾਹਰਲੇ ਮੁਲਕਾਂ ਵਿਚ ਤਾਂ ਇਹ ਕਦਮ ਸਰਕਾਰਾਂ ਨੂੰ ਵਾਪਸ ਵੀ ਲੈਣੇ ਪਏ ਹਨ।

ਪੀ. ਐਸ. ਈ. ਬੀ. ਇੰਪਲਾਈਜ਼ ਜੁਆਇੰਟ ਫੋਰਮ ਦੇ ਆਗੂਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਹੋਈ ਮੀਟਿੰਗ 'ਚ ਦਿੱਤੇ ਯਾਦ ਪੱਤਰ 'ਚ ਤੱਥ ਸਪਸ਼ਟ ਕਰਦੇ ਹੋਏ ਜਾਣੂ ਕਰਵਾਇਆ ਕਿ ਪੰਜਾਬ ਬਿਜਲੀ ਬੋਰਡ ਭਾਰਤ ਦੇ ਵਧੀਆ ਬਿਜਲੀ ਬੋਰਡਾਂ 'ਚੋਂ ਇੱਕ ਹੈ, ਜਿਸ ਨੇ 1976 ਵਿਚ ਹੀ 100 ਫੀਸਦੀ ਪਿੰਡਾਂ ਨੂੰ ਬਿਜਲੀ ਦੇ ਦਿੱਤੀ ਸੀ ਜਦੋਂ ਕਿ ਕੇਂਦਰ ਸਰਕਾਰ ਨੇ ਇਹ ਟੀਚਾ 2012 ਤੱਕ ਮਿਥਿਆ ਹੈ, ਜੋ ਕਿ ਅਜੇ ਵੀ ਪੂਰਾ ਹੋਣਾ ਅਸੰਭਵ ਜਾਪਦਾ ਹੈ। ਇਸੇ ਤਰ੍ਹਾਂ ਪੰਜਾਬ ਬਿਜਲੀ ਬੋਰਡ ਦੀ ਰਹਿਨੁਮਾਈ 'ਚ 2007 ਵਿਚ ਹੀ ਰਾਜ ਦੇ ਸਮੁੱਚੇ ਪੇਂਡੂ ਖੇਤਰਾਂ ਦਾ ਸ਼ਹਿਰੀ ਬਿਜਲੀਕਰਨ (24 ਘੰਟੇ ਬਿਜਲੀ ਸਪਲਾਈ) ਕਰ ਦਿੱਤਾ ਗਿਆ ਹੈ। ਦੇਸ਼ 'ਚ ਹਰ ਬਲਾਕ ਪੱਧਰ 'ਤੇ ਇਕ 66 ਕੇ. ਵੀ. ਸਬ ਸਟੇਸ਼ਨ ਬਣਾਉਣ ਦਾ ਟੀਚਾ ਮਿਥਿਆ ਗਿਆ ਹੈ। ਜਦੋਂ ਕਿ ਪੰਜਾਬ ਵਿਚ ਇਹ ਟੀਚਾ ਪਹਿਲਾਂ ਹੀ ਲਗਭਗ ਪੂਰਾ ਕੀਤਾ ਹੋਇਆ ਹੈ।

ਬਿਜਲੀ ਬੋਰਡ ਨੇ 1 ਫਰਵਰੀ 1959 ਵਿਚ ਹੋਂਦ 'ਚ ਆਉਣ ਮਗਰੋਂ 13.50 ਲੱਖ ਖੇਤੀਬਾੜੀ ਲਈ ਕੁਨੈਕਸ਼ਨ ਦਿੱਤੇ ਹਨ ਜਿਸ ਨਾਲ ਪੰਜਾਬ ਨੇ ਦੇਸ਼ ਵਿਚ ਹਰਾ ਇਨਕਲਾਬ ਲਿਆਉਣ ਲਈ ਮੋਹਰੀ ਰੋਲ ਅਦਾ ਕੀਤਾ ਹੈ। 65 ਲੱਖ ਘਰਾਂ ਨੂੰ ਬਿਜਲੀ ਸਪਲਾਈ ਦਿੱਤੀ ਜਾ ਚੁੱਕੀ ਹੈ। ਆਗੂਆਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਬੋਰਡ ਦੇ ਗਠਨ ਸਮੇਂ ਕੇਵਲ 553 ਮੈਗਾਵਾਟ ਬਿਜਲੀ ਦੀ ਪੈਦਾਵਾਰ ਸੀ, ਜੋ ਕਿ ਬਿਜਲੀ ਬੋਰਡ ਦੇ ਕਰਮਚਾਰੀਆਂ ਅਤੇ ਇੰਜੀਨੀਅਰਾਂ ਦੀ ਅਣਥੱਕ ਮਿਹਨਤ ਸਦਕਾ ਇਸ ਸਮੇਂ 6800 ਮੈਗਾਵਾਟ ਬਿਜਲੀ ਦੀ ਪੈਦਾਵਾਰ ਹੋ ਚੁੱਕੀ ਹੈ। ਮੁਲਾਜ਼ਮਾਂ ਨੇ ਕਿਹਾ ਕਿ ਬੋਰਡ ਵੇਚੀ ਹੋਈ ਬਿਜਲੀ ਦੀ 98 ਪ੍ਰਤੀਸ਼ਤ ਉਗਰਾਹੀ ਹਰ ਸਾਲ ਕਰਦਾ ਹੈ ਜਦੋਂ ਕਿ ਦੂਜੇ ਸੂਬੇ ਜਿੱਥੇ ਬਿਜਲੀ ਬੋਰਡ ਤੋੜੇ ਗਏ ਹਨ 'ਚ ਇਹ ਉਗਰਾਹੀ ਪ੍ਰਤੀਸ਼ਤਤਾ ਘੱਟ ਹੈ।

ਆਗੂਆਂ ਨੇ ਸਪਸ਼ਟ ਕੀਤਾ ਕਿ ਨਵਾਂ ਬਿਜਲੀ ਐਕਟ 2003 ਬਿਜਲੀ ਬੋਰਡ ਨੂੰ ਵਪਾਰਕ ਲੀਹਾਂ 'ਤੇ ਚਲਾਉਣ ਦੀ ਵਿਵਸਥਾ ਕਰਦਾ ਹੈ ਜਦੋਂ ਕਿ ਅੱਜ ਬਿਜਲੀ ਜ਼ਿੰਦਗੀ ਦੀ ਅਤੀ ਮਹੱਤਵਪੂਰਨ ਲੋੜ ਬਣ ਚੁੱਕੀ ਹੈ ਤੇ ਇਸ ਨੂੰ ਵਪਾਰਕ ਲੀਹਾਂ 'ਤੇ ਚਲਾਉਣ ਦਾ ਮਤਲਬ ਹੋਏਗਾ ਕਿ ਗਰੀਬ ਲੋਕਾਂ ਦੀ ਪਹੁੰਚ ਵਿਚੋਂ ਬਿਜਲੀ ਨੂੰ ਦੂਰ ਕਰਨਾ। ਫੋਰਮ ਦੇ ਆਗੂਆਂ ਨੇ ਇੱਕ ਹੋਰ ਮਹੱਤਵਪੂਰਨ ਤੱਥ ਸਾਹਮਣੇ ਲਿਆਂਦਾ ਹੈ ਕਿ ਸੰਵਿਧਾਨ ਵਿਚ ਪਹਿਲਾਂ ਹੀ ਸੂਬਿਆਂ ਨੂੰ ਬਹੁਤ ਘੱਟ ਅਧਿਕਾਰ ਦਿੱਤੇ ਹੋਏ ਹਨ। ਬਿਜਲੀ ਐਕਟ 2003 ਲਾਗੂ ਹੋਣ ਨਾਲ ਬਿਜਲੀ ਸਬੰਧੀ ਸੂਬਿਆਂ ਦੇ ਅਧਿਕਾਰ ਬਿਲਕੁਲ ਨਿਗੂਣੇ ਹੋ ਕੇ ਰਹਿ ਜਾਣਗੇ ਜਿਹੜਾ ਕਿ ਦੇਸ਼ ਦੇ ਫੈਡਰਲ ਢਾਂਚੇ ਲਈ ਹਾਨੀਕਾਰਕ ਸਿੱਧ ਸਕਦਾ ਹੈ। ਜਿਨ੍ਹਾਂ ਰਾਜਾਂ ਵਿਚ ਬਿਜਲੀ ਬੋਰਡਾਂ ਦਾ ਨਿੱਜੀਕਰਨ ਜਾਂ ਨਿਗਮੀਕਰਨ ਕੀਤਾ ਗਿਆ ਹੈ ਉਥੇ ਬਿਜਲੀ ਪਹਿਲਾਂ ਨਾਲੋਂ 30 ਪ੍ਰਤੀਸ਼ਤ ਤੋਂ ਲੈ ਕੇ 70 ਪ੍ਰਤੀਸ਼ਤ ਤੱਕ ਮਹਿੰਗੀ



ਹੋ ਗਈ ਹੈ। ਇਨ੍ਹਾਂ ਰਾਜਾਂ ਵਿਚ ਬਿਜਲੀ ਦੀਆਂ ਲਾਈਨਾਂ 'ਚ ਬਿਜਲੀ ਦਾ ਨੁਕਸਾਨ ਵਧ ਕੇ 40 ਪ੍ਰਤੀਸ਼ਤ ਤੋਂ 65 ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ ਜਦੋਂ ਕਿ ਪੰਜਾਬ ਬਿਜਲੀ ਬੋਰਡ ਵਿਚ ਇਹ ਨੁਕਸਾਨ 24 ਪ੍ਰਤੀਸ਼ਤ ਤੋਂ ਵੀ ਘੱਟ ਹੈ। ਆਗੂਆਂ ਨੇ ਹੋਰ ਸਪਸ਼ਟ ਕਰਦਿਆਂ ਕਿਹਾ ਹੈ ਕਿ ਬਿਜਲੀ ਬੋਰਡ ਨੂੰ ਤੋੜ ਕੇ ਨਿਗਮੀਕਰਨ/ਨਿਜੀਕਰਨ ਕਰਨਾ ਕੇਵਲ ਮੁੱਠੀ ਭਰ ਬਹੁ-ਰਾਸ਼ਟਰੀ/ਰਾਸ਼ਟਰੀ ਕੰਪਨੀਆਂ/ਵੱਡੇ ਸਰਮਾਏਦਾਰਾਂ ਨੂੰ ਲਾਭ ਪਹੁੰਚਾਉਣਾ ਹੈ ਨਾ ਕਿ ਇਸ ਦਾ ਮੰਤਵ ਆਮ ਗਰੀਬ ਲੋਕਾਂ ਦੀ ਸੇਵਾ ਕਰਨਾ ਹੈ।

ਬੀਤੇ ਸਮੇਂ ਵਿਚ ਸਰਕਾਰ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੀ ਮੈਨੇਜ਼ਮੈਂਟ ਨੇ ਗੋਇੰਦਵਾਲ ਥਰਮਲ ਪਾਵਰ ਪ੍ਰੋਜੈਕਟ ਦੇ ਨਿਰਮਾਣ ਲਈ ਕਈ ਵਾਰ ਪ੍ਰਾਈਵੇਟ ਕੰਪਨੀਆਂ ਨਾਲ ਸਮਝੌਤੇ ਕੀਤੇ ਪਰ ਅਜੇ ਤੱਕ ਇਸ ਦੀ ਉਸਾਰੀ ਦੀ ਮੁੱਢਲੀ ਸਟੇਜ ਵੀ ਮੁਕੰਮਲ ਨਹੀਂ ਹੋ ਸਕੀ। ਆਗੂਆਂ ਨੇ ਸਰਕਾਰ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਬਿਜਲੀ ਬੋਰਡ ਦਾ ਨਿਗਮੀਕਰਨ ਕਰਨ, ਨਿੱਜੀਕਰਨ ਕਰਨ ਲਈ ਪਹਿਲਾ ਪੜਾਅ ਹੈ ਤੇ ਨਿਗਮੀਕਰਨ ਤੋਂ ਬਾਅਦ ਇਸ ਦਾ ਨਿਜੀਕਰਨ ਜ਼ਰੂਰ ਹੋਵੇਗਾ, ਜੋ ਕਿ ਲੋਕਾਂ ਅਤੇ ਮੁਲਾਜ਼ਮਾਂ ਦੇ ਹਿੱਤਾਂ ਨਾਲ ਸਿੱਧਾ ਖਿਲਵਾੜ ਹੋਵੇਗਾ। ਇਸੇ ਦੌਰਾਨ ਕਿਸਾਨਾਂ ਦੀਆਂ 22 ਜਥੇਬੰਦੀਆਂ ਨੇ ਸਰਕਾਰ ਦੇ ਬਿਜਲੀ ਬੋਰਡ ਨੂੰ ਤੋੜਣ ਦੇ ਫੈਸਲੇ ਦਾ ਸਖ਼ਤ ਨੋਟਿਸ ਲੈਂਦੇ ਹੋਏ ਕਿਹਾ ਹੈ ਕਿ ਲਾਠੀ, ਗੋਲੀ ਨਾਲ ਲੋਕ ਲਹਿਰਾਂ ਨੂੰ ਦਬਾਇਆ ਨਹੀਂ ਜਾ ਸਕਦਾ। ਬਿਜਲੀ ਬੋਰਡ ਦਾ ਮਸਲਾ ਆਮ ਲੋਕਾਂ ਦੇ ਹਿੱਤਾਂ ਨਾਲ ਜੁੜਿਆ ਹੋਇਆ ਮਸਲਾ ਹੈ, ਸਰਕਾਰ ਨੂੰ ਦੂਜੇ ਸੂਬੇ ਜਿੱਥੇ ਬਿਜਲੀ ਬੋਰਡ ਤੋੜੇ ਗਏ ਹਨ, ਤੋਂ ਸਬਕ ਸਿੱਖਣਾ ਚਾਹੀਦਾ ਹੈ ਅਤੇ ਬਿਜਲੀ ਬੋਰਡ ਨੂੰ ਜਿਉਂ ਦਾ ਤਿਉਂ ਰੱਖ ਕੇ ਇਸ ਦੇ ਕੰਮਕਾਜ ਵਿਚ ਸੁਧਾਰ ਕਰਨਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਲਹਿੰਬਰ ਸਿੰਘ ਤੱਗੜ ਨੇ ਇਥੋਂ ਜਾਰੀ ਇੱਕ ਪ੍ਰੈਸ ਬਿਆਨ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਕਿਸਾਨਾਂ ਦੀਆਂ 22 ਜਥੇਬੰਦੀਆਂ ਬੋਰਡ ਨੂੰ ਤੋੜਣ ਵਿਰੁਧ ਲਗਾਤਾਰ ਸੰਘਰਸ਼ਸ਼ੀਲ ਹਨ ਤੇ ਇਹ ਸੰਘਰਸ਼ ਜਾਰੀ ਰੱਖਣਗੀਆਂ।

ਉਧਰ ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਦਾ ਨਾ ਤਾਂ ਨਿਗਮੀਕਰਨ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਇਸ ਦਾ ਨਿੱਜੀਕਰਨ। ਇਸ ਸੰਬੰਧੀ ਮੁਲਾਜ਼ਮਾਂ 'ਚ ਪਾਏ ਜਾ ਰਹੇ ਭਰਮ-ਭੁਲੇਖੇ ਨਾ ਸਿਰਫ ਗਲਤ ਹਨ, ਸਗੋਂ ਕੁਝ ਮੁਲਾਜ਼ਮਾਂ ਨੂੰ ਕੁਝ ਸ਼ਕਤੀਆਂ ਵਲੋਂ ਅਜਿਹੇ ਗਧੀਗੇੜ 'ਚ ਆਪਣੇ ਮੁਫਾਦਾਂ ਲਈ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਤਾਂ ਕੇਂਦਰ ਸਰਕਾਰ ਦੇ 2003 ਦੇ ਬਿਜਲੀ ਐਕਟ ਮੁਤਾਬਕ ਹੀ ਬਿਜਲੀ ਬੋਰਡ ਨੂੰ ਨਵੀਆਂ ਲੀਹਾਂ 'ਤੇ ਤੋਰਨ ਦਾ ਯਤਨ ਕਰ ਰਹੀ ਹੈ।

ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਬਿਜਲੀ ਬੋਰਡ ਨੂੰ ਦੋ ਹਿੱਸਿਆਂ ਵਿਚ ਵੰਡਣ ਨਾਲ ਪੰਜਾਬ ਦੇ ਕਿਸਾਨ ਅਤੇ ਬਿਜਲੀ ਬੋਰਡ ਦੇ ਮੁਲਾਜ਼ਮਾਂ ਦੇ ਹਿਤਾਂ ਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ। ਬੁਲਾਰੇ ਨੇ ਕਿਹਾ ਕਿ ਬਿਜਲੀ ਬੋਰਡ ਟਰਾਂਸਮਿਸ਼ਨ ਦੀ ਇਕ ਵੱਖਰੀ ਕੰਪਨੀ ਬਣੇਗੀ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਿਜਲੀ ਬੋਰਡ ਨੂੰ ਦੋ ਹਿੱਸਿਆਂ ਵਿਚ ਵੰਡਣ ਦੇ ਮਾਮਲੇ 'ਤੇ ਕੇਂਦਰ ਸਰਕਾਰ ਨਾਲ ਪਿਛਲੇ ਤਿੰਨ ਸਾਲਾਂ ਦੌਰਾਨ ਚਿੱਠੀਆਂ ਲਿਖ ਕੇ ਇਸ ਬਾਰੇ ਸਪੱਸ਼ਟ ਕਰਦੇ ਰਹੇ ਕਿ ਇਸ ਨੂੰ ਲਾਗੂ ਕਰਨ ਲਈ ਹੋਰ ਸਮਾਂ ਦਿੱਤਾ ਜਾਵੇ, ਪਰ ਹੁਣ ਕੇਂਦਰ ਸਰਕਾਰ ਇਸ ਗੱਲ 'ਤੇ ਬਜ਼ਿੱਦ ਹੋ ਗਈ ਹੈ ਕਿ ਪੰਜਾਬ ਸਰਕਾਰ ਦੂਸਰੇ ਸੂਬਿਆਂ ਦੀ ਤਰ੍ਹਾਂ ਆਪਣੇ ਸੂਬੇ 'ਚ ਵੀ ਐਕਟ ਨੂੰ ਲਾਗੂ ਕਰੇ।

# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕਾਰਜਕਾਰਨੀ ਦਾ ਗਠਨ

**ਜਲੰਧਰ:** ਕੇਂਦਰੀ ਪੰਜਾਬੀ ਲੇਖਕ ਸਭਾ ਦੇ ਚੁਣੇ ਅਹੁਦੇਦਾਰਾਂ ਦੀ ਮੀਟਿੰਗ ਪ੍ਰੋ. ਅਨੂਪ ਸਿੰਘ ਵਿਰਕ ਦੀ ਪ੍ਰਧਾਨਗੀ ਹੋਈ, ਜਿਸ ਵਿਚ ਕਰਨੈਲ ਸਿੰਘ ਨਿੱਝਰ, ਗੁਰਚਰਨ ਕੌਰ ਕੋਚਰ, ਸੁਲੱਖਣ ਸਰਹੱਦੀ, ਡਾ. ਸੁਰਜੀਤ ਬਰਾੜ, ਤਲਵਿੰਦਰ ਸਿੰਘ, ਕਰਮ ਸਿੰਘ ਵਕੀਲ, ਮਦਨ ਵੀਰਾ ਤੇ ਰਾਜਿੰਦਰ ਕੌਰ ਚੋਹਕਾ ਨੇ ਸ਼ਮੂਲੀਅਤ ਕੀਤੀ।

ਜਨਰਲ ਸਕੱਤਰ ਡਾ. ਰਜਨੀਸ਼ ਬਹਾਦਰ ਸਿੰਘ ਨੇ ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਵਿਚਾਰ-ਵਟਾਂਦਰੇ ਮਗਰੋਂ ਸਰਬਸੰਮਤੀ ਨਾਲ ਡਾ. ਐਸ. ਤਰਸੇਮ, ਡਾ. ਸੁਖਦੇਵ ਸਿੰਘ, ਡਾ. ਸਰਬਜੀਤ ਸਿੰਘ, ਗੁਨਾਮ ਕੰਵਰ, ਮੱਖਣ ਕੁਹਾੜ, ਡਾ. ਜਸਵਿੰਦਰ ਸਿੰਘ, ਚਰਨ ਕੌਸ਼ਲ, ਤੇਜਿੰਦਰ ਵਿਰਲੀ, ਮੱਖਣ ਮਾਨ, ਜਸਵੀਰ ਝੱਜ, ਸਰਦਾਰਾ ਸਿੰਘ ਚੀਮਾ, ਦਰਸ਼ਨ ਬੁੱਟਰ, ਕੁਲਤਾਰ ਸਿੰਘ ਕੁਲਤਾਰ, ਸੂਫੀ ਅਮਰਜੀਤ, ਪ੍ਰੀਤਮ ਪੰਧੇਰ, ਸੁਸ਼ੀਲ ਦੁਸਾਂਝ, ਡਾ. ਹਰਪ੍ਰੀਤ ਹੁੰਦਲ, ਹਰਮਿੰਦਰ ਕੁਹਾਰ ਵਾਲਾ, ਡਾ. ਪਰੇਮ ਸਿੰਘ, ਲਾਲ ਸਿੰਘ, ਜੱਸ ਮੰਡ, ਹਰਬੰਸ ਮਾਲਵਾ, ਦੀਪ ਦਵਿੰਦਰ ਸਿੰਘ, ਪ੍ਰੋ. ਕਰਮਜੀਤ ਸਿੰਘ, ਸੁਰਜੀਤ ਜੱਜ, ਡਾ. ਚਰਨਜੀਤ ਸਿੰਘ, ਪ੍ਰੋ. ਦਰਸ਼ਨ ਰਾਹੀ, ਬਲਕਾਰ ਸਿੱਧੂ, ਸੁਰਿੰਦਰਪ੍ਰੀਤ ਘਣੀਆ, ਡਾ. ਜੋਗਾ ਸਿੰਘ ਤੇ ਪ੍ਰੋ. ਰਾਮ ਮੂਰਤੀ ਦੀ 31 ਮੈਂਬਰੀ ਕਾਰਜਕਾਰਨੀ ਦਾ ਗਠਨ 2010-2012 ਲਈ ਕੀਤਾ ਗਿਆ।

ਸਰਬਸੰਮਤੀ ਨਾਲ ਸੁਰਿੰਦਰ ਰਾਮਪੁਰੀ, ਚਮਕ ਸੁਰਜੀਤ, ਜਗਮੋਹਣ ਕੌਸ਼ਲ, ਡਾ. ਅਨੂਪ ਸਿੰਘ, ਭੋਲਾ ਸਿੰਘ ਸੰਘੇੜਾ, ਜਸਵਿੰਦਰ ਰੋਪੜ, ਸੂਰਾ ਸੁਰਿੰਦਰ ਕੌਰ ਖਰਲ, ਮਹਿੰਦਰਦੀਪ ਗਰੇਵਾਲ, ਰਾਮ ਲਾਲ ਪ੍ਰੇਮੀ, ਗੁਰਦੇਵ ਖੋਖਰ, ਜਗਦੀਪ ਗਿੱਲ, ਜਗਦੀਸ਼ ਘਈ, ਰਾਜਿੰਦਰ ਭੋਗਲ, ਚੰਦ ਫਤਹਿਪੁਰੀ, ਭਗਵੰਤ ਰਸੂਲਪੁਰੀ, ਕੇ.ਐਲ. ਗਰਗ, ਡਾ. ਗੁਰਮੇਲ ਸਿੰਘ, ਡਾ. ਬੀ.ਕੇ. ਪਨੂੰ ਪਰਵਾਜ਼, ਸ਼ਮਸ਼ੇਰ ਮੋਹੀ, ਕਾਨਾ ਸਿੰਘ, ਅਜਮੇਰ ਸਿੱਧੂ, ਸੰਧੂ ਵਰਿਆਣਵੀ, ਨਵਤੇਜ ਗੜ੍ਹਦੀਵਾਲ, ਪਰਮਵੀਰ ਬਾਠ, ਕੰਵਰ ਇਕਬਾਲ, ਡਾ. ਮੋਹਨ ਤਿਆਗੀ, ਦਰਸ਼ਨ ਦਰਦ, ਰਾਬਿੰਦਰ ਸਿੰਘ ਰੱਬੀ, ਬਲਬੀਰ ਸਿੰਘ ਸੈਣੀ, ਸੁਸ਼ੀਲ ਰਹੇਜਾ, ਡਾ. ਕਰਮਜੀਤ ਸਿੰਘ, ਬਲਵੀਰ ਮਾਧੋਪੁਰੀ, ਪ੍ਰੋ. ਹਰਸ਼ਿੰਦਰ ਕੌਰ, ਤਰਲੋਚਨ ਸਿੰਘ, ਕੇਵਲ ਕਲੋਟੀ, ਮਨਮੋਹਨ ਸਿੰਘ ਦਾਊਂ, ਕਰਮਜੀਤ ਸਿੰਘ ਨਡਾਲਾ, ਸੁਖਵਿੰਦਰ ਰੰਧਾਵਾ, ਧਰਮਿੰਦਰ ਔਲਖ, ਜਸਵੰਤ ਹਾਂਸ, ਪਿਆਰਾ ਸਿੰਘ ਟਾਂਡਾ, ਬਲਦੇਵ ਬੁੱਟਰ, ਕੁਲਵੰਤ ਜ਼ੀਰਾ, ਇੰਦਰਜੀਤਪਾਲ ਕੌਰ, ਪ੍ਰੋ. ਬਲਵੀਰ ਬੱਲੀ, ਕਿਰਪਾਲ ਸਿੰਘ ਯੋਗੀ, ਪ੍ਰੋ. ਮਹਿੰਦਰ ਸਿੰਘ, ਦਰਸ਼ਨ ਗਿੱਲ, ਸੰਜੀਵਨ ਸਿੰਘ, ਜੈਪਾਲ, ਖੁਸ਼ਹਾਲ ਸਿੰਘ ਨਾਗਾ ਤੇ ਦੇਸਰਾਜ ਜੀਤ ਨੂੰ ਵਿਸ਼ੇਸ਼ ਨਿਮੰਤਰਤ ਮੈਂਬਰ ਵਜੋਂ ਸਾਲ 2010-12 ਲਈ ਨਾਮਜ਼ਦ ਕੀਤਾ ਗਿਆ। ਇਸੇ ਦੌਰਾਨ ਸਰਬਸੰਮਤੀ ਨਾਲ ਅਜੈਬ ਸਿੰਘ ਬਰਾੜ, ਡਾ. ਜਸਪਾਲ ਸਿੰਘ, ਡਾ. ਆਰ. ਕੇ. ਸੋਬਤੀ, ਡਾ. ਜੈ ਰੂਪ ਸਿੰਘ, ਮਨਜੀਤ ਸਿੰਘ ਕੰਗ, ਪ੍ਰੋ. ਬਲਦੇਵ ਚੀਮਾ, ਜੋਗਿੰਦਰ ਨਹਿਰੂ, ਪਰਮਜੀਤ ਸਿੰਘ ਸਿੱਧੂ ਤੇ ਪਰਮਜੀਤ ਕੌਰ ਸਿੱਧੂ, ਨਵਾਂ ਜ਼ਮਾਨਾ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਅਜੀਤ, ਜਗ ਬਾਣੀ, ਚੜ੍ਹਦੀ ਕਲਾ ਤੇ ਸਪੋਕਸਮੈਨ ਦੇ ਸੰਪਾਦਕ, ਜਗਦੀਸ਼ ਸਿੰਘ ਵਰਿਆਮ, ਡਾ. ਰਘਬੀਰ ਸਿੰਘ ਸਿਰਜਣਾ,ਗੁਰਸ਼ਰਨ ਸਿੰਘ ਭਾਅ ਜੀ, ਬਲਬੀਰ ਕੌਰ ਡਾਇਰੈਕਟਰ ਭਾਸ਼ਾ ਵਿਭਾਗ, ਜਤਿੰਦਰ ਪਨੂੰ, ਹਰਦੇਵ ਸਿੰਘ, ਗਰੇਵਾਲ ਕਲਕੱਤਾ, ਮੋਹਨ ਭੰਡਾਰੀ, ਅਜਮੇਰ ਔਲਖ, ਮਿੱਤਲ ਸੈਨ ਮੀਤ, ਬਲਦੇਵ ਸਿੰਘ ਸੜਕਨਾਮਾ, ਸਵਰਨ ਸਿੰਘ ਵਿਰਕ, ਇਕਬਾਲ ਕੈਂਸਰ (ਪਾਕਿਸਤਾਨ), ਅਵਤਾਰ ਜੰਡਿਆਲਵੀ, ਸੁਖਵਿੰਦਰ ਕੰਬੋਜ, ਪ੍ਰਿੰਸੀਪਲ ਜਸਪਾਲ ਰੰਧਾਵਾ, ਪ੍ਰਿੰ. ਮਹਿਲ ਸਿੰਘ, ਪ੍ਰਿੰ. ਜਨਮੀਤ ਸਿੰਘ, ਪ੍ਰਿੰ. ਵੀ. ਕੇ. ਤਿਵਾੜੀ, ਹੁਕਮ ਸਿੰਘ ਭੱਟੀ, ਕੇਵਲ ਧਾਲੀਵਾਲ, ਵਿਦਵਾਨ ਸਿੰਘ ਸੋਨੀ, ਗਿਆਨ ਸਿੰਘ ਬੱਲ, ਸੰਤੋਖ ਸਿੰਘ ਸੰਤੋਖ, ਗੁਰਮੀਤ ਸੁਗਲੀ (ਕਾਨੂੰਨੀ ਸਲਾਹਕਾਰ) ਤੇ ਸਾਧੂ ਸਿੰਘ ਨੂੰ ਸਲਾਹਕਾਰ ਨਾਮਜ਼ਦ ਕੀਤਾ ਗਿਆ। ਮੀਟਿੰਗ ਦੌਰਾਨ ਲੇਖਕਾਂ ਲਈ ਜੀਵਨ ਬੀਮਾ, ਪੰਜਾਬੀ ਕਿਤਾਬਾਂ, ਖਰੀਦਣ ਲਈ ਸਰਕਾਰ ਵਲੋਂ ਵਿਸ਼ੇਸ਼ ਫੰਡ ਰੱਖੇ ਜਾਣ, ਸਨਮਾਨ ਪ੍ਰਾਪਤ ਲੇਖਕਾਂ ਨੂੰ ਰੇਲਵੇ ਵਿਚ ਮੁਫਤ ਯਾਤਰਾ ਤੇ ਸੂਬੇ ਵਿਚ ਰੋਡਵੇਜ਼ ਦੀਆਂ ਬੱਸਾਂ ਵਿਚ ਮੁਫਤ ਯਾਤਰਾ ਦੀ ਸੁਵਿਧਾ, ਫੌਰੀ ਤੌਰ 'ਤੇ ਭਾਸ਼ਾ ਟ੍ਰਿਬਿਊਨਲ ਬਣਾਉਣ ਅਤੇ ਸੂਬੇ ਵਿਚ 14 ਸਾਲ ਦੀ ਉਮਰ ਤੱਕ ਵਿੱਦਿਆ ਮੁਫਤ ਦਿੱਤੀ ਬਾਰੇ ਮਤੇ ਪਾਸ ਕੀਤੇ ਗਏ।

# ਸਰਕਾਰ ਦੀ ਵਾਗਡੋਰ ਮੁੜ ਤੋਂ ਵੱਡੇ ਬਾਦਲ ਦੇ ਹੱਥਾਂ 'ਚ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਤੋਂ ਖੁਸ਼ ਹਨ ਪਰ ਇਸੇ ਦੌਰਾਨ ਸਰਕਾਰ ਦੀ ਲਗਾਮ ਮੁੜ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਆ ਗਈ ਹੈ। ਬਿਮਾਰੀ ਤੋਂ ਪੂਰੀ ਤਰ੍ਹਾਂ ਤੰਦਰੁਸਤ ਹੋ ਕੇ ਸ੍ਰੀ ਬਾਦਲ ਨੇ ਸਰਕਾਰ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ ਹੈ।

ਸ੍ਰੀ ਬਾਦਲ ਨੇ ਭਾਵੇਂ ਹਾਲੇ ਸਿਵਲ ਸਕੱਤਰੇਤ ਵਿਚਲੇ ਆਪਣੇ ਦਫ਼ਤਰ ਵਿਚ ਜਾਣਾ ਨਹੀਂ ਸ਼ੁਰੂ ਕੀਤਾ ਪਰ ਉਹ ਆਪਣਾ ਪੂਰਾ ਦਫ਼ਤਰੀ ਕੰਮ ਕਰਦੇ ਹਨ ਅਤੇ ਅਹਿਮ ਮੀਟਿੰਗਾਂ ਦੀ ਪ੍ਰਧਾਨਗੀ ਵੀ ਕਰਦੇ ਹਨ ਤੇ ਸਾਰੇ ਵੱਡੇ ਫੈਸਲੇ ਖੁਦ ਲੈਂਦੇ ਹਨ। ਪਿਛਲੇ ਦਿਨੀਂ ਲਏ ਅਹਿਮ ਫੈਸਲਿਆਂ ਵਿਚ ਸੇਵਾ ਮੁਕਤੀ ਦੀ ਉਮਰ 58 ਸਾਲ ਹੀ ਰੱਖਣਾ ਅਤੇ ਬਿਜਲੀ ਬੋਰਡ ਦੇ ਨਿਗਮੀਕਰਨ ਦੇ ਫੈਸਲੇ ਸ਼ਾਮਲ ਹਨ। ਦੋਹਾਂ ਫੈਸਲਿਆਂ ਵਿਚ ਉਨ੍ਹਾਂ ਦੀ ਦ੍ਰਿੜ੍ਹਤਾ ਨਜ਼ਰੀ ਪੈਂਦੀ ਹੈ। ਤਿੰਨ ਹਫਤੇ ਛੁੱਟੀ 'ਤੇ ਰਹਿਣ ਪਿਛੋਂ ਉਹ ਮੁੜ ਪੂਰੀ ਤਰ੍ਹਾਂ ਸਰਗਰਮ ਹੋ ਗਏ ਹਨ ਅਤੇ ਸਰਕਾਰ ਦੀ ਅਗਵਾਈ ਕਰ ਰਹੇ ਹਨ।

ਇਸੇ ਹਫ਼ਤੇ ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲਾ ਪੁਲਿਸ ਮੁਖੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਨਿਗਮੀਕਰਨ ਵਿਰੋਧੀਆਂ ਨੂੰ ਸਪੱਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਬਦਅਮਨੀ ਫੈਲਾਉਣ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ, ਅਮਨ ਕਾਨੂੰਨ ਹਰ ਕੀਮਤ 'ਤੇ ਬਣਾਈ ਰੱਖਿਆ ਜਾਵੇਗਾ ਅਤੇ ਕਿਸੇ ਕਿਸਮ ਦੀ ਕੋਈ ਕੋਤਾਹੀ ਬਰਦਾਸ਼ਤ ਨਹੀਂ ਹੋਵੇਗੀ।

ਕਾਫੀ ਲੰਬੇ ਅਰਸੇ ਪਿਛੋਂ ਮੁੱਖ ਮੰਤਰੀ ਨੇ ਪੁਲਿਸ ਉਚ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕੀਤਾ ਹੈ। ਸੂਬੇ ਦਾ ਗ੍ਰਹਿ ਵਿਭਾਗ ਸੁਖਬੀਰ ਬਾਦਲ ਕੋਲ ਹੈ। ਕਬੱਡੀ ਵਿਸ਼ਵ ਕੱਪ ਨੂੰ ਦਰਸ਼ਕਾਂ ਦੇ ਮਿਲੇ ਭਰਵੇਂ ਹੁੰਗਾਰੇ ਨੇ ਸੁਖਬੀਰ ਬਾਦਲ ਦਾ ਰਾਜਸੀ ਕੱਦ ਹੋਰ ਉਚਾ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਸਫਲ ਪ੍ਰਬੰਧਕ ਵੀ ਸਿੱਧ ਕਰ ਦਿੱਤਾ ਹੈ। ਸੁਖਬੀਰ ਬਾਦਲ 18 ਅਪ੍ਰੈਲ ਨੂੰ ਵਿਦੇਸ਼ੀ ਦੌਰੇ 'ਤੇ ਜਾ ਰਹੇ ਹਨ, ਸੋ ਉਹ ਬਿਜਲੀ ਬੋਰਡ ਦੇ ਨਿਗਮੀਕਰਨ ਦੇ ਅਮਲ ਮੌਕੇ ਹਾਜ਼ਰ ਨਹੀਂ ਹੋਣਗੇ। ਪਿਛਲੇ ਮਹੀਨੇ ਵੀ ਉਹ ਵਿਦੇਸ਼ੀ ਦੌਰੇ 'ਤੇ ਗਏ ਸਨ ਪਰ ਇਸ ਵਾਰ ਲੰਬੇ ਅਰਸੇ ਲਈ ਬਾਹਰ ਜਾਣਗੇ। ਸੁਖਬੀਰ ਬਾਦਲ ਨੇ ਹੋ ਸਕਦਾ ਹੈ ਕਿ ਪਾਰਟੀ ਅਤੇ ਪ੍ਰਸ਼ਾਸਨ 'ਤੇ ਆਪਣਾ ਤਕੜਾ ਕਬਜ਼ਾ ਬਣਾ ਲਿਆ ਹੋਵੇ ਪਰ ਆਪਣੇ ਪਿਤਾ ਦੀ ਪੂਰੀ ਤਰ੍ਹਾਂ ਥਾਂ ਲੈਣ ਵਿਚ ਅਜੇ ਉਨ੍ਹਾਂ ਨੂੰ ਹੋਰ ਸਮਾਂ ਲੱਗੇਗਾ।

ਸ੍ਰੀ ਬਾਦਲ ਬਹੁਤ ਸਫਲ ਪ੍ਰਸ਼ਾਸਕ ਰਹੇ ਹਨ ਅਤੇ ਅਕਾਲੀ-ਭਾਜਪਾ ਸਰਕਾਰ ਨੂੰ ਪਿਛਲੇ ਵਰ੍ਹੇ ਦੌਰਾਨ ਕਈ ਵੇਰਾਂ ਸੰਕਟ ਵਿਚੋਂ ਸਫਲਤਾਪੂਰਵਕ ਬਾਹਰ ਕੱਢਿਆ ਹੈ। ਨਾ ਸਿਰਫ ਬਿਜਲੀ ਬੋਰਡ ਦੇ ਨਿਗਮੀਕਰਨ ਦੀ ਸਮੱਸਿਆ ਹੀ ਸਰਕਾਰ ਦੀ ਸਿਰਦਰਦੀ ਦਾ ਕਾਰਨ ਹੈ ਸਗੋਂ ਸੂਬੇ ਵਿਚ ਬਿਜਲੀ ਦੀ ਘਾਟ ਦੀ ਸਮੱਸਿਆ ਨਾਲ ਵੀ ਸਰਕਾਰ ਨੂੰ ਮੱਥਾ ਮਾਰਨਾ ਪੈ ਰਿਹਾ ਹੈ। ਗਰਮੀਆਂ ਉਤਰ ਆਈਆਂ ਹਨ ਅਤੇ ਸ਼ਹਿਰੀ ਤੇ ਦਿਹਾਤੀ ਖੇਤਰ ਵਿਚ ਬਿਜਲੀ ਦੇ ਵੱਡੇ-ਵੱਡੇ ਕੱਟ ਲੱਗਣੇ ਸ਼ੁਰੂ ਵੀ ਹੋ ਚੁੱਕੇ ਹਨ।

ਸੰਬੰਧਤ ਅਧਿਕਾਰੀ ਦਾਅਵੇ ਕਰਦੇ ਹਨ ਕਿ ਬਿਜਲੀ ਹੋਰ ਸੂਬਿਆਂ ਤੋਂ ਮਹਿੰਗੇ ਭਾਅ ਖਰੀਦੀ ਜਾ ਰਹੀ ਹੈ। ਘਰੇਲੂ ਬਿਜਲੀ ਸਪਲਾਈ ਵਿਚ ਹਰ ਰੋਜ਼ ਅੱਠ ਤੋਂ ਦਸ ਘੰਟਿਆਂ ਦੇ ਕੱਟ ਲੱਗਦੇ ਹਨ। ਅਜੇ ਤਾਂ ਸ਼ਹਿਰੀਆਂ ਨੇ ਆਪਣੇ ਏ. ਸੀ. ਵੀ ਨਹੀਂ ਚਲਾਏ। ਝੋਨੇ ਦੀ ਲਵਾਈ ਦਾ ਸੀਜ਼ਨ ਸਾਹਮਣੇ ਖੜ੍ਹਾ ਹੈ ਪਰ ਬਿਜਲੀ ਸਪਲਾਈ ਦੀ ਹਾਲਤ ਕਿਸੇ ਤਰ੍ਹਾਂ ਸੁਧਰਦੀ ਨਜ਼ਰ ਨਹੀਂ ਆ ਰਹੀ। ਇਸ ਦੇ ਨਾਲ ਹੀ ਨਿਗਮੀਕਰਨ ਵਿਰੁਧ ਮੁਲਾਜ਼ਮਾਂ ਦਾ ਸੰਭਾਵੀ ਪ੍ਰਦਰਸ਼ਨ ਵੀ ਸੰਕਟ ਨੂੰ ਗਹਿਰ ਗੰਭੀਰ ਕਰ ਦੇਵੇਗਾ।

ੴ ਸਤਿਗੁਰ ਪ੍ਰਸਾਦਿ

# ਗੁਰੂ ਪਿਆਰੀ ਸਮੂਹ ਸਿੱਖ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਪਾਵਨ ਤਿਓਹਾਰ ਦੀ



ਸ. ਹੀਰਾ ਲਾਲ ਸਿੰਘ ਚਮਦਲ

## ਲੱਖ ਲੱਖ ਵਧਾਈ

ਦਾਸਨ-ਦਾਸ
ਹੀਰਾ ਲਾਲ ਸਿੰਘ ਚਮਦਲ
ਵਿਜੇ ਚਮਦਲ ਅਤੇ ਸਮੂਹ ਪਰਿਵਾਰ

Hiralal Singh Chamdal (EX President)
Gurudwara of Houston
**Ph: 832-434-7740**



ਸ੍ਰੀ ਵਿਜੇ ਚਮਦਲ



# ਸਮੂਹ ਪੰਜਾਬੀ ਭਾਈਚਾਰੇ ਅਤੇ ਸੰਗੀਤ ਪ੍ਰੇਮੀਆਂ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਲੱਖ ਲੱਖ ਵਧਾਈ



# DJCHANI

WWW.DESIJUNCTIONDJS.NET







**CJ - DJ CHANI, Ph: 281.701.6484** desijunctiondjs@gmial.com

DJ`S, Dhol Players, Master of Ceremonies, Intellegent Sound & Lighting for Any Event...

# ਪੰਜਾਬ ਟਾਈਮਜ਼

**ਸਨਿਚਰਵਾਰ, 17 ਅਪਰੈਲ, 2010**

*ਖੇਡਾਂ ਦਾ ਮਕਸਦ ਖਿਡਾਰੀਆਂ ਨੂੰ ਚੰਗਾ ਇਨਸਾਨ ਬਣਾਉਣਾ ਹੈ। -ਪ੍ਰਿੰ. ਸਰਵਣ ਸਿੰਘ*


## ਕਬੱਡੀ ਕੱਪ ਦੀ ਸਿਆਸਤ

ਢਾਈ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵਾਲੇ ਪੀਅਰਲਜ਼ ਵਰਲਡ ਕੱਪ ਕਬੱਡੀ ਟੂਰਨਾਮੈਂਟ ਵਿਚ ਭਾਰਤ, ਪਾਕਿਸਤਾਨ, ਇਟਲੀ ਅਤੇ ਕੈਨੇਡਾ ਦੀਆਂ ਟੀਮਾਂ ਸੈਮੀਫਾਈਨਲ ਤੱਕ ਪਹੁੰਚੀਆਂ ਸਨ। ਉਂਜ ਭਾਵੇਂ ਇਸ ਟੂਰਨਾਮੈਂਟ ਨੂੰ ਵਿਸ਼ਵ ਕੱਪ ਦਾ ਨਾਂ ਦਿੱਤਾ ਗਿਆ ਹੈ ਪਰ ਅਸਲੀ ਹਕੀਕਤ ਇਹ ਹੈ ਕਿ ਵੱਖ-ਵੱਖ ਮੁਲਕਾਂ ਦੀਆਂ ਟੀਮਾਂ ਦੇ ਨਾਂ ਹੇਠ ਬਹੁਤੇ ਪੰਜਾਬੀ ਮੁੰਡੇ ਹੀ ਇਨ੍ਹਾਂ ਵਿਚ ਖੇਡ ਰਹੇ ਹਨ। ਉਂਜ ਇਹ ਸਵਾਲ ਵੀ ਉਠਦਾ ਰਿਹਾ ਹੈ ਕਿ ਕੀ ਇਸ ਤਰ੍ਹਾਂ ਕਿਸੇ ਮੁਲਕ ਵਿਚ ਵੱਸਦੇ ਪਰਵਾਸੀ ਭਾਰਤੀ ਆਪਣੀ ਕਬੱਡੀ ਟੀਮ ਲਈ ਸੰਬੰਧਤ ਦੇਸ਼ ਦਾ ਨਾਂ ਵਰਤ ਵੀ ਸਕਦੇ ਹਨ ਜਾਂ ਨਹੀਂ? ਇਸ ਅੰਕ ਦੇ ਛਪਣ ਤੋਂ ਪਹਿਲਾਂ ਵਿਸ਼ਵ ਕਬੱਡੀ ਕੱਪ ਦੇ ਨਤੀਜੇ ਸਾਹਮਣੇ ਆ ਚੁੱਕੇ ਹੋਣਗੇ। ਇਸ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ 13 ਅਪਰੈਲ ਨੂੰ ਹੋ ਚੁਕਾ ਹੋਵੇਗਾ। ਜਿਹੜੀਆਂ ਟੀਮਾਂ ਭਾਰਤੀ ਪੰਜਾਬ ਤੋਂ ਵੱਖਰੇ ਖਿਡਾਰੀਆਂ ਨਾਲ ਲੈਸ ਸਨ, ਉਨ੍ਹਾਂ ਵਿਚ ਪ੍ਰਮੁਖ ਤੌਰ 'ਤੇ ਇਰਾਨ ਅਤੇ ਪਾਕਿਸਤਾਨ ਦਾ ਨਾਂ ਸ਼ਾਮਲ ਸੀ। ਪਾਕਿਸਤਾਨ ਦੇ ਵੀ ਬਹੁਤੇ ਖਿਡਾਰੀ ਪੰਜਾਬ ਪ੍ਰਾਂਤ ਨਾਲ ਹੀ ਸੰਬੰਧਤ ਹਨ। ਉਂਜ ਵੀ ਸਰਕਲ ਸਟਾਈਲ ਕਬੱਡੀ ਪੰਜਾਬੀਆਂ ਦੀ ਕੌਮੀ ਖੇਡ ਵਾਂਗ ਹੈ। ਇਸ ਤੱਥ ਦੇ ਬਾਵਜੂਦ ਕਿ ਸੰਬੰਧਤ ਵਿਸ਼ਵ ਕੱਪ ਬਹੁਗਿਣਤੀ ਪੰਜਾਬੀ ਖਿਡਾਰੀਆਂ ਦੇ ਦਰਮਿਆਨ ਹੀ ਖੇਡਿਆ ਗਿਆ ਹੈ, ਇਸ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉੱਤਰੀ ਭਾਰਤ ਦੇ ਸਮੁੱਚੇ ਮੀਡੀਆ ਵਿਚ ਅਤੇ ਕੁਝ ਟੈਲੀਵੀਜ਼ਨ ਚੈਨਲਾਂ ਵਲੋਂ ਜਿਸ ਢੰਗ ਨਾਲ ਇਸ ਟੂਰਨਾਮੈਂਟ ਨੂੰ ਪੇਸ਼ ਕੀਤਾ ਗਿਆ ਹੈ, ਉਸ ਤੋਂ ਕਬੱਡੀ ਦੀ ਖੇਡ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸਥਾਪਤੀ ਵਲ ਵਧਣ ਲਈ ਚੰਗੇ ਮੌਕੇ ਬਣੇ ਹਨ। ਇਕ ਹੋਰ ਵੀ ਚੰਗੀ ਗੱਲ ਇਹ ਵਾਪਰੀ ਹੈ ਕਿ ਟੂਰਨਾਮੈਂਟ ਦੌਰਾਨ ਖਿਡਾਰੀਆਂ ਨੂੰ ਡਰੱਗਜ਼ ਤੋਂ ਮੁਕਤ ਕਰਨ ਦਾ ਗੰਭੀਰ ਉਪਰਾਲਾ ਕੀਤਾ ਗਿਆ ਹੈ। ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਹੀ ਡਰੱਗ ਲੈਣ ਦੇ ਦੋਸ਼ ਅਧੀਨ 13 ਖਿਡਾਰੀ ਟੂਰਨਾਮੈਂਟ ਤੋਂ ਬਾਹਰ ਕਰ ਦਿੱਤੇ ਗਏ ਸਨ।

ਜਿਥੋਂ ਤਕ ਟੀਮਾਂ ਦੀ ਕਾਰਗੁਜ਼ਾਰੀ ਦਾ ਸਵਾਲ ਹੈ, ਇਸ ਟੂਰਨਾਮੈਂਟ ਦੌਰਾਨ ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਹੀ ਬਿਨਾ ਹਾਰੇ ਸੈਮੀਫਾਈਨਲ ਤੱਕ ਪਹੁੰਚੀਆਂ ਹਨ। ਪਾਕਿਸਤਾਨ ਨੇ ਪੂਲ 'ਬੀ' ਵਿਚਲੇ ਆਪਣੇ ਤਿੰਨੋਂ ਲੀਗ ਮੈਚ ਜਿੱਤੇ ਅਤੇ ਪੂਲ ਵਿਚ ਇਹ ਟੀਮ ਸਿਖਰ 'ਤੇ ਰਹੀ। ਆਪਣੇ ਆਖਰੀ ਮੁਕਾਬਲੇ ਵਿਚ ਪਾਕਿਸਤਾਨ ਨੇ ਇੰਗਲੈਂਡ ਦੀ ਟੀਮ ਨੂੰ 50 ਦੇ ਮੁਕਾਬਲੇ 23 ਅੰਕਾਂ ਨਾਲ ਹਰਾਇਆ। ਜੇ ਸਮੁੱਚੇ ਟੂਰਨਾਮੈਂਟ ਉਪਰ ਨਿਗ੍ਹਾ ਮਾਰਨੀ ਹੋਵੇ ਤਾਂ ਬਹੁਤੇ ਮੁਕਾਬਲੇ ਇਕਪਾਸੜ ਹੀ ਰਹੇ, ਪਰ ਅਮਰੀਕਾ ਤੇ ਇਟਲੀ ਦੀ ਟੀਮ ਦੇ ਵਿਚਕਾਰ ਹੋਇਆ ਕਬੱਡੀ ਮੁਕਾਬਲਾ ਟੂਰਨਾਮੈਂਟ ਦਾ ਸਭ ਤੋਂ ਦਿਲਚਸਪ ਮੁਕਾਬਲਾ ਰਿਹਾ। ਇਸ ਮੁਕਾਬਲੇ ਵਿਚ ਬਹੁਤ ਹੀ ਸਖ਼ਤ ਕਿਸਮ ਦੀ ਟੱਕਰ ਦੋਹਾਂ ਟੀਮਾਂ ਨੇ ਇਕ-ਦੂਜੇ ਨੂੰ ਦਿੱਤੀ। ਸੈਮੀਫਾਈਨਲ ਵਿਚ ਪਹੁੰਚਣ ਲਈ ਦੋਹਾਂ ਟੀਮਾਂ ਲਈ ਇਹ ਮੁਕਾਬਲਾ ਜਿੱਤਣਾ ਜ਼ਰੂਰੀ ਸੀ। ਇੰਜ ਦੋਨਾਂ ਟੀਮਾਂ ਨੇ ਇਕ ਤਰ੍ਹਾਂ ਨਾਲ ਸਿਰ ਧੜ ਦੀ ਬਾਜੀ ਲਾ ਦਿੱਤੀ। ਉਧਰ ਇਸ ਕਬੱਡੀ ਟੂਰਨਾਮੈਂਟ ਦੇ ਕਰਤਾ-ਧਰਤਾ ਅਤੇ ਪੀ. ਟੀ. ਸੀ. ਚੈਨਲ ਦੇ ਸਰਬਰਾਹ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਇਹ ਗੱਲ ਵਾਰ-ਵਾਰ ਕਹੀ ਹੈ ਕਿ ਮੌਜੂਦਾ ਕਬੱਡੀ ਟੂਰਨਾਮੈਂਟ ਦੀ ਪੀ.ਟੀ.ਆਰ. ਰੇਟਿੰਗ ਇੰਡੀਅਨ ਪ੍ਰੀਮੀਅਰ ਕ੍ਰਿਕਟ ਲੀਗ ਨਾਲੋਂ ਉਪਰ ਰਹੀ ਹੈ। ਇਸ ਬਿਆਨ ਵਿਚ ਸੱਚਾਈ ਹੈ ਜਾਂ ਨਹੀਂ ਪਰ ਇਹ ਸਪੱਸ਼ਟ ਹੈ ਕਿ ਇਸ ਕਬੱਡੀ ਟੂਰਨਾਮੈਂਟ ਦੇ ਮੈਚਾਂ ਨੂੰ ਦੇਖਣ ਲਈ ਵੱਡੀ ਪੱਧਰ 'ਤੇ ਪੰਜਾਬੀ ਲੋਕ ਖੇਡ ਸਟੇਡੀਅਮਾਂ ਵਿਚ ਪਹੁੰਚੇ ਅਤੇ ਟੈਲੀਵੀਜ਼ਨ ਉਪਰ ਵੀ ਵਿਆਪਕ ਪੱਧਰ 'ਤੇ ਲੋਕਾਂ ਨੇ ਇਹ ਮੁਕਾਬਲੇ ਵੇਖੇ।

ਕਬੱਡੀ ਨੂੰ ਠੀਕ ਹੀ ਪੰਜਾਬੀ ਲੋਕਾਂ ਦੀ ਮਾਂ ਖੇਡ ਕਿਹਾ ਜਾਂਦਾ ਹੈ। ਸੰਸਾਰ ਭਰ ਵਿਚ ਫੈਲੇ ਪੰਜਾਬ ਦੇ ਲੋਕ ਇਸ ਖੇਡ ਵਿਚ ਗਹਿਰੀ ਦਿਲਚਸਪੀ ਰੱਖਦੇ ਹਨ। ਕਬੱਡੀ ਦੀ ਖੇਡ ਦਾ ਇਤਿਹਾਸ ਲਿਖਣ ਵਾਲੇ ਮਾਹਿਰਾਂ ਅਨੁਸਾਰ ਇਹ ਖੇਡ ਪੰਜਾਬ ਦੀ ਜ਼ਿੰਦਗੀ ਅਤੇ ਸੱਭਿਆਚਾਰ ਨਾਲ ਬਹੁਤ ਡੂੰਘੇ ਰੂਪ ਵਿਚ ਜੁੜੀ ਹੋਈ ਹੈ। ਪੰਜਾਬ ਦੇ ਲੋਕ ਕਿਉਂਕਿ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਦਾ ਮੁਕਾਬਲਾ ਕਰਦੇ ਰਹੇ ਹਨ, ਇਸ ਦੌਰਾਨ ਲੜੀ ਜਾਣ ਵਾਲੀ ਜੰਗ ਦੇ ਆਧਾਰ 'ਤੇ ਹੀ ਇਸ ਖੇਡ ਦਾ ਵਿਕਾਸ ਹੋਇਆ ਹੈ। ਖੇਡ ਦੌਰਾਨ ਇਕ ਖਿਡਾਰੀ ਰੇਡ ਪਾਉਂਦਾ ਹੈ ਅਤੇ ਦੂਜਾ ਉਸਨੂੰ ਰੋਕਦਾ ਹੈ। ਇਹ ਹਮਲਾ ਕਰਨ ਅਤੇ ਹਮਲਾ ਕਰਨ ਵਾਲੇ ਨੂੰ ਚਿੱਤ ਕਰਨ ਦਾ ਹੀ ਦੂਜਾ (ਜੰਗੀ) ਰੂਪ ਹੈ। ਸ਼ਾਇਦ ਇਹੋ ਕਾਰਨ ਹੈ ਕਿ ਪੰਜਾਬ ਦੇ ਲੋਕਾਂ ਦੀ ਇਸ ਖੇਡ ਵਿਚ ਇੰਨੀ ਜ਼ਿਆਦਾ ਦਿਲਚਸਪੀ ਹੈ।

ਭਾਵੇਂ ਹਾਕੀ ਦੀ ਖੇਡ ਬਰਤਾਨੀਆਂ ਤੋਂ ਫੌਜੀ ਛਾਉਣੀਆਂ ਦੇ ਰਾਹੀਂ ਭਾਰਤ ਅਤੇ ਪੰਜਾਬ ਵਿਚ ਪ੍ਰਵੇਸ਼ ਕੀਤੀ ਪਰ ਪੰਜਾਬ ਦੀ ਰਵਾਇਤੀ ਖਿੱਦੋ-ਖੂੰਡੀ ਵਾਲੀ ਖੇਡ ਨਾਲ ਇਸ ਦਾ ਇੰਨਾ ਜੋੜ ਬੈਠਿਆ ਕਿ ਆਪਣੀਆਂ ਰਵਾਇਤੀ ਖੇਡਾਂ ਵਾਂਗ ਹੀ ਪੰਜਾਬ ਦੇ ਲੋਕ ਇਸ ਨੂੰ ਪਿਆਰ ਕਰਨ ਲੱਗੇ। ਇੰਜ ਇਹ ਦੋਵੇਂ ਖੇਡਾਂ ਪੰਜਾਬ ਦੀ ਸੱਭਿਆਚਾਰਕ ਆਤਮਾ ਦੇ ਅੰਦਰ ਵਸ ਗਈਆਂ ਹਨ। ਮੀਡੀਆ ਅਤੇ ਵਪਾਰੀਕਰਨ ਦੇ ਸਿੱਟੇ ਵਜੋਂ ਭਾਵੇਂ ਕ੍ਰਿਕਟ ਵੀ ਹੁਣ ਪੰਜਾਬ ਦੇ ਧੁਰ ਪੇਂਡੂ ਖੇਤਰਾਂ ਤਕ ਪੱਸਰ ਗਈ ਹੈ ਪਰ ਫਿਰ ਵੀ ਇਸ ਖੇਡ ਦਾ ਪੰਜਾਬ ਦੀਆਂ ਰਵਾਇਤੀ ਖੇਡਾਂ ਨਾਲ ਕੋਈ ਲੈਣ-ਦੇਣ ਨਹੀਂ ਹੈ। ਅਸਲ 'ਚ ਇਹ ਖੇਡ ਮੁੱਖ ਰੂਪ ਵਿਚ ਪੈਸੇ, ਇਸ਼ਤਿਹਾਰਬਾਜ਼ੀ ਅਤੇ ਮੀਡੀਆ ਨੇ ਹੀ ਆਮ ਲੋਕਾਂ ਉਪਰ ਥੋਪੀ ਹੈ। ਇੰਜ ਮੀਡੀਆ ਵਿਚੋਂ ਗਾਇਬ ਹੋਣ ਦੇ ਨਾਲ ਹੀ ਇਕਦਮ ਲੋਕਾਂ ਦੇ ਮਨਾਂ ਵਿਚੋਂ ਪਾਸੇ ਹੋ ਸਕਦੀ ਹੈ। ਕਬੱਡੀ ਜਿਹੀ ਖੇਡ ਨਾਲ ਅਜਿਹਾ ਨਹੀਂ ਵਾਪਰ ਸਕਦਾ। ਇਹ ਆਮ ਲੋਕਾਂ ਦੇ ਮਨਾ ਵਿਚ ਰਚੀ-ਮਿਚੀ ਹੋਈ ਹੈ। ਪਰ ਸਵਾਲ ਇਹ ਉਠਦਾ ਹੈ ਕਿ ਪੰਜਾਬ ਦੇ ਸਿਆਸਤਦਾਨ, ਜਿਹੜੇ ਪਿਛਲੇ ਕੁਝ ਹੀ ਸਮੇਂ ਵਿਚ ਸੰਸਾਰ ਵਪਾਰੀਕਰਨ ਦੀ ਵਿਆਪਕ ਲਹਿਰ ਦੇ ਪ੍ਰਭਾਵ ਹੇਠ ਆਪਣੇ ਲੋਕਾਂ ਦੀ ਹਰ ਰਵਾਇਤੀ ਚੀਜ਼ ਨਾਲੋਂ ਟੁੱਟ ਰਹੇ ਹਨ, ਉਨ੍ਹਾਂ ਨੂੰ ਕਬੱਡੀ ਦੀ ਖੇਡ ਦਾ ਇੰਨਾ ਹੇਜ਼ ਕਿਉਂ ਜਾਗ ਪਿਆ ਹੈ? ਕਾਰਨ ਇਸਦਾ ਪਰਵਾਸੀ ਪੈਸੇ ਦੀ ਝਾਕ ਨਾਲ ਜੁੜਿਆ ਹੋਇਆ ਹੈ। ਇਹੋ ਇਸ ਟੂਰਨਾਮੈਂਟ ਦੀ ਰਾਜਨੀਤਕ ਆਰਥਿਕਤਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਪਰਵਾਸੀ ਪੁੱਤ ਤੇ 'ਹਰਾ ਪੱਤਾ'**

ਦਿਨੇ-ਰਾਤ ਹੀ ਜੌਬਾਂ ਵਿਚ ਲੀਨ ਰਹਿ ਕੇ, ਖ਼ੂਨ ਸਾਡੀਆਂ ਨਸਾਂ ਵਿਚ ਰੁਕ ਚੱਲੇ।
ਫੈਟ ਲੱਗੇ ਪਰਵਾਸ ਦੇ ਹਿਰਦਿਆਂ 'ਤੇ, ਲੂਣ ਕਿਸਮਤ ਦਾ ਉਨ੍ਹਾਂ 'ਤੇ ਭੁੱਕ ਚੱਲੇ।
ਝੰਡੇ ਰੀਝਾਂ ਦੇ ਮੌਜ ਵਿਚ ਝੂਲਦੇ ਸਨ, ਉਹ ਵੀ ਸਮਝ ਲਓ ਸੋਗ ਵਿਚ ਝੁਕ ਚੱਲੇ।
ਲੈ ਕੇ ਤੁਰੇ ਸਾਂ ਜਿਹੜੇ ਅਰਮਾਨ ਪਿੰਡੋਂ, ਹੌਲੀ ਹੌਲੀ ਉਹ ਸੀਨੇ ਵਿਚ ਲੁਕ ਚੱਲੇ।
ਮੂੰਹ ਪੁੱਤਾਂ ਦਾ ਦੇਖਣ ਲਈ ਤਰਸਦੇ ਹੀ, ਮਾਪੇ ਝੂਰਦੇ ਦੇਸ ਵਿਚ ਮੁੱਕ ਚੱਲੇ।
ਅਸੀਂ ਢਿੱਡ ਵਕੀਲਾਂ ਦਾ ਭਰੀ ਜਾਈਏ, 'ਹਰਾ ਪੱਤਾ' ਉਡੀਕਦੇ ਸੁੱਕ ਚੱਲੇ!

## ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਦੇਸ਼ ਵਾਪਸੀ ਸੌਖੀ ਹੋਵੇ

**ਅਨਿਲ ਮਲਹੋਤਰਾ**

ਲੰਡਨ ਬੋਰੋਅ ਆਫ਼ ਈਲਿੰਗ, ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿਚ ਪਟੀਸ਼ਨ ਰਾਹੀਂ 12 ਸਾਲਾਂ ਦੇ ਗੁਰਿੰਦਰਜੀਤ ਸਿੰਘ ਦੇ ਹੰਗਾਮੀ ਟਰੈਵਲ ਸਰਟੀਫਿਕੇਟ ਹਾਸਲ ਕਰਨ ਵਿਚ ਸਫਲ ਰਹੀ। ਇਹ ਸਾਰੀ ਕਾਰਵਾਈ ਇਸ ਲੇਖ ਦੇ ਲੇਖਕ ਰਾਹੀਂ ਸਿਰੇ ਚੜ੍ਹੀ। ਗੁਰਿੰਦਰਜੀਤ ਸਿੰਘ ਦੋ ਸਾਲ ਪਹਿਲਾਂ ਇੰਗਲੈਂਡ ਵਿਚ ਸਾਊਥਾਲ ਵਿਖੇ ਲਾਵਾਰਸ ਮਿਲਿਆ ਸੀ। ਉਹ ਗ਼ੈਰਕਾਨੂੰਨੀ ਪਰਵਾਸ ਦਾ ਮਾਰਿਆ ਹੋਇਆ ਸੀ। ਜਿਨ੍ਹਾਂ ਨੇ ਉਸਨੂੰ ਇਉਂ ਇਕੱਲਾ ਛੱਡਿਆ, ਉਹ ਆਪਣੇ ਗ਼ੈਰਕਾਨੂੰਨੀ ਪਰਵਾਸ ਨੂੰ ਲੁਕਾਈ ਰੱਖਣਾ ਚਾਹੁੰਦੇ ਸਨ। ਸ਼ਾਇਦ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਉਂ ਉਸਨੂੰ ਇਕੱਲਾ ਛੱਡਣ ਨਾਲ ਉਸਨੂੰ ਇੰਗਲੈਂਡ ਵਿਚ ਪੱਕਾ ਪਰਵਾਸ ਮਿਲ ਜਾਵੇਗਾ। ਇਸ ਤਰ੍ਹਾਂ ਹੋਇਆ ਨਹੀਂ। ਲੰਡਨ ਬੋਰੋਅ ਬ੍ਰਿਟਿਸ਼ ਅਦਾਲਤਾਂ ਰਾਹੀਂ ਮੁੰਡੇ ਦੀ ਸਰਪ੍ਰਸਤ ਬਣ ਗਈ ਅਤੇ ਉਸ ਦੀ ਦੇਸ਼ ਵਾਪਸੀ ਲਈ ਚਾਰਾਜੋਈ ਕਰਨ ਲੱਗੀ। ਖ਼ੁਸ਼ਕਿਸਮਤੀ ਨਾਲ ਇਹ ਮੁੰਡਾ ਆਪਣੇ 12ਵੇਂ ਜਨਮ ਦਿਨ ਮੌਕੇ ਪੰਜਾਬ ਵਿਚ ਆਪਣੇ ਪਿੰਡ ਆਪਣੇ ਪਰਿਵਾਰ ਕੋਲ ਸੀ। ਇੰਗਲੈਂਡ ਵਿਚ ਪਨਾਹ ਮਿਲਣ ਦੀ ਆਸ ਨੂੰ ਬੂਰ ਨਾ ਪਿਆ। ਸਰਪ੍ਰਸਤ ਜੱਜ ਦੇ ਫੈਸਲੇ ਤੋਂ ਬਾਅਦ 29 ਮਾਰਚ, 2010 ਨੂੰ ਆਪਣੇ ਘਰ ਪੁੱਜ ਕੇ ਗੁਰਿੰਦਰਜੀਤ ਆਪ ਵੀ ਖ਼ੁਸ਼ ਸੀ। ਅਫਸੋਸ ਕਿ ਪੰਜਾਬ ਤੋਂ ਗਏ ਅਤੇ ਲੈਸਟਰ (ਯੂ.ਕੇ.) ਦੀਆਂ ਗਲੀਆਂ 'ਤੇ ਚਾਰ ਮਹੀਨਿਆਂ ਤੋਂ ਰਹਿ ਰਹੇ ਦੋ ਗ਼ੈਰਕਾਨੂੰਨੀ ਪਰਵਾਸੀ, ਦੇਸ ਵਾਪਸੀ ਚਾਹੁਣ ਦੇ ਬਾਵਜੂਦ ਇੰਨੇ ਖ਼ੁਸ਼ਕਿਸਮਤ ਨਹੀਂ ਨਿਕਲੇ। ਉਨ੍ਹਾਂ ਦੇ ਹੰਗਾਮੀ ਟਰੈਵਲ ਸਰਟੀਫਿਕੇਟ ਅਜੇ ਜਾਰੀ ਨਹੀਂ ਹੋਏ।

ਯੂਨਾਈਟਿਡ ਨੇਸ਼ਨਜ਼ ਆਫਿਸ ਆਨ ਡਰੱਗਜ਼ ਐਂਡ ਆਰਗੇਨਾਈਜ਼ਡ ਕਰਾਈਮ ਵਲੋਂ ਚੰਡੀਗੜ੍ਹ ਵਿਚ ਕਰਵਾਏ ਸੈਮੀਨਾਰ ਦੌਰਾਨ ਰਿਪੋਰਟ ਵਿਚ ਇਹ ਦੱਸਿਆ ਗਿਆ ਕਿ ਹਰ ਸਾਲ ਪੰਜਾਬ ਵਿਚੋਂ 20,000 ਜਣੇ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦਾ ਯਤਨ ਕਰਦੇ ਹਨ। ਇਹ ਵੀ ਦੱਸਿਆ ਗਿਆ ਕਿ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਵਾਲੇ ਇਕ ਲੱਖ ਤੋਂ ਵਧ ਲੋਕ ਹੁਣ ਵਿਦੇਸ਼ੀ ਜੇਲ੍ਹਾਂ ਵਿਚ ਰੁਲ ਰਹੇ ਹਨ। ਇਨ੍ਹਾਂ ਨੂੰ ਰਿਹਾਈ ਦੀ ਕੋਈ ਆਸ ਨਹੀਂ। ਕਈ ਦੂਜੇ ਆਰਥਿਕ ਅਤੇ ਸਮਾਜਿਕ ਕਾਰਨਾਂ ਕਰਕੇ ਆਪਣੀ ਮਾਂ-ਭੂਮੀ ਤੋਂ ਸਦਾ ਸਦਾ ਲਈ ਦੂਰ ਰਹਿਣ ਲਈ ਮਜਬੂਰ ਹਨ।

ਉਨ੍ਹਾਂ ਦਾ ਵਿਰੋਧਾਭਾਸ ਹੁਣ ਦੁਚਿੱਤੀ ਵਿਚ ਵੱਟ ਗਿਆ ਹੈ ਅਤੇ ਉਨ੍ਹਾਂ ਦੀ ਵਾਪਸੀ ਸੁਪਨਾ ਹੋ ਗਈ ਹੈ। ਵਿਦੇਸ਼ ਪਹੁੰਚਾਉਣ ਦਾ ਨਾਜਾਇਜ਼ ਧੰਦਾ ਚਲਾਉਣ ਵਾਲੇ ਏਜੰਟ ਇਸ ਕਾਲੇ ਧੰਦੇ ਨਾਲ ਖ਼ੁਸ਼ਹਾਲ ਹੋ ਰਹੇ ਹਨ। ਅਲ ਐਸਕੋਰੀਅਲ (ਮੈਡਰਿਡ) ਅਤੇ ਸਸੈਕਸ (ਯੂ.ਕੇ.) ਪਰਵਾਸ ਬਾਰੇ ਸੈਮੀਨਾਰਾਂ ਵਿਚ ਹਿੱਸਾ ਲੈਣ ਪਿਛੋਂ ਇਸ ਲੇਖਕ ਨੂੰ ਅਜਿਹੇ ਬਦਨਾਮ ਅਤੇ ਘਿਣਾਉਣੇ ਰੈਕਟਾਂ ਤੋਂ ਬਚਾਅ ਲਈ ਗਲੋਬਲੀ ਹੱਲ ਲਈ ਰੱਖੀਆਂ ਤਜਵੀਜ਼ਾਂ ਤੋਂ ਲਾਭ ਮਿਲਿਆ।

ਪਾਸਪੋਰਟ ਐਕਟ-1967 ਅਤੇ ਪਾਸਪੋਰਟ ਰੂਲਜ਼-1980 ਵਿਚ ਹੰਗਾਮੀ ਹਾਲਤ ਵਿਚ ਟਰੈਵਲ ਸਰਟੀਫਿਕੇਟ ਜਾਰੀ ਕਰਨ ਦਾ ਪ੍ਰਬੰਧ ਹੈ। ਇਉਂ ਕੋਈ ਵੀ ਬੰਦਾ ਭਾਰਤ ਵਿਚ ਆ ਸਕਦਾ ਹੈ। ਵਿਦੇਸ਼ੀਂ ਰਹਿੰਦੇ ਜਿਨ੍ਹਾਂ ਭਾਰਤੀਆਂ ਦੇ ਪਾਸਪੋਰਟ ਗੁਆਚ ਗਏ ਹੋਣ ਜਾਂ ਚੋਰੀ ਜਾਂ ਖਰਾਬ ਹੋ ਗਏ ਹੋਣ ਅਤੇ ਜਿਨ੍ਹਾਂ ਨੂੰ ਤਸਦੀਕ ਕੀਤੇ ਬਗੈਰ ਪਾਸਪੋਰਟ ਜਾਰੀ ਨਹੀਂ ਹੋ ਸਕਦਾ, ਜਿਨ੍ਹਾਂ ਕੋਲ ਭਾਰਤੀ ਨਾਗਰਿਕਤਾ ਸਾਬਤ ਕਰਨ ਲਈ ਪੂਰੇ ਕਾਗਜ਼ਾਤ ਨਹੀਂ ਹਨ, ਜਾਂ ਜਿਨ੍ਹਾਂ ਦੇ ਪਾਸਪੋਰਟ ਜ਼ਬਤ ਜਾਂ ਮਨਸੂਖ਼ ਹੋ ਗਏ ਹਨ ਜਾਂ ਜਿਨ੍ਹਾਂ ਨੂੰ ਨਾਂਹ ਕਰ ਦਿੱਤੀ ਗਈ ਹੈ ਜਾਂ ਜਿਨ੍ਹਾਂ ਨੂੰ ਵਾਪਸ ਦੇਸ਼ ਭੇਜਣ ਲਈ ਕਿਹਾ ਗਿਆ ਹੋਵੇ, ਇਹ ਸਾਰੇ ਹੰਗਾਮੀ ਟਰੈਵਲ ਸਰਟੀਫਿਕੇਟ ਹਾਸਲ ਕਰ ਸਕਦੇ ਹਨ। ਭਾਰਤੀ ਸਫਾਰਤਖਾਨਿਆਂ ਦੇ ਕੌਂਸਲਖਾਨੇ ਇਹ ਹੰਗਾਮੀ ਟਰੈਵਲ ਸਰਟੀਫਿਕੇਟ ਜਾਰੀ ਕਰ ਸਕਦੇ ਹਨ। ਭਾਰਤ ਦੀਆਂ ਨੀਤੀਆਂ ਮੁਤਾਬਕ ਅਜਿਹੇ ਭਾਰਤੀ ਨਾਗਰਿਕਾਂ ਨੂੰ ਵਾਪਸੀ ਦੀ ਆਗਿਆ ਨਹੀਂ ਦਿੱਤੀ ਜਾਂਦੀ ਜਦੋਂ ਤੱਕ ਸੰਬੰਧਤ ਦੇਸ਼ ਵਿਚ ਭਾਰਤੀ ਸਫਾਰਤਖਾਨੇ ਵਲੋਂ ਤਸਦੀਕ ਨਹੀਂ ਕੀਤੀ ਜਾਂਦੀ।

ਉਂਜ, ਅਫਸੋਸ ਵਾਲੀ ਗੱਲ ਇਹ ਹੈ ਕਿ ਜਿਹੜੇ ਵਿਦੇਸ਼ਾਂ ਵਿਚ ਰੁਲ ਰਹੇ ਲੋਕ ਘਰ ਪਰਤਣਾ ਚਾਹੁੰਦੇ ਹਨ, ਉਨ੍ਹਾਂ ਲਈ ਨਾ ਤਾਂ ਕਾਨੂੰਨ ਅਤੇ ਨਾ ਹੀ ਕੋਈ ਨੀਤੀ ਮਦਦਗਾਰ ਸਾਬਤ ਹੋਈ ਹੈ। ਹੰਗਾਮੀ ਟਰੈਵਲ ਸਰਟੀਫਿਕੇਟ ਹਾਸਲ ਕਰਨ ਦਾ ਢੰਗ-ਤਰੀਕਾ ਬਹੁਤ ਮੁਸ਼ਕਿਲ, ਝੰਜਟ ਵਾਲਾ ਅਤੇ ਤਕਨੀਕੀ ਕਿਸਮ ਦਾ ਹੈ। ਕਿਸੇ ਭਾਰਤੀ ਨੂੰ ਕਿਸੇ ਦਸਤਾਵੇਜ਼ ਤੋਂ ਬਗੈਰ ਆਪਣੀ ਨਾਗਰਿਕਤਾ ਸਾਬਤ ਕਰਨਾ ਮੁਸ਼ਕਿਲ ਹੈ। ਵਿਦੇਸ਼ ਵਿਚਲੇ ਸਫਾਰਤਖਾਨੇ ਵਲੋਂ ਪਹਿਲਾਂ ਭਾਰਤ ਵਿਚ ਤਸਦੀਕ ਦੀ ਸ਼ਰਤ ਸਭ ਤੋਂ ਵੱਡੀ ਵੰਗਾਰ ਹੈ। ਸੰਬੰਧਤ ਦੇਸ਼ ਅਤੇ ਭਾਰਤ ਵਿਚਕਾਰ ਕਿਸੇ ਦੁਵੱਲੇ ਸਮਝੌਤੇ ਦੀ ਅਣਹੋਂਦ ਕਾਰਨ ਅਜਿਹੇ ਕੈਦੀਆਂ ਦਾ ਕੰਮ ਮੁਸ਼ਕਿਲ ਹੋ ਜਾਂਦਾ ਹੈ। ਨਤੀਜੇ ਵਜੋਂ ਵੱਡੀ ਗਿਣਤੀ ਵਿਚ ਭਾਰਤੀ ਬਾਸ਼ਿੰਦੇ ਵਿਦੇਸ਼ ਦੀਆਂ ਜੇਲ੍ਹਾਂ ਵਿਚ ਰੁਲ਼ ਰਹੇ ਹਨ। ਵਿਦੇਸ਼ੀ ਭਾਸ਼ਾਵਾਂ ਦੀ ਸਮਝ ਤੇ ਪੈਸਾ-ਧੇਲਾ ਨਾ ਹੋਣ ਅਤੇ ਰੁੱਖੇ ਵਿਹਾਰ-ਵਤੀਰੇ ਕਾਰਨ ਭਾਰਤੀ ਨਾਗਰਿਕਾਂ ਦੀਆਂ ਸਮੱਸਿਆਵਾਂ ਅਤੇ ਔਕੜਾਂ ਦੂਣ-ਸਵਾਈਆਂ ਹੋ ਜਾਂਦੀਆਂ ਹਨ।

ਅਸੀਂ ਅਜਿਹੇ ਬਦਕਿਸਮਤ ਭਾਰਤੀ ਨਾਗਰਿਕਾਂ ਦੀ ਦੁਰਦਸ਼ਾ ਖਤਮ ਕਰਨ ਅਤੇ ਉਨ੍ਹਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਵਿਚ ਕਿਸ ਤਰ੍ਹਾਂ ਮਦਦ ਕਰ ਸਕਦੇ ਹਾਂ ਜਿਨ੍ਹਾਂ ਨੂੰ ਭਾਰਤ ਵਾਪਸੀ ਲਈ ਮਦਦ ਦੀ ਲੋੜ ਹੈ। ਇਹ ਲੋਕ ਵਿਦੇਸ਼ਾਂ ਵਿਚ ਅਣਚਾਹੇ ਹੀ ਹਨ ਅਤੇ ਆਰਥਿਕ ਪੱਖੋਂ ਉਨ੍ਹਾਂ ਉਤੇ ਬੋਝ ਹਨ। ਉਥੇ ਅਜਿਹਾ ਕੋਈ ਵੀ ਨਹੀਂ ਜਿਹੜਾ ਉਨ੍ਹਾਂ ਦੀ ਦੇਸ਼ ਵਾਪਸੀ ਲਈ ਕੁਝ ਕਰੇ। ਫਿਰ ਇਸ ਮਸਲੇ ਦਾ ਹੱਲ ਕਿਵੇਂ, ਕੀ ਅਤੇ ਕਿੱਥੇ ਹੈ?

ਸ਼ਾਇਦ, ਇਸ ਦਾ ਸਭ ਤੋਂ ਚੰਗਾ ਹੱਲ ਇਹ ਹੈ-ਹਰ ਸੂਬਾ ਸਰਕਾਰ ਕੇਂਦਰ ਸਰਕਾਰ ਨੂੰ ਬੇਨਤੀ ਕਰੇ। ਅਗਾਂਹ ਕੇਂਦਰ ਸਰਕਾਰ ਨਵੀਂ ਦਿੱਲੀ ਵਿਚ ਸਾਰੇ ਦੇਸ਼ਾਂ ਦੇ ਸਫਾਰਤਖ਼ਾਨਿਆਂ ਨੂੰ ਕਹੇ ਕਿ ਉਨ੍ਹਾਂ ਦੇ ਮੁਲਕ ਵਿਚ ਗ਼ੈਰਕਾਨੂੰਨੀ ਪਰਵਾਸ ਕਾਰਨ ਜੇਲ੍ਹਾਂ ਵਿਚ ਡੱਕੇ ਭਾਰਤੀ ਨਾਗਰਿਕਾਂ ਦੀ ਸੂਚੀ ਦਿੱਤੀ ਜਾਵੇ। ਇਸਤੋਂ ਬਾਅਦ ਕੇਂਦਰ ਸਰਕਾਰ ਇਹ ਸੂਚੀਆਂ ਸਬੰਧਤ ਸੂਬਿਆਂ ਨੂੰ ਭੇਜੇ ਜਿੱਥੋਂ ਦੇ ਲੋਕ ਗ਼ੈਰਕਾਨੂੰਨੀ ਪਰਵਾਸੀ ਹਨ। ਸੂਬਾ ਸਰਕਾਰਾਂ ਨੂੰ ਸੂਚੀ ਮਿਲਣ ਤੋਂ ਬਾਅਦ ਸਬੰਧਤ ਬੰਦੇ ਬਾਰੇ ਤਸਦੀਕ ਕੀਤਾ ਜਾ ਸਕਦਾ ਹੈ। ਇਉਂ ਤਸਦੀਕ ਕਰਕੇ ਸਬੰਧਤ ਦੇਸ਼ ਵਿਚ ਭਾਰਤੀ ਸਫਾਰਤਖਾਨੇ ਵਲੋਂ ਹੰਗਾਮੀ ਟਰੈਵਲ ਸਰਟੀਫਿਕੇਟ ਜਾਰੀ ਕੀਤੇ ਜਾ ਸਕਦੇ ਹਨ ਅਤੇ ਉਨ੍ਹਾਂ ਦੀਆਂ ਪਾਸਪੋਰਟ ਅਰਜ਼ੀਆਂ ਅਗਾਂਹ ਸਬੰਧਤ ਇਲਾਕੇ ਵਿਚ ਭੇਜੀਆਂ ਜਾ ਸਕਦੀਆਂ ਹਨ। ਇਉਂ ਪਾਸਪੋਰਟ ਐਕਟ ਅਤੇ ਰੂਲਜ਼ ਮਦਦਗਾਰ ਸਾਬਤ ਹੋ ਸਕਦੇ ਹਨ।

ਫਿਲਹਾਲ, ਕੋਈ ਕਾਰਗਰ ਕਦਮ ਚੁੱਕਣ ਅਤੇ ਕੋਈ ਸ਼ੁਰੂਆਤ ਕਰਨ ਦੇ ਪੱਖ ਤੋਂ ਤਾਂ ਕੋਈ ਹੁੰਗਾਰਾ ਨਹੀਂ ਹੈ। ਜਦੋਂ ਤੱਕ ਸੂਬਾ ਸਰਕਾਰਾਂ ਅਗਾਂਹ ਗੱਲਬਾਤ ਸ਼ੁਰੂ ਕਰਨ ਲਈ ਕੇਂਦਰ ਸਰਕਾਰ ਉਤੇ ਜ਼ੋਰ ਨਹੀਂ ਪਾਉਂਦੀਆਂ, ਕੁਝ ਵੀ ਨਹੀਂ ਹੋਣਾ। ਇਕ ਗੱਲ ਵਲ ਧਿਆਨ ਦੇਣ ਦੀ ਲੋੜ ਹੈ ਜੋ ਕਿ ਜਦੋਂ ਗ਼ੈਰਕਾਨੂੰਨੀ ਪਰਵਾਸੀ ਆਪਣੇ ਘਰਾਂ ਨੂੰ ਪਰਤਣੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਦੀਆਂ ਕਹਾਣੀਆਂ ਹੋਰਾਂ ਨੂੰ ਗ਼ੈਰਕਾਨੂੰਨੀ ਪਰਵਾਸ ਤੋਂ ਰੋਕਣ ਦਾ ਜ਼ਰੀਏ ਬਣਨਗੀਆਂ। ਜਿਹੜੇ ਵਿਦੇਸ਼ ਜਾਣਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਕਹਾਣੀਆਂ ਸਬਕ ਹੋਣਗੀਆਂ। ਦੰਡ ਵਿਧਾਨ ਵੀ ਇਮਦਾਦ ਕਰੇਗਾ। ਹਰ ਪਾਸਿਓਂ ਨਵੇਂ ਉੱਠ ਰਹੇ ਵਰਤਾਰੇ ਨਾਲ ਨਵੇਂ ਰਾਹ ਦਿਸਣਗੇ।

## ਕਬੱਡੀ ਨੂੰ ਸੱਟਾ ਬਣਨੋਂ ਰੋਕਣ ਲਈ ਵੀ ਕਦਮ ਚੁੱਕੇ ਜਾਣ

**ਪ੍ਰਿੰ. ਸਰਵਣ ਸਿੰਘ**

ਪੰਜਾਬ 'ਚ ਹੀ ਹਰ ਸਾਲ ਸੱਤ ਅੱਠ ਸੌ ਟੂਰਨਾਮੈਂਟ ਹੁੰਦੇ ਹਨ। ਟੂਰਨਾਮੈਂਟ ਵਧ ਗਏ ਹਨ ਪਰ ਕਬੱਡੀ ਦੇ ਸਹੀ ਸਿਖਲਾਈ ਕੇਂਦਰ ਨਹੀਂ ਵਧੇ। ਕਲੱਬ ਵਧ ਗਏ ਹਨ, ਅਕੈਡਮੀਆਂ ਬਣ ਗਈਆਂ ਹਨ ਪਰ ਕਬੱਡੀ ਦਾ ਮਿਆਰ ਉਚੇਰਾ ਨਹੀਂ ਹੋ ਰਿਹਾ। ਕਬੱਡੀ ਦੀ ਤਕਨੀਕ ਨੇ ਲੋੜ ਮੁਤਾਬਕ ਵਿਕਾਸ ਨਹੀਂ ਕੀਤਾ। ਅਨੁਸ਼ਾਸਨ ਪੱਖੋਂ ਇਹ ਖੇਡ ਪੂਰੀ ਸੁਧਰ ਨਹੀਂ ਸਕੀ। ਖਿਡਾਰੀ ਡਰੱਗ ਲੈਣ ਲੱਗ ਪਏ ਹਨ, ਜਿਸ ਦਾ ਸਿਹਤ ਉਤੇ ਬਹੁਤ ਬੁਰਾ ਪ੍ਰਭਾਵ ਪੈ ਰਿਹੈ। ਕਬੱਡੀ ਫੈਡਰੇਸ਼ਨਾਂ ਨੂੰ ਉਦੋਂ ਡੋਪ ਟੈਸਟ ਕਰਾਉਣ ਦਾ ਚੇਤਾ ਆਇਆ ਜਦੋਂ ਡਰੱਗ ਨੇ ਅੱਤ ਚੁੱਕੀ ਤੇ ਖਿਡਾਰੀ ਮਰਨ ਲੱਗੇ।



ਕਈ ਖੇਡ ਮੈਦਾਨਾਂ ਵਿਚ ਸਿਰਫ ਟੂਰਨਾਮੈਂਟ ਹੀ ਹੁੰਦੇ ਹਨ, ਕਸਰਤਾਂ ਤੇ ਖੇਡ ਅਭਿਆਸ ਕੋਈ ਨਹੀਂ ਹੁੰਦਾ। ਦੋ-ਚਾਰ ਦਿਨਾਂ ਦੇ ਧੂਮ-ਧੜੱਕੇ ਬਾਅਦ ਸਾਰਾ ਸਾਲ ਉਥੇ ਡੰਗਰ ਚਰਦੇ ਤੇ ਬਰਬਰ ਉਡਦੀ ਹੈ। ਕਬੱਡੀ ਨਮਿੱਤ ਖਰਚੇ ਜਾਂਦੇ ਕਰੋੜਾਂ ਰੁਪਏ ਟੂਰਨਾਮੈਂਟਾਂ ਉਤੇ ਹੀ ਲੱਗ ਜਾਂਦੇ ਹਨ ਤੇ ਖੇਡ ਸਿਖਲਾਈ, ਖੇਡ ਸਾਮਾਨ ਤੇ ਖੇਡ ਮੈਦਾਨਾਂ ਦੇ ਰੱਖ-ਰਖਾਓ ਵਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਆਚਰਨ ਉਸਾਰੀ ਵਲ ਤਾਂ ਉੱਕਾ ਹੀ ਕੋਈ ਧਿਆਨ ਨਹੀਂ ਦੇ ਰਿਹਾ। ਖੇਡਾਂ ਦੀ ਸਭ ਤੋਂ ਵੱਡੀ ਗੱਲ ਹੁੰਦੀ ਹੈ ਖੇਡਾਂ ਰਾਹੀਂ ਖਿਡਾਰੀਆਂ ਨੂੰ ਵਧੀਆ ਇਨਸਾਨ ਬਣਾਉਣਾ। ਜੇ ਖਿਡਾਰੀ ਵਧੀਆ ਇਨਸਾਨ ਹੀ ਨਾ ਬਣੇ ਤਾਂ ਕਾਹਦੀਆਂ ਖੇਡਾਂ ਤੇ ਕਾਹਦੇ ਕਬੱਡੀ ਮੇਲੇ? ਆਓ ਗੰਭੀਰ ਹੋ ਕੇ ਸੋਚ-ਵਿਚਾਰ ਕਰੀਏ ਕਿ ਪੰਜਾਬੀਆਂ ਦੀ ਪਸੰਦੀਦਾ ਖੇਡ ਕਬੱਡੀ ਰਾਹੀਂ ਬੱਚਿਆਂ ਤੇ ਨੌਜਵਾਨਾਂ ਦੀ ਸਿਹਤ ਨਰੋਈ ਕਰਦਿਆਂ ਇਨਸਾਨੀਅਤ ਦੇ ਗੁਣ ਕਿਵੇਂ ਭਰੇ ਜਾਣ ਤੇ ਕਬੱਡੀ ਦਾ ਸਾਰਥਿਕ ਵਿਕਾਸ ਕਿਵੇਂ ਕੀਤਾ ਜਾਵੇ?

ਪਿਛਲੇ ਪੰਜਾਹ ਸਾਲਾਂ ਵਿਚ ਪੇਂਡੂ ਟੂਰਨਾਮੈਂਟਾਂ ਦੀ ਗਿਣਤੀ ਤਾਂ ਲਗਾਤਾਰ ਵਧੀ ਹੈ ਪਰ ਖੇਡ ਅਭਿਆਸ ਦੇ ਕੇਂਦਰ ਓਨੇ ਨਹੀਂ ਵਧੇ। ਕਿਸੇ ਵੀ ਖੇਡ ਮੈਦਾਨ ਵਿਚ ਟੂਰਨਾਮੈਂਟ ਕਰਾਉਣ ਦਾ ਸੁਆਦ ਤਦ ਹੀ ਆਉਂਦੈ ਜੇ ਉਸ ਮੈਦਾਨ 'ਚ ਸਾਰਾ ਸਾਲ ਖੇਡਾਂ ਖੇਡਣ ਦਾ ਮਾਹੌਲ ਬਣਿਆ ਰਹੇ। ਸੁਬ੍ਹਾ-ਸ਼ਾਮ ਖੇਡ ਮੈਦਾਨਾਂ ਵਿਚ ਰੌਣਕਾਂ ਲੱਗਣ। ਬੱਚੇ ਤੇ ਗੱਭਰੂ-ਸੁਬ੍ਹਾ-ਸ਼ਾਮ ਕਸਰਤਾਂ ਕਰਨ ਤੇ ਖੇਡਾਂ ਖੇਡਣ ਦਾ ਅਭਿਆਸ ਹੋਵੇ। ਉਹ ਨਸ਼ੇ ਪਾਣੀਆਂ ਤੋਂ ਬਚਣ ਤੇ ਬਜ਼ੁਰਗ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ।

ਅਸੀਂ ਇਹ ਵੀ ਨਹੀਂ ਕਹਿੰਦੇ ਕਿ ਟੂਰਨਾਮੈਂਟਾਂ ਦੇ ਇਨਾਮ ਕਿਉਂ ਵਧਾਈ ਜਾਂਦੇ ਓ? ਇਨਾਮ ਉਤਸ਼ਾਹ ਵਧਾਉਣ ਲਈ ਹਨ। ਜਿਹੜੇ ਇਨਾਮ, ਵਿਰੋਧੀ ਟੀਮਾਂ ਨਾਲ ਰਲ ਮਿਲ ਕੇ ਅੱਧੋ-ਅੱਧ ਵੰਡ ਲਏ ਜਾਣ, ਉਹ ਘਟਾਉਣੇ ਹੀ ਨਹੀਂ ਬਲਕਿ ਬੰਦ ਹੀ ਕਰ ਦੇਣੇ ਚਾਹੀਦੇ ਹਨ। ਅੱਜਕਲ੍ਹ ਇਹ ਰੁਝਾਨ ਆਮ ਵੇਖਣ ਨੂੰ ਮਿਲ ਰਹੇ ਕਿ ਟੂਰਨਾਮੈਂਟਾਂ ਦੀ ਬਹੁਤਾਤ ਕਾਰਨ ਕਈ ਖਿਡਾਰੀ ਟੀਮਾਂ ਬਦਲਦੇ ਤੇ ਆਪਸ ਵਿਚ ਰਲ ਕੇ ਇਨਾਮ ਵੰਡ ਲੈਂਦੇ ਹਨ। ਇਕੋ ਖਿਡਾਰੀ ਇਕ ਦਿਨ ਕਿਸੇ ਹੋਰ ਟੀਮ ਵਿਚ ਖੇਡਦਾ ਹੈ ਤੇ ਦੂਜੇ ਦਿਨ ਕਿਸੇ ਹੋਰ ਟੀਮ ਵਿਚ। ਟੀਮ ਦਾ ਨਾਂਅ ਵੀ ਇਕ ਟੂਰਨਾਮੈਂਟ ਵਿਚ ਹੋਰ ਹੁੰਦਾ ਹੈ ਤੇ ਦੂਜੇ ਵਿਚ ਹੋਰ।

ਇਥੋਂ ਤੱਕ ਕਿ ਦੋ-ਚਾਰ ਪਿੰਡਾਂ ਦੇ ਮੁੰਡਿਆਂ ਦੀ ਟੀਮ ਕਿਸੇ ਦਿਨ ਇਕ ਦੇਸ਼ ਦਾ ਨਾਂ ਵਰਤ ਲੈਂਦੀ ਹੈ ਤੇ ਕਿਸੇ ਦਿਨ ਦੂਜੇ ਦੇਸ਼ ਦਾ। ਇਕੋ ਖਿਡਾਰੀ ਇਕ ਦਿਨ ਕੈਨੇਡਾ ਦੀ ਟੀਮ ਵਿਚ ਖੇਡਦਾ ਹੈ ਤੇ ਦੂਜੇ ਦਿਨ ਅਮਰੀਕਨ ਡਾਲਰਾਂ ਨਾਲ ਅਮਰੀਕਾ ਵਲੋਂ ਕਬੱਡੀਆਂ ਪਾਉਂਦਾ ਹੈ। ਸਾਡੇ ਭੋਲੇ-ਭਾਲੇ ਕਬੱਡੀ ਖਿਡਾਰੀਆਂ ਤੇ ਉਨ੍ਹਾਂ ਦੇ ਖ਼ਲੀਫ਼ਿਆਂ ਨੂੰ ਇਹ ਵੀ ਨਹੀਂ ਪਤਾ ਕਿ ਸਥਾਨਕ ਕਲੱਬ ਲਈ ਕਿਸੇ ਮੁਲਕ ਦਾ ਨਾਂ ਵਰਤਣਾ ਕਾਨੂੰਨੀ ਤੌਰ 'ਤੇ ਗਲਤ ਹੈ। ਮੁਲਕ ਦੇ ਨਾਂ ਨਾਲ ਮੁਲਕ ਦੀ ਪ੍ਰਭੂਸੱਤਾ ਵੀ ਜੁੜੀ ਹੁੰਦੀ ਹੈ। ਅਮਰੀਕਾ ਦੀ ਟੀਮ ਅਮਰਗੜ੍ਹ ਤੇ ਇੰਗਲੈਂਡ ਦੀ ਇੰਦਰਗੜ੍ਹ ਤੋਂ ਹਾਰ ਜਾਵੇ ਤਾਂ ਅਮਰੀਕਨ ਤੇ ਇੰਗਲੈਂਡੀਏ ਕੀ ਸੋਚਣਗੇ? ਪਰ ਸਾਡੇ ਬੋਲੀਆਂ ਨੇ ਮੁਲਕਾਂ ਦਾ ਨਾਂ ਵਰਤਣਾ ਮਖੌਲ ਦੀ ਘੱਗਰੀ ਬਣਾਈ ਹੋਈ ਹੈ।

# ਮਹਿੰਗਾਈ ਵਿਰੋਧੀ ਖੱਬੀਆਂ ਪਾਰਟੀਆਂ ਦੇ ਅੰਦੋਲਨ ਦੀਆਂ ਮੁੱਖ ਮੰਗਾਂ

**ਕੁਲਦੀਪ ਸਿੰਘ**

ਦੇਸ਼ ਭਰ ਦੀ ਜਨਤਾ ਜ਼ਰੂਰੀ ਖੁਰਾਕੀ ਵਸਤਾਂ ਵਿਚ ਅਣਕਿਆਸੀ ਮਹਿੰਗਾਈ ਦਾ ਸ਼ਿਕਾਰ ਹੋਈ ਹੈ। ਇਸ ਮਹਿੰਗਾਈ ਨੇ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜ਼ਰੂਰੀ ਵਸਤਾਂ-ਚੌਲ, ਆਟਾ, ਦਾਲ, ਖੰਡ, ਖਾਣ ਵਾਲੇ ਤੇਲ, ਦੁੱਧ, ਸਬਜ਼ੀ ਆਦਿ-ਇਹ ਸਾਰੀਆਂ ਇੰਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਇਨ੍ਹਾਂ ਨੂੰ ਖਰੀਦ ਸਕਣਾ ਮੁਸ਼ਕਲ ਹੋ ਗਿਆ ਹੈ। ਇਸ ਸਭ ਲਈ ਕਾਂਗਰਸ ਦੀ ਯੂ.ਪੀ.ਏ. ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ ਹਨ। ਆਮ ਆਦਮੀ ਦੇ ਨਾਹਰੇ ਨਾਲ ਕਾਂਗਰਸ ਸੱਤਾ ਵਿਚ ਆਈ ਸੀ, ਪ੍ਰੰਤੂ ਸਰਕਾਰ ਬਣਾਉਂਦਿਆਂ ਹੀ ਉਸਨੇ ਜਿਨ੍ਹਾਂ ਨੀਤੀਆਂ ਨੂੰ ਅਪਨਾਇਆ, ਉਸ ਨਾਲ ਸਿਰਫ ਖਾਸ ਆਦਮੀ ਨੂੰ ਹੀ ਫਾਇਦਾ ਹੋਇਆ ਹੈ।

ਸਿੱਟਾ ਇਹ ਨਿਕਲਿਆ ਹੈ ਕਿ ਦਰਾਮਦ ਕੀਤੀ ਕਣਕ ਦੀ ਖਰੀਦ ਲਈ ਉਸਨੇ ਵੱਡੇ ਵਪਾਰੀਆਂ ਨੂੰ 12 ਤੋਂ 14 ਰੁਪਏ ਪ੍ਰਤੀ ਕਿਲੋ ਦਿੱਤੇ, ਜਦੋਂ ਕਿ ਉਸੇ ਸਾਲ ਆਪਣੇ ਦੇਸ਼ ਦੇ ਕਿਸਾਨਾਂ ਨੂੰ ਸਿਰਫ 9.50 ਰੁਪਏ ਪ੍ਰਤੀ ਕਿਲੋ। ਮਹਿੰਗੇ ਭਾਅ ਦਰਾਮਦ ਦੇ ਬਾਵਜੂਦ ਵੀ ਰਾਸ਼ਨ ਦੀਆਂ ਦੁਕਾਨਾਂ ਰਾਹੀਂ ਕਣਕ ਦੀ ਵੰਡ ਵਿਚ ਲਗਾਤਾਰ ਕਟੌਤੀ ਜਾਰੀ ਹੈ। ਖੁੱਲੀ ਮੰਡੀ ਵਿਚ ਕਣਕ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਜਾਰੀ ਹੈ। ਇਸ ਨਾਲ ਕਿਸ ਨੂੰ ਫਾਇਦਾ ਹੋ ਰਿਹਾ ਹੈ? ਨਾ ਤਾਂ ਕਿਸਾਨ ਅਤੇ ਨਾ ਹੀ ਆਮ ਖਪਤਕਾਰ ਨੂੰ, ਬਲਕਿ ਇਸਦਾ ਫਾਇਦਾ ਸਿਰਫ ਵੱਡੀਆਂ ਕੰਪਨੀਆਂ ਨੂੰ ਹੋ ਰਿਹਾ ਹੈ।

**ਇਹੀ ਕਹਾਣੀ ਖੰਡ ਦੀ:** ਦੋ ਸਾਲ ਪਹਿਲਾਂ ਜਦੋਂ ਕਿਸਾਨਾਂ ਨੇ ਗੰਨੇ ਦੀ ਬਹੁਤ ਭਰਪੂਰ ਪੈਦਾਵਾਰ ਕੀਤੀ ਸੀ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਉਪਜ ਦਾ ਉਚਿਤ ਮੁੱਲ ਨਾ ਦੇ ਕੇ ਉਨ੍ਹਾਂ ਨੂੰ ਉਲਟਾ ਦੰਡਿਤ ਕਰਨ ਦਾ ਕੰਮ ਕੀਤਾ ਗਿਆ। ਇਸ ਨਾਲ ਕਿਸ ਨੂੰ ਫਾਇਦਾ ਹੋਇਆ? ਵੱਡੀਆਂ ਖੰਡ ਕੰਪਨੀਆਂ ਨੇ ਇਸ ਤੋਂ ਬਹੁਤ ਜ਼ਿਆਦਾ ਮੁਨਾਫਾ ਕਮਾਇਆ। 33 ਕੰਪਨੀਆਂ ਨੇ ਸਿਰਫ ਇਕ ਸਾਲ ਵਿਚ ਆਪਣੇ ਮੁਨਾਫੇ ਨੂੰ 30 ਕਰੋੜ ਤੋਂ ਵਧਾ ਕੇ 900 ਕਰੋੜ ਕਰ ਲਿਆ, ਜੋ 2900 ਪ੍ਰਤੀਸ਼ਤ ਬਣਦਾ ਹੈ। ਕਿਸਾਨ ਤਾਂ ਇਸ ਤੋਂ ਪ੍ਰਭਾਵਿਤ ਹੋਇਆ ਹੀ, ਇਸਦੇ ਨਾਲ ਹੀ ਖਪਤਕਾਰਾਂ ਨੂੰ ਵੀ ਇਕ ਕਿਲੋ ਖੰਡ ਲਈ 50 ਰੁਪਏ ਤੱਕ ਦੇਣੇ ਪਏ। ਵਾਅਦਾ ਵਪਾਰ ਦੇ ਘੇਰੇ ਵਿਚ ਖੁਰਾਕੀ ਵਸਤਾਂ ਨੂੰ ਸ਼ਾਮਲ ਕਰਨ ਦੀ ਆਗਿਆ ਦੇਣਾ-ਇਹ ਸਰਕਾਰ ਦੀ ਇਕ ਹੋਰ ਨੀਤੀ ਰਹੀ, ਜਿਸ ਕਾਰਨ ਬੇਤਹਾਸ਼ਾ ਮਹਿੰਗਾਈ ਵਧੀ। ਜ਼ਰੂਰੀ ਖੁਰਾਕੀ ਵਸਤਾਂ ਲਈ ਮੁਨਾਫਾਖੋਰੀ ਦੀ ਆਗਿਆ ਕਿਉਂ ਦਿੱਤੀ ਗਈ? ਵਾਅਦਾ ਕਾਰੋਬਾਰ ਲਈ ਸ਼ੁਰੂਆਤ ਵਿਚ ਕਣਕ ਉਤੇ ਜੋ ਰੋਕ ਲੱਗੀ ਸੀ, ਉਸ ਰੋਕ ਨੂੰ ਵੀ ਕੇਂਦਰ ਨੇ ਹੁਣ ਹਟਾ ਲਿਆ। ਪ੍ਰਾਈਵੇਟ ਕੰਪਨੀਆਂ ਨੇ ਇਸ ਖੇਤਰ ਵਿਚ ਵੀ ਖੂਬ ਮੁਨਾਫਾ ਕਮਾਇਆ।

ਕੇਂਦਰ ਸਰਕਾਰ ਨੇ ਲੱਖਾਂ ਲੋਕਾਂ ਨੂੰ ਰਾਸ਼ਨ ਕਾਰਡ ਤੋਂ ਵਾਂਝਾ ਕਰਕੇ ਜਨਤਕ ਵੰਡ ਪ੍ਰਣਾਲੀ ਨੂੰ ਅਸਲ ਵਿਚ ਖਤਮ ਹੀ ਕਰ ਦਿੱਤਾ ਹੈ। ਦਿਹਾਤੀ ਭਾਰਤ ਵਿਚ ਇਕ ਕਮਾਊ ਵਿਅਕਤੀ ਲਈ ਗਰੀਬੀ ਰੇਖਾ ਦੀ 11 ਰੁਪਏ ਪ੍ਰਤੀਦਿਨ ਦੀ ਬੋਗਸ ਪਰਿਭਾਸ਼ਾ ਦਾ ਨਤੀਜਾ ਇਹ ਨਿਕਲਿਆ ਕਿ ਗਰੀਬਾਂ ਦੀ ਇਕ ਬਹੁਤ ਵੱਡੀ ਗਿਣਤੀ ਨੂੰ ਬੀ.ਪੀ.ਐਲ. ਕਾਰਡ ਨਹੀਂ ਮਿਲੇ ਅਤੇ ਬਾਕੀ ਗਰੀਬਾਂ ਬਾਰੇ ਕਿਹਾ ਗਿਆ ਕਿ ਉਹ ਗਰੀਬੀ ਦੀ ਰੇਖਾ ਤੋਂ ਉਪਰ ਹਨ। ਇਕ ਆਦਮੀ ਜਾਂ ਔਰਤ, ਜਿਸਦੀ ਕਮਾਈ 15 ਰੁਪਏ ਪ੍ਰਤੀਦਿਨ ਹੈ, ਕੀ ਉਹ ਗਰੀਬ ਨਹੀਂ ਹੈ? ਉਨ੍ਹਾਂ ਨੂੰ ਬੀ ਪੀ ਐਲ ਕਾਰਡ ਕਿਉਂ ਨਹੀਂ ਮਿਲੇ? ਪਿਛਲੇ 5 ਸਾਲਾਂ ਵਿਚ ਵੱਖ-ਵੱਖ ਰਾਜਾਂ ਵਿਚ ਰਾਸ਼ਨ ਪ੍ਰਣਾਲੀ ਲਈ ਦਿੱਤੇ ਜਾਣ ਵਾਲੇ ਚੌਲਾਂ ਅਤੇ ਕਣਕ ਵਿਚ 75 ਪ੍ਰਤੀਸ਼ਤ ਦੀ ਕਟੌਤੀ ਕੇਂਦਰ ਸਰਕਾਰ ਨੇ ਕੀਤੀ ਹੈ। ਗੈਰ ਜਥੇਬੰਦ ਮਜ਼ਦੂਰਾਂ ਦੇ ਸਾਰੇ-ਭਾਗਾਂ-ਜੋ ਕਮਾਊ ਕਿਰਤੀ ਜਨਤਾ ਦਾ ਲਗਭਗ 80 ਪ੍ਰਤੀਸ਼ਤ ਹਨ, ਨੂੰ ਬੀ ਪੀ ਐਲ ਕਾਰਡ ਦਿੱਤੇ ਜਾਣ। ਕਾਨੂੰਨ ਬਣਾ ਕੇ ਹਰੇਕ ਪਰਿਵਾਰ ਨੂੰ 2 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਘੱਟੋ ਘੱਟ 35 ਕਿਲੋ ਅਨਾਜ ਦਿੱਤਾ ਜਾਵੇ।



**ਸਭ ਲਈ ਰੁਜ਼ਗਾਰ:** ਖੱਬੀਆਂ ਪਾਰਟੀਆਂ ਨੇ ਇਕ ਵੱਡੇ ਸੰਘਰਸ਼ ਰਾਹੀਂ ਪਿਛਲੀ ਯੂ.ਪੀ.ਏ. ਸਰਕਾਰ ਨੂੰ ਦਿਹਾਤੀ ਭਾਰਤ ਵਿਚ 100 ਦਿਨ ਦਾ ਰੁਜ਼ਗਾਰ ਨਿਸ਼ਚਿਤ ਕਰਨ ਦਾ ਨਰੇਗਾ ਕਾਨੂੰਨ ਬਣਾਉਣ ਲਈ ਮਜ਼ਬੂਰ ਕੀਤਾ ਸੀ। ਪ੍ਰੰਤੂ ਇਸ ਕਾਨੂੰਨ ਤਹਿਤ ਹਰੇਕ ਪਰਿਵਾਰ ਦੇ ਸਿਰਫ ਇਕ ਵਿਅਕਤੀ ਨੂੰ ਹੀ ਇਹ ਰੁਜ਼ਗਾਰ ਮਿਲ ਸਕਦਾ ਹੈ। ਨਰੇਗਾ (ਰਾਸ਼ਟਰੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ) ਵਿਚ ਕੰਮ ਕਰਨ ਵਾਲਿਆਂ ਨੂੰ ਘੱਟੋ ਘੱਟ ਉਜਰਤ ਮਿਲਣ ਦੀ ਗਰੰਟੀ ਨਹੀਂ ਹੈ। ਪੀਸ ਰੇਟ ਉਜਰਤ ਨੂੰ ਪੈਦਾਵਾਰ ਦੇ ਬਹੁਤ ਉਚੇ ਅਤੇ ਨਾਮੁਮਕਿਨ ਮਾਪਦੰਡਾਂ ਨਾਲ ਜੋੜਿਆ ਗਿਆ ਹੈ, ਜਿਸ ਕਾਰਨ ਦੇਸ਼ ਦੇ ਵੱਡੇ ਹਿੱਸੇ ਦੇ ਮਜ਼ਦੂਰਾਂ ਨੂੰ ਪੂਰੀ ਉਜਰਤ ਨਹੀਂ ਮਿਲਦੀ। ਸ਼ਹਿਰੀ ਇਲਾਕਿਆਂ ਨੂੰ ਰੁਜ਼ਗਾਰ ਗਰੰਟੀ ਕਾਨੂੰਨ ਤੋਂ ਪੂਰੀ ਤਰ੍ਹਾਂ ਬਾਹਰ ਰੱਖਿਆ ਗਿਆ ਹੈ। ਕਰੋੜਾਂ ਨੌਜਵਾਨ ਅਤੇ ਮੁਟਿਆਰਾਂ ਕੰਮ ਦੀ ਭਾਲ ਵਿਚ ਹਨ। ਇਸ ਲਈ ਸਰਕਾਰ ਦੁਆਰਾ ਸ਼ਹਿਰੀ ਇਲਾਕਿਆਂ ਵਿਚ ਵੀ ਰੁਜ਼ਗਾਰ ਗਰੰਟੀ ਕਰਨ ਵਾਲਾ ਕਾਨੂੰਨ ਬਣਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਅਜੇ ਤੱਕ ਸਰਕਾਰ ਹੀ ਰੁਜ਼ਗਾਰ ਮੁਹੱਈਆ ਕਰਵਾਉਣ ਵਾਲੀ ਸਭ ਤੋਂ ਵੱਡੀ ਏਜੰਸੀ ਹੈ। ਪ੍ਰੰਤੂ ਆਪਣੀਆਂ ਉਦਾਰਵਾਦੀ ਆਰਥਿਕ ਨੀਤੀਆਂ ਦੇ ਚਲਦਿਆਂ ਕੇਂਦਰ ਸਰਕਾਰ ਨੇ ਭਰਤੀ ਉਤੇ ਪਾਬੰਦੀ ਲਾ ਰੱਖੀ ਹੈ। ਇਸਦਾ ਰੁਜ਼ਗਾਰ ਉਤੇ ਬਹੁਤ ਉਲਟ ਅਸਰ ਪਿਆ ਹੈ। ਘੱਟ ਗਿਣਤੀ ਭਾਈਚਾਰੇ ਨੂੰ ਵੀ ਨੌਕਰੀਆਂ ਤੋਂ ਵਾਂਝੇ ਰੱਖਿਆ ਗਿਆ ਹੈ ਅਤੇ ਕੇਂਦਰ ਸਰਕਾਰ ਉਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਕੋਈ ਕਦਮ ਨਹੀਂ ਚੁੱਕ ਰਹੀ। ਅੰਗਹੀਣ ਨਾਗਰਿਕ ਜਿਨ੍ਹਾਂ ਨੂੰ ਖਾਸ ਨੌਕਰੀਆਂ ਵਿਚ 3 ਪ੍ਰਤੀਸ਼ਤ ਦੇ ਰਾਖਵਾਂਕਰਨ ਦਾ ਹੱਕ ਮਿਲਿਆ ਹੋਇਆ ਹੈ, ਨੂੰ ਵੀ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਸਰਕਾਰ ਨੌਕਰੀਆਂ ਵਿਚ ਭਰਤੀ ਉਤੇ ਲੱਗੀ ਪਾਬੰਦੀ ਹਟਾਏ।

**ਭੂਮੀ ਸੁਧਾਰ ਅਤੇ ਭੂਮੀਹੀਣਾਂ ਤੇ ਬੇਘਰਿਆਂ ਲਈ ਜ਼ਮੀਨ ਦੇ ਪਟੇ:** ਲੋਕਾਂ ਦੀ ਇਕ ਬਹੁਤ ਵੱਡੀ ਗਿਣਤੀ ਪਿੰਡਾਂ ਵਿਚ ਰਹਿੰਦੀ ਹੈ ਅਤੇ ਉਨ੍ਹਾਂ ਵਿਚ ਭੂਮੀਹੀਣ ਖੇਤ ਮਜ਼ਦੂਰ ਸ਼ਾਮਲ ਹਨ ਅਤੇ ਅਜਿਹੇ ਲੋਕ ਵੀ ਹਨ, ਜਿਨ੍ਹਾਂ ਕੋਲ ਘਰ ਬਣਾਉਣ ਲਈ ਜ਼ਮੀਨ ਤੱਕ ਨਹੀਂ ਹੈ। ਅਜਿਹੀ ਸਥਿਤੀ ਵਿਚ ਭੂਮੀ ਸੁਧਾਰ ਦੇ ਮਹੱਤਵ ਉਤੇ ਜ਼ੋਰ ਦੇਣ ਦੀ ਲੋੜ ਹੈ। ਜਦੋਂ ਤੱਕ ਸਾਡੀ ਦਿਹਾਤੀ ਜਨਤਾ ਦੇ ਜ਼ਿਆਦਾਤਰ ਹਿੱਸੇ ਕੋਲ ਕੋਈ ਜਾਇਦਾਦ ਨਾ ਹੋਵੇ ਅਤੇ ਜਦੋਂ ਤੱਕ ਉਨ੍ਹਾਂ ਦੀ ਖਰੀਦ ਸ਼ਕਤੀ ਘੱਟ ਰਹੇਗੀ, ਭਾਰਤ ਦਾ ਵਿਕਾਸ ਹੋ ਹੀ ਨਹੀਂ ਸਕਦਾ। ਭੂਮੀਹੀਣਾਂ ਨੂੰ ਜ਼ਮੀਨ ਦੇਣ ਉਤੇ ਜ਼ੋਰ ਦੇਣ ਦੀ ਬਜਾਏ ਕੇਂਦਰ ਸਰਕਾਰਾਂ ਨੇ ਲਗਾਤਾਰ ਇਸ ਦੇ ਉਲਟ ਨੀਤੀਆਂ ਅਪਨਾਈਆਂ ਹਨ। ਉਹ ਕਾਰਪੋਰੇਟ ਕੰਪਨੀਆਂ ਨੂੰ ਜ਼ਮੀਨ ਖਰੀਦਣ ਦੀ ਜਾਂ ਛੋਟੇ ਕਿਸਾਨਾਂ ਤੋਂ ਜ਼ਮੀਨ ਪਟੇ ਉਤੇ ਲੈਣ ਦੀ ਆਗਿਆ ਦੇ ਰਹੀਆਂ ਹਨ। ਭਿੰਨ-ਭਿੰਨ ਸਰਕਾਰਾਂ ਦੁਆਰਾ ਕਥਿਤ ਬੰਜਰ ਭੂਮੀ ਦੇ ਵਿਸ਼ਾਲ ਇਲਾਕੇ ਕਾਰਪੋਰੇਟ ਕੰਪਨੀਆਂ ਨੂੰ ਸੌਂਪੇ ਜਾ ਰਹੇ ਹਨ। ਭਾਰਤ ਦੀ ਲਖੂਖਾ ਜਨਤਾ ਕੋਲ ਰਹਿਣ ਲਈ ਘਰ ਨਹੀਂ ਹੈ। ਇੰਦਰਾ ਆਵਾਸ ਯੋਜਨਾ ਬਿਲਕੁਲ ਹੀ ਨਾਕਾਫੀ ਹੈ। ਜ਼ਰੂਰਤ ਹੈ ਇਕ ਅਜਿਹੀ ਉਚਿਤ ਨੀਤੀ ਦੀ ਜੋ ਲੋਕਾਂ ਦੀ ਰਿਹਾਇਸ਼ ਲਈ ਜ਼ਮੀਨ ਅਤੇ ਮਕਾਨ ਦੀ ਗਰੰਟੀ ਕਰੇ। ਇਸ ਤੋਂ ਉਲਟ ਇਹ ਕਿ ਕੇਂਦਰ ਸਰਕਾਰ ਹੁਣ ਤੱਕ ਕਿਸਾਨਾਂ ਦੀ ਜ਼ਮੀਨ ਨੂੰ ਜ਼ਬਰਦਸਤੀ ਹਥਿਆਉਣ ਲਈ 1894 ਦੇ ਕਠੋਰ ਅਤੇ ਪੁਰਾਣੇ ਭੂਮੀ ਐਕੀਊਜ਼ੀਸ਼ਨ ਕਾਨੂੰਨ ਦਾ ਇਸਤੇਮਾਲ ਕਰ ਰਹੀ ਹੈ। 1894 ਦਾ ਕਾਨੂੰਨ ਰੱਦ ਕੀਤਾ ਜਾਵੇ, ਕਿਸਾਨਾਂ ਦੇ ਉਜਾੜੇ ਨੂੰ ਸੀਮਤ ਕੀਤਾ ਜਾਵੇ ਅਤੇ ਅਜਿਹੇ ਕਾਨੂੰਨ ਬਣਾਏ ਜਾਣ, ਜਿਨ੍ਹਾਂ ਨਾਲ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਮਿਲ ਸਕੇ, ਲਾਭ ਵਿਚ ਹਿੱਸਾ ਅਤੇ ਗੁਜ਼ਰ ਬਸਰ ਦੀ ਸੁਰੱਖਿਆ ਦੀ ਗਰੰਟੀ ਹੋਵੇ।

**ਪੱਛਮੀ ਬੰਗਾਲ ਨਾਲ ਇਕਮੁਠਤਾ:** ਅੱਜ ਪੱਛਮੀ ਬੰਗਾਲ ਜੋ ਕਿ ਦੇਸ਼ ਵਿਚ ਖੱਬੇ ਪੱਖੀ ਅਤੇ ਅਗਾਂਹਵਧੂ ਲਹਿਰ ਦਾ ਗੜ੍ਹ ਹੈ, ਉਤੇ ਪਿਛਾਖੜੀ ਤੇ ਪ੍ਰਤੀਕ੍ਰਿਆਵਾਦੀ ਤਾਕਤਾਂ ਭਿਅੰਕਰ ਹਮਲਾ ਕਰ ਰਹੀਆਂ ਹਨ। ਇਹ ਤਾਕਤਾਂ ਖੱਬੇ ਪੱਖੀ ਕਾਰਕੁੰਨਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਖਤਮ ਕਰਨ ਲਈ, ਉਨ੍ਹਾਂ ਦੇ ਘਰਾਂ ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਜਲਾਉਣ ਲਈ ਹਿੰਸਾ ਦੀ ਵਰਤੋਂ ਕਰ ਰਹੀਆਂ ਹਨ। ਇਹ ਘਿਨਾਉਣੀਆਂ ਸ਼ਕਤੀਆਂ ਇਥੋਂ ਤੱਕ ਕਿ ਔਰਤਾਂ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ ਰਹੀਆਂ। ਲੋਕ ਸਭਾ ਚੋਣਾਂ ਤੋਂ ਬਾਅਦ 168 ਖੱਬਾ ਮੋਰਚਾ ਆਗੂਆਂ, ਕਾਰਕੁੰਨਾਂ ਅਤੇ ਸਮਰਥਕਾਂ ਦੀ ਵਹਿਸ਼ੀ ਹੱਤਿਆ ਕੀਤੀ ਜਾ ਚੁੱਕੀ ਹੈ।

ਇਸ ਹਮਲੇ ਦੀ ਅਗਵਾਈ ਤ੍ਰਿਣਮੂਲ ਕਾਂਗਰਸ, ਮਾਓਵਾਦੀਆਂ ਨਾਲ ਮਿਲ ਕੇ ਕਰ ਰਹੀ ਹੈ। ਤ੍ਰਿਣਮੂਲ ਕਾਂਗਰਸ ਅਤੇ ਉਸਦੀ ਅਗਵਾਈ ਵਿਚ ਅਤਿ ਸੱਜੇ ਪੱਖੀ ਅਤੇ ਅਤਿ ਖੱਬੇ ਪੱਖੀ ਪਾਰਟੀਆਂ ਅਤੇ ਤਾਕਤਾਂ ਦੇ ਗਠਜੋੜ ਦਾ ਇਕ ਸੂਤਰੀ ਪ੍ਰੋਗਰਾਮ ਹੈ-ਬੰਗਾਲ ਵਿਚ ਅਸਥਿਰਤਾ ਪੈਦਾ ਕਰਨਾ ਅਤੇ ਇਨ੍ਹਾਂ ਹੱਥਕੰਡਿਆਂ ਰਾਹੀਂ ਖੱਬਾ ਮੋਰਚਾ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨਾ। ਪੱਛਮੀ ਬੰਗਾਲ ਵਿਚ ਖੱਬੇ ਪੱਖੀ ਕਾਰਕੁੰਨਾਂ ਉਤੇ ਹੋ ਰਹੇ ਹਮਲੇ ਸਿਰਫ ਪੱਛਮੀ ਬੰਗਾਲ ਦੇ ਲੋਕਾਂ ਲਈ ਹੀ ਨਹੀਂ, ਸਗੋਂ ਪੂਰੇ ਦੇਸ਼ ਦੇ ਜਮਹੂਰੀਅਤ ਪਸੰਦ ਨਾਗਰਿਕਾਂ ਲਈ ਚਿੰਤਾ ਦਾ ਵਿਸ਼ਾ ਹਨ। ਅਸੀਂ ਤ੍ਰਿਣਮੂਲ-ਮਾਓਵਾਦੀ ਹਿੰਸਾ ਦੇ ਖਿਲਾਫ ਪੱਛਮੀ ਬੰਗਾਲ ਦੀ ਬਹਾਦਰ ਜਨਤਾ ਨਾਲ ਅਤੇ ਜਮਹੂਰੀਅਤ ਦੀ ਰੱਖਿਆ ਲਈ ਸੰਘਰਸ਼ ਨਾਲ ਆਪਣੀ ਇਕਮੁਠਤਾ ਪ੍ਰਗਟ ਕਰਦੇ ਹਾਂ।

# ਰਿਸ਼ਤਿਆਂ ਦੀ ਬਲੈਕਮੇਲਿੰਗ ਦਾ ਸ਼ਿਕਾਰ ਹਨ ਪਰਵਾਸੀ ਭਾਰਤੀ

**ਅਰਜੁਨ ਸ਼ਰਮਾ**

ਪੂਰੇ ਜ਼ੋਰ-ਸ਼ੋਰ ਨਾਲ ਇਕ ਹੀ ਗੱਲ ਦਾ ਵਾਰ-ਵਾਰ ਕੀਤਾ ਗਿਆ ਪ੍ਰਚਾਰ ਅਕਸਰ ਹੀ ਜਨਤਾ ਦੇ ਮਨ ਵਿਚ ਸੱਚਾਈ ਦਾ ਰੁਤਬਾ ਹਾਸਿਲ ਕਰ ਲੈਂਦਾ ਹੈ, ਜਦਕਿ ਉਸ ਕਥਿਤ ਸੱਚਾਈ ਦੇ ਕਈ ਹੋਰ ਪਹਿਲੂ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦਾ ਬੋਝ ਇਸ ਸੱਚਾਈ ਦਾ ਸ਼ਿਕਾਰ ਹੋਏ ਆਦਮੀ ਨੂੰ ਇਕੱਲਿਆਂ ਹੀ ਚੁੱਕਣਾ ਪੈਂਦਾ ਹੈ, ਜਦਕਿ ਉਨ੍ਹਾਂ ਤੱਥਾਂ 'ਤੇ ਹੋਰ ਕੋਈ ਨਜ਼ਰ ਵੀ ਨਹੀਂ ਮਾਰਦਾ।

ਵਿਦੇਸ਼ਾਂ 'ਚ ਜਾਣ ਵਾਲੇ ਪੰਜਾਬੀ ਨੌਜਵਾਨਾਂ 'ਤੇ ਅਕਸਰ ਹੀ ਇਹ ਦੋਸ਼ ਲੱਗਦੇ ਹਨ ਕਿ ਉਨ੍ਹਾਂ ਨੇ ਕੈਨੇਡਾ, ਅਮਰੀਕਾ ਜਾਂ ਕਿਸੇ ਵੀ ਦੇਸ਼ ਤੋਂ ਵਾਪਿਸ ਆ ਕੇ ਭੋਲੀ-ਭਾਲੀ ਕੁੜੀ ਨਾਲ ਵਿਆਹ ਕਰਵਾ ਲਿਆ ਤੇ ਨਾਲ ਲਿਜਾਣ ਦਾ ਵਾਅਦਾ ਕਰਕੇ ਅਜਿਹਾ ਫੁਰਰ ਹੋਇਆ ਕਿ ਉਸਨੇ ਪਿੱਛੇ ਮੁੜ ਕੇ ਵੀ ਨਹੀਂ ਦੇਖਿਆ। ਇਹ ਸੱਚ ਵੀ ਹੈ ਪਰ ਅਧੂਰਾ ਸੱਚ ਹੈ। ਇਸ ਨਾਲ ਕਈ ਹੋਰ ਪਹਿਲੂ ਵੀ ਜੁੜੇ ਹੋਏ ਹਨ, ਜੋ ਇਸ ਸਮੱਸਿਆ ਵਲ ਧਿਆਨ ਮੰਗਦੇ ਹਨ। ਮੈਂ ਪੂਰੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਅਜਿਹੀਆਂ ਹਰਕਤਾਂ ਲਈ ਇਕੱਲਾ ਪਰਵਾਸੀ ਦੋਸ਼ੀ ਨਹੀਂ ਹੁੰਦਾ। ਜਿਨ੍ਹਾਂ ਰਿਸ਼ਤਿਆਂ ਦੀ ਡੋਰ ਨਾਲ ਬੱਝਾ ਉਹ ਆਪਣੇ ਵਤਨ ਵਿਚ ਬੈਠੇ ਲੋਕਾਂ ਨੂੰ, ਭਾਵ ਆਪਣਿਆਂ ਨੂੰ ਮਿਲਣ ਲਈ ਆਉਂਦਾ ਹੈ, ਉਹ ਉਨ੍ਹਾਂ ਦੀ ਉਸ ਵੇਲੇ ਦੀ ਮਨੋਦਸ਼ਾ ਨੂੰ ਧਿਆਨ ਵਿਚ ਰੱਖ ਕੇ ਆਉਂਦਾ ਹੈ, ਜਦੋਂ ਉਹ ਪਹਿਲੀ ਵਾਰ ਵਿਦੇਸ਼ ਗਿਆ ਹੁੰਦਾ ਹੈ। ਜਦਕਿ ਡਾਲਰ, ਪੌਂਡ ਤੇ ਪੈਸੇ ਦੇ ਨਾਲ ਨਾਲ ਰਿਸ਼ਤਿਆਂ ਵਿਚ ਲਾਲਚ ਦੇ ਜੋ ਕੀਟਾਣੂ ਦਾਖਲ ਹੋ ਚੁੱਕੇ ਹੁੰਦੇ ਹਨ, ਉਨ੍ਹਾਂ ਦਾ ਪਤਾ ਉਸ ਨੂੰ ਉਦੋਂ ਲੱਗਦਾ ਹੈ, ਜਦੋਂ ਉਹ ਵਿਦੇਸ਼ ਤੋਂ ਢੇਰ ਸਾਰੀ ਦੌਲਤ ਲੈ ਕੇ ਕੁਝ ਦਿਨਾਂ ਲਈ ਆਪਣੇ ਘਰ ਆਉਂਦਾ ਹੈ।

ਪਿਛਲੇ ਦਿਨੀਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਮੈਨੂੰ ਆਪਣੇ ਕਿਸੇ ਮਿੱਤਰ ਦੀ ਉਡੀਕ ਵਿਚ ਪੂਰਾ ਦਿਨ ਬਿਤਾਉਣਾ ਪਿਆ। ਉਥੇ ਲਾਬੀ ਵਿਚ ਬੈਠੇ-ਬੈਠੇ ਲੱਗਭਗ 2 ਦਰਜਨ ਪਰਵਾਸੀ ਨੌਜਵਾਨਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਜਦੋਂ ਗੱਲਬਾਤ ਕਰਦਿਆਂ ਉਹ ਖੁੱਲ੍ਹ ਕੇ ਬੋਲਣ ਲੱਗ ਪਏ ਤਾਂ ਮੇਰੇ ਕੋਲ ਸਵਾਲ ਖਤਮ ਹੋ ਗਏ। ਕਿਉਂਕਿ ਮੂਲ ਸਵਾਲ ਇਹ ਸੀ ਕਿ ਜਦ ਤੁਸੀਂ ਇਥੇ ਰਹਿਣਾ ਹੀ ਨਹੀਂ, ਵਿਦੇਸ਼ ਵਿਚ ਵੀ ਵਿਆਹ ਕਰਵਾਇਆ ਹੋਇਆ ਹੈ ਤਾਂ ਇੱਥੇ ਆ ਕੇ ਕੁੜੀਆਂ ਦਾ ਜੀਵਨ ਕਿਉਂ ਬਰਬਾਦ ਕਰਦੇ ਹੋ? ਇਸ ਸਵਾਲ ਦੇ ਜਵਾਬ ਵਿਚ ਦਰਜਨਾਂ ਤੱਥਾਂ ਨਾਲ ਮੇਰਾ ਪਹਿਲੀ ਵਾਰ ਸਾਹਮਣਾ ਹੋਇਆ।

ਇਕ ਨੌਜਵਾਨ ਨੇ ਦੱਸਿਆ ਕਿ ''ਮੈਂ ਘਰ ਆਉਂਦਿਆਂ ਹੀ ਸਾਰਿਆਂ ਨੂੰ ਦੱਸ ਦਿੱਤਾ ਸੀ ਕਿ ਵਿਦੇਸ਼ ਵਿਚ ਸੈਟਲ ਹੋਣ ਲਈ ਮੈਨੂੰ ਉਥੇ ਵਿਆਹ ਕਰਵਾਉਣਾ ਪਿਆ ਤੇ ਮੈਂ ਉਸ



ਵਿਆਹੁਤਾ ਜ਼ਿੰਦਗੀ ਤੋਂ ਕਾਫੀ ਖੁਸ਼ ਵੀ ਹਾਂ। ਇਹ ਗੱਲ ਸੁਣ ਕੇ ਮੇਰੇ ਮਾਂ-ਬਾਪ ਅਤੇ ਭਰਾਵਾਂ ਨੂੰ ਲੱਗਾ ਕਿ ਮੈਂ, ਜੋ ਹੁਣ ਉਨ੍ਹਾਂ ਲਈ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ ਬਣ ਚੁੱਕਾ ਹਾਂ, ਵਿਦੇਸ਼ ਵਿਚ ਸੈਟਲ ਹੋ ਚੁੱਕਾ ਹਾਂ, ਵਿਆਹ ਵੀ ਕਰਵਾ ਲਿਆ ਹੈ, ਕਿਤੇ ਉਨ੍ਹਾਂ ਦੇ ਹੱਥੋਂ ਨਾ ਨਿਕਲ ਜਾਵਾਂ। ਮੇਰੇ ਪਿਤਾ ਨੇ ਵਾਸਤੇ ਪਾਉਂਦਿਆਂ ਕਿਹਾ ਕਿ ਮੈਂ ਫਲਾਣੇ ਆਦਮੀ ਦੀ ਕੁੜੀ ਨਾਲ ਤੇਰੇ ਵਿਆਹ ਦਾ ਵਾਅਦਾ ਕਰ ਚੁੱਕਾ ਹਾਂ। ਮਾਂ ਨੇ ਮਮਤਾ ਦਾ ਵਾਸਤਾ ਦੇ ਕੇ ਕਿਹਾ ਕਿ ਤੂੰ ਉਸ ਕੁੜੀ ਨੂੰ ਨਾਲ ਲੈ ਕੇ ਨਾ ਜਾਵੀਂ, ਉਹ ਇੱਥੇ ਸਾਡੀ ਸੇਵਾ ਕਰਦੀ ਰਹੇਗੀ। ਵਿਆਹ ਦੇ ਬਹਾਨੇ ਮੇਰੀਆਂ ਤਾਰਾਂ ਉਨ੍ਹਾਂ ਨਾਲ ਜੁੜੀਆਂ ਰਹਿਣ, ਇਸੇ ਮਕਸਦ ਨਾਲ ਮੇਰਾ ਵਿਆਹ ਕਰ ਦਿੱਤਾ ਗਿਆ। ਹੁਣ ਮੈਂ ਸਾਰੀ ਖੇਡ ਸਮਝ ਗਿਆ ਹਾਂ। ਇਨ੍ਹਾਂ ਰਿਸ਼ਤਿਆਂ ਵਿਚ ਹੁਣ ਲਾਲਚ ਆ ਚੁੱਕਾ ਹੈ। ਜਦੋਂ 4 ਸਾਲ ਪਹਿਲਾਂ ਮੈਂ ਪਿੰਡ ਵਿਚ ਰਹਿੰਦਾ ਸੀ, ਉਦੋਂ ਮੈਨੂੰ ਕੋਈ ਆਪਣੀ ਕੁੜੀ ਤਾਂ ਕੀ, ਬੱਕਰੀ ਦੇਣ ਲਈ ਵੀ ਤਿਆਰ ਨਹੀਂ ਸੀ ਕਿਉਂਕਿ ਮੈਂ ਸਿਰਫ 7 ਜਮਾਤਾਂ ਪਾਸ ਹਾਂ ਤੇ ਮੈਨੂੰ ਕੋਈ ਵੀ ਕੰਮ ਨਹੀਂ ਸੀ ਆਉਂਦਾ। ਉਸ ਤੋਂ ਬਾਅਦ ਮੈਂ ਵਿਦੇਸ਼ ਵਿਚ ਮਿਹਨਤ-ਮਜ਼ਦੂਰੀ ਕਰਕੇ ਪੈਸਾ ਕਮਾ ਲਿਆ ਤਾਂ ਪਿੰਡ ਦੇ ਸਰਪੰਚ ਨੇ ਆਪਣੀ ਡਬਲ ਐਮ.ਏ. ਪਾਸ ਕੁੜੀ ਨਾਲ ਮੇਰਾ ਵਿਆਹ ਕਰਦਿਆਂ ਪੂਰੇ ਇਲਾਕੇ ਵਿਚ ਸਭ ਤੋਂ ਵੱਡਾ ਜਸ਼ਨ ਮਨਾਇਆ, ਦਾਜ ਵਿਚ 10 ਲੱਖ ਰੁਪਏ ਵੀ ਦਿੱਤੇ, ਉਹ ਇਸ ਲਾਲਚ ਵਿਚ ਕਿ ਉਨ੍ਹਾਂ ਦੀ ਧੀ ਵਿਦੇਸ਼ ਚਲੀ ਜਾਵੇਗੀ। ਹੁਣ ਮੈਂ ਕਦੇ ਵੀ ਵਾਪਿਸ ਭਾਰਤ ਨਹੀਂ ਆਵਾਂਗਾ।

ਮੈਨੂੰ ਅਫਸੋਸ ਹੈ ਕਿ ਮੇਰੇ ਘਰਵਾਲਿਆਂ ਤੇ ਆਪਣੇ ਘਰਵਾਲਿਆਂ ਦੇ ਲਾਲਚ ਦਾ ਸ਼ਿਕਾਰ ਹੋਈ ਮੇਰੀ ਕਥਿਤ ਪਤਨੀ ਨੂੰ ਬਿਨਾਂ ਕਿਸੇ ਕਸੂਰ ਦੇ ਸਜ਼ਾ ਭੁਗਤਣੀ ਪਵੇਗੀ। ਮੈਨੂੰ ਪਤਾ ਹੈ ਕਿ ਐਨ.ਆਰ.ਆਈ. ਲੋਕਾਂ ਨੂੰ ਡਰਾਉਣ ਵਾਲੇ ਰਾਜਨੇਤਾ ਮੇਰੇ ਮਾਮਲੇ 'ਤੇ ਸਿਆਸਤ ਤਾਂ ਕਰਨਗੇ ਪਰ ਮੇਰੇ ਸੱਚ ਨੂੰ ਨਾ ਸਮਝ ਸਕਣਗੇ ਤੇ ਨਾ ਉਸਨੂੰ ਮਾਨਤਾ ਦੇਣਗੇ।''

ਇਕ ਹੋਰ ਨੌਜਵਾਨ ਦੀ ਕਹਾਣੀ ਤਾਂ ਹਿਲਾ ਕੇ ਰੱਖ ਦੇਣ ਵਾਲੀ ਸੀ। ਉਸ ਨੇ ਦੱਸਿਆ ਕਿ ਉਹ 6 ਸਾਲਾਂ ਤੋਂ ਵਿਦੇਸ਼ ਵਿਚ ਰਹਿ ਰਿਹਾ ਹੈ, ਸਿਰਫ 8 ਜਮਾਤਾਂ ਪਾਸ ਹੈ ਤੇ 'ਕਬੂਤਰ' ਬਣ ਕੇ ਬਾਹਰ ਗਿਆ ਸੀ। ਛੇ ਸਾਲ ਉਥੇ ਲੁਕ ਕੇ ਕੰਮ ਕਰਦਾ ਰਿਹਾ। ਏਜੰਟ ਨੇ ਉਸ ਦਾ ਪਾਸਪੋਰਟ ਨਸ਼ਟ ਕਰਵਾ ਦਿੱਤਾ ਸੀ। ਲੰਮੀ ਜਦੋਜਹਿਦ ਤੋਂ ਬਾਅਦ ਉਹ ਭਾਰਤੀ ਦੂਤਘਰ ਦੀ ਸਲਿੱਪ 'ਤੇ ਵਾਪਿਸ ਆਇਆ। ਉਸਨੇ ਦੱਸਿਆ ਕਿ ''ਘਰਵਾਲੇ ਅਨਪੜ੍ਹ ਹਨ। ਉਨ੍ਹਾਂ ਨੂੰ ਮੇਰੀ ਗੱਲ ਸਮਝ ਨਹੀਂ ਆਈ, ਉਪਰੋਂ ਸਿਤਮ ਦੀ ਗੱਲ ਇਹ ਹੈ ਕਿ ਮੈਂ 20 ਸਾਲ ਦੀ ਉਮਰ ਤਕ ਜਿਸ ਮਾਸੀ ਦੀ ਕੁੜੀ ਤੋਂ ਰੱਖੜੀ ਬੰਨ੍ਹਵਾਉਂਦਾ ਰਿਹਾ, ਹੁਣ ਮੇਰੇ ਲਾਲਚੀ ਪਰਿਵਾਰ ਦਾ ਦਬਾਅ ਹੈ ਕਿ ਮੈਂ ਆਪਣੀ ਉਸੇ ਭੈਣ ਨਾਲ ਵਿਆਹ ਕਰਵਾ ਕੇ ਉਸ ਨੂੰ ਵਿਦੇਸ਼ ਲੈ ਜਾਵਾਂ। ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਮੈਂ ਹੁਣ ਉਸ ਦੇਸ਼ ਵਿਚ ਵਾਪਿਸ ਵੀ ਨਹੀਂ ਜਾ ਸਕਦਾ। ਆਪਣੇ ਨਾਲ ਹੋ ਰਹੀ ਇਸ ਬੇਇਨਸਾਫ਼ੀ ਦਾ ਮੈਂ ਇਹ ਨਤੀਜਾ ਕੱਢਿਆ ਕਿ ਵਿਆਹ ਲਈ 6 ਮਹੀਨਿਆਂ ਦਾ ਸਮਾਂ ਮੰਗ ਲਿਆ। ਪੈਸੇ ਦੇ ਕੇ ਨਵੇਂ ਪਾਸਪੋਰਟ ਦਾ ਜੁਗਾੜ ਕੀਤਾ ਤੇ ਹੁਣ ਮਜ਼ਦੂਰੀ ਕਰਨ ਲਈ ਡੁਬਈ ਜਾ ਰਿਹਾ ਹਾਂ। ਘਰਵਾਲਿਆਂ ਨੂੰ ਬਿਨਾ ਦੱਸੇ ਜਾ ਰਿਹਾ ਹਾਂ। ਮੈਂ ਤਾਂ ਆਪਣੇ ਪਿੰਡ ਦੀ ਹਰ ਕੁੜੀ ਨੂੰ ਭੈਣ ਮੰਨਣ ਵਾਲੇ ਸੰਸਕਾਰਾਂ 'ਚ ਵੱਡਾ ਹੋਇਆ ਹਾਂ, ਜਦਕਿ ਉਹੀ ਸੰਸਕਾਰ ਦੇਣ ਵਾਲੇ ਖੁਦ ਪਵਿੱਤਰ ਰਿਸ਼ਤਿਆਂ ਨੂੰ ਕਲੰਕਿਤ ਕਰਨ ਲੱਗ ਪਏ ਹਨ। ਘੱਟੋ-ਘੱਟ ਆਪਣੀ ਭੈਣ ਨਾਲ ਵਿਆਹ ਕਰਵਾਉਣ ਦੇ ਕਲੰਕ ਨਾਲੋਂ ਤਾਂ ਚੰਗਾ ਹੈ ਕਿ ਡੁਬਈ ਦੀ ਗਰਮੀ ਵਿਚ ਜਾ ਕੇ ਆਪਣੇ ਸਰੀਰ ਨੂੰ ਸਾੜ ਦਿਆਂ।''

ਅਜਿਹੀਆਂ ਕਈ ਕਹਾਣੀਆਂ ਸੁਣਨ ਨੂੰ ਮਿਲੀਆਂ, ਜਿਨ੍ਹਾਂ 'ਚ ਕੋਈ ਮਾਂ-ਬਾਪ ਅਤੇ ਭਰਾਵਾਂ ਦੇ ਲਾਲਚ ਦਾ ਸ਼ਿਕਾਰ ਹੋਇਆ ਤਾਂ ਕੋਈ ਭੈਣ ਤੇ ਜੀਜੇ ਕਾਰਨ ਇਮੋਸ਼ਨਲ ਬਲੈਕਮੇਲਿੰਗ ਦਾ। ਪਰਵਾਸੀ ਮਾਮਲਿਆਂ 'ਤੇ ਕੰਮ ਕਰਨ ਵਾਲੇ ਗੈਰ-ਸਰਕਾਰੀ ਸੰਗਠਨਾਂ ਨੂੰ ਇਨ੍ਹਾਂ ਤੱਥਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਅੱਜ ਕਲ੍ਹ ਤਾਂ ਵਿਦੇਸ਼ ਤੋਂ ਆਏ ਆਦਮੀ ਦਾ ਪਾਸਪੋਰਟ ਜਾਂ ਸੋਸ਼ਲ ਸਕਿਓਰਿਟੀ ਕਾਰਡ ਦੇਖ ਕੇ ਪਤਾ ਲੱਗ ਸਕਦਾ ਹੈ ਕਿ ਉਹ ਵਿਦੇਸ਼ ਵਿਚ ਵਿਆਹ ਕਰਵਾ ਚੁੱਕਾ ਹੈ ਜਾਂ ਨਹੀਂ। ਵਿਦੇਸ਼ 'ਚ ਸੈਟਲ ਹੋਣ ਦੇ ਤਰੀਕੇ ਹੀ ਦੋ ਹਨ-ਜਾਂ ਤਾਂ ਪ੍ਰੋਫੈਸ਼ਨਲ ਡਿਗਰੀ ਹੋਵੇ, ਜਿਵੇਂ ਡਾਕਟਰ ਜਾਂ ਇੰਜੀਨੀਅਰ ਅਤੇ ਜਾਂ ਫਿਰ ਵਿਦੇਸ਼ ਵਿਚ ਵਿਆਹ ਕਰਵਾ ਲਓ। ਆਪਣੀ ਕੁੜੀ ਦਾ ਹੱਥ ਦੇਣ ਵਾਲਿਆਂ ਨੂੰ ਚਾਹੀਦਾ ਹੈ ਕਿ ਬਾਅਦ ਵਿਚ ਦੁਹਾਈ ਪਾਉਣ ਨਾਲੋਂ ਚੰਗਾ ਹੈ ਕਿ ਘੱਟੋ ਘੱਟ ਪਹਿਲਾਂ ਐਨ.ਆਰ.ਆਈ. ਦੇ ਦਸਤਾਵੇਜ਼ ਚੈਕ ਕਰ ਲੈਣ। ਇੰਟਰਨੈੱਟ 'ਤੇ ਇਕ ਮਿੰਟ ਵਿਚ ਸਾਰੀ ਸੂਚਨਾ ਮਿਲ ਜਾਂਦੀ ਹੈ ਕਿ ਜਿਸ ਆਦਮੀ ਨਾਲ ਤੁਸੀਂ ਆਪਣੀ ਆਪਣੀ ਕੁੜੀ ਦਾ ਵਿਆਹ ਕਰ ਰਹੇ ਹੋ, ਉਸਦਾ ਵਿਆਹ ਹੋਇਆ ਹੈ ਜਾਂ ਨਹੀਂ ਤਾਂ ਕਿ ਪੰਜਾਬ ਦੀਆਂ ਪੜ੍ਹੀਆਂ-ਲਿਖੀਆਂ ਧੀਆਂ (ਕੁੜੀਆਂ) ਦਾ ਭਵਿੱਖ ਤਾਂ ਖਰਾਬ ਨਾ ਹੋਵੇ।

# ਦਿੱਲੀ ਵਿਸ਼ਵ ਸਿੱਖ ਕਨਵੈਨਸ਼ਨ ਨਾਲ ਸਿੱਖ ਸਿਆਸਤ ਵਿਚਲਾ ਸੰਘਰਸ਼ ਤੇਜ਼

*ਸਫਾ ਇਕ ਦੀ ਬਾਕੀ*

ਨਿਹੰਗ ਜਥੇਬੰਦੀਆਂ ਅਤੇ ਸੰਤ ਸਮਾਜ ਦੇ ਪ੍ਰਤੀਨਿਧ ਪੁੱਜੇ। ਕਨਵੈਨਸ਼ਨ ਦੇ ਮੋਢੀਆਂ 'ਚੋਂ ਸੀਨੀਅਰ ਅਕਾਲੀ ਨੇਤਾ ਸ੍ਰੀ ਮਨਜੀਤ ਸਿੰਘ ਕਲਕੱਤਾ ਨੇ ਅਹਿਮ ਪੰਥਕ ਮੁੱਦਿਆਂ ਬਾਰੇ ਐਲਾਨਨਾਮਾ ਪੜ੍ਹਿਆ ਅਤੇ ਸ੍ਰੀ ਇੰਦਰਜੀਤ ਸਿੰਘ ਜ਼ੀਰਾ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਐਲਾਨਨਾਮੇ ਦੀ ਪੁਸ਼ਟੀ ਕਰਵਾਈ ਗਈ। ਪੇਸ਼ ਕੀਤੇ ਐਲਾਨਨਾਮੇ 'ਚ ਕਿਹਾ ਗਿਆ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਦਾ ਅਧਿਕਾਰ ਪੰਥ ਦੀਆਂ ਸਾਰੀਆਂ ਪ੍ਰਤੀਨਿਧ ਜਥੇਬੰਦੀਆਂ ਨੂੰ ਹੈ। ਮੌਜੂਦਾ ਸਥਿਤੀ ਵਿਚ ਨਿਯੁਕਤ ਹੋਏ ਜਥੇਦਾਰ ਸਿਆਸੀ ਦਬਾਅ ਹੇਠ ਆ ਕੇ ਫੈਸਲੇ ਲੈਂਦੇ ਹਨ। ਇਸ ਸਥਿਤੀ ਵਿਚੋਂ ਕੌਮ ਨੂੰ ਕੱਢਣ ਲਈ ਜਥੇਦਾਰ ਦੀ ਨਿਯੁਕਤੀ ਯੋਗਤਾ, ਅਧਿਕਾਰ ਖੇਤਰ ਅਤੇ ਸੇਵਾ ਮੁਕਤੀ ਲਈ ਨਿਯਮਾਂਵਲੀ ਬਣਾਉਣ ਹਿੱਤ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਜਾਵੇਗੀ। ਇਸ ਦੇ ਨਾਲ ਹੀ ਕਨਵੈਨਸ਼ਨ ਨੇ ਪਿਛਲੇ ਸਮਿਆਂ ਵਿਚ ਜਾਰੀ ਹੁਕਮਨਾਮਿਆਂ ਬਾਰੇ ਕਿੰਤੂ-ਪ੍ਰੰਤੂ ਕਰਦੇ ਹੋਏ ਕਿਹਾ ਹੈ ਕਿ ਗੁਰਮਤਿ ਵਿਹੂਣੇ ਹੁਕਮਨਾਮਿਆਂ ਨਾਲ ਸਿੱਖ ਪੰਥ ਵਿਚ ਬੇਚੈਨੀ ਪਸਰ ਗਈ ਹੈ। ਕਨਵੈਨਸ਼ਨ ਨੇ ਅਕਾਲ ਤਖਤ ਨੂੰ ਅਪੀਲ ਕੀਤੀ ਹੈ ਕਿ ਪੰਥ ਦੇ ਵੱਡੇ ਹਿੱਤਾਂ ਲਈ ਇਨ੍ਹਾਂ ਵਿਵਾਦ ਵਾਲੇ ਹੁਕਮਨਾਮਿਆਂ 'ਤੇ ਪੁਨਰ ਵਿਚਾਰ ਕੀਤਾ ਜਾਵੇ।

ਵਿਸ਼ਵ ਸਿੱਖ ਕਨਵੈਨਸ਼ਨ ਨੇ 2003 'ਚ ਜਾਰੀ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀਆਂ ਨੂੰ ਰੱਦ ਕਰਦਿਆਂ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਗੁਰਪੁਰਬ ਅਤੇ ਇਤਿਹਾਸਕ ਦਿਨ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹੀ ਮਨਾਏ ਜਾਣ। ਜੇਕਰ ਇਸ ਵਿਚ ਕੋਈ ਘਾਟ ਹੈ ਤਾਂ ਅਕਾਲ ਤਖਤ ਸਾਹਿਬ ਵਲੋਂ ਬਣਾਈ 11 ਮੈਂਬਰੀ ਪੁਰੇਵਾਲ ਕਮੇਟੀ ਨੂੰ ਘਾਟ ਦੂਰ ਕਰਨ ਲਈ ਆਖਿਆ ਜਾਵੇ। ਇਕ ਮਤੇ ਵਿਚ ਮੰਗ ਕੀਤੀ ਗਈ ਕਿ ਨਵੰਬਰ 84 ਦੇ ਵਹਿਸ਼ਿਆਨਾ ਕਤਲੇਆਮ ਦੇ ਦੋਸ਼ੀਆਂ ਵਿਰੁਧ ਕੇਸ ਫਾਸਟ ਟਰੈਕ ਅਦਾਲਤਾਂ ਵਿਚ ਚਲਾ ਕੇ ਛੇਤੀ ਨਿਪਟਾਰਾ ਕਰਵਾਇਆ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਐਲਾਨਨਾਮੇ ਵਿਚ 1984 ਦੇ ਘੱਲੂਘਾਰੇ ਦਾ ਵੀ ਗੰਭੀਰ ਨੋਟਿਸ ਲਿਆ ਗਿਆ।

ਉਧਰ ਦੂਜੇ ਪਾਸੇ ਪੰਜ ਤਖਤਾਂ ਦੇ ਜਥੇਦਾਰਾਂ ਨੇ ਜਿੱਥੇ ਇਸ ਕਨਵੈਨਸ਼ਨ ਨੂੰ ਨਾਮਨਜ਼ੂਰ ਕੀਤਾ ਹੈ ਉਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਕਨਵੈਨਸ਼ਨ ਦਾ ਇਕੋ ਇਕ ਮਕਸਦ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੰਗਾਰਨਾ ਦਸਿਆ ਹੈ ਅਤੇ ਕਿਹਾ ਹੈ ਕਿ ਇਸ ਦਾ ਪੰਥਕ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਬਿਆਨ ਦੇ ਆਧਾਰ 'ਤੇ ਛਪੀ ਖਬਰ ਵਿਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਨਹੀਂ। ਇਸ 'ਤੇ ਤਿੱਖਾ ਪ੍ਰਤੀਕਰਮ ਕਰਦਿਆਂ ਜਥੇਦਾਰ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਜਗਤ ਦੀ ਨੁਮਾਇੰਦਾ ਸੰਸਥਾ ਹੈ ਜੋ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਕੌਮ ਦੀ ਅਗਵਾਈ ਅਤੇ ਫੈਸਲੇ ਕਰਦੀ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਸ਼ਵ ਸਿੱਖ ਕਨਵੈਨਸ਼ਨ ਸਰਕਾਰੀ ਸਾਜ਼ਿਸ਼ ਹੈ ਅਤੇ ਸ਼੍ਰੋਮਣੀ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਸਮੇਂ ਸੰਗਤਾਂ ਨੂੰ ਗੁੰਮਰਾਹ ਕਰਕੇ ਇਸ ਸੰਸਥਾ ਵਿਚ ਪੰਥ ਦੋਖੀਆਂ ਦੀ ਘੁਸਪੈਠ ਕਰਾਉਣਾ ਕੇਂਦਰ ਦੀ ਇਕ ਸਾਜ਼ਿਸ਼ ਦਾ ਹਿੱਸਾ ਹੈ, ਜੋ ਸਿੱਖ ਸ਼ਕਤੀ ਨੂੰ ਖੋਰਾ ਲਾਉਣਾ ਚਾਹੁੰਦੀ ਹੈ ਪਰ ਸਿੱਖ ਭਾਈਚਾਰੇ ਨੇ ਇਸ ਕਨਵੈਨਸ਼ਨ ਨੂੰ ਨਕਾਰ ਦਿੱਤਾ ਹੈ।

ਉਨ੍ਹਾਂ ਕਨਵੈਨਸ਼ਨ ਵਿਚ ਸ਼ਾਮਿਲ ਹੋਈਆਂ ਸਿੱਖ ਜਥੇਬੰਦੀਆਂ ਦੇ ਆਗੂਆਂ 'ਤੇ ਦੋਸ਼ ਲਾਇਆ ਕਿ ਜਿਹੜੇ ਖੁਦ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਦੀ ਪਾਲਣਾ ਨਹੀਂ ਕਰਦੇ ਕੀ ਉਨ੍ਹਾਂ ਨੂੰ ਸਿੱਖ ਕਨਵੈਨਸ਼ਨ ਸੱਦਣ ਅਤੇ ਪੰਥਕ ਫੈਸਲੇ ਲੈਣ ਦਾ ਕੋਈ ਹੱਕ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਸ ਕਨਵੈਨਸ਼ਨ ਵਿਚ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਸਿੱਖ ਆਗੂ ਮਨਜੀਤ ਸਿੰਘ ਕਲਕੱਤਾ ਨੇ ਹੁਕਮਨਾਮਿਆਂ ਦੀ ਉਲੰਘਣਾ ਕਰਕੇ ਸਿੱਖ ਜਗਤ ਦੀਆਂ ਪ੍ਰੰਪਰਾਵਾਂ ਅਤੇ ਰਵਾਇਤਾਂ ਨੂੰ ਢਾਹ ਲਾਈ ਹੈ, ਜਿਸ ਲਈ ਇਤਿਹਾਸ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕਰੇਗਾ। ਉਨ੍ਹਾਂ ਕਿਹਾ ਇਸ ਕਨਵੈਨਸ਼ਨ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦੇਣ ਵਾਲਿਆਂ ਦੀ ਪਿੱਠ ਠੋਕੀ ਗਈ ਹੈ।

ਜਥੇਦਾਰ ਮੱਕੜ ਨੇ ਕਿਹਾ ਕਿ ਕਨਵੈਨਸ਼ਨ ਵਿਚ ਪ੍ਰੋ: ਦਰਸ਼ਨ ਸਿੰਘ ਬਾਰੇ ਕੀਤੇ ਗਏ ਹੁਕਮਨਾਮੇ ਨੂੰ ਵਾਪਸ ਲੈਣ ਲਈ ਕਹਿਣਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਸੋਧੇ ਹੋਏ ਕੈਲੰਡਰ ਦਾ ਵਿਰੋਧ ਕਰਨਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣ ਬਰਾਬਰ ਹੈ। ਜ਼ਿਕਰਯੋਗ ਹੈ ਕਿ ਕਨਵੈਨਸ਼ਨ ਵਲੋਂ ਜਾਰੀ ਕੀਤੇ ਐਲਾਨਨਾਮੇ ਵਿਚ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ: ਦਰਸ਼ਨ ਸਿੰਘ ਵਿਰੁਧ ਜਾਰੀ ਕੀਤੇ ਹੁਕਮਨਾਮੇ ਬਾਰੇ ਕੋਈ ਜ਼ਿਕਰ ਨਹੀਂ ਹੈ ਪਰ ਕਨਵੈਨਸ਼ਨ ਵਿਚ ਹੋਈਆਂ ਵਿਚਾਰਾਂ ਦੌਰਾਨ ਇਹ ਮੁੱਦਾ ਕਾਫੀ ਜ਼ੋਰ ਨਾਲ ਉਠਿਆ ਸੀ ਕਿ ਪ੍ਰੋ: ਦਰਸ਼ਨ ਸਿੰਘ ਨਾਲ ਵਧੀਕੀ ਹੋਈ ਹੈ ਅਤੇ ਉਨ੍ਹਾਂ ਦੇ ਪੱਖ ਨੂੰ ਸੁਣਿਆ ਅਤੇ ਵਿਚਾਰਿਆ ਹੀ ਨਹੀਂ ਗਿਆ ਹੈ।

ਕਨਵੈਨਸ਼ਨ ਵਿਚ ਸ਼੍ਰੋਮਣੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਕਬਜ਼ੇ ਵਿਚੋਂ ਮੁਕਤ ਕਰਾਉਣ ਲਈ ਯਤਨ ਕਰਨ ਬਾਰੇ ਕੀਤੇ ਗਏ ਫੈਸਲੇ 'ਤੇ ਆਪਣਾ ਪ੍ਰਤੀਕਰਮ ਕਰਦੇ ਹੋਏ ਜਥੇ: ਮੱਕੜ ਨੇ ਕਿਹਾ ਕਿ 1926 ਤੋਂ ਲੈ ਕੇ ਹੁਣ ਤੱਕ ਸ਼੍ਰੋਮਣੀ ਕਮੇਟੀ ਦੀਆਂ ਹੋਈਆਂ ਚੋਣਾਂ ਵਿਚ ਸਿਰਫ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਹੀ ਜਿੱਤ ਪ੍ਰਾਪਤ ਕੀਤੀ ਹੈ ਅਤੇ ਸਿੱਖ ਭਾਈਚਾਰੇ ਨੇ ਵੀ ਸਿਰਫ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹੀ ਵੋਟਾਂ ਪਾਈਆਂ ਹਨ।

ਪੰਜ ਤਖਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਵਲੋਂ ਪਰਮਜੀਤ ਸਿੰਘ ਸਰਨਾ ਅਤੇ ਉਸ ਦੇ ਸਮਰਥਕਾਂ ਵਿਰੁਧ ਫਤਵਾ ਦੇਣ ਤੋਂ ਬਾਅਦ ਦਮਦਮੀ ਟਕਸਾਲ, ਚੌਂਕ ਮਹਿਤਾ ਜਥਾ ਭਿੰਡਰਾਂ ਅਤੇ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਮੋਰਚਾ ਖੋਲ੍ਹਦਿਆਂ ਕਿਹਾ ਕਿ ਸਰਨਾ ਕਾਂਗਰਸ ਦੇ ਇਸ਼ਾਰੇ 'ਤੇ ਸਿੱਖ ਤਾਕਤ ਨੂੰ ਕਮਜ਼ੋਰ ਕਰਨ ਦੇ ਰਾਹ ਤੁਰਿਆ ਹੋਇਆ ਹੈ।

# ਭਾਰਤੀ ਟੀਮ ਨੇ ਜਿੱਤਿਆ ਵਿਸ਼ਵ ਕਬੱਡੀ ਕੱਪ

**ਲੁਧਿਆਣਾ:** ਪਰਲਜ਼ ਵਿਸ਼ਵ ਕਬੱਡੀ ਕੱਪ ਦੇ 12 ਅਪ੍ਰੈਲ ਨੂੰ ਹੋਏ ਫਾਈਨਲ ਮੁਕਾਬਲੇ ਵਿਚ ਭਾਰਤੀ ਟੀਮ ਨੇ ਮੰਗਤ ਸਿੰਘ ਮੰਗੀ ਦੀ ਕਪਤਾਨੀ 'ਚ 58 ਅੰਕ ਲੈ ਕੇ ਪਾਕਿਸਤਾਨ ਨੂੰ ਦਰੜ ਕੇ ਰੱਖ ਦਿੱਤਾ ਤੇ 1 ਕਰੋੜ ਰੁਪਏ ਦਾ ਇਨਾਮ ਜਿੱਤ ਲਿਆ। ਪਾਕਿਸਤਾਨ ਨੂੰ 24 ਅੰਕ ਮਿਲੇ।

ਟੂਰਨਾਮੈਂਟ ਦੇ ਆਖਰੀ ਦਿਨ 2 ਮੁਕਾਬਲੇ ਸਥਾਨਕ ਗੁਰੂ ਨਾਨਕ ਸਟੇਡੀਅਮ 'ਚ ਹੋਏ। ਫਾਈਨਲ 12 ਅਪ੍ਰੈਲ ਦੀ ਰਾਤ 9 ਵਜੇ ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਰੰਗਾ ਰੰਗ ਮਾਹੌਲ ਵਿਚ ਸ਼ੁਰੂ ਹੋਇਆ। ਮੈਚ ਦੇ ਸ਼ੁਰੂਆਤੀ ਦੌਰ ਵਿਚ ਵੀ ਭਾਰਤੀ ਜਾਫੀ ਪਾਕਿਸਤਾਨੀ ਟੀਮ ਦੇ ਤੇਜ਼ ਤਰਾਰ ਰੇਡਰਾਂ 'ਤੇ ਹਾਵੀ ਹੋ ਗਏ। ਉਨ੍ਹਾਂ ਦੀ ਇੱਕ ਨਾ ਚੱਲਣ ਦਿੱਤੀ। ਭਾਰਤੀ ਰੇਡਰਾਂ ਨੇ ਵੀ ਪਾਕਿਸਤਾਨੀ ਜਾਫੀਆਂ ਨੂੰ ਨੇੜੇ ਨਾ ਢੁਕਣ ਦਿੱਤਾ।

ਅਖੀਰ 'ਚ ਭਾਰਤੀ ਟੀਮ ਪਾਕਿਸਤਾਨ ਨੂੰ ਅੱਧੋ ਅੱਧ ਦਾ ਫਰਕ ਪਾ ਗਈ। ਉਂਜ ਆਸ ਦੇ ਉਲਟ ਮੁਕਾਬਲਾ ਇਕਪਾਸੜ ਹੋਣ ਕਾਰਨ ਬਹੁਤਾ ਦਿਲਚਸਪ ਨਾ ਬਣ ਸਕਿਆ ਪਰ ਫਿਰ ਵੀ ਦੂਸਰੇ ਅੱਧ ਵਿਚ ਪਾਕਿਸਤਾਨੀ ਰੇਡਰਾਂ ਨੇ ਕੁਝ ਚੰਗੀਆਂ ਰੇਡਾਂ ਪਾਈਆਂ।

ਇਸ ਤੋਂ ਪਹਿਲਾਂ ਤੀਜੇ ਤੇ ਚੌਥੇ ਸਥਾਨ ਲਈ ਕੈਨੇਡਾ ਤੇ ਇਟਲੀ ਦੀਆਂ ਟੀਮਾਂ ਵਿਚਕਾਰ ਮੈਚ ਹੋਇਆ। ਇਹ ਮੁਕਾਬਲੇ ਵੇਖਣ ਲਈ ਲੋਕਾਂ 'ਚ ਇੰਨਾ ਉਤਸ਼ਾਹ ਵੇਖਿਆ ਗਿਆ ਕਿ ਸਟੇਡੀਅਮ 'ਚ ਲੱਖਾਂ ਦੀ ਗਿਣਤੀ 'ਚ ਲੋਕ ਮੌਜੂਦ ਸਨ। ਕੈਨੇਡਾ ਦੀ ਟੀਮ ਸ਼ੁਰੂ ਤੋਂ ਹੀ ਇਟਲੀ ਦੀ ਟੀਮ 'ਤੇ ਹਾਵੀ ਰਹੀ। ਇਸ ਮੈਚ ਦੌਰਾਨ ਕੈਨੇਡਾ ਨੇ 59 ਅੰਕ ਲੈ ਕੇ ਜਿੱਤ ਪ੍ਰਾਪਤ ਕੀਤੀ, ਜਦਕਿ ਚੌਥੇ ਨੰਬਰ 'ਤੇ ਰਹੀ ਇਟਲੀ ਦੀ ਟੀਮ ਨੂੰ ਸਿਰਫ਼ 22 ਅੰਕ ਹੀ ਮਿਲੇ। ਕੈਨੇਡਾ ਦੇ ਧਾਵੀਆਂ ਨੇ ਇਟਲੀ ਦੇ ਜਾਫੀਆਂ ਦੀ ਇੱਕ ਨਾ ਚੱਲਣ ਦਿੱਤੀ। ਖੇਡ ਦੀ ਕੁਮੈਂਟਰੀ ਕਰਦਿਆਂ ਭਗਵੰਤ ਮਾਨ ਨੇ ਲੋਕਾਂ ਦਾ ਖੂਬ ਮਨੋਰੰਜਨ ਕੀਤਾ। ਤੀਜੇ ਨੰਬਰ 'ਤੇ ਰਹਿਣ ਵਾਲੀ ਕੈਨੇਡਾ ਦੀ ਟੀਮ ਨੂੰ 25 ਲੱਖ ਰੁਪਏ ਮਿਲੇ, ਜਦਕਿ ਚੌਥੇ ਨੰਬਰ 'ਤੇ ਆਉਣ ਵਾਲੀ ਇਟਲੀ ਦੀ ਟੀਮ ਨੂੰ 10 ਲੱਖ ਰੁਪਏ ਦਾ ਇਨਾਮ ਮਿਲਿਆ।

### ਮੰਗਤ ਸਿੰਘ ਮੰਗੀ ਬੈਸਟ ਜਾਫੀ ਤੇ ਕੁਲਜੀਤ ਮਲਸੀਆਂ ਨੂੰ ਬੈਸਟ ਧਾਵੀ

ਭਾਰਤ ਦੇ ਮੰਗਤ ਸਿੰਘ ਮੰਗੀ ਨੂੰ ਇਸ ਮੈਚ ਦਾ ਬੈਸਟ ਜਾਫੀ ਅਤੇ ਸੁਖਬੀਰ ਸਰਾਵਾਂ ਨੂੰ ਬੈਸਟ ਰੇਡਰ ਐਲਾਨਿਆ ਗਿਆ। ਵਿਸ਼ਵ ਕਬੱਡੀ ਕੱਪ ਦੇ ਬੈਸਟ ਜਾਫੀ ਦਾ ਇਨਾਮ ਵੀ ਭਾਰਤੀ ਕਪਤਾਨ ਮੰਗਤ ਸਿੰਘ ਮੰਗੀ ਨੂੰ ਮਿਲਿਆ ਜਦਕਿ ਬੈਸਟ ਰੇਡਰ ਦਾ ਇਨਾਮ ਕੈਨੇਡਾ ਦੇ ਖਿਡਾਰੀ ਕੁਲਜੀਤ ਮਲਸੀਆਂ ਨੂੰ ਦਿੱਤਾ ਗਿਆ। ਇਨ੍ਹਾਂ ਖਿਡਾਰੀਆਂ ਨੂੰ ਇਨਾਮ ਵਿਚ ਟਰੈਕਟਰ ਦਿੱਤੇ ਗਏ।

ਪਹਿਲੇ ਮੈਚ ਤੋਂ ਬਾਅਦ ਪ੍ਰਸਿੱਧ ਪੰਜਾਬੀ ਗਾਇਕ ਜਸਬੀਰ ਜੱਸੀ, ਅਮਰਿੰਦਰ ਗਿੱਲ ਤੇ ਸੁਖਵਿੰਦਰ ਸੁੱਖੀ ਤੇ ਹੋਰ ਕਲਾਕਾਰਾਂ ਨੇ ਆਪਣੇ ਚਰਚਿਤ ਗੀਤਾਂ ਨਾਲ ਲੋਕਾਂ ਦਾ ਖੂਬ ਮਨੋਰੰਜਨ ਕੀਤਾ। ਮੈਚ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਅਭੈ ਸਿੰਘ ਚੌਟਾਲਾ, ਕੈਬਨਿਟ ਮੰਤਰੀ ਪੰਜਾਬ ਮਨੋਰੰਜਨ ਕਾਲੀਆ, ਲੁਧਿਆਣਾ ਨਗਰ ਨਿਗਮ ਦੇ ਮੇਅਰ ਹਾਕਮ ਸਿੰਘ ਗਿਆਸਪੁਰਾ ਅਤੇ ਸਿਕੰਦਰ ਸਿੰਘ ਮਲੂਕਾ ਸਮੇਤ ਹੋਰ ਅਕਾਲੀ ਆਗੂ ਮੌਜੂਦ ਸਨ।

### ਜੁਗਾਂ-ਜੁਗਾਂ ਤੋਂ ਕਰਨ ਪੰਜਾਬੀ, ਪਿਆਰ ਕਬੱਡੀ ਨੂੰ

ਬਾਲੀਵੁੱਡ ਗਾਇਕ ਸੁਖਵਿੰਦਰ ਨੇ ਕੌਮੀ ਖੇਡ ਹਾਕੀ ਬਾਰੇ ਹਿੱਟ ਗੀਤ 'ਚੱਕ ਦੇ ਇੰਡੀਆ' ਗਾਉਣ ਤੋਂ ਬਾਅਦ ਹੁਣ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਬਾਰੇ ਗੀਤ 'ਜੁੱਗਾਂ-ਜੁੱਗਾਂ ਤੋਂ ਕਰਨ ਪੰਜਾਬੀ ਪਿਆਰ ਕਬੱਡੀ ਨੂੰ' ਗਾ ਕੇ ਵਾਹ ਵਾਹ ਖੱਟੀ, ਇਥੋਂ ਦੇ ਗੁਰੂ ਨਾਨਕ ਸਟੇਡੀਅਮ ਵਿਚ ਖਤਮ ਹੋਏ ਵਿਸ਼ਵ ਕਬੱਡੀ ਕੱਪ ਦੌਰਾਨ ਸਭਿਆਚਾਰਕ ਪ੍ਰੋਗਰਾਮ ਵਿਚ ਸੁਖਵਿੰਦਰ ਨੇ ਇਹ ਗੀਤ ਗਾਇਆ।

ਅਲਫਾ ਐਂਟਰਟੇਨਮੈਂਟ ਗਰੁੱਪ ਵਲੋਂ ਪੇਸ਼ ਕੀਤੇ ਪ੍ਰੋਗਰਾਮ 'ਰੰਗਲਾ ਪੰਜਾਬ' ਦੀ ਸਮਾਪਤੀ ਵਿਚ ਭੰਗੜਾ ਕਲਾਕਾਰਾਂ ਨੇ ਕਬੱਡੀ ਦੀਆਂ ਝਲਕੀਆਂ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ। ਇਸੇ ਗਰੁੱਪ ਵਲੋਂ ਬਾਅਦ ਵਿਚ ਹਿੰਦੀ ਗੀਤ 'ਵੰਦੇ ਮਾਤਰਮ' ਰਾਹੀਂ ਕੌਮੀ ਏਕਤਾ ਦੀ ਝਾਕੀ ਪੇਸ਼ ਕੀਤੀ। ਇਸ ਤੋਂ ਪਹਿਲਾਂ ਸਟੇਡੀਅਮ ਦੇ ਇਕ ਕੋਨੇ ਤੇ ਬਣਾਈ ਗਈ ਸਟੇਜ ਤੋਂ ਉੱਘੇ ਗਾਇਕ ਜਸਬੀਰ ਜੱਸੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।



# ਇਟਲੀ ਅਤੇ ਅਮਰੀਕਾ ਵਿਚਕਾਰ ਕੁਆਟਰਫਾਈਨਲ ਯਾਦਗਾਰੀ ਰਿਹਾ

**-ਪੰਜਾਬ ਟਾਈਮਜ਼ ਬਿਊਰੋ**

**ਜਲੰਧਰ :** ਪੰਜਾਬ 'ਚ ਪਹਿਲੀ ਵਾਰ ਹੋਏ ਪਰਲਜ਼ ਵਿਸ਼ਵ ਕਬੱਡੀ ਕੱਪ ਦੇ ਸੈਮੀਫਾਈਨਲ ਮੈਚ ਲੰਘੀ 10 ਅਪ੍ਰੈਲ ਨੂੰ ਬਠਿੰਡਾ 'ਚ ਹੋਏ ਸਨ। ਜਿੱਥੇ ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਆਪਣੇ ਵਿਰੋਧੀਆਂ ਨੂੰ ਮਾਤ ਦਿੰਦਿਆਂ ਫਾਈਨਲ ਵਿਚ ਪਹੁੰਚੀਆਂ, ਉਥੇ ਇਸ ਟੂਰਨਾਮੈਂਟ ਦਾ ਅਮਰੀਕਾ ਤੇ ਇਟਲੀ ਵਿਚਕਾਰ ਹੋਇਆ ਮੁਕਾਬਲਾ ਬੇਹੱਦ ਜ਼ਬਰਦਸਤ ਰਿਹਾ ਅਤੇ ਦੇਰ ਤੱਕ ਯਾਦ ਰੱਖਿਆ ਜਾਵੇਗਾ। ਇਸ ਦਿਨ ਪਹਿਲਾ ਮੈਚ ਇਟਲੀ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਹੋਇਆ। ਪਾਕਿਸਤਾਨ ਦੇ ਖਿਡਾਰੀਆਂ ਨੇ ਜ਼ਬਰਦਸਤ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਮੈਚ ਦੇ ਅੱਧ ਤੱਕ ਹੀ ਇਟਲੀ ਦੀ ਟੀਮ ਨੂੰ 19 ਅੰਕਾਂ ਦੇ ਮੁਕਾਬਲੇ 27 ਅੰਕਾਂ ਨਾਲ ਪਛਾੜ ਦਿੱਤਾ। ਅੱਧ ਤੋਂ ਬਾਅਦ ਵੀ ਇਟਲੀ ਦੀ ਟੀਮ ਮੈਚ 'ਚ ਵਾਪਸੀ ਨਾ ਕਰ ਸਕੀ ਤੇ ਪਾਕਿਸਤਾਨ ਦੀ ਟੀਮ ਇਟਲੀ ਦੀ ਟੀਮ ਨੂੰ 33 ਦੇ ਮੁਕਾਬਲੇ 57 ਅੰਕਾਂ ਨਾਲ ਹਰਾ ਕੇ ਫਾਈਨਲ ਵਿਚ ਪਹੁੰਚੀ। ਭਾਰਤ ਅਤੇ ਕੈਨੇਡਾ ਦੇ ਦੂਜੇ ਸੈਮੀਫਾਈਨਲ ਦੌਰਾਨ ਮੈਚ ਦੀ ਪਹਿਲੀ ਰੇਡ 'ਚ ਭਾਰਤ ਵਲੋਂ ਦੂੱਲਾ ਸੁਰਖਪੁਰੀਆ ਤੇ ਕੈਨੇਡਾ ਦੇ ਕੁਲਜੀਤ ਮਲਸੀਆਂ ਨੇ ਆਪੋ-ਆਪਣੀਆਂ ਟੀਮਾਂ ਦੇ ਖਾਤੇ ਖੋਲ੍ਹੇ। ਮੈਚ ਦੇ ਅੱਧ ਤੱਕ ਦੋਵੇਂ ਟੀਮਾਂ ਵਿਚਕਾਰ ਬੜੀ ਫਸਵੀਂ ਟੱਕਰ ਹੋਈ, ਪਰ ਅੱਧ ਤੋਂ ਬਾਅਦ ਮੈਚ ਭਾਰਤ ਦੇ ਪੱਖ 'ਚ ਹੋਣਾ ਸ਼ੁਰੂ ਹੋ ਗਿਆ।

ਜਿੱਥੇ ਭਾਰਤੀ ਧਾਵੀ ਸੁਖਬੀਰ ਸਰਾਵਾਂ ਨੂੰ ਕੈਨੇਡਾ ਦੇ ਜਾਫੀ ਇਕ ਵਾਰ ਵੀ ਰੋਕਣ ਤੋਂ ਨਾਕਾਮ ਰਹੇ, ਉਥੇ ਭਾਰਤੀ ਜਾਫੀ ਮੰਗੀ ਤੇ ਜਗਸੀਰ ਸੀਰਾ ਨੇ ਕੈਨੇਡਾ ਦੇ ਧਾਵੀਆਂ ਨੂੰ ਕਈ ਵਾਰ ਪਾਲੇ ਤੱਕ ਪਹੁੰਚਣ ਤੋਂ ਰੋਕਿਆ। ਕੈਨੇਡਾ ਦੇ ਧਾਵੀ ਕੁਲਜੀਤ ਮਲਸੀਆਂ ਨੇ ਵੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। ਫਿਰ ਵੀ ਇਹ ਮੈਚ ਭਾਰਤ ਨੇ 36 ਦੇ ਮੁਕਾਬਲੇ 51 ਅੰਕਾਂ ਨਾਲ ਜਿੱਤ ਲਿਆ।

ਬੀਤੀ 8 ਅਪ੍ਰੈਲ ਨੂੰ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਇਸ ਟੂਰਨਾਮੈਂਟ ਦੇ 3 ਮੈਚ ਹੋਏ । ਪਹਿਲੇ ਮੈਚ ਵਿਚ ਇਰਾਨ ਤੇ ਆਸਟਰੇਲੀਆ ਭਿੜੇ। ਇਸ ਮੈਚ ਵਿਚ ਆਸਟਰੇਲੀਆ ਨੇ ਇਰਾਨ ਨੂੰ 31 ਅੰਕਾਂ ਦੇ ਵੱਡੇ ਫਾਸਲੇ ਨਾਲ ਹਰਾ ਦਿੱਤਾ। ਆਸਟਰੇਲੀਆ ਨੂੰ 57 ਅਤੇ ਇਰਾਨ ਨੂੰ 26 ਅੰਕ ਮਿਲੇ।

ਦੂਜੇ ਮੈਚ ਵਿਚ ਅਮਰੀਕਾ ਤੇ ਇਟਲੀ ਦਾ ਮੁਕਾਬਲਾ ਹੋਇਆ। ਇਹ ਮੈਚ ਬੇਹੱਦ ਫਸਵਾਂ ਸਾਬਿਤ ਹੋਇਆ। ਦੋਵਾਂ ਟੀਮਾਂ ਨੇ ਜਿੱਤ ਲਈ ਪੂਰਾ ਜ਼ੋਰ ਲਾਇਆ, ਪਰ ਅਖੀਰ ਵਿਚ ਜਿੱਤ ਇਟਲੀ ਦੀ ਹੋਈ। ਇਟਲੀ ਦੇ 45 ਅਤੇ ਅਮਰੀਕਾ ਦੇ 43 ਅੰਕ ਸਨ। ਇਸ ਦੇ ਨਾਲ ਹੀ ਇਟਲੀ ਨੇ ਸੈਮੀਫਾਈਨਲ ਵਿਚ ਥਾਂ ਬਣਾਈ। ਤੀਸਰੇ ਤੇ ਆਖਰੀ ਮੈਚ 'ਚ ਪਾਕਿਸਤਾਨ ਤੇ ਇੰਗਲੈਂਡ ਦੀ ਟੱਕਰ ਹੋਈ। ਇਹ ਮੈਚ 50-23 ਦੇ ਫ਼ਰਕ ਨਾਲ ਜਿੱਤ ਕੇ ਪਾਕਿਸਤਾਨੀ ਟੀਮ ਵੀ ਸੈਮੀਫ਼ਾਈਨਲ 'ਚ ਪਹੁੰਚੀ।

ਗੁਰਦਾਸਪੁਰ ਵਿਖੇ ਸਥਾਨਕ ਸਰਕਾਰੀ ਕਾਲਜ ਦੇ ਮੈਦਾਨ 'ਚ ਬੀਤੀ 7 ਅਪਰੈਲ ਨੂੰ ਪਹਿਲੇ ਵਿਸ਼ਵ ਕੱਪ ਕਬੱਡੀ ਟੂਰਨਾਮੈਂਟ ਦੇ 3 ਮੈਚ ਖੇਡੇ ਗਏ। ਭਾਰਤੀ ਟੀਮ ਨੇ ਆਪਣੇ ਮੈਚ ਵਿਚ ਆਪਣੀ ਵਿਰੋਧੀ ਟੀਮ ਇਰਾਨ ਨੂੰ 62-28 ਦੇ ਵੱਡੇ ਫਰਕ ਨਾਲ ਹਰਾਇਆ। ਇਸ ਮੈਚ ਵਿਚ ਸੁਖਬੀਰ ਸਿੰਘ ਸਰਾਵਾਂ ਨੂੰ ਸਰਵੋਤਮ ਧਾਵੀ ਐਲਾਨਿਆ ਗਿਆ ਅਤੇ ਹਰਦੀਪ ਸਿੰਘ ਢਿੱਲੋਂ ਨੂੰ ਸਰਵੋਤਮ ਜਾਫ਼ੀ ਐਲਾਨਿਆ ਗਿਆ। ਪੂਲ-ਏ ਵਿਚ ਇਟਲੀ ਨੂੰ ਆਸਟਰੇਲੀਆ ਦੇ ਖ਼ਿਲਾਫ਼ ਜਿੱਤ ਹਾਸਿਲ ਕਰਨ ਲਈ ਖਾਸੀ ਮੁਸ਼ੱਕਤ ਕਰਨੀ ਪਈ।

ਇਟਲੀ ਨੇ ਇਸ ਮੈਚ ਵਿਚ 47-43 ਨਾਲ ਜਿੱਤ ਹਾਸਿਲ ਕੀਤੀ। ਇਸ ਮੈਚ ਵਿਚ ਚੰਨਾ ਖੀਰਾਂਵਾਲੀ (ਇਟਲੀ) ਨੂੰ ਸਰਵੋਤਮ ਧਾਵੀ ਹੋਣ ਦਾ ਮਾਣ ਮਿਲਿਆ। ਇਟਲੀ ਦੀ ਇਹ ਦੂਸਰੀ ਜਿੱਤ ਸੀ। ਪਹਿਲਾਂ ਇਹ ਟੀਮ ਸੰਗਰੂਰ ਵਿਖੇ ਇਰਾਨ ਨੂੰ 63/24 ਦੇ ਫ਼ਰਕ ਨਾਲ ਹਰਾ ਚੁੱਕੀ ਹੈ। ਇਸ ਦਿਨ ਹੋਏ ਤੀਸਰੇ ਮੁਕਾਬਲੇ ਵਿਚ ਕੈਨੇਡਾ ਨੇ ਇੰਗਲੈਂਡ ਦੀ ਟੀਮ ਨੂੰ 49-29 ਦੇ ਵੱਡੇ ਫ਼ਰਕ ਨਾਲ ਬੁਰੀ ਤਰ੍ਹਾਂ ਹਰਾਇਆ। ਕੈਨੇਡਾ ਦੇ ਧਾਵੀਆਂ ਅਤੇ ਜਾਫ਼ੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਕੁਲਜੀਤ ਮਲਸੀਆਂ ਨੂੰ ਸਭ ਤੋਂ ਵਧੀਆ ਧਾਵੀ ਹੋਣ ਦਾ ਮਾਣ ਬਖਸ਼ਿਆ ਗਿਆ। ਸੰਦੀਪ ਨੰਗਲ ਨੂੰ ਸਭ ਤੋਂ ਵਧੀਆ ਜਾਫ਼ੀ ਐਲਾਨੇ ਜਾਣ ਦੀ ਇੱਜ਼ਤ ਮਿਲੀ।

ਲੁਧਿਆਣਾ ਦੇ ਸਥਾਨਕ ਆਊਟਡੋਰ ਸਟੇਡੀਅਮ ਵਿਖੇ ਲੰਘੀ 6 ਅਪ੍ਰੈਲ ਨੂੰ ਵਿਸ਼ਵ ਕਬੱਡੀ ਕੱਪ ਦੇ 3 ਲੀਗ ਮੈਚ ਖੇਡੇ ਗਏ। ਪਹਿਲੇ ਮੈਚ ਵਿਚ ਅਮਰੀਕਾ ਦੀ ਟੀਮ ਇਰਾਨ ਨਾਲ ਭਿੜੀ। ਇਸ ਮੈਚ ਵਿਚ ਕੁਝ ਸ਼ੁਰੂਆਤੀ ਪਲਾਂ ਤੱਕ ਤਾਂ ਦੋਵਾਂ ਟੀਮਾਂ ਦਰਮਿਆਨ ਤਕੜਾ ਮੁਕਾਬਲਾ ਵੇਖਣ ਨੂੰ ਮਿਲਿਆ, ਪਰ ਬਾਅਦ ਵਿਚ ਅਮਰੀਕਾ ਦੀ ਟੀਮ ਨੇ ਆਪਣੀ ਪਕੜ ਇਸ ਮੈਚ 'ਤੇ ਮਜ਼ਬੂਤ ਕਰਨੀ ਸ਼ੁਰੂ ਕੀਤੀ, ਉਹ ਮੈਚ ਦੇ ਅਖੀਰ ਤੱਕ ਢਿੱਲੀ ਨਹੀਂ ਪਈ। ਇਹ ਮੈਚ ਅਮਰੀਕਾ ਨੇ ਜਿੱਤਿਆ। ਉਸ ਦੇ 62 ਅਤੇ ਇਰਾਨ ਦੇ ਸਿਰਫ 24 ਅੰਕ ਸਨ। ਦੂਜੇ ਮੈਚ ਵਿਚ ਪਾਕਿਸਤਾਨ ਨੇ ਸਪੇਨ ਦੀ ਬੁਰੀ ਹਾਲਤ ਕਰਦਿਆਂ ਹੋਇਆਂ ਸ਼ਾਨਦਾਰ ਜਿੱਤ ਦਰਜ ਕੀਤੀ। ਪਾਕਿਸਤਾਨੀ ਟੀਮ ਨੇ 61 ਅਤੇ ਸਪੇਨੀ ਟੀਮ ਨੇ 32 ਅੰਕ ਹਾਸਿਲ ਕੀਤੇ। ਤੀਜੇ ਮੈਚ 'ਚ ਭਾਰਤੀ ਟੀਮ ਦੀ ਟੱਕਰ ਆਸਟਰੇਲੀਆ ਨਾਲ ਹੋਈ। ਇਸ ਟੱਕਰ ਵਿਚ ਭਾਰਤੀ ਖਿਡਾਰੀਆਂ ਨੇ ਅਜਿਹਾ ਜ਼ਬਰਦਸਤ ਪ੍ਰਦਰਸ਼ਨ ਕੀਤਾ ਕਿ ਆਸਟਰੇਲੀਆਈ ਖਿਡਾਰੀਆਂ ਦੀ ਇੱਕ ਨਾ ਚੱਲੀ। ਭਾਰਤ ਦੇ 58 ਅਤੇ ਆਸਟਰੇਲੀਆ ਦੇ 29 ਅੰਕ ਸਨ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

**1699 ਦੀ ਵਿਸਾਖੀ ਉਹ ਪਵਿਤਰ ਦਿਹਾੜਾ ਹੈ ਜਦੋਂ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਪਿਛੋਂ ਇਕ ਨਵੀਂ ਖਾਲਸਾ ਕੌਮ ਨੂੰ ਜਨਮ ਦਿਤਾ। ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦਾ ਕੌਤਕ ਰਚਾ ਕੇ ਖਾਲਸਾ ਕੌਮ ਦੇ ਇਕ ਇਕ ਮਰਜੀਵੜੇ ਨੂੰ ਸਵਾ ਸਵਾ ਲਖ ਨਾਲ ਲੜਨ ਦਾ ਬਲ ਬਖਸ਼ਿਆ। ਇਸ ਪਵਿਤਰ ਦਿਹਾੜੇ ਦੀ ਸਮੁੱਚੀ ਸਿੱਖ ਕੌਮ ਨੂੰ**

# ਕੋਟਾਨਿ ਕੋਟਿ ਵਧਾਈ



ਗੁਰਦੁਆਰਾ ਸਾਹਿਬ ਦੀ ਇਮਾਰਤ

ਖਾਲਸੇ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਖੁਸ਼ੀ ਵਿਚ 12 ਤੋਂ 18 ਅਪ੍ਰੈਲ ਤੱਕ ਹਰ ਰੋਜ ਸ਼ਾਮ 6:30 ਤੋਂ 8:00 ਵਜੇ ਤੱਕ ਦੀਵਾਨ ਸਜਣਗੇ ਜਿਸ ਵਿਚ ਭਾਈ ਜਸਪਾਲ ਸਿੰਘ ਜੀ ਲੁਧਿਆਣੇ ਵਾਲੇ ਕਥਾ ਦੁਆਰਾ ਨਿਹਾਲ ਕਰਨਗੇ ਅਤੇ ਹਜੂਰੀ ਰਾਗੀ ਜਥਾ ਭਾਈ ਗੁਰਚਰਨ ਸਿੰਘ ਕੀਰਤਨ ਦੁਆਰਾ ਨਿਹਾਲ ਕਰਨਗੇ। ਸ਼ੁਕਰਵਾਰ ਸ਼ਾਮ (6:00 ਤੋਂ 7:00) ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ ਜਾਣਗੇ। ਨਾਲ ਹੀ ਪੰਜਾਬੀ ਸਕੂਲ ਦੇ ਬੱਚਿਆਂ ਨੂੰ ਟਰਾਫੀਆਂ ਦਿੱਤੀਆਂ ਜਾਣਗੀਆਂ। ਸ਼ੁਕਰਵਾਰ ਸਵੇਰੇ 10 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ। ਸਨਿਚਰਵਾਰ ਸ਼ਾਮ 6:30 ਵਜੇ ਤੋਂ 9:00 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਹਜੂਰੀ ਰਾਗੀ ਜਥਾ ਭਾਈ ਗੁਰਚਰਨ ਸਿੰਘ, ਭਾਈ ਜਸਪਾਲ ਸਿੰਘ ਜੀ ਲੁਧਿਆਣੇ ਵਾਲੇ, ਭਾਈ ਮੇਘ ਸਿੰਘ ਪਾਉਂਟਾ ਸਾਹਿਬ ਵਾਲੇ, ਭਾਈ ਹੀਰਾ ਸਿੰਘ ਜੀ ਹਜੂਰੀ ਰਾਗੀ ਗੁਰਦੁਆਰਾ ਸਿੱਖ ਸੈਂਟਰ, ਭਾਈ ਭੁਪਿੰਦਰ ਸਿੰਘ ਪਾਰਸ ਹਜੂਰੀ ਰਾਗੀ ਗੁਰਦੁਆਰਾ ਸਾਊਥ ਵੈਸਟ ਸ਼ੂਗਰਲੈਂਡ ਹਾਜਰੀਆਂ ਭਰਨਗੇ।

ਐਤਵਾਰ ਸਵੇਰੇ 10 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। 10:30 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਹਿਬ ਜੀ ਦੀ ਸੇਵਾ ਹੋਵੇਗੀ। 11:30 ਵਜੇ 1:00 ਵਜੇ ਤੱਕ ਕੀਰਤਨ ਅਤੇ ਕਥਾ ਹੋਵਗੀ ਜਿਸ ਵਿਚ ਬੱਚੇ ਵੀ ਸ਼ਬਦ ਕੀਰਤਨ, ਸਪੀਚ ਦੁਆਰਾ ਹਿੱਸਾ ਲੈਣਗੇ। 1:00 ਵਜੇ ਲੰਗਰ ਵਰਤੇਗਾ।

***ਵਲੋਂ: ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ***

## Gurudwara Sahib of Houston

5512 Breen Rd, Houston TX 77086, Ph: 281-447-7360

## ਰੰਗ-ਬੇਰੰਗ

# ਪਿੰਡ ਦੀ ਇਸਤਰੀ ਸ਼ਕਤੀ

ਡਾ. ਗੁਰਨਾਮ ਕੌਰ

ਪੰਜਾਬੀ ਔਰਤ ਮਿਹਨਤੀ ਵੀ ਹੈ, ਸੁਘੜ ਵੀ, ਉਸ ਵਿਚ ਮਰਦਾਂ ਵਰਗੀ ਅਣਖ ਵੀ ਹੈ ਅਤੇ ਹਿੰਮਤ ਵੀ। ਇਸ ਵਿਚ ਸਿੱਖ ਗੁਰੂ ਸਾਹਿਬਾਨ ਦੀ ਕਿਰਪਾ ਹੀ ਹੈ ਜਿਸ ਨੇ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿੱਤਾ ਹੈ। ਪੰਜਾਬੀ ਇਸਤਰੀ ਵੀ ਬਰਾਬਰ ਤੇ ਸੰਗਤ ਦਾ ਹਿੱਸਾ ਬਣਦਿਆਂ, ਇਸ ਸਿੱਖਿਆ ਨੂੰ ਗ੍ਰਹਿਣ ਕਰਦਿਆਂ ਵੱਡੀ ਹੁੰਦੀ ਹੈ। ਇਸ ਦਾ ਇਹ ਮਤਲਬ ਉੱਕਾ ਹੀ ਨਹੀਂ ਹੈ ਕਿ ਹਿੰਦੁਸਤਾਨ ਦੇ ਬਾਕੀ ਪ੍ਰਾਂਤਾਂ ਦੀਆਂ ਔਰਤਾਂ ਮਿਹਨਤੀ ਨਹੀਂ ਹਨ। ਬਾਕੀ ਪ੍ਰਾਂਤਾਂ ਦੀਆਂ ਔਰਤਾਂ ਨੂੰ ਮੈਂ ਹਰਿਆਣੇ, ਹਿਮਾਚਲ ਤੋਂ ਲੈ ਕੇ ਮਹਾਂਰਾਸ਼ਟਰ ਨਾਂਦੇੜ ਤੱਕ ਅਤੇ ਦੱਖਣ ਵਿਚ ਰਾਮੇਸ਼ਵਰਮ ਤੱਕ ਟ੍ਰੇਨ ਦਾ ਸਫ਼ਰ ਕਰਦਿਆਂ ਦੇਖਿਆ ਹੈ। ਉਨ੍ਹਾਂ ਨੂੰ ਮਰਦਾਂ ਵਾਂਗ ਹੱਲ ਵਾਹੁੰਦੇ ਅਤੇ ਖੇਤਾਂ ਵਿਚ ਹੋਰ ਕੰਮ ਕਰਦੇ ਦੇਖਿਆ ਹੈ ਪਰ ਉਨ੍ਹਾਂ ਨੂੰ ਖੇਤਾਂ ਵਿਚ ਮਰਦਾਂ ਦੇ ਬਰਾਬਰ ਨਹੀਂ, ਸਗੋਂ ਮਰਦਾਂ ਵਾਲੇ ਕੰਮ ਇਕੱਲਿਆਂ ਕਰਦਿਆਂ ਦੇਖਿਆ ਹੈ, ਜਿੱਥੇ ਮਰਦ ਮਨਫੀ ਹੁੰਦਾ ਹੈ। ਜਦੋਂ ਮੈਂ 1967 ਤੋਂ



ਡਾ. ਗੁਰਨਾਮ ਕੌਰ

1969 ਤੱਕ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਐਮ.ਏ. ਕਰ ਰਹੀ ਸੀ ਉਦੋਂ ਹਰਿਆਣੇ ਨੂੰ ਪੰਜਾਬ ਨਾਲੋਂ ਅਲੱਗ ਹੋਇਆਂ ਬਹੁਤ ਥੋੜਾ ਸਮਾਂ ਹੋਇਆ ਸੀ। ਮੈਂ ਉਸ ਇਲਾਕੇ ਦੇ ਕੰਮ ਕਾਜ਼ ਅਤੇ ਪਹਿਰਾਵੇ ਦੇ ਵਖਰੇਵੇਂ ਨੂੰ ਦੇਖ ਕੇ ਬਹੁਤ ਹੈਰਾਨ ਸੀ ਕਿ ਪੁਰਾਣੇ ਪੰਜਾਬ ਦਾ ਬਾਂਗਰ ਦੇ ਨਾਂ ਨਾਲ ਜਾਣਿਆ ਜਾਂਦਾ ਇਹ ਇਲਾਕਾ ਔਰਤਾਂ ਦੇ ਦਰਜੇ ਦੇ ਸਬੰਧ ਵਿਚ ਏਨਾ ਪਛੜਿਆ ਹੋਇਆ ਕਿਉਂ ਹੈ। ਸਾਡੇ ਨਾਲ ਹਰਿਆਣੇ ਤੋਂ ਪੜ੍ਹ ਰਹੀਆਂ, ਖਾਸ ਕਰਕੇ ਜਾਟ ਬਰਾਦਰੀ ਦੀਆਂ ਲੜਕੀਆਂ ਦੱਸਦੀਆਂ ਹੁੰਦੀਆਂ ਸਨ ਕਿ ਉਨ੍ਹਾਂ ਦੀਆਂ ਮਾਵਾਂ, ਤਾਈਆਂ, ਚਾਚੀਆਂ ਹੱਲ ਵਾਹੁਣ, ਖੇਤਾਂ ਨੂੰ ਪਾਣੀ ਲਾਉਣ, ਘਰ ਲਈ ਪਾਣੀ ਢੋਣ ਤੋਂ ਲੈ ਕੇ ਹਰ ਇਕ ਕੰਮ ਕਰਦੀਆਂ ਸਨ ਜਦ ਕਿ ਮਰਦ ਘਰਾਂ ਅਤੇ ਚੌਪਾਲਾਂ ਵਿਚ ਬੈਠ ਕੇ ਹੁੱਕਾ ਗੁੜਗੜਾਉਣ ਦਾ ਕੰਮ ਕਰਦੇ ਸੀ। (ਹੁਣ ਜ਼ਮਾਨਾ ਬਦਲ ਗਿਆ ਹੈ)। ਇਕ ਕਲਾਸ ਵਿਚ ਵਧ ਤੋਂ ਵਧ ਇਕ ਹੀ ਜਾਟ ਕੁੜੀ ਹੁੰਦੀ ਸੀ। ਸੰਨ 1985 ਵਿਚ ਮੈਂ ਹਜ਼ੂਰ ਸਾਹਿਬ, ਨਾਂਦੇੜ ਗਈ। ਹਜ਼ੂਰ ਸਾਹਿਬ ਤੋਂ ਵਾਪਸੀ ਤੇ ਟ੍ਰੇਨ ਵਿਚ ਆਉਂਦਿਆਂ ਸਾਡੇ ਸਾਹਮਣੇ ਵਾਲੀ ਸੀਟ ਤੇ ਇਕ ਮੁਸਲਮਾਨ ਬਜ਼ੁਰਗ ਬੈਠਾ ਸੀ ਜਿਸ ਨੇ ਔਰੰਗਾਬਾਦ ਤੱਕ ਆਉਣਾ ਸੀ। ਮੈਂ ਖੇਤਾਂ ਵਿਚ ਔਰਤਾਂ ਨੂੰ ਹੱਲ ਚਲਾਉਂਦਿਆਂ ਦੇਖ ਕੇ ਹਿੰਦੀ ਵਿਚ ਪੁੱਛਿਆ ਕਿ ਔਰਤਾਂ ਖੇਤਾਂ ਵਿਚ ਕੰਮ ਕਰ ਰਹੀਆਂ ਹਨ ਅਤੇ ਆਦਮੀ ਕੀ ਕਰਦੇ ਹਨ? ਤਾਂ ਉਸ ਨੇ ਉੱਤਰ ਦਿੱਤਾ ਘਰ ਬੈਠ ਕੇ ਹੁੱਕਾ ਪੀਂਦੇ ਹਨ। ਦੂਸਰੀ ਗੱਲ ਉਸ ਨੇ ਇਹ ਦੱਸੀ ਕਿ ਮੁਸਲਮਾਨਾਂ ਵਿਚ ਚਾਰ ਵਿਆਹ ਕਰਨ ਦੀ ਇਜ਼ਾਜਤ ਹੈ ਪਰ ਅਸੀਂ ਕਰਦੇ ਨਹੀਂ। ਪਰ ਇਥੋਂ ਦੇ ਬਹੁਤੇ ਹਿੰਦੂਆਂ ਨੇ ਕਈ ਕਈ ਵਿਆਹ ਇਸ ਲਈ ਕੀਤੇ ਹੋਏ ਹਨ ਤਾਂ ਕਿ ਉਨ੍ਹਾਂ ਨੂੰ ਖੇਤਾਂ ਵਿਚ ਕੰਮ ਕਰਨ ਲਈ ਵੱਧ ਤੋਂ ਵੱਧ ਔਰਤਾਂ ਮਿਲਣ।

ਗੱਲ ਮੈਂ ਕਰਨ ਲੱਗੀ ਸੀ ਆਪਣੇ ਪਿੰਡ ਦੀ ਇਸਤਰੀ ਸ਼ਕਤੀ ਦੀ। ਇਸਤਰੀ ਸ਼ਕਤੀ ਤੋਂ ਭਾਵ ਜੇ ਔਰਤ ਮਰਦ ਦੇ ਬਰਾਬਰ ਕੰਮ ਕਰਦੀ ਹੈ ਤਾਂ ਮਰਦ ਦੇ ਬਰਾਬਰ ਹੀ ਉਸ ਨੂੰ ਫੈਸਲੇ ਕਰ ਸਕਣ ਅਤੇ ਆਪਣੇ ਅਧਿਕਾਰ ਵਰਤਣ ਦੀ ਖੁਲ੍ਹ ਹੋਣੀ ਚਾਹੀਦੀ ਹੈ। ਪੰਜਾਬੀ ਔਰਤ ਨੂੰ ਇਹ ਖੁਲ੍ਹ ਹਿੰਦੁਸਤਾਨ ਦੀਆਂ ਬਾਕੀ ਔਰਤਾਂ ਨਾਲੋਂ ਵੱਧ ਹਾਸਲ ਰਹੀ ਹੈ। ਇਹ ਇਸ ਲਈ ਨਹੀਂ ਕਿ ਇਹ ਅਧਿਕਾਰ ਉਸ ਨੂੰ ਸੁਤੇ ਸਿੱਧ ਮਿਲ ਗਿਆ ਹੈ। ਇਸ ਦੀ ਵਜ੍ਹਾ ਜਿਥੇ ਗੁਰੂਆਂ ਵਲੋਂ ਧਾਰਮਿਕ ਅਤੇ ਅਧਿਆਤਮਕ ਕਾਰਜਾਂ ਵਿਚ ਇਸਤਰੀ ਨੂੰ ਬਰਾਬਰ ਦੀ ਭਾਈਵਾਲ ਬਣਾਉਣਾ ਹੈ ਉਥੇ ਪੰਜਾਬੀ ਔਰਤ ਦਾ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਦੀ ਹਿੰਮਤ ਕਰ ਸਕਣਾ ਵੀ ਸ਼ਾਮਿਲ ਹੈ। ਜਿਥੋਂ ਤੱਕ ਮਿਹਨਤ ਦਾ ਤੁਅਲਕ ਹੈ, ਉਹ ਤਾਂ ਭੱਠਿਆਂ ਤੇ ਕੰਮ ਕਰਨ ਵਾਲੀਆਂ, ਸੜਕਾਂ ਤੇ ਰੋੜੀ ਕੁੱਟਣ ਵਾਲੀਆਂ ਬਹੁਤੀਆਂ ਔਰਤਾਂ ਹੀ ਦੇਖਦੇ ਹਾਂ ਅਤੇ ਉਹ ਬਹੁਤੀਆਂ ਹੁੰਦੀਆਂ ਵੀ ਪੰਜਾਬ ਤੋਂ ਬਾਹਰ ਦੀਆਂ ਹਨ। ਮੈਨੂੰ ਇਥੇ ਹਾਈ ਸਕੂਲ ਵਿਚ ਪੜ੍ਹੀ ਇਕ ਪੰਜਾਬੀ ਦੀ ਕਵਿਤਾ ਦੇ ਬੋਲ ਯਾਦ ਆ ਗਏ ਹਨ। ਸ਼ਾਇਦ ਇਹ ਪ੍ਰੋਫੈਸਰ ਮੋਹਣ ਸਿੰਘ ਦੀ ਕਵਿਤਾ ਸੀ। ਅਫ਼ਸੋਸ ਕਿ 50 ਸਾਲ ਪਹਿਲਾਂ ਪੜ੍ਹੀ ਕਵਿਤਾ ਦੇ ਕਵੀ ਦਾ ਨਾਂ ਭੁੱਲ ਗਿਆ ਹੈ। ਇਹ ਕਵਿਤਾ ਮੇਰੇ ਸ਼ਹਿਰ ਪਟਿਆਲੇ ਦੇ ਰਾਜ-ਘਰਾਣੇ ਦੀ ਬਹਾਦਰ ਇਸਤਰੀ ਸਾਹਿਬ ਕੌਰ ਬਾਰੇ ਹੈ:

ਲਿਖਿਆ ਸਾਹਿਬ ਕੌਰ ਨੇ
ਅੱਟਾ ਰਾਉ ਤਾਣੀ।
ਮੈਂ ਸ਼ੀਂਹਣੀ ਪੰਜ ਦਰਿਆ ਦੀ
ਮੈਨੂੰ ਕੱਲੀ ਨਾ ਜਾਣੀ।
ਮੈਂ ਨਾਗਣ ਡੰਗਾਂ ਜਿਸ ਨੂੰ
ਨਹੀਂ ਮੰਗਦਾ ਪਾਣੀ।
ਮੈਂ ਕਰ ਕਰ ਸੁੱਟਾਂ ਡੱਕਰੇ ਸਭ ਤੇਰੀ ਢਾਣੀ।

ਬੀਬੀ ਸਾਹਿਬ ਕੌਰ ਦੇ ਨਾਂ ਤੇ ਪੰਜਾਬੀ ਯੂਨੀਵਰਸਿਟੀ ਵਿਚ ਕੁੜੀਆਂ ਦਾ ਹੋਸਟਲ ਬਣਿਆ ਹੋਇਆ ਹੈ। ਇਹ ਇਕ ਇਤਿਹਾਸਕ ਸਚਾਈ ਅਤੇ ਤੱਥ ਹੈ ਕਿ ਪੰਜਾਬੀ ਔਰਤ ਦਾ ਅਸਲੀ ਸੁਭਾ ਇਹੀ ਹੈ। ਇਹ ਵੱਖਰੀ ਗੱਲ ਹੈ ਕਿ ਸਮੇਂ ਦੇ ਬਦਲਣ ਨਾਲ ਅੱਜ ਪੰਜਾਬੀ ਔਰਤ ਵੀ ਸਮਝੌਤਾਪ੍ਰਸਤ ਹੋ ਗਈ ਹੈ। ਅੱਜ ਉਹ ਸ਼ਸ਼ੋਪੰਜ ਵਿਚ ਹੈ। ਪੰਜਾਬੀ ਦੀ ਜੁਆਨੀ ਅੱਜ ਨਸ਼ਿਆਂ ਵਿਚ ਰੁੜ੍ਹੀ ਜਾ ਰਹੀ ਹੈ ਅਤੇ ਪੰਜਾਬੀ ਮਾਂ ਬੇਬੱਸ ਹੋ ਕੇ ਦੇਖ ਰਹੀ ਹੈ। ਇਸ ਦਾ ਜ਼ਿਕਰ ਕਦੀ ਫੇਰ ਕਰਾਂਗੇ। ਇਥੇ ਮੈਨੂੰ 'ਗੱਜਣ ਦੀ ਬੋਬੀ' ਸ਼ਿਆਮ ਕੌਰ ਯਾਦ ਆ ਗਈ ਹੈ ਜੋ ਆਪਣਾ ਹੱਕ ਬਣਾਈ ਰੱਖਣ ਲਈ ਇਕੱਲੀ ਹੀ ਤਰੀਕਾਂ ਭੁਗਤਣ ਜਾਂਦੀ ਰਹੀ। ਕਹਿੰਦੇ ਹੁੰਦੇ ਸੀ ਕਿ ਉਸ ਦੀ ਹਿੰਮਤ ਤੋਂ ਡਰਦਿਆਂ ਹੱਕ ਵਾਲਿਆਂ ਨੇ ਉਸ ਨੂੰ ਦੁਕਾਨਦਾਰ ਤੋਂ ਚਾਹ ਵਿਚ ਪੁਆ ਕੇ ਕੁਝ ਦੇ ਦਿੱਤਾ ਅਤੇ ਉਹ ਮਰ ਗਈ। ਮੈਂ ਪਹਿਲਾਂ ਵੀ ਦੱਸਿਆ ਸੀ ਕਿ ਸੂਬੇਦਾਰਾਂ ਦਾ ਥੰਮਾਂ ਪਿੰਡ ਵਿਚ ਸਭ ਤੋਂ ਉੱਚਾ ਹੈ ਅਤੇ ਉਨ੍ਹਾਂ ਦੇ ਬਰਾਬਰ ਕੁ ਹੀ ਹੌਲਦਾਰਾਂ ਦਾ ਆ ਜਾਂਦਾ ਹੈ। ਇਸਤਰੀ ਸ਼ਕਤੀ ਦੀ ਗੱਲ ਕਰਦਿਆਂ ਮੈਂ ਇਥੇ ਸੂਬੇਦਾਰਨੀ ਹਰਨਾਮ ਕੌਰ ਦੀ ਗੱਲ ਕਰਨੀ ਚਾਹਾਂਗੀ। ਸੂਬੇਦਾਰ ਦੂਲਾ ਸਿੰਘ ਅਤੇ ਉਨ੍ਹਾਂ ਦੇ ਪਿਤਾ ਫ਼ੌਜ ਵਿਚ ਰਹੇ ਸਨ। ਇਸ ਲਈ ਉਨ੍ਹਾਂ ਨੂੰ 'ਬਾਰ' ਵਿਚ ਮੁਰੱਬੇ ਮਿਲੇ ਹੋਏ ਸਨ ਜਿਸ ਬਦਲੇ ਪਾਕਿਸਤਾਨ ਬਣਨ ਤੇ ਹੇਡੋਂ ਪਿੰਡ ਵਿਚ ਜ਼ਮੀਨ ਮਿਲ ਗਈ। ਗੱਲ ਬਹੁਤ ਪੁਰਾਣੀ ਹੈ ਸਾਡੇ ਬਾਪੂ ਜੀ ਦੇ ਵੇਲਿਆਂ ਦੀ। ਸੂਬੇਦਾਰ ਦਾ ਵੱਡਾ ਲੜਕਾ ਹਰਭਜਨ ਸਿੰਘ ਉਨ੍ਹਾਂ ਵੇਲਿਆਂ ਵਿਚ ਆਗਰੇ ਐਮ.ਬੀ.ਬੀ. ਐਸ. (ਡਾਕਟਰੀ) ਪੜ੍ਹ ਰਿਹਾ ਸੀ ਜਦੋਂ ਲੋਕ ਸਕੂਲ ਵੀ ਵਿਰਲੇ ਹੀ ਜਾਂਦੇ ਸੀ। ਉਸ ਦਾ ਵਿਆਹ 17-18 ਸਾਲ ਦੀ ਉਮਰ ਵਿਚ ਹੀ ਹੋ ਗਿਆ ਸੀ। ਕਹਿੰਦੇ ਹਨ ਕਿ ਹਰਭਜਨ ਸਿੰਘ ਪੜ੍ਹਨ ਨੂੰ ਬਹੁਤ ਹੁਸ਼ਿਆਰ ਸੀ ਅਤੇ ਈਰਖਾ ਵੱਸ ਨਾਲ ਪੜ੍ਹਦੇ ਦੋਸਤਾਂ ਨੇ ਹੀ ਕੋਈ ਜ਼ਹਿਰੀਲੀ ਚੀਜ਼ ਖਾਣੇ ਵਿਚ ਖੁਆ ਦਿੱਤੀ ਜਿਸ ਨਾਲ ਉਸ ਦੀ ਮੌਤ ਹੋ ਗਈ। ਉਦੋਂ ਉਸ ਦਾ ਇੱਕੋ-ਇਕ ਲੜਕਾ ਕਪੂਰ ਸਿੰਘ ਸਿਰਫ ਸਾਲ-ਛੇ ਮਹੀਨੇ ਦਾ ਸੀ। ਇਸੇ ਤਰ੍ਹਾਂ ਸੂਬੇਦਾਰ ਦੇ ਦੂਸਰੇ ਦੋ ਲੜਕਿਆਂ ਗੁਰਬਚਨ ਸਿੰਘ ਅਤੇ ਕੁਲਦੀਪ ਸਿੰਘ ਦੀ ਵੀ ਅਚਾਨਕ ਜੁਆਨੀ ਵਿਚ ਹੀ ਮੌਤ ਹੋ ਗਈ। ਕੁਲਦੀਪ ਸਿੰਘ ਅਤੇ ਕਪੂਰ ਸਿੰਘ ਦੋਵੇਂ ਚਾਚਾ-ਭਤੀਜਾ ਸਕੀਆਂ ਭੈਣਾਂ ਨੂੰ ਵਿਆਹੇ ਹੋਏ ਸੀ। ਸੂਬੇਦਾਰ ਜਦੋਂ ਆਪ ਸਵਰਗਵਾਸ ਹੋਇਆ ਤਾਂ



ਸਭ ਤੋਂ ਛੋਟਾ ਲੜਕਾ ਸੁਖਜਿੰਦਰ ਸਿੰਘ ਜੋ ਸਭ ਤੋਂ ਛੋਟੀ ਭੈਣ ਮਹਿੰਦਰ ਕੌਰ ਤੋਂ 13-14 ਸਾਲ ਛੋਟਾ ਹੈ, ਕੁੱਝ ਵਰ੍ਹਿਆਂ ਦਾ ਹੀ ਸੀ। ਸੂਬੇਦਾਰਨੀ ਹਰਨਾਮ ਕੌਰ ਨੇ ਸੂਬੇਦਾਰ ਦੇ ਪਿੱਛੋਂ ਘਰ ਅਤੇ ਬਾਹਰ ਦੀ ਸਾਰੀ ਜ਼ਿੰਮੇਵਾਰੀ ਆਪ ਨਿਭਾਈ। ਜਦੋਂ ਔਰਤਾਂ ਨੂੰ ਪੰਚਾਇਤ ਮੈਂਬਰ ਬਣਾਉਣ ਦਾ ਕਾਨੂੰਨ ਲਾਗੂ ਹੋਇਆ ਤਾਂ ਉਹ ਪਹਿਲੀ ਪੰਚਾਇਤ ਮੈਂਬਰ ਬਣੀ। ਇਹੀ ਨਹੀਂ, ਉਦੋਂ ਔਰਤਾਂ ਬਲਾਕ ਸੰਮਤੀ ਦੀਆਂ ਮੈਂਬਰ ਬਣਨ ਤੋਂ ਜਾਂ ਚੋਣ ਲੜਨ ਤੋਂ ਝਿਜਕਦੀਆਂ ਸਨ। ਘੁੰਗਰਾਲੀ ਉਦੋਂ ਮਾਛੀਵਾੜਾ ਬਲਾਕ ਨਾਲ ਸੀ ਅਤੇ ਹਰਨਾਮ ਕੌਰ ਅੰਮਾ ਜੀ ਪਹਿਲੀ ਇਸਤਰੀ ਬਲਾਕ ਸੰਮਤੀ ਮੈਂਬਰ ਬਣੀ। ਉਨ੍ਹਾਂ ਦਾ ਨਾਂ ਗੁਆਂਢੀ ਪਿੰਡ ਦੇ ਮੈਂਬਰ ਸ. ਦਿਲਬਾਗ ਸਿੰਘ ਨੇ ਸੁਝਾਇਆ ਕਿਉਂਕਿ ਉਹ ਉਨ੍ਹਾਂ ਦੇ ਰੋਅਬ-ਦਾਬ ਵਾਲੇ, ਨਿੱਡਰ ਅਤੇ ਬੇਬਾਕ ਸੁਭਾ ਤੋਂ ਜਾਣੂ ਸੀ। ਸੂਬੇਦਾਰਨੀ ਨੇ ਹੁਣ ਦੀਆਂ ਸਰਪੰਚ ਔਰਤਾਂ ਵਾਂਗ ਆਪਣੇ ਇਹ ਰੋਲ ਰਬੜ ਦੀ ਮੋਹਰ ਬਣ ਕੇ ਨਹੀਂ ਨਿਭਾਏ ਸਗੋਂ ਪਿੰਡ ਦੇ ਹਰ ਤਰ੍ਹਾਂ ਦੇ ਫੈਸਲਿਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਉਸ ਦੇ ਸੁਭਾਅ ਅਤੇ ਸਤਿਕਾਰ ਕਾਰਨ ਕੋਈ ਘੱਟ ਵੱਧ ਹੀ ਉਸ ਦੀ ਗੱਲ ਥੱਲਣ ਦੀ ਹਿੰਮਤ ਕਰਦਾ ਸੀ। ਉਹ ਵਹੁਟੀਆਂ ਦੇ ਪਹਿਰਾਵੇ ਦੀ ਮਰਿਯਾਦਾ ਤੋੜਨ ਦੇ ਵੀ ਬਹੁਤ ਖਿਲਾਫ ਸੀ। ਉਸ ਦੀ ਪੱਕੀ ਧਾਰਨਾ ਸੀ ਕਿ ਪਿੰਡ ਦੀ ਕੁੜੀ ਜਾਂ ਵਹੁਟੀ ਹੋਣ ਦੀ ਪਛਾਣ ਉਸ ਦੇ ਪਹਿਰਾਵੇ ਤੋਂ ਹੁੰਦੀ ਹੈ। ਉਹ ਵਹੁਟੀਆਂ ਦੇ ਲੰਬੇ-ਚੌੜੇ ਭਾਰੇ ਦੁਪੱਟੇ ਲੈਣ ਦੇ ਹੱਕ ਵਿਚ ਸੀ ਜਿਸ ਨਾਲ ਵਹੁਟੀ ਪੂਰੀ ਤਰ੍ਹਾਂ ਆਪਾ ਕੱਜ ਕੇ ਤੁਰੇ ਅਤੇ ਘਗਰਾ ਵੀ ਉਸ ਦੀ ਵੱਖਰੀ ਪਛਾਣ ਦਾ ਚਿੰਨ੍ਹ ਬਣੇ। ਪਿੰਡ ਦੀ ਕੋਈ ਵਹੁਟੀ ਜੇ ਡਰੈਸ-ਕੋਡ ਤੋੜਦੀ ਸੀ ਤਾਂ ਉਹ ਮੇਰੀ ਮਾਂ ਕੋਲ ਸ਼ਿਕਾਇਤੀ ਲਹਿਜ਼ੇ ਵਿਚ ਚਰਚਾ ਕਰਦੀ ਹੁੰਦੀ ਸੀ। ਸੁਭਾਅ ਦੀ ਸਖਤੀ ਦੇ ਬਾਵਜੂਦ ਉਹ ਸਮਾਜਿਕ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੀ ਸੀ। ਮਸਲਨ ਕਿਸੇ ਬੱਚੇ ਦੀਆਂ ਜੇ ਅੱਖਾਂ ਦੁਖਣੀਆਂ ਆ ਜਾਂਦੀਆਂ ਸੀ ਤਾਂ ਝੱਟ ਅੰਮਾ ਜੀ ਕੋਲੋਂ ਇਕ ਖਾਸ ਦੁਆਈ ਪੁਆਉਣ ਭੇਜ ਦਿੱਤਾ ਜਾਂਦਾ ਸੀ।

ਹੌਲਦਾਰ ਸੰਤਾ ਸਿੰਘ ਵੀ ਉਨ੍ਹਾਂ ਦੇ ਗੁਆਂਢ ਵਿਚ ਹੀ ਅਤੇ ਉਨ੍ਹਾਂ ਦੇ ਸਕੇ ਸੀ। ਹੌਲਦਾਰਨੀ ਅੰਮਾ ਜੀ ਕਿਸ਼ਨ ਕੌਰ ਵੀ ਧੜੱਲੇਦਾਰ ਸੂਝਬੂਝ ਵਾਲੀ ਔਰਤ ਸੀ। ਉਹ ਉੱਚਾ ਥੰਮ੍ਹਾਂ ਹੋਣ ਕਰਕੇ ਕਿਸੇ ਤੋਂ ਘੁੰਡ ਨਹੀਂ ਸੀ ਕੱਢਦੀ ਪਰ ਮੈਂ ਉਸ ਦੇ ਕਦੇ ਘੱਗਰਾ ਵੀ ਪਾਇਆ ਨਹੀਂ ਦੇਖਿਆ। ਬਾਬਾ ਜੀ ਹੌਲਦਾਰ ਪੂਰਨ ਗੁਰਸਿੱਖ ਸਨ ਤੇ ਅੰਮਾ ਜੀ ਆਪ ਵੀ। ਉਨ੍ਹਾਂ ਦੀ ਸਭ ਤੋਂ ਵੱਡੀ ਸੇਵਾ ਸੀ ਨਵੇਂ-ਜਨਮੇ ਬੱਚਿਆਂ ਨੂੰ ਚੌਂਕੇ ਚੜ੍ਹਾਉਣ ਵੇਲੇ ਅੰਮ੍ਰਿਤ ਛਕਾਉਣਾ। ਇਹ ਅੰਮ੍ਰਿਤ ਉਹ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਸਰਬ-ਲੋਹ ਦੇ ਬਾਟੇ ਵਿਚ ਤਿਆਰ ਕਰਦੇ ਸਨ। ਪਿੰਡ ਵਿਚ ਇਸ ਨੂੰ ਛੋਟਾ ਅੰਮ੍ਰਿਤ ਕਹਿੰਦੇ ਸਨ। ਅਸੀਂ ਸਾਰੇ ਭੈਣ-ਭਰਾਵਾਂ, ਭਤੀਜੇ-ਭਤੀਜੀਆਂ ਨੇ ਉਨ੍ਹਾਂ ਕੋਲੋਂ ਹੀ ਇਹ ਛੋਟਾ ਅੰਮ੍ਰਿਤਪਾਨ ਕੀਤਾ। ਪਿੰਡ ਵਿਚ ਜੁਆਨ ਹੋ ਰਹੀਆਂ ਕੁੜੀਆਂ ਦੇ ਛੇਤੀ ਵਿਆਹ ਲਈ ਉਨ੍ਹਾਂ ਦੇ ਮਾਂ-ਬਾਪ ਨੂੰ ਪ੍ਰੇਰਦੇ ਰਹਿਣਾ ਵੀ ਅੰਮਾ ਜੀ ਕਿਸ਼ਨ ਕੌਰ ਆਪਣਾ ਫਰਜ਼ ਸਮਝਦੀ ਸੀ। ਉਨ੍ਹਾਂ ਦੇ ਸਾਹਮਣੇ ਜੇ ਕਿਸੇ ਬੱਚੇ ਦੀ ਕਿਸੇ ਗੱਲ ਤੋਂ ਖਿਝੀ ਹੋਈ ਮਾਂ ਬੱਚੇ ਨੂੰ ਬਦ-ਅਸੀਸ ਵਰਗੀ ਕੋਈ ਗਾਲ ਕੱਢ ਦਿੰਦੀ ਸੀ ਤਾਂ ਅੰਮਾ ਜੀ ਝੱਟ ਟੋਕ ਦਿੰਦੀ ਸੀ ਕਿ ਕਿਸੇ ਹੋਰ ਦੀ ਗਾਲ੍ਹ ਬੱਚੇ ਨੂੰ ਭਾਵੇਂ ਲੱਗੇ ਭਾਵੇਂ ਨਾ ਪਰ ਮਾਂ ਦੀ ਲੱਗ ਜਾਂਦੀ ਹੈ। ਆਪਣੇ ਬੱਚੇ ਨੂੰ ਕਦੇ ਵੀ ਆਪਣੇ ਮੂੰਹੋਂ ਬਦ-ਅਸੀਸ ਨਹੀਂ ਕੱਢਣੀ ਚਾਹੀਦੀ। ਅੰਮਾ ਜੀ ਦੀ ਇਹ ਗੱਲ ਮੇਰੇ ਮੱਥੇ ਵਿਚ ਅੱਜ ਵੀ ਉਵੇਂ ਹੀ ਬੈਠੀ ਹੋਈ ਹੈ ਹਾਲਾਂ ਕਿ ਮੈਂ ਉਦੋਂ ਕਾਫੀ ਛੋਟੀ ਸੀ। ਅੰਮਾ ਜੀ ਦੇ ਆਪਣੇ ਪੰਜੇ ਪੁੱਤਰ ਹਰੀ ਸਿੰਘ, ਹਰਦਿੱਤ ਸਿੰਘ, ਕਰਤਾਰ ਸਿੰਘ, ਅਮਰ ਸਿੰਘ ਅਤੇ ਕੁਲਵੰਤ ਸਿੰਘ ਸਾਰੇ ਹੀ ਬੜੇ ਸਲੀਕੇ ਵਾਲੇ, ਪੜ੍ਹੇ ਲਿਖੇ, ਰੋਅਬਦਾਰ, ਮਿੱਠ-ਬੋਲੜੇ ਅਤੇ ਚੰਗੀਆਂ ਨੌਕਰੀਆਂ 'ਤੇ ਲੱਗੇ ਰਹੇ ਹਨ। ਜਦੋਂ ਬਾਬਾ ਜੀ ਫੌਜ ਵਿਚ ਸਨ ਤਾਂ ਅੰਮਾ ਜੀ ਹੀ ਘਰ ਦੀ ਸਾਂਭ-ਸੰਭਾਲ ਅਤੇ ਬੱਚਿਆਂ ਦੀ ਪੜ੍ਹਾਈ-ਲਿਖਾਈ ਦਾ ਪ੍ਰਬੰਧ ਕਰਦੀ ਸੀ। ਗਿਆਨੀ ਪ੍ਰੇਮ ਸਿੰਘ ਦੇ ਘਰ ਵਾਲੀ ਗੁਰਬਚਨ ਕੌਰ ਅੰਮਾ ਜੀ ਨੂੰ ਪਿੰਡ ਦੀਆਂ ਉਨ੍ਹਾਂ ਅਗਾਂਹਵਧੂ ਔਰਤਾਂ ਦੀ ਮੋਢੀ ਗਿਣਨਾ ਚਾਹੀਦਾ ਹੈ ਜਿਨ੍ਹਾਂ 'ਤੇ ਸਿੱਖੀ ਦਾ ਪੂਰਾ ਅਸਰ ਸੀ। ਉਹ ਸਿੱਖੀ ਦੀ ਆਲਮਬਰਦਾਰ ਸੀ। ਨਾ ਉਹ ਕੋਈ ਪਰਦਾ ਕਰਦੀ ਜਾਂ ਘੱਗਰਾ ਪਾਉਂਦੀ ਸੀ, ਨਾ ਉਹ ਕੋਈ ਗਹਿਣਾ ਪਾਉਂਦੀ ਸੀ। ਉਸ ਨੇ ਆਪਣੀਆਂ ਲੜਕੀਆਂ ਦੇ ਨੱਕ-ਕੰਨ ਵਿੰਨ੍ਹਣ ਦਾ ਰਿਵਾਜ਼ ਨਹੀਂ ਅਪਨਾਇਆ। ਉਹ ਬਹੁਤ ਹੀ ਮਿੱਠ ਬੋਲੜੀ ਅਤੇ ਹਲੀਮ ਸੁਭਾਅ ਦੀ ਔਰਤ ਸੀ।

ਉਨ੍ਹਾਂ ਤੋਂ ਅਗਲੀ ਪੀੜ੍ਹੀ ਦੀ ਆਗੂ ਮੇਰੀ ਸਵਰਗਵਾਸੀ ਮਾਂ ਹਰਬੰਸ ਕੌਰ ਦਾ ਨਾਂ ਆਉਂਦਾ ਹੈ। ਉਹ ਪੂਰਨ ਗੁਰਸਿੱਖ ਤੇ ਅੰਮ੍ਰਿਤਧਾਰੀ ਸੀ ਪਰ ਪਿੰਡ ਦੇ ਰਸਮੋ-ਰਿਵਾਜ ਜਿਵੇਂ ਘੱਗਰਾ ਅਤੇ ਘੁੰਡ ਵੀ ਕੁਝ ਦੇਰ ਅਪਨਾ ਕੇ ਰੱਖਿਆ। ਮੇਰੀ ਮਾਂ ਨੇ ਮੇਰੇ ਬਾਪੂ ਜੀ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ, ਘਰ ਅਤੇ ਬਾਹਰ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਪਿੰਡ ਵਿਚ ਸਕੂਲ ਖੁਲ੍ਹਣ ਤੇ ਨਵੀਂ ਜਾਗਰਤੀ ਆਉਣ ਨਾਲ ਬਹੁਤ ਛੇਤੀ ਘੱਗਰਾ ਪਾਉਣਾ ਬੰਦ ਕਰ ਦਿੱਤਾ ਅਤੇ ਮੇਰੀਆਂ ਭਰਜਾਈਆਂ ਨੂੰ ਵੀ ਕਰਾ ਦਿੱਤਾ। ਸਕੂਲ ਦੀ ਇਕੋ ਇਕ ਅਧਿਆਪਕਾ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਆਉਂਦੀ ਤਾਂ ਉਹ ਝੱਟ ਸੁਨੇਹਾ ਭੇਜ ਕੇ ਬੇ ਜੀ ਨੂੰ ਸਕੂਲ ਬੁਲਾ ਲੈਂਦੀ। ਉਸ ਦੀ ਬਦਲੀ ਹੋ ਜਾਣ ਤੋਂ ਪਹਿਲਾਂ ਇਕੋ ਅਧਿਆਪਕਾ ਸਮਰਾਲੇ ਤੋਂ ਆਈ ਅਤੇ ਫੇਰ ਇਕ ਹੋਰ ਅਧਿਆਪਕ ਲੁਧਿਆਣੇ ਤੋਂ ਆ ਗਈ। ਇਹ ਅਧਿਆਪਕਾ ਜੋਗਿੰਦਰ ਕੌਰ ਬੇਦੀ, ਜੋ ਪਾਕਿਸਤਾਨ ਬਣਨ ਤੇ ਪੱਛਮੀ ਪੰਜਾਬ ਤੋਂ ਆਪਣੇ ਪਰਿਵਾਰ ਨਾਲ ਆਈ ਸੀ, ਆਪਣੇ ਆਪ ਨੂੰ ਗੁਰੂ ਨਾਨਕ ਦੀ ਤੇਰ੍ਹਵੀਂ ਪੀੜ੍ਹੀ ਵਿਚੋਂ ਦਸਦੀ ਸੀ ਅਤੇ ਗੁਰਬਾਣੀ ਤੇ ਉਸ ਨੂੰ ਬਹੁਤ ਜ਼ਿਆਦਾ ਵਿਸ਼ਵਾਸ ਸੀ। ਕੋਈ ਵੀ ਕੰਮ ਕਰਨ ਲਈ ਗੁਰਬਾਣੀ ਦਾ ਆਸਰਾ ਲੈਂਦੀ ਸੀ। ਛੋਟੀਆਂ-ਮੋਟੀਆਂ ਸਕੂਲੀ ਸਮੱਸਿਆਵਾਂ ਸ਼ਾਮ ਨੂੰ ਆ ਕੇ ਸਾਂਝਿਆਂ ਕਰਨਾ ਜਿਵੇਂ ਉਸ ਦਾ ਨਿਤਨੇਮ ਸੀ। ਇਸ ਤਰ੍ਹਾਂ ਗਰਾਮ ਸੇਵਕਾ, ਐਲ. ਐਸ. ਡੀ. ਓ. ਰਜਿੰਦਰ ਕੌਰ ਗਿੱਲ ਨੇ ਵੀ ਪਿੰਡ ਵਿਚ ਕੋਈ ਕੰਮ ਕਰਨ ਆਉਣਾ ਤਾਂ ਉਹ ਬੇ ਜੀ ਦੀ ਸਲਾਹ ਲੈਂਦੀਆਂ ਸੀ। ਪਿੰਡ ਵਿਚ ਤੈਨਾਤ ਨਰਸ ਨੇ ਜੇ ਪਿੰਡ ਦੀਆਂ ਔਰਤਾਂ ਨੂੰ ਕਿਸੇ ਗੱਲ ਲਈ ਜਿਵੇਂ ਪਰਿਵਾਰ ਨਿਯੋਜਨ ਆਦਿ ਲਈ ਪ੍ਰੇਰਨਾ ਹੁੰਦਾ ਤਾਂ ਉਹ ਬੇ ਜੀ ਨੂੰ ਨਾਲ ਲੈਂਦੀ। 1960 ਵਿਚ ਸਮਰਾਲੇ ਬਲਾਕ ਦੀਆਂ ਇਸਤਰੀਆਂ ਨੂੰ ਹਿੰਦੋਸਤਾਨ ਦੀਆਂ ਨੇੜੇ ਦੀਆਂ ਚੋਣਵੀਆਂ ਥਾਵਾਂ ਦਾ ਕੁਝ ਦਿਨਾਂ ਦਾ ਟੂਰ ਕਰਾਇਆ ਗਿਆ ਜਿਸ ਵਿਚ ਘੁੰਗਰਾਲੀ ਵਿਚੋਂ ਮੇਰੀ ਮਾਂ ਨੂੰ ਚੁਣਿਆ ਗਿਆ। ਪਿੰਡ ਦੀਆਂ ਔਰਤਾਂ ਆਪਣੀਆਂ ਘਰੇਲੂ ਸਮੱਸਿਆਵਾਂ ਅਤੇ ਛੋਟੀਆਂ-ਮੋਟੀਆਂ ਲੋੜਾਂ ਨਾਲ ਮਾਂ ਕੋਲ ਆਈਆਂ ਰਹਿੰਦੀਆਂ ਸੀ। ਮਾਂ ਦਾ ਸੁਭਾਅ ਸੀ ਕਿ ਲੋੜਵੰਦ ਦੀ ਲੋੜ ਪੂਰੀ ਕਰਨੀ ਚਾਹੀਦੀ ਹੈ। ਜਦੋਂ ਪਿੰਡ ਵਿਚ ਮਹਿਲਾ ਮੰਡਲ ਬਣਿਆ ਤਾਂ ਮੇਰੀ ਵੱਡੀ ਭਾਬੀ ਪ੍ਰੇਮ ਕੌਰ ਉਸ ਦੀ ਸਰਗਰਮ ਮੈਂਬਰ ਬਣੀ ਅਤੇ ਪਿੰਡ ਵਿਚ ਕਈ ਸਾਂਝੇ ਕੰਮ ਕੀਤੇ।

ਪਿੰਡ ਵਿਚ ਕਈ ਇਸਤਰੀਆਂ ਅਜਿਹੀਆਂ ਸਨ ਜਿਨ੍ਹਾਂ ਨੇ ਆਪਣੇ ਪੂਰੇ ਪਰਿਵਾਰ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕਿਆ ਹੋਇਆ ਸੀ ਪਰ ਸਭ ਦਾ ਜ਼ਿਕਰ ਕਰ ਸਕਣਾ ਇਥੇ ਸੰਭਵ ਨਹੀਂ। ਇਕ ਹੋਰ ਔਰਤ ਦੀ ਗੱਲ ਮਾਂ ਸੁਣਾਉਂਦੀ ਹੁੰਦੀ ਸੀ ਜਿਸ ਦਾ ਘਰ ਦੂਜੇ ਪਾਸੇ ਸੀ। ਜਦੋਂ ਉਸ ਦਾ ਪਤੀ ਮਰ ਗਿਆ ਉਸ ਦੇ ਮੁੰਡੇ ਛੋਟੇ ਛੋਟੇ ਸੀ। ਉਹ ਪੱਗ ਬੰਨ੍ਹ ਕੇ ਰਾਤ ਨੂੰ ਵੀ ਖੇਤਾਂ ਵਿਚ ਕੰਮ ਕਰਦੀ ਰਹਿੰਦੀ ਸੀ। ਪੱਗ ਇਸ ਲਈ ਬੰਨ੍ਹ ਲੈਂਦੀ ਸੀ ਕਿ ਦੂਰੋਂ ਦੇਖਣ ਵਾਲੇ ਨੂੰ ਉਹ ਰਾਤ ਨੂੰ ਬੰਦਾ ਹੀ ਨਜ਼ਰ ਆਵੇ। ਸਾਡੀ ਮਾਂ ਦੇ ਦੱਸਣ ਮੁਤਾਬਿਕ ਸਾਡੇ ਗੁਆਂਢ ਵਿਚ ਹੀ ਚਾਚੀ ਦਰੋਪਤੀ ਨੇ ਖੁਦ ਮਿਹਨਤ ਕਰਕੇ ਆਪਣੇ ਮੁੰਡਿਆਂ ਨੂੰ ਪੜ੍ਹਾਇਆ, ਲਿਖਾਇਆ ਅਤੇ ਸਥਾਪਤ ਕੀਤਾ। ਉਸ ਦੇ ਘਰ ਵਾਲਾ ਨਖੱਟੂ ਸੀ ਅਤੇ ਕੋਈ ਕੰਮ ਨਹੀਂ ਸੀ ਕਰਦਾ ਸਗੋਂ ਵਿਹਲਾ ਤੰਗ ਕਰਦਾ ਸੀ। ਉਸ ਦੇ ਵੱਡੇ ਮੁੰਡੇ ਦਾ ਜ਼ਿਕਰ ਮੈਂ ਪਹਿਲਾਂ ਹੀ ਕਰ ਚੁੱਕੀ ਹਾਂ ਜਿਸ ਨੇ ਸਕੂਲ ਦੀ ਇਮਾਰਤ ਉਸਾਰਨ ਵਿਚ ਕਾਫੀ ਪੈਸਾ ਲਾਇਆ। ਦਰੋਪਤੀ ਚਾਚੀ ਨੂੰ ਫਿਰ ਵੀ ਹਮੇਸ਼ਾਂ ਹੱਸ ਹੱਸ ਗੱਲਾਂ ਸੁਣਾਉਂਦੇ ਹੀ ਦੇਖਿਆ। ਮੇਰੀ ਮਾਂ ਨੇ ਉਸ ਦੇ ਘਰ ਵਾਲੇ ਦਾ ਨਾਂ ਲੈ ਕੇ ਜੇ ਕਦੀ ਕਹਿ ਦੇਣਾ ਕਿ ਦਰੋਪਤੀ ਇਸ ਨਾਲੋਂ ਤਾਂ ਉਹ ਮਰ ਹੀ ਜਾਵੇ ਤਾਂ ਉਸ ਦਾ ਉੱਤਰ ਹੁੰਦਾ ਸੀ, "ਨਾ ਬੇਬੇ, ਫਿਰ ਮੈਂ ਰੰਗਦਾਰ ਚੁੰਨੀ ਨਹੀਂ ਲੈ ਸਕਣੀ।" ਕਿਹੋ ਜਿਹੀ ਵਿਡੰਬਨਾ ਰਹੀ ਹੈ ਭਾਰਤੀ ਔਰਤ ਦੀ। ਪਿੰਡਾਂ ਵਿਚ ਪਹਿਲਾਂ ਜਿਠਾਣੀ ਥਾਂ ਲਗਦੀਆਂ ਔਰਤਾਂ ਨੂੰ, ਖਾਸ ਕਰਕੇ ਮਾਲਵੇ ਵਿਚ 'ਬੇਬੇ' ਹੀ ਕਿਹਾ ਜਾਂਦਾ ਸੀ। ਦਰੋਪਤੀ ਵੀ ਆਪਣੇ ਦੁੱਖ-ਸੁੱਖ ਮੇਰੀ ਮਾਂ ਨਾਲ ਸਾਂਝੇ ਕਰਦੀ ਹੁੰਦੀ ਸੀ।

ਵਿਹੜੇ ਵਿਚੋਂ ਮੈਂ ਮਲਕੀਤ ਕੌਰ ਦੀ ਗੱਲ ਕਰਨੀ ਚਾਹਾਂਗੀ ਜਿਸ ਨੂੰ ਸਾਰੇ ਮਲਕੀਤੋ ਕਹਿੰਦੇ ਸਨ। ਉਸ ਦੇ ਘਰ ਵਾਲਾ ਜੱਟਾਂ ਨਾਲ ਕੰਮ ਕਰਕੇ ਗੁਜ਼ਾਰਾ ਕਰਦਾ ਸੀ ਪਰ ਬਹੁਤ ਛੇਤੀ ਬਿਮਾਰ ਰਹਿਣ ਲੱਗ ਪਿਆ। ਮਲਕੀਤੋ ਨੇ ਦਾਈ ਦਾ ਕੰਮ ਸਿੱਖਿਆ ਅਤੇ ਆਪਣੇ ਕਿੱਤੇ ਵਿਚ ਬਹੁਤ ਮਾਹਰ ਹੋ ਗਈ। ਉਸ ਨੇ ਆਪਣੀ ਮਿਹਨਤ ਨਾਲ ਆਪਣੇ ਟੱਬਰ ਨੂੰ ਸੰਭਾਲਿਆ ਜਿਸ ਵਿਚ ਬੁੱਢੇ ਸੱਸ-ਸਹੁਰਾ ਵੀ ਸ਼ਾਮਿਲ ਸੀ ਅਤੇ ਆਪਣੇ ਮੁੰਡੇ ਨੂੰ ਪੜ੍ਹਾ ਕੇ ਵਕੀਲ ਦਾ ਮੁਨਸ਼ੀ ਲੁਆਇਆ। ਜਦੋਂ ਔਰਤਾਂ ਆਪਣੇ ਦੁੱਖ-ਸੁੱਖ ਮਾਂ ਕੋਲ ਕਰਦੀਆਂ ਸਨ ਤਾਂ ਮੈਂ ਮਾਂ ਦੇ ਗੋਡੇ-ਮੁੱਢ ਬੈਠ ਕੇ ਇਹ ਸਭ ਗੱਲਾਂ ਸੁਣਦੀ। ਆਈ ਗਈ ਔਰਤ ਦੇ ਬੈਠਣ ਲਈ ਛੇਤੀ ਨਾਲ ਪੀੜ੍ਹੀ ਡਾਹੁਣੀ। ਹੁਣ ਦੇ ਟੀ.ਵੀ. ਅਤੇ ਕੰਪਿਊਟਰ ਸਭਿਆਚਾਰ ਨੇ ਬੱਚਿਆਂ ਕੋਲੋਂ ਬਜ਼ੁਰਗਾਂ ਕੋਲ ਬੈਠ ਕੇ ਸਮਾਜਕ ਅਤੇ ਨੈਤਿਕ ਕੀਮਤਾਂ ਸਿੱਖਣ ਦੇ ਮੌਕੇ ਖੋਹ ਲਏ ਹਨ। ਇਹੀ ਕਾਰਨ ਹੈ ਕਿ ਵਧੀਆ ਸਕੂਲੀ ਸਿੱਖਿਆ ਦੇ ਬਾਵਜੂਦ ਬੱਚਿਆਂ ਵਿਚੋਂ ਵੱਡਿਆਂ ਦਾ ਸਤਿਕਾਰ ਕਰਨ ਅਤੇ ਵੱਡਿਆਂ ਦੀ ਗੱਲ ਸੁਣਨ ਦਾ ਸਹਿਜ ਗੁਆਚ ਗਿਆ ਹੈ।

## ਗਜ਼ਲ

ਕੀ ਹੋਇਆ ਜੇ ਛੱਡ ਗਏ-ਵੀਰ, ਪਿਆਰੇ ਯਾਰ ਮੇਰੇ,
ਤੂੰ ਤੇ ਰੱਬ ਤਾਂ ਸਦਾ ਹੀ ਖੜ੍ਹੇ ਨੇ ਦੇਖ ਸਿਰਹਾਣੇ ਨੀ।

ਜਿੰਨਾ ਚਿਰ ਸੀ ਚਲਦੇ, ਮੇਰੇ ਹੱਥ-ਪੈਰ ਡੋਲਿਆ ਨਾ
ਅੱਜ ਆਇਆ ਵਖਤ ਏ ਮਾੜ੍ਹਾ, ਵਾਚੇ-ਪੱਤਰੇ ਸਭ ਜਾਵੇਂ ਨੀਂ।

ਸੌਂ ਸੌ ਮੱਤਾਂ ਦਿੰਦੇ ਨੇ, ਜੋ ਸੀ ਕੋਡੀਓ ਹੌਲੇ ਨੀਂ
ਜਿਨ੍ਹਾਂ ਦੀ ਅੱਜ ਆਗੇ, ਕੋਠੀਆਂ ਦੇ ਵਿਚ ਦਾਣੇ ਨੀਂ।

ਇਹ ਮਾਇਆ ਹੈ ਮੈਲ ਹੱਥਾਂ ਦੀ, ਆਉਂਦੀ ਤੇ ਜਾਂਦੀ ਏ
ਏ ਨਾ ਬਣੀ ਕਿਸੇ ਦੀ, ਕਹਿਗੇ ਸੱਚ ਸਿਆਣੇ ਨੀਂ।

ਰੁੱਖੀ ਸੁੱਕੀ ਦੋ ਡੰਗ ਦੀ, ਮਿਲਜੇ ਭੁੱਖ ਮਾਰਨ ਲਈ
ਤਨ ਢਕਣ ਲਈ ਮੰਗਦਾ, ਮੈਂ ਰੱਬ ਤੋਂ ਤਿੰਨ ਬਾਣੇਂ ਨੀਂ

ਕੀ ਹੋਇਆ ਮੇਰੇ ਸੁਪਨੇ ਲਟਕ ਜੇ ਅੱਧ ਵਿਚਕਾਰ ਰਹੇ
ਯਾ ਰੱਬਾ ਉਹ ਸੁਪਨੇ ਪੂਰੇ ਕਰਨ ਨਿਆਣੇਂ ਨੀਂ

ਮੈਂ ਫਿਰਦਾਂ ਰੋਹੀਆਂ ਵਿਚ, ਕਰਦਾ ਕਿਰਤ ਕਮਾਈਆਂ ਨੀਂ
ਰਹਾਂ ਹਰਦਮ ਤੇਰੇ ਕੋਲ, ਖੌਰੇ ਉਹ ਦਿਨ ਕਦ ਆਵੇ ਨੀਂ।

ਇੰਦਰਜੀਤ ਨੂੰ ਬਖਸ਼ੀ ਜੋ, ਪੂੰਜੀ ਤੂੰ ਪਿਆਰ ਵਾਲੀ,
ਨਾ ਉਹਦੇ ਕੋਈ ਤੁੱਲ, ਸ਼ਰੀਕੇ ਰਾਜੇ ਰਾਣੇ ਨੀਂ।

*-ਇੰਦਰਜੀਤ ਗਰੇਵਾਲ ਸੈਕਰਾਮੈਂਟੋ, ਫੋਨ: 916-276-8231*

computer agents
SERVICE - SOFTWARE - SOLUTIONS


Virus Removals $80
Data Backup $50
Networking $85
Business Solutions

FREE DIAGNOSTIC SERVICE

Help!

HOURS
MONDAY - SATURDAY
9AM - 4PM


CALL US TODAY!
847-387-3883
211 Northwest Hwy., Barrington, IL 60010



ਦੰਦਾਂ ਦਾ ਤਸੱਲੀਬਖ਼ਸ਼ ਇਲਾਜ
ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖ਼ੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ

ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ



Fillings,
Dentures,
Crowns,
Bridge,
Veneers,
Extractions,
Cleaning,

Dr. Harjinder Khaira DMD & Associates

Lakestreet Dental
490 W. Lake Street, Suite 107 Roselle, IL 60172
630-894-8008

Lakeland Dental
115 E. State Rd., Island Lake, IL 60042
847-526-1920

Attention NRI's
The Crusaders in Academics & Life Skills

CT Public School
Pre Nry. to 10+2 (Affiliated to CBSE)
Greater Kailash, G.T. Road Bye Pass, Maqsudan, Jalandhar - 144 008



Teaching & Caring Together !

AIR CONDITIONED HOSTELS



Learning Centre
For Sessional & Educational Gap of the NRI Students







Skating



Horse Riding



Gym

PIVOTAL FEATURES
- Personalized attention
- Dedicated Teaching Faculty
- Well equipped Labs for Maths, Science & Performing Arts
- Hi-Tech Language Labs
- Complimenting learning with co-scholastic activities
- Regular Swimming and Skating classes
- International Standards
- 100% Board Results
- International tours & excursions
- NRI Students pick up Indian Values
- Visit and your search ends





Swimming Pool

ASSOCIATE CT INSTITUTIONS
◆ Engineering ◆ Pharmacy ◆ Management & I.T. ◆ Education (B.Ed.) ◆ Polytechnic ◆ Hotel Management ◆ PGDM ◆ Bio Tech

S. Charanjit Singh 'Channi' Chairman, CT Group of Institutions
Mrs. Lakhvinder Kaur Principal, CTPS
+91-0181-5009553, 5009555, 5009568
+91-98149-20839, 98780-59093
www.ctpublicschool.com www.ctgroup.in
E-mail : ctps_school@yahoo.co.in

Its Worth A Visit !

ਜਲੰਧਰ (ਪੰਜਾਬ) ਵਿੱਚ ਅੰਤਰਰਾਸ਼ਟਰੀ ਪੱਧਰ ਦਾ ਭਾਰਤੀ ਕਦਰਾਂ ਕੀਮਤਾਂ ਵਾਲਾ ਨਵੇਕਲਾ ਸਕੂਲ

Printed by :Gracious - 98140-43872

ADMISSION TO MEDICAL SCHOOL
Open for May and September 2010 and January 2011 Semesters

All Saints University of Medicine, Aruba

A Great Place to Build a Solid Medical Foundation at "One Happy Island"

Offers MD Degree Program:
Five Years (High School Graduates)
Four Years (BSc Graduates)
MCAT not Required

MD Degree Recognized In:
United States (ECFMG)
Canada (MCC)
Listed in WHO Directory

Why Choose ASUM?
- Small class sizes, enhancing the learning experience
- Professors are able to give individualized personal attention to each student
- Experienced and full time faculty enrich student academics
- Affordable tuition fees
- Individually sponsored merit based scholarships
- US & Canadian licensed visiting professors
- Warm, friendly, and safe atmosphere.
- A great place to study and graduate - Aruba, One Happy Island!



Student of All Saints University

OPEN HOUSE
at
Ramada Hotel & Suites
780 North Ave
Glendale Height, IL 60139
Seminar
April 25th, 2010
12 Noon to 4 p.m.
For more information call: Glenda @ 973 925 5622



University Campus, Aruba

United States Admission Office:
All Saints University of Medicine
695 Broadway
Paterson, NJ 07514
Tel: 973 925-5622
Fax: 973 925-5621

The Aruba Campus:
All Saints University of Medicine
Hato 3E and 3F
Oranjestad, Aruba
Tel: 297 583-2126
Fax: 297 583-2127

www.asumaruba.org

ਮਹਿੰਦੀ ਸ਼ਗਨਾਂ ਦੀ...




Unnati'Z
Mehndi and Artwork in Chicago and beyond
www.unnatiZart.com info@unnatiZart.com
847-301-4124 or 224-522-3424

ਆਪਣੀ ਵਿਆਹ-ਸ਼ਾਦੀ ਜਾਂ ਖੁਸ਼ੀ ਦੇ ਮੌਕੇ
ਦੀ ਅਗਲੀ ਪਾਰਟੀ ਨਵੇਂ-ਨਕੋਰ ਕਰਾਉਣ
ਪਲਾਜ਼ਾ ਮਿਲਵਾਕੀ ਏਅਰਪੋਰਟ ਵਿਚ ਕਰੋ

Book your wedding or social event at the brand new Crowne Plaza Milwaukee Airport. Fresh from a comprehensive renovation; 194 beautifully appointed guest rooms and 24,000 sq. ft. of banquet space. We work with local & Chicago Indian caterers. Ample complimentary parking available.

ਅਸੀਂ ਮਿਲਵਾਕੀ ਅਤੇ ਸ਼ਿਕਾਗੋ ਤੋਂ ਭਾਰਤੀ
ਖਾਣੇ ਦਾ ਇੰਤਜਾਮ ਕਰਾਵਾਉਂਦੇ ਹਾਂ ।
ਖੁੱਲ੍ਹੀ-ਡੁੱਲ੍ਹੀ ਮੁਫਤ ਪਾਰਕਿੰਗ

**Call our expert sales and catering staff today at: 414-563-4075 or visit us at: www.cpmilwaukeeairporthotel.com**

CROWNE PLAZA®
MILWAUKEE AIRPORT

*The Place To Meet*



**Crowne Plaza Milwaukee Airport**
6401 S. 13th Street Milwaukee, WI 53221
Tel : 414-764-5300

Designed by: QUIK SIGNS-661-703-8795, 661-900-7357 www.quiksigns.us

**Imperial Truck Wash & Repair**

One Stop Center For Truckers-Repairs-Tires-Wash in Indiana

Now open 24 hours | Diesel | Restaurant (765-987-1000)

5809 South State Rd 3,
Spiceland, IN- 47385
interstate 70 Exit 123
(Turn Right Yellow Building)

**Tire Service**

We carry all major brand tires-new and used at very attractive prices.

*We sell now Centramatic*

We have special on TIRES
*Bridge Stone
*Firestone *Kelly



*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

ਪੁਰਾਣੇ ਟਾਇਰ ਵੀ ਟਰੇਡ ਕਰਦੇ ਹਾਂ

All Kinds of Welding Work & General Repair.

Oil Change $189.99 Only
Brake $99.00 With Labor
Wheel Seal $89.00 With Labor
Labor Rate $59.00 Hourly Rate

Alignment
Wheel Balancing


ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

24 Hours Road Service & Towing
Jasvir Singh (765) 987-7000

ਲਿਖਤੁਮ

# ਕੁਲਦੀਪ ਸਿੰਘ ਦਾ ਗਿਲਾ ਜਾਇਜ਼

"ਪੰਜਾਬ ਦੇ ਕਿਸੇ ਲੀਡਰ ਦੀ ਪੂਛ ਵੀ ਮਿਧੀ ਜਾਵੇ ਤਾਂ ਤੁਸੀਂ ਵਡੀਆਂ-ਵਡੀਆਂ ਖਬਰਾਂ ਲਾਉਂਦੇ ਹੋ, ਕਿਹੜੇ-ਕਿਹੜੇ ਡਾਕਟਰ ਨੇ ਇਲਾਜ ਕੀਤਾ ਅਤੇ ਕਿੰਨਾ ਖਰਚ ਹੋਇਆ-ਇਹ ਵੀ ਸਾਰਾ ਹਿਸਾਬ-ਕਿਤਾਬ ਛਾਪਦੇ ਹੋ, ਮੇਰੀ ਖਬਰ ਸਿਰਫ ਇਸ ਕਰਕੇ ਨਹੀਂ ਛਾਪੀ ਕਿ ਮੈਂ ਇਕ ਆਮ ਆਦਮੀ ਹਾਂ ਜਾਂ ਸ਼ਾਇਦ



ਇਸ ਕਰ ਕੇ ਕਿ ਮੈਂ ਪੰਜਾਬ ਦਾ ਨਹੀਂ ਹਾਂ।" ਮੇਰੇ ਫੋਨ ਚੁਕਦਿਆਂ ਹੀ ਉਹ ਫਰੰਟੀਅਰ ਮੇਲ ਵਾਂਗ ਛੁਟ ਪਿਆ ਸੀ।

"ਨਹੀਂ ਬਈ, ਇਹ ਗੱਲ ਨਹੀਂ। ਕੰਮ ਦੇ ਰਸ਼ ਵਿਚ ਤੇਰੀ ਖਬਰ ਰਹਿ ਗਈ," ਮੈਂ ਸਫਾਈ ਦੇਣੀ ਚਾਹੀ।

"ਆਹੋ ਜੀ, ਮੈਨੂੰ ਸਭ ਪਤੈ, ਮੇਰੇ ਲਈ ਅਖਬਾਰ ਵਿਚ ਸਪੇਸ ਵੀ ਮੁਕ ਗਈ ਹੋਵੇਗੀ, ਮੈਂ ਕਿਹੜਾ ਕੋਈ ਪੈਸੇ ਵਾਲਾ ਬੰਦਾ ਹਾਂ ਜਿਹੜਾ ਤੁਹਾਨੂੰ ਦਿਨ-ਦਿਹਾਰ 'ਤੇ ਇਸ਼ਤਿਹਾਰ ਦੇ ਦਿਆਂਗਾ। ਮੈਂ ਕਿਹੜਾ ਕਿਸੇ ਕਲੱਬ ਜਾਂ ਗੁਰਦੁਆਰੇ ਦਾ ਪ੍ਰਧਾਨ ਹਾਂ ਜਿਹੜਾ ਤੁਹਾਨੂੰ ਮੇਰੇ ਤੋਂ ਇਸ਼ਤਿਹਾਰ ਮਿਲਣਗੇ।" ਉਹ ਪੂਰਾ ਗਰਮ ਸੀ।

"ਨਹੀਂ ਛੋਟੇ ਵੀਰ, ਇਹ ਗੱਲ ਨਹੀਂ। ਕੁਝ ਗੱਲ ਹੀ ਏਦਾਂ ਬਣੀ ਕਿ ਤੇਰੀ ਖਬਰ ਰਹਿ ਗਈ। ਅਗਲੇ ਹਫਤੇ ਜਰੂਰ ਲਾ ਦਿਆਂਗੇ। ਵਾਅਦਾ ਰਿਹਾ।" ਮੈਂ ਉਸਨੂੰ ਮਸੀਂ ਠੰਢਾ ਕੀਤਾ ਪਰ ਬਦਕਿਸਮਤੀ ਨੂੰ ਹੋਇਆ ਇਹ ਕਿ ਉਸਦੀ ਖਬਰ ਅਗਲੇ ਅੰਕ ਵਿਚ ਫਿਰ ਰਹਿ ਗਈ। ਰਾਤ ਅਖਬਾਰ ਛਪਣ ਲਈ ਭੇਜਣ ਤੋਂ ਬਾਅਦ ਸਵੇਰੇ ਅਚਾਨਕ ਮੈਨੂੰ ਜਦੋਂ ਖਬਰ ਭੁਲ ਜਾਣ ਬਾਰੇ ਚੇਤਾ ਆਇਆ ਤਾਂ ਮਨ ਨੂੰ ਬੜੀ ਅਚਵੀ ਜਿਹੀ ਲਗੀ ਪਰ ਅਖਬਾਰ ਤਾਂ ਹੁਣ ਤਕ ਛਪ ਚੁਕਾ ਸੀ। ਸੋਚਿਆ, ਉਸਨੂੰ ਹੁਣੇ ਕਾਲ ਕਰ ਕੇ ਹੌਂਸਲਾ ਦੇ ਦਿੰਦਾ ਹਾਂ ਪਰ ਮੇਰੇ ਤੋਂ ਕੰਮ ਦੇ ਰੁਝੇਵੇਂ ਕਰ ਕੇ ਇਹ ਵੀ ਨਾ ਕਰ ਹੋਇਆ। ਸਨਿਚਰਵਾਰ ਉਸਦਾ ਫੋਨ ਆ ਗਿਆ। ਉਹ ਫਿਰ ਪੂਰੇ ਗੁੱਸੇ ਵਿਚ ਸੀ, "ਮੇਰੀ ਫੋਟੋ ਤੇ ਖਬਰ ਪਹਿਲੇ ਸਫੇ ਤੇ ਲਗੀ ਹੋਈ ਆ, ਤੁਹਾਡਾ ਬਹੁਤ ਬਹੁਤ ਧੰਨਵਾਦ।" ਉਹ ਵਿਅੰਗ ਨਾਲ ਆਖ ਰਿਹਾ ਸੀ।

"ਬਈ ਗੁੱਸਾ ਨਾ ਕਰ, ਮੈਂ ਤੇਰੀ ਖਬਰ ਲਾਉਂ ਜਰੂਰ ਤੇਰੀ ਫੋਟੋ ਸਮੇਤ।"

"ਕਦੋਂ? ਜਦੋਂ ਮੈਂ ਮਰ ਗਿਆ। ਲਾਈ ਜਾਇਓ ਮੇਰੇ ਮਰੇ ਤੋਂ ਜਿੰਨੀਆਂ ਮਰਜੀ।"

ਉਹ ਗੁੱਸੇ, ਨਿਰਾਸ਼ਾ ਅਤੇ ਬੇਬਸੀ ਦੇ ਮਿਲੇ-ਜੁਲੇ ਰਉਂ ਵਿਚ ਬੋਲ ਰਿਹਾ ਸੀ।

ਦਰਅਸਲ ਉਸਦਾ ਗੁੱਸਾ ਜਾਇਜ਼ ਸੀ, ਉਸਦੀ ਬੇਬਸੀ ਵੀ ਜਾਇਜ ਸੀ। ਉਹ ਹਮਦਰਦੀ ਦੇ ਦੋ ਸ਼ਬਦ ਹੀ ਤਾਂ ਚਾਹੁੰਦਾ ਸੀ। ਹੋਇਆ ਇਹ ਕਿ ਕੋਈ ਚਾਰ ਹਫਤੇ ਪਹਿਲਾਂ ਰੀਨੋ, ਨਵਾਡਾ ਵਿਚ ਜਿਸ ਸਟੋਰ ਉਤੇ ਉਹ ਕੰਮ ਕਰਦਾ ਸੀ, ਉਥੇ ਆਏ ਇਕ ਲੁਟੇਰੇ ਨੇ ਉਸ 'ਤੇ ਛੁਰੇ ਨਾਲ ਕਈ ਵਾਰ ਕੀਤੇ ਸਨ। ਖੁਸ਼ਕਿਸਮਤੀ ਨੂੰ ਕੋਈ ਵੀ ਜ਼ਖਮ ਬਹੁਤ ਜਿਆਦਾ ਗੰਭੀਰ ਨਹੀਂ ਸੀ ਪਰ ਫਿਰ ਵੀ ਉਸ ਨੂੰ ਇਲਾਜ ਲਈ ਹਸਪਤਾਲ ਜਾਣਾ ਪਿਆ ਸੀ ਅਤੇ ਉਸਦੇ ਕਈ ਟਾਂਕੇ ਲੱਗੇ ਸਨ। ਇਸ ਘਟਨਾ ਬਾਰੇ ਸਥਾਨਕ ਅੰਗਰੇਜ਼ੀ ਅਖਬਾਰ ਵਿਚ ਖਬਰ ਲਗੀ, ਟੀ ਵੀ ਚੈਨਲ ਉਤੇ ਵੀ ਖਬਰ ਆਈ। ਉਸਦਾ ਜੀਅ ਕਰਦਾ ਸੀ ਕੋਈ ਉਸ ਤੋਂ ਪੁਛੇ ਕਿ ਉਸਦਾ ਹਾਲ ਕੀ ਹੈ? ਜਖਮ ਬਹੁਤਾ ਤਾਂ ਨਹੀਂ ਹੋਇਆ ਪਰ ਪਤਾ ਨਹੀਂ ਕਿਉਂ, ਉਹ ਗੁਰਦੁਆਰੇ ਗਿਆ ਤਾਂ ਉਥੇ ਵੀ ਕਿਸੇ ਨੇ ਉਸ ਤੋਂ ਨਹੀਂ ਪੁਛਿਆ, ਬਈ ਤੇਰਾ ਕੀ ਹਾਲ ਹੈ? ਕਿਸੇ ਨੇ ਉਸ ਉਤੇ ਹੋਏ ਹਮਲੇ ਨੂੰ ਗੌਲਿਆ ਹੀ ਨਹੀਂ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਉਤੋਂ ਕਿਸੇ ਪੰਜਾਬੀ ਅਖਬਾਰ ਨੇ ਵੀ ਖਬਰ ਨਾ ਛਾਪੀ।

ਮੈਨੂੰ ਉਸ ਦੇ ਦਰਦ ਦੀ ਸਮਝ ਸੀ। ਉਹ 14 ਸਾਲਾਂ ਤੋਂ ਘਰੋਂ ਨਿਕਲਿਆ ਹੋਇਆ ਹੈ, ਆਪਣੇ ਵਰਗੇ ਹੋਰ ਹਜਾਰਾਂ ਨੌਜਵਾਨਾਂ ਵਾਂਗ ਕਿਸੇ ਸੁਨਹਿਰੇ ਭਵਿਖ ਦੀ ਤਲਾਸ਼ ਵਿਚ। ਇੰਨੇ ਲੰਮੇ ਅਰਸੇ ਤੋਂ ਉਹ ਆਪਣੇ ਘਰ ਵੀ ਨਹੀਂ ਜਾ ਸਕਿਆ, ਮਾਂ ਨੂੰ ਨਹੀਂ ਮਿਲ ਸਕਿਆ। ਉਸਦੀ ਇਕੋ-ਇਕ ਭੈਣ ਦੀ ਸ਼ਾਦੀ ਵੀ ਉਸਦੀ ਗੈਰਹਾਜਰੀ ਵਿਚ ਹੋਈ। ਆਪਣੇ ਵਰਗੇ ਹੋਰ ਹਜਾਰਾਂ ਨੌਜਵਾਨਾਂ ਵਾਂਗ ਮੌਕਿਆਂ ਦੀ ਇਸ ਧਰਤੀ ਉਤੇ ਪੱਕੇ ਹੋਣ ਲਈ ਭਾਂਤ-ਸੁਭਾਂਤੇ ਪਾਪੜ ਵੇਲਣੇ ਪਏ। ਵਕੀਲਾਂ ਨੇ ਵੀ ਉਸਨੂੰ ਰੱਜ ਕੇ ਲੁਟਿਆ। ਉਸਦੇ ਆਪਣੇ ਸੱਕਿਆਂ ਨੇ ਉਸਦੀ ਰੱਜ ਕੇ ਛਿੱਲ ਲਾਹੀ। ਜਿਨ੍ਹਾਂ ਕੋਲ ਉਸਨੇ ਕੰਮ ਕੀਤਾ, ਉਨ੍ਹਾਂ ਵਿਚੋਂ ਕਈਆਂ ਨੇ ਉਸਨੂੰ ਰੱਜ ਕੇ ਵਰਤਿਆ, ਜਾਇਜ਼-ਨਾਜਾਇਜ਼ ਕੰਮ ਕਰਵਾਏ। ਆਪ ਲੱਖਾਂ ਕਮਾਏ ਪਰ ਉਹ ਵਿਚਾਰਾ ਉਥੇ ਦਾ ਉਥੇ। ਉਸਨੂੰ ਇਸ ਗੱਲ 'ਤੇ ਵੀ ਗੁੱਸਾ ਸੀ ਕਿ ਜਿਸ ਸਟੋਰ ਉਤੇ ਕੰਮ ਕਰਦਿਆਂ ਉਹ ਜ਼ਖਮੀ ਹੋਇਆ, ਉਸਦਾ ਮਾਲਕ ਉਸਦਾ ਹਸਪਤਾਲ ਦਾ ਬਿਲ ਦੇਣ ਤੋਂ ਵੀ ਟਾਲ-ਮਟੋਲ ਕਰ ਰਿਹਾ ਸੀ। ਉਹ ਤਾਂ ਹਰ ਕਿਸੇ ਉਤੇ ਹੀ ਗੁੱਸੇ ਸੀ। ਮੈਨੂੰ ਉਸਦੇ ਦਰਦ ਦੀ ਸਮਝ ਹੈ, ਉਹ ਹਮਦਰਦੀ ਦੇ ਦੋ ਲਫਜ਼ਾਂ ਦੀ ਹੀ ਤਾਂ ਤਲਾਸ਼ 'ਚ ਸੀ।

ਮੈਂ ਉਸ ਨੂੰ ਸੰਨ 2003 ਤੋਂ ਜਾਣਦਾ ਹਾਂ। ਮੇਰੀ ਮੁਢਲੀ ਸਾਂਝ ਉਸ ਨਾਲ ਉਦੋਂ ਪਈ ਜਦੋਂ ਉਸਨੇ ਕਿਸੇ ਨਾਲ ਰਲ ਕੇ ਕੈਲੀਫੋਰਨੀਆ ਵਿਚ ਪੰਜਾਬ ਟਾਈਮਜ਼ ਸਟੋਰਾਂ ਉਤੇ ਪਹੁੰਚਾਉਣਾ ਸ਼ੁਰੂ ਕੀਤਾ। ਉਦੋਂ ਹੀ ਉਸ ਨੇ ਮੈਨੂੰ ਦੱਸਿਆ ਸੀ ਕਿ ਉਹ ਵੀ ਸਰਸੇ ਰਹਿੰਦੇ ਰਹੇ ਹਨ ਜਿਥੇ ਕਿ ਮੈਂ ਰਹਿ ਕੇ ਪੜ੍ਹਿਆ ਹਾਂ। ਪਿਛੇ ਜਿਹੇ ਜਦੋਂ ਮੈਂ ਆਪਣੇ ਪਿੰਡ ਬਾਰੇ "ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ" ਸਿਰਲੇਖ ਹੇਠ ਕੁਝ ਲੇਖ ਲਿਖੇ ਤਾਂ ਉਦੋਂ ਉਸਨੇ ਦੱਸਿਆ ਕਿ ਉਸਦਾ ਪਿੰਡ ਸਰਸਾ ਸ਼ਹਿਰ ਦੇ ਨਾਲ ਲਗਦਾ ਪਿੰਡ 'ਸ਼ਮਸ਼ਾਪੱਟੀ' ਹੈ। ਉਦੋਂ ਹੀ ਉਸਨੇ ਇਹ ਵੀ ਦੱਸਿਆ ਕਿ ਉਸਦੀ ਭੈਣ ਰਾਖੀ ਹੁੰਦਲ ਪਿੰਡ ਮੌਜਦੀਨ ਵਿਆਹੀ ਗਈ ਹੈ। ਇਹ ਉਹੋ ਪਿੰਡ ਹੈ ਜਿਥੇ ਮੈਂ ਛੇਵੀਂ ਤੋਂ ਅਠਵੀਂ ਜਮਾਤ ਤਕ ਪੜ੍ਹਿਆ ਹਾਂ। ਮੈਨੂੰ ਯਾਦ ਹੈ ਕਿ ਇਸ ਸਕੂਲ ਪਹੁੰਚਣ ਲਈ ਸਾਨੂੰ ਕੋਈ ਡੇਢ ਕਿਲੋਮੀਟਰ ਪੈਂਡਾ ਸਾਰੀਆਂ ਬਰਸਾਤਾਂ ਪਾਣੀ ਵਿਚੋਂ ਲੰਘ ਕੇ ਜਾਣਾ ਪੈਂਦਾ ਸੀ। ਸਿਆਲਾਂ ਵਿਚ ਵੀ ਰਾਹ ਵਿਚ ਪੈਂਦੇ ਦੋ ਵਡੇ ਨਹਿਰੀ ਖਾਲਾਂ ਕਰ ਕੇ ਦੂਰ-ਦੂਰ ਤਕ ਚਿਕੜ ਹੋਇਆ ਰਹਿੰਦਾ ਜਿਸਦੇ ਵਿਚੋਂ ਲੰਘ ਕੇ ਸਾਨੂੰ ਜਾਣਾ ਪੈਂਦਾ। ਫਿਰ ਭਲਾ ਹੋਵੇ ਪਿੰਡ ਦੇ ਉਸ ਵੇਲੇ ਦੇ ਸਰਪੰਚ ਕਾਲਾ ਸਿੰਘ ਦਾ ਜਿਸਨੇ ਪਿੰਡਵਾਸੀਆਂ ਨੂੰ ਪ੍ਰੇਰ ਕੇ ਇਸ ਕੱਚੀ ਸੜਕ ਦੇ ਚਿੱਕੜ ਵਾਲੇ ਬਹੁਤੇ ਹਿੱਸੇ ਉਤੇ ਕਰਾਹਿਆਂ ਨਾਲ ਮਿਟੀ ਪੁਆ ਕੇ ਸੜਕ ਉਚੀ ਕਰਵਾ ਦਿਤੀ ਅਤੇ ਸਾਡੀ ਜੂਨ ਕੁਝ ਸੁਧਰ ਗਈ। ਰਾਖੀ ਇਸੇ ਮੌਜਦੀਨ ਵਿਆਹੀ ਗਈ ਸੀ।

ਕੁਲਦੀਪ ਦਾ ਗਿਲਾ ਜਾਇਜ਼ ਸੀ, ਉਸਦੇ ਚੇਤਾ ਕਰਵਾਉਣ ਦੇ ਬਾਵਜੂਦ ਉਸਦੀ ਖਬਰ ਦਾ ਨਾ ਲਗਣਾ ਸੱਚਮੁਚ ਹੀ ਉਸ ਨਾਲ ਜਿਆਦਤੀ ਸੀ। ਕੀ ਹੈ? ਚਾਰ ਲਾਈਨਾਂ ਦੀ ਖਬਰ ਹੀ ਤਾਂ ਸੀ, ਮੈਨੂੰ ਅਫਸੋਸ ਸੀ ਕਿ ਮੈਂ ਖਬਰ ਭੁਲ ਕਿਵੇਂ ਗਿਆ। ਪਤਾ ਨਹੀਂ ਕੁਲਦੀਪ ਨੂੰ ਇਹ ਚਾਰ ਸਤਰਾਂ ਛਪਣ ਨਾਲ ਕੋਈ ਤਸੱਲੀ ਹੋਵੇਗੀ ਜਾਂ ਨਾ ਪਰ ਮੈਨੂੰ ਕੁਝ ਤਸੱਲੀ ਜਰੂਰ ਹੈ। ਉਂਜ ਇਸ ਤਰ੍ਹਾਂ ਦੇ ਦੌਰ ਵਿਚੋਂ ਨਿਕਲਣ ਵਾਲਾ ਕੁਲਦੀਪ ਸਿੰਘ ਇਕੱਲਾ ਨਹੀਂ, ਉਸ ਵਰਗੇ ਸ਼ਾਇਦ ਹਜਾਰਾਂ ਨਹੀਂ ਤਾਂ ਸੈਂਕੜੇ ਨੌਜਵਾਨ ਜਰੂਰ ਹਨ। ਇਹ ਪ੍ਰਦੇਸਾਂ ਦਾ ਦੁਖੜਾ ਹੈ, ਦੇਸ ਛਡਣ ਵੇਲੇ ਅਸੀਂ ਇਸ ਦੁਖੜੇ ਦਾ ਜੋਖਮ ਨਾਲ ਲੈ ਕੇ ਹੀ ਤੁਰਦੇ ਹਾਂ।

*-ਅਮੋਲਕ ਸਿੰਘ ਜੰਮੂ*

## ਰੇਲਵੇ ਸੁਸਾਇਟੀ 'ਚ 400 ਕਰੋੜ ਰੁਪਏ ਦਾ ਘੁਟਾਲਾ

**ਅੰਮ੍ਰਿਤਸਰ:** ਨਾਰਦਰਨ ਜੋਨ ਰੇਲਵੇ ਇੰਪਲਾਇਜ਼ ਕ੍ਰੇਡਿਟ ਐਂਡ ਥ੍ਰੀਫਟ ਸੁਸਾਇਟੀ ਲਿਮਟਿਡ ਵਿਚ ਜੀਵਨ ਬੀਮਾ ਦੀ ਆੜ ਵਿਚ 400 ਕਰੋੜ ਰੁਪਏ ਦੇ ਘੋਟਾਲੇ ਦਾ ਮਾਮਲਾ ਸ਼ਾਮਣੇ ਆਇਆ ਹੈ।

ਇਨ੍ਹੇ ਉੱਤਰ ਰੇਲਵੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਰੇਲਵੇ ਕਰਮੀਆਂ ਨੂੰ ਜਰੂਰਤ ਤੇ ਕਰਜ ਦੇਣ ਵਾਲੀ ਇਸ ਸੋਸਾਇਟੀ 'ਤੇ ਹਾਲੇ ਤੱਕ ਐਨ ਆਰ ਐਮ ਯੂ ਦਾ ਕਬਜਾ ਹੈ। ਇਸ ਮੁੱਦੇ ਤੇ ਯੂਨੀਅਨ ਨੇਤਾ ਬੋਲਣ ਤੋਂ ਗੁਰੇਜ ਕਰ ਰਹੇ ਹਨ, ਪਰ ਨਵੀਂ ਦਿੱਲੀ ਵਿਚ ਸੁਲਘੀ ਇਸ ਮਾਮਲੇ ਦੀ ਚਿੰਗਾਰੀ ਫਿਰੋਜ਼ਪੁਰ ਡਿਵੀਜਨ ਤਕ ਪਹੁੰਚ ਚੁੱਕੀ ਹੈ। ਉੱਤਰ ਰੇਲਵੇ ਦੀ ਦਿੱਲੀ, ਫਿਰੋਜ਼ਪੁਰ, ਲਖਨਊ, ਅੰਬਾਲਾ ਅਤੇ ਮੁਰਾਦਾਬਾਦ ਡਿਵੀਜ਼ਨ ਦੇ ਇਲਾਵਾ ਜਗਾਧਰੀ, ਅੰਮ੍ਰਿਤਸਰ ਅਤੇ ਲਖਨਊ ਦੀ ਦੋ ਰੇਲਵੇ ਵਰਕਸ਼ਾਪਾਂ ਦੇ ਕਰੀਬ 65 ਹਜਾਰ ਤੋਂ ਜਿਆਦਾ ਰੇਲਵੇ ਮੁਲਾਜ਼ਮ ਇਸ ਸੋਸਾਇਟੀ ਦੇ ਮੈਂਬਰ ਹਨ।



ੴ ਸਤਿਗੁਰ ਪ੍ਰਸਾਦਿ॥

ਖਾਲਸਾ ਮੇਰੋ ਪਿੰਡ ਪਰਾਣ॥ ਖਾਲਸਾ ਮੇਰੀ ਜਾਨ ਕੀ ਜਾਨ॥

24 ਘੰਟੇ ਸੱਤੇ ਦਿਨ ਖੁੱਲ੍ਹਣ ਵਾਲੇ

# 75 ਸੁਪਰ ਬਾਜ਼ਾਰ

ਵਲੋਂ

1699 ਦੀ ਖਾਲਸਾ ਸਿਰਜਣਾ 'ਤੇ ਸਮੂਹ ਪੰਜਾਬੀਆਂ ਨੂੰ

# ਕੋਟਾਨਿ ਕੋਟਿ ਵਧਾਈ



ਪੰਜਾਬੀਆਂ ਦੀ ਸੰਘਣੀ ਵਸੋਂ ਵਿਚ ਦਾਲਾਂ, ਸਬਜ਼ੀਆਂ ਅਤੇ ਹੋਰ ਘਰੇਲੂ ਲੋੜੀਂਦੀਆਂ ਵਸਤਾਂ ਦੀ ਕਈ ਸਾਲਾਂ ਤੋਂ ਸੇਵਾ ਕਰਦੇ ਆ ਰਹੇ ਸੇਵਾਦਾਰਾਂ ਵਲੋਂ ਵਿਸਾਖੀ ਪੁਰਬ 'ਤੇ ਦਸਤਾਰ ਮੁਕਾਬਲੇ ਕਰਵਾਏ ਜਾ ਰਹੇ ਹਨ। ਵਧੀਆ ਦਸਤਾਰ ਸਜਾਉਣ ਵਾਲੇ ਨੂੰ ਮਾਨ ਸਨਮਾਨ ਵੀ ਬਖਸ਼ਿਆ ਜਾਵੇਗਾ।

ਸੇਵਾਦਾਰ: ਹਰਜੀਤ ਸਿੰਘ, ਸੋਹਣ ਸਿੰਘ ਤੇ ਤੇਜਾ ਸਿੰਘ, ਫੋਨ:718-200-6218



ਵਿਸਾਖੀ ਮੁਬਾਰਕ! ਵਿਸਾਖੀ ਮੁਬਾਰਕ!! ਵਿਸਾਖੀ ਮੁਬਾਰਕ!!! ਵਿਸਾਖੀ ਮੁਬਾਰਕ!!!!

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਸਾਬਕਾ ਵਾਈਸ ਸਕੱਤਰ ਸ੍ਰੀ ਪਰਮਜੀਤ ਸੀਤਾ ਵਲੋਂ ਸਮੁੱਚੀ ਮਾਨਵਤਾ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਵਿਸਾਖੀ ਦੀ

# ਲੱਖ-ਲੱਖ ਵਧਾਈ ਹੋਵੇ



ਵਿਕਟਰ ਸਿੰਘ (ਅਣਖ-ਏ-ਗੱਬਰੂ) ਸ੍ਰੀ ਪਰਮਜੀਤ ਸੀਤਾ ਦਾ ਸਪੁੱਤਰ ਹੈ।

*(ਸ੍ਰੀ ਸੀਤਾ ਆਪਸੀ ਪਿਆਰ ਤੇ ਸਦਭਾਵਨਾ ਰੱਖਣ ਵਾਲੇ ਨੇਕ ਇਨਸਾਨ ਹਨ)*

ਵਲੋਂ: ਪਰਮਜੀਤ ਸੀਤਾ ਤੇ ਸਮੂਹ ਪਰਿਵਾਰ

ਫੋਨ: 917-294-5904

# ਕੁੜੀ ਤੇ ਕਿਤਾਬ

ਪ੍ਰੋ. ਕੁਲਵੰਤ ਸਿੰਘ ਰੋਮਾਣਾ

ਇਸ ਸਿਰਲੇਖ ਤੋਂ ਭਾਵੇਂ ਇਸ ਲੇਖ ਦੇ ਕਿਸੇ ਸਾਹਿਤਕ ਕਥਾ-ਕਹਾਣੀ ਹੋਣ ਦਾ ਭੁਲੇਖਾ ਪੈਂਦਾ ਹੈ ਪਰ ਇਥੇ ਅਸੀਂ ਜ਼ਿਕਰ ਕਰਾਂਗੇ ਇਕ ਲੇਖਕ ਕੁੜੀ ਦਾ ਤੇ ਉਸ ਵੱਲੋਂ ਲਿਖੀ ਤੇ ਹੁਣੇ ਹੁਣੇ ਛਪੀ ਕਿਤਾਬ ਦਾ। ਇਹ ਕੁੜੀ ਹੈ 27 ਸਾਲਾ ਮਿਸ ਫਾਤਿਮਾ ਭੁੱਟੋ ਤੇ ਇਸ ਵਲੋਂ ਅੰਗਰੇਜ਼ੀ 'ਚ ਲਿਖੀ ਤਾਜ਼ਾ ਤੇ ਬਹੁਚਰਚਿਤ ਕਿਤਾਬ ਦਾ ਨਾਂ ਹੈ 'ਸੌਂਗਸ ਆਫ ਬਲਡ ਐਂਡ ਸਵਾਰਡ' ਜਿਸ ਨੂੰ ਅਸੀਂ ਪੰਜਾਬੀ 'ਚ 'ਨਗ਼ਮੇ ਖ਼ੂਨ ਤੇ ਖੰਜ਼ਰ ਦੇ' ਕਹਿ ਸਕਦੇ ਹਾਂ। ਉਪਰੋਕਤ ਕਿਤਾਬ ਦਾ ਸਿਰਲੇਖ 'ਇਰਾਨ ਦੇ ਮਾਰਕਸਵਾਦੀ ਕਵੀ ਖੁਸਰੋ ਗੋਲਸੋਰਖ਼ੀ ਦੀ ਕਵਿਤਾ 'ਪੋਇਮ ਆਫ ਦਾ ਅਨਨੋਅਨ' ਦੀ ਇਕ ਸਤਰ 'ਤੇ ਆਧਾਰਤ ਹੈ। ਇਸ ਕਵੀ ਨੂੰ ਸ਼ਾਹ ਇਰਾਨ ਨੇ ਫਾਂਸੀ ਦੇ ਦਿੱਤੀ ਸੀ। ਸੋ ਇਸ ਕਿਤਾਬ ਦੇ ਸਿਰਲੇਖ ਤੋਂ ਵੀ ਮਜ਼ਮੂਨ ਬਾਰੇ ਕੁਝ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਬੀਬੀ ਫਾਤਿਮਾ ਭੁੱਟੋ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਜ਼ੁਲਫਕਾਰ ਭੁੱਟੋ ਦੀ ਪੋਤਰੀ ਹੈ ਤੇ ਦੂਜੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਸਕੀ ਭਤੀਜੀ। ਪਰ ਇਹ ਕਿਤਾਬ ਉਸ ਨੇ ਆਪਣੇ ਪਿਤਾ ਮੁਰਤਜ਼ਾ ਭੁੱਟੋ ਦੀ ਯਾਦ 'ਚ ਲਿਖੀ ਹੈ ਤੇ ਉਸੇ ਨੂੰ ਹੀ ਸਮਰਪਿਤ ਕੀਤੀ ਹੈ। ਅੱਜ ਕੱਲ੍ਹ ਇਸ ਕਿਤਾਬ ਅਤੇ ਲੇਖਿਕਾ ਦਾ ਸੰਸਾਰ ਪੱਧਰ 'ਤੇ ਚਰਚਾ ਹੋ ਰਿਹਾ ਹੈ। ਯੋਰਪੀ, ਅਮਰੀਕੀ, ਭਾਰਤੀ ਤੇ ਪਾਕਿਸਤਾਨੀ ਅਖ਼ਬਾਰਾਂ ਤੇ ਚੈਨਲਾਂ 'ਤੇ ਇਸ ਕੁੜੀ ਅਤੇ ਕਿਤਾਬ ਬਾਰੇ ਬੜਾ ਕੁਝ ਪੜ੍ਹਨ ਸੁਣਨ ਨੂੰ ਮਿਲ ਰਿਹਾ ਹੈ। ਆਪਣੀ ਕਿਤਾਬ ਨੂੰ ਕਰਾਚੀ ਵਿਖੇ ਲਾਂਚ ਕਰਨ ਤੋਂ ਬਾਅਦ ਅੱਜ ਕੱਲ੍ਹ ਇਹ ਬੀਬੀ ਹਰੇ ਰੰਗ ਦੀ ਭਾਰਤੀ ਸਾੜੀ ਲਾ ਕੇ ਭਾਰਤ ਦੇ ਦੌਰੇ 'ਤੇ ਨਿਕਲੀ ਹੋਈ ਹੈ ਜਿਥੇ ਉਸ ਨੇ ਦਿੱਲੀ ਤੋਂ ਬਿਨਾ ਹੋਰ ਵੀ ਦੋ-ਤਿੰਨ ਥਾਈਂ ਇਸ ਕਿਤਾਬ ਨੂੰ ਪਰਮੋਟ ਕਰਨਾ ਹੈ। ਪਿਛਲੇ ਦਿਨੀਂ ਐਨ. ਡੀ. ਟੀ. ਵੀ. ਦੀ ਮੇਜ਼ਬਾਨ ਬਰਖਾ ਦੱਤ ਨੇ ਇਸ ਬੀਬੀ ਨਾਲ ਲੰਬੀ ਤੇ ਬੇਬਾਕ ਮੁਲਾਕਾਤ ਕੀਤੀ ਜੋ ਵਾਰ ਵਾਰ ਪ੍ਰਸਾਰਤ ਕੀਤੀ ਗਈ।




ਫਾਤਿਮਾ ਭੁੱਟੋ

ਇਹ ਕਿਤਾਬ ਕੋਈ ਬੀਬੀ ਫਾਤਿਮਾ ਦੀ ਪਹਿਲੀ ਕਿਤਾਬ ਨਹੀਂ ਹੈ ਤੇ ਨਾ ਹੀ ਇਹ ਕੋਈ ਨਵੀਂ ਲੇਖਿਕਾ ਹੈ। ਇਹ ਅੰਗਰੇਜ਼ੀ ਦੀ ਸਥਾਪਤ ਪੱਤਰਕਾਰ ਹੈ ਜਿਸ ਦੇ ਕਾਲਮ ਲਗਾਤਾਰ ਅਮਰੀਕਾ, ਯੋਰਪ ਅਤੇ ਪਾਕਿਸਤਾਨ ਦੇ ਅਖ਼ਬਾਰਾਂ, ਰਸਾਲਿਆਂ 'ਚ ਛਪਦੇ ਰਹਿੰਦੇ ਹਨ। ਅੱਜ ਕੱਲ੍ਹ ਇਹ 'ਦਾ ਡੇਲੀ ਬੀਸਟ', 'ਨਿਊ ਸਟੇਟਸਮੈਨ' ਅਤੇ 'ਕਾਰਵਾਂ' ਵਰਗੇ ਪਰਚਿਆਂ ਦੀ ਬਕਾਇਦਾ ਕਾਲਮਨਵੀਸ ਹੈ। 'ਵਿਸਪਰਜ਼ ਇਨ ਦਾ ਡਿਜ਼ਰਟ' ਇਸਦੀ ਲਿਖੀ ਪਹਿਲੀ ਕਿਤਾਬ ਸੀ ਜੋ ਇਕ ਕਾਵਿ ਸੰਗ੍ਰਹਿ ਹੈ। '8.50 ਏ ਐਮ 8 ਅਕਤੂਬਰ 2005' ਨਾਂ ਹੈ ਇਸ ਦੀ ਦੂਸਰੀ ਕਿਤਾਬ ਦਾ ਜੋ ਪਾਕਿਸਤਾਨ 'ਚ ਆਏ ਉਸ ਭਿਆਨਕ ਭੁਚਾਲ ਬਾਰੇ ਹੈ ਜਿਸ ਨੇ ਇਸਲਾਮਾਬਾਦ ਤੋਂ ਲੈ ਕੇ ਕਸ਼ਮੀਰ ਤੱਕ ਇਸ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਨ੍ਹਾਂ ਦਿਨਾਂ 'ਚ ਫਾਤਿਮਾ ਖੁਦ ਭੁਚਾਲ ਪ੍ਰਭਾਵਿਤ ਇਲਾਕਿਆਂ 'ਚ ਜਾ ਕੇ ਰਹੀ ਤੇ ਹੋਰ ਸੰਸਥਾਵਾਂ ਨਾਲ ਮਿਲ ਕੇ ਲੋਕਾਂ ਦੀ ਮਦਦ ਕੀਤੀ। ਬੀਬੀ ਫਾਤਿਮਾ 29 ਮਈ 1985 ਨੂੰ ਅਫਗਾਨਸਤਾਨ ਵਿਖੇ ਮੁਰਤਜ਼ਾ ਭੁੱਟੋ ਦੀ ਪਹਿਲੀ ਪਤਨੀ ਫੌਜੀਆ ਭੁੱਟੋ ਦੀ ਕੁਖੋਂ ਪੈਦਾ ਹੋਈ ਜਿਥੇ ਫਾਤਿਮਾ ਦਾ ਬਾਪ ਜਲਾਵਤਨੀ ਦਾ ਸਮਾਂ ਗੁਜ਼ਾਰ ਰਿਹਾ ਸੀ। ਜਲਾਵਤਨੀ ਦੌਰਾਨ ਫਾਤਿਮਾ ਦਾ ਪਾਲਣ ਪੋਸ਼ਣ ਡਗਾਸਕਰਾ ਅਤੇ ਸੀਰੀਆ ਵਿਖੇ ਹੋਇਆ। ਉਸ ਦੀ ਸਕੂਲੀ ਪੜ੍ਹਾਈ ਕਰਾਚੀ ਵਿਚ ਹੋਈ। ਬੀ. ਏ. ਉਸ ਨੇ ਕੋਲੰਬੀਆ ਯੂਨੀਵਰਸਿਟੀ ਤੋਂ ਕੀਤੀ ਤੇ ਮਾਸਟਰ ਡਿਗਰੀ ਉਸ ਨੇ ਲੰਦਨ ਯੂਨੀਵਰਸਿਟੀ ਤੋਂ। ਅੱਜ ਕੱਲ੍ਹ ਉਹ ਆਪਣੇ ਜੱਦੀ ਪੁਸ਼ਤੀ ਘਰ 70-ਕਲਿਫਟਨ ਰੋਡ ਕਰਾਚੀ ਵਿਚ ਆਪਣੀ ਮਤਰੇਈ ਮਾਂ ਘਿਨਵਾ ਭੁੱਟੋ, ਮਤਰੇਏ ਭਰਾ ਜ਼ੁਲਫਕਾਰ ਅਲੀ ਭੁੱਟੋ ਜੂਨੀਅਰ ਤੇ ਚਚੇਰੀ ਭੈਣ ਸੱਸੀ ਨਾਲ ਸਕਿਆਂ ਨਾਲੋਂ ਵੀ ਵੱਧ ਪਿਆਰ ਤੇ ਖੁਸ਼ੀ ਨਾਲ ਰਹਿ ਰਹੀ ਹੈ। ਕਿਸੇ ਵੇਲੇ ਇਸੇ ਘਰ 'ਚ ਬੈਠ ਕੇ ਜ਼ੁਲਫਕਾਰ ਅਲੀ ਭੁੱਟੋ ਨੇ ਪਾਕਿਸਤਾਨ ਪੀਪਲਜ਼ ਪਾਰਟੀ ਦੀ ਨੀਂਹ ਰੱਖੀ ਸੀ।

ਬੀਬੀ ਫਾਤਿਮਾ ਭੁੱਟੋ ਦੀ ਇਹ ਤਾਜ਼ਾ ਕਿਤਾਬ ਪਾਕਿਸਤਾਨ ਦੇ ਉਸ ਧਨਾਢ, ਰਈਸ ਤੇ ਜਗੀਰਦਾਰ ਘਰਾਣੇ ਦੀ ਕਹਾਣੀ ਕਹਿੰਦੀ ਹੈ ਜਿਸ ਨੂੰ ਅਸੀਂ ਭੁੱਟੋ ਖਾਨਦਾਨ ਦੇ ਨਾਂ ਨਾਲ ਜਾਣਦੇ ਹਾਂ। ਜਦੋਂ ਤੋਂ ਹੀ ਇਸ ਅਮੀਰ ਕਬੀਲੇ ਨੇ ਜਨਤਕ ਜੀਵਨ ਜਾਂ ਰਾਜਨੀਤੀ 'ਚ ਪੈਰ ਰੱਖਿਆ ਹੈ ਉਸੇ ਦਿਨ ਤੋਂ ਹੀ ਪੈਸਾ, ਸ਼ੋਹਰਤ ਤੇ ਮੌਤ ਇਸ ਖਾਨਦਾਨ 'ਚ ਨਾਲੋ-ਨਾਲ ਚਲਦੇ ਰਹੇ ਹਨ। 1947 'ਚ ਪਾਕਿਸਤਾਨ ਬਣਨ ਤੋਂ ਬਾਅਦ ਇਸ ਵਿਚ ਸਾਜ਼ਿਸ਼ ਤੇ ਭ੍ਰਿਸ਼ਟਾਚਾਰ ਵੀ ਸ਼ਾਮਿਲ ਹੋ ਗਏ। ਇਸ ਸ਼ਾਹੀ ਰਾਜਪੂਤ ਘਰਾਣੇ ਦੇ ਨਕੜਦਾਦੇ ਜੈਸਲਮੇਰ ਤੋਂ ਆ ਕੇ ਸਿੰਧ 'ਚ ਲੜਕਾਣੇ ਦੇ ਸਥਾਨ 'ਤੇ ਵੱਸੇ ਸਨ। ਜ਼ੁਲਫਕਾਰ ਅਲੀ ਭੁੱਟੋ ਦੇ ਪੜਦਾਦੇ ਖੁਦਾ ਬਖਸ਼ ਭੁੱਟੋ ਦੇ ਵੱਡੇ ਲੜਕੇ ਨੂੰ ਸਰਕਾਰ ਨੇ ਇਲਾਕਾ ਮੈਜਿਸਟਰੇਟ ਨਾਮਜ਼ਦ ਕੀਤਾ। ਪਰ 28 ਸਾਲ ਦੀ ਉਮਰ 'ਚ ਹੀ ਭੇਤਭਰੇ ਹਾਲਾਤ 'ਚ ਉਸ ਦੀ ਮੌਤ ਹੋ ਗਈ ਜਾਂ ਕਤਲ ਹੋ ਗਿਆ। ਫਿਰ ਜ਼ੁਲਫਕਾਰ ਅਲੀ ਭੁੱਟੋ ਦਾ ਚਾਚਾ ਸਰਦਾਰ ਵਾਹਦ ਬਖਸ਼ ਭੁੱਟੋ ਅੰਗਰੇਜ਼ ਰਾਜ 'ਚ 1927 ਤੋਂ ਆਪਣੀ ਮੌਤ ਯਾਨਿ 1933 ਤੱਕ ਸੂਬੇ ਦਾ ਐਮ. ਐਲ. ਏ. ਰਿਹਾ। ਉਸ ਨੂੰ ਵੀ ਉਸ ਦੇ ਵਿਰੋਧੀਆਂ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ। ਫਿਰ ਇਸੇ ਖਾਨਦਾਨ ਦੇ ਜ਼ੁਲਫਕਾਰ ਅਲੀ ਭੁੱਟੋ ਅਤੇ ਬੇਨਜ਼ੀਰ ਭੁੱਟੋ ਵਾਰੀ ਵਾਰੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣੇ ਅਤੇ ਦੋਵਾਂ ਦੀ ਅੱਤ ਭਿਆਨਕ ਮੌਤ ਹੋਈ। ਜ਼ੁਲਫਕਾਰ ਅਲੀ ਭੁੱਟੋ ਦੀ ਮੌਤ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਜਲਾਵਤਨ ਹੋਣਾ ਪਿਆ ਤੇ ਉਸ ਦਾ ਛੋਟਾ ਬੇਟਾ ਸ਼ਾਹਨਵਾਜ ਫਰਾਂਸ ਦੇ ਹੋਟਲ 'ਨਾਈਸ' 'ਚ ਆਪਣੀ ਪਤਨੀ ਨਾਲ ਰਹਿ ਰਿਹਾ ਸੀ ਜਿਥੇ ਉਸਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ। ਜਲਾਵਤਨੀ ਖਤਮ ਹੋਈ ਤਾਂ ਪੀਪਲਜ਼ ਪਾਰਟੀ ਵਲੋਂ ਬੇਨਜ਼ੀਰ ਦੇਸ਼ ਦੀ ਪ੍ਰਧਾਨ ਮੰਤਰੀ ਬਣੀ ਤੇ ਮੁਰਤਜਾ ਭੁੱਟੋ ਸਿੰਧ ਸੂਬੇ 'ਚੋਂ ਆਜ਼ਾਦ ਤੌਰ 'ਤੇ ਐਮ. ਐਲ. ਏ. ਚੁਣਿਆ ਗਿਆ। ਉਹ ਜ਼ਰਦਾਰੀ ਦੇ ਭ੍ਰਿਸ਼ਟਾਚਾਰ ਅਤੇ ਬੇਨਜ਼ੀਰ ਵਲੋਂ ਬੇਗੁਨਾਹਾਂ ਦੇ ਬਣਾਏ ਜਾ ਰਹੇ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਹਾਲ ਦੁਹਾਈ ਪਾਉਂਦਾ ਸੀ। ਇਕ ਦਿਨ 6 ਸਾਥੀਆਂ ਸਮੇਤ ਸੌ ਪੁਲਸੀਆਂ ਨਾਲ ਉਸ ਦੇ ਮੁਕਾਬਲੇ ਦੀ ਖਬਰ ਵੀ ਅਖਬਾਰਾਂ ਦੀ ਸੁਰਖੀ ਬਣੀ। ਤੇ ਅਖੀਰ ਬੇਨਜ਼ੀਰ ਵੀ ਆਪਣੇ ਬਣਾਏ ਰਸਤੇ ਤੁਰ ਗਈ। ਇਸੇ ਕਰਕੇ ਬੀਬੀ ਫਾਤਿਮਾ ਭੁੱਟੋ ਲਿਖਦੀ ਹੈ ਕਿ ਹਰ ਦਸ ਸਾਲ ਬਾਅਦ ਇਕ ਭੁੱਟੋ ਦਫ਼ਨ ਕਰ ਦਿੱਤਾ ਜਾਂਦਾ ਹੈ।

ਉਹ ਲਿਖਦੀ ਹੈ ਕਿ ਉਸ ਦੇ ਬਾਪ ਮੁਰਤਜ਼ਾ ਭੁੱਟੋ ਦੀ ਜ਼ਿੰਦਗੀ ਬੜੀ ਦੁੱਖਾਂ, ਘਟਨਾਵਾਂ ਅਤੇ ਤਲਖੀਆਂ ਭਰਪੂਰ ਸੀ। ਜ਼ੁਲਫਕਾਰ ਭੁੱਟੋ ਦੇ ਗ੍ਰਿਫਤਾਰ ਹੋਣ ਤੋਂ ਬਾਅਦ ਉਸ ਨੂੰ ਹੇਵਰਡ ਵਿਚ ਐਮ. ਲਿਟ ਦੀ ਪੜ੍ਹਾਈ ਵਿਚੇ ਛੱਡਣੀ ਪਈ। ਉਹ ਪਾਕਿਸਤਾਨ ਵੀ ਨਹੀਂ ਸੀ ਆ ਸਕਦਾ। ਉਸ ਨੇ ਅਫਗਾਨਿਸਤਾਨ 'ਚ ਸ਼ਰਨ ਲਈ ਤੇ ਆਪਣੇ ਬਾਪ ਦੀ ਰਿਹਾਈ ਲਈ ਹੋਰ ਦੇਸ਼ਾਂ ਨਾਲ ਸੰਪਰਕ ਬਣਾਇਆ। ਫਿਰ ਇਸੇ ਕੰਮ ਲਈ ਉਸ ਨੇ ਇਕ ਖਾੜਕੂ ਜਥੇਬੰਦੀ 'ਅਲ-ਜ਼ੁਲਫਕਾਰ' ਵੀ ਬਣਾਈ ਤੇ ਪਾਕਿਸਤਾਨ ਏਅਰਲਾਈਨ ਦਾ ਜਹਾਜ਼ ਅਗਵਾ ਕਰਕੇ ਉਹ ਅਫਗਾਨਿਸਤਾਨ ਲੈ ਗਿਆ ਜਿਸ ਦੌਰਾਨ ਉਨ੍ਹਾਂ ਬਲੋਚਸਤਾਨ ਦੇ ਗਵਰਨਰ ਦੇ ਭੁਲੇਖੇ ਇਕ ਲੈਫਟੀਨੈਂਟ ਦਾ ਕਤਲ ਵੀ ਕਰ ਦਿੱਤਾ। ਫਿਰ ਉਸ ਨੇ ਅਫਗਾਨਿਸਤਾਨ ਦੀਆਂ ਵਿਦੇਸ਼ੀ-ਸੇਵਾਵਾਂ ਦੇ ਇਕ ਅਫਸਰ ਦੀ ਕੁੜੀ ਫੌਜੀਆ ਨਾਲ ਸ਼ਾਦੀ ਕਰ ਲਈ ਜਿਸ ਦੀ ਕੁੱਖੋਂ ਫਾਤਿਮਾ ਦਾ ਜਨਮ ਹੋਇਆ। ਫੌਜੀਆ ਨਾਲ ਤਲਾਕ ਹੋ ਗਿਆ, ਪਾਕਿਸਤਾਨ ਦੇ ਹਾਲਤ ਠੀਕ ਹੋ ਗਏ, ਮੁਰਤਜ਼ਾ ਆਪਣੀ ਧੀ ਫਾਤਿਮਾ ਨੂੰ ਲੈ ਕੇ ਵਾਪਿਸ ਆ ਗਿਆ ਤੇ ਘਿਨਵਾ ਨਾਲ ਦੂਜੀ ਸ਼ਾਦੀ ਹੋ ਗਈ। ਬੇਨਜ਼ੀਰ ਪ੍ਰਧਾਨ ਮੰਤਰੀ ਬਣ ਗਈ। ਮੁਰਤਜ਼ਾ ਨੂੰ ਕਤਲ ਕਰ ਦਿੱਤਾ ਗਿਆ ਜਿਸ ਲਈ ਫਾਤਿਮਾ ਆਪਣੇ ਫੁੱਫੜ ਜਰਦਾਰੀ ਨੂੰ ਸਿੱਧੇ ਤੌਰ ਤੇ ਆਪਣੀ ਭੂਆ ਬੇਨਜ਼ੀਰ ਨੂੰ ਅਸਿੱਧੇ ਤੌਰ 'ਤੇ ਕਾਤਿਲ ਮੰਨਦੀ ਹੈ ਅਤੇ ਨਾਲ ਹੀ ਕਹਿੰਦੀ ਹੈ ਕਿ ਇਨਸਾਫ ਸਿਰਫ ਜੱਜਾਂ ਦੀ ਕਚਹਿਰੀ 'ਚੋਂ ਹੀ ਨਹੀਂ ਮਿਲਦਾ। ਕਦੇ ਕਦੇ ਇਹ ਲੋਕਾਂ ਦੀ ਕਚਹਿਰੀ 'ਚੋਂ ਵੀ ਲੈਣਾ ਪੈਂਦਾ ਹੈ। ਉਹ ਇਹ ਵੀ ਲਿਖਦੀ ਹੈ ਕਿ ਜੇ ਲੋਕਾਂ ਨੇ ਬੇਨਜ਼ੀਰ ਨੂੰ ਪ੍ਰਧਾਨ ਮੰਤਰੀ ਚੁਣਿਆ ਜਾਂ ਜ਼ਰਦਾਰੀ ਨੂੰ ਸਦਰ ਬਣਾਇਆ, ਉਹ ਇਸ ਕਰਕੇ ਨਹੀਂ ਕਿ ਉਹ ਭਲੇ ਲੋਕ ਨੇ ਜਾਂ ਉਨ੍ਹਾਂ ਦਾ ਰਿਕਾਰਡ ਵੇਖਣਯੋਗ ਹੈ, ਸਗੋਂ ਇਸ ਕਰਕੇ ਚੁਣਿਆ ਸੀ ਜਾਂ ਹੈ ਕਿਉਂਕਿ ਲੋਕਾਂ ਨੇ ਭੁੱਟੋ ਖ਼ਾਨਦਾਨ ਦੇ ਖ਼ੂਨ ਦਾ ਕਰਜ਼ ਉਤਾਰਿਆ ਹੈ।

ਉਹ ਦਸਦੀ ਹੈ ਕਿ ਜਦੋਂ ਉਹ ਛੋਟੀ ਸੀ ਤੇ ਪਿਤਾ ਨੂੰ ਹਰ ਵੇਲੇ ਮੌਤ ਦੀਆਂ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ ਤਾਂ ਉਸਨੇ ਆਪਣੇ ਪਿਤਾ ਨੂੰ ਆਪਣੇ ਬਾਰੇ ਕਿਤਾਬ ਲਿਖਣ ਲਈ ਕਿਹਾ ਸੀ। ਸੁਣ ਕੇ ਮੁਰਤਜ਼ਾ ਕਹਿਣ ਲੱਗਾ ਕਿ ਇਹ ਕਿਤਾਬ ਫਾਤਿਮਾ ਲਿਖੇਗੀ ਜਿਸ 'ਚ ਉਹ ਦੱਸੇਗੀ ਕਿ ਹਿੰਸਾ, ਧਨ ਅਤੇ ਡਰ ਦਾ ਸੱਚ ਨਾਲ ਕੋਈ ਮੁਕਾਬਲਾ ਨਹੀਂ ਹੈ। ਸੋ ਇਹ ਕਿਤਾਬ ਫਾਤਿਮਾ ਦੇ ਪਿਤਾ ਦੀ ਆਖਿਰੀ ਖਾਹਿਸ਼ ਦੀ ਪੂਰਤੀ ਹੈ। ਇਸੇ ਲਈ ਉਹ ਕਹਿੰਦੀ ਹੈ ਕਿ ਇਹ ਕਿਤਾਬ ਉਸ ਦੇ ਮਹਾਨ ਪਿਤਾ ਲਈ ਉਸ ਦੇ ਪਿਆਰ 'ਚੋਂ ਜਨਮੀ ਹੈ। ਇਹ ਕਿਤਾਬ ਇਕ ਧੀ ਵਲੋਂ ਆਪਣੇ ਉਸ ਪਿਆਰੇ ਪਾਪਾ ਨੂੰ ਇਕ ਪ੍ਰੇਮ-ਪੱਤਰ ਹੈ ਜਿਸ ਨੇ ਕਦੇ ਨਹੀਂ ਪਰਤਣਾ ਤੇ ਪੜ੍ਹਨਾ। ਇਹ ਕਿਤਾਬ ਭੁੱਟੋ ਪਰਿਵਾਰ ਬਾਰੇ ਉਸੇ ਪਰਿਵਾਰ ਦੀ ਧੀ ਵਲੋਂ ਬੇਬਾਕ ਕੁਮੈਂਟਰੀ ਹੈ। ਉਹ ਲਿਖਦੀ ਹੈ ਕਿ ਬੇਨਜ਼ੀਰ ਜਦੋਂ ਉਸ ਦੀ 'ਪਿੰਕੀ ਭੂਆ' ਸੀ ਤਾਂ ਬਹੁਤ ਚੰਗੀ ਸੀ ਜੋ ਬੱਚੀ ਫਾਤਿਮਾ ਲਈ ਦਿਲਚਸਪ ਕਿਤਾਬਾਂ ਤੇ ਸਵਾਦੀ ਆਈਸ ਕਰੀਮ ਲੈ ਕੇ ਆਉਂਦੀ ਹੁੰਦੀ ਸੀ। ਪਰ ਜਦੋਂ ਉਹ ਪ੍ਰਧਾਨ ਮੰਤਰੀ ਬਣੀ ਤਾਂ ਇੰਨੀ ਸਵਾਰਥੀ ਤੇ ਨਿਰਦਈ ਹੋ ਗਈ ਕਿ ਲੋਕਾਂ ਨੂੰ ਕਤਲ ਕਰਨਾ ਉਸ ਦਾ ਸ਼ੁਗਲ ਬਣ ਗਿਆ। ਇਸੇ ਲਈ ਉਹ ਲਿਖਦੀ ਹੈ ਕਿ ਸ਼ਕਤੀਸ਼ਾਲੀ ਲੋਕਾਂ ਲਈ ਹਿੰਸਾ ਕਰਨੀ ਬੜੀ ਆਸਾਨ ਹੁੰਦੀ ਹੈ। ਜਿਥੇ ਇਹ ਕਿਤਾਬ ਭੁੱਟੋ ਪਰਿਵਾਰ ਨਾਲ ਸੰਬੰਧਿਤ ਦੁੱਖਾਂ, ਸੁਖਾਂ, ਭੈੜਾਂ ਅਤੇ ਸਾਜ਼ਿਸ਼ਾਂ ਦਾ ਜ਼ਿਕਰ ਕਰਦੀ ਹੈ, ਉਥੇ ਨਾਲੋ ਨਾਲ ਪਾਕਿਸਤਾਨ ਦੇ ਸਮਾਜਿਕ ਤੇ ਸਿਆਸੀ ਢਾਂਚੇ ਦੇ ਨਿਘਾਰ ਅਤੇ ਅਵਾਮ ਦੀ ਪੀੜਾ ਨੂੰ ਵੀ ਬਿਆਨਦੀ ਹੈ।




ਪਿਛਲੇ ਸਮੇਂ 'ਚ ਜੇ ਅਸੀਂ ਉਸ ਦੀਆਂ ਮੁਲਕਾਤਾਂ ਵਿਚਲੀਆਂ ਉਸ ਦੀਆਂ ਟਿੱਪਣੀਆਂ ਨੂੰ ਵਾਚੀਏ ਤਾਂ ਲੇਖਿਕਾ ਤੋਂ ਉਸਦੀ ਕਿਤਾਬ ਬਾਰੇ ਜ਼ਿਆਦਾ ਚਾਨਣਾ ਹੁੰਦਾ ਹੈ। 4 ਅਪ੍ਰੈਲ 2010 ਦੇ ਦਿਨ ਦਿੱਲੀ ਵਿਚ ਉਸਨੇ ਕਿਹਾ ਕਿ ਜ਼ਰਦਾਰੀ ਨੇ ਪਾਕਿਸਤਾਨ ਦਾ ਸਦਰ ਬਣ ਕੇ ਆਪਣੀ ਸੌਂਹ ਚੁੱਕਣ ਦਾ ਸਮਾਗਮ ਜਾਣ ਬੁੱਝ ਕੇ 19 ਤੋਂ ਅੱਗੇ 20 ਸਤੰਬਰ ਨੂੰ ਕਰ ਲਿਆ ਜਿਸ ਦਿਨ ਮੁਰਤਜ਼ਾ ਭੁੱਟੋ ਨੂੰ ਕਤਲ ਕੀਤਾ ਗਿਆ ਸੀ। ਫਿਰ ਉਸ ਨੇ ਆਪਣਾ ਭਾਸ਼ਣ ਵਿਚੋਂ ਹੀ ਬੰਦ ਕਰਕੇ ਲੋਕਾਂ ਨੂੰ ਮੁਰਤਜ਼ਾ ਭੁੱਟੋ ਦੀ ਬਰਸੀ ਕਾਰਨ ਦੋ ਮਿੰਟ ਦਾ ਮੌਨ ਕਰਨ ਲਈ ਕਿਹਾ। ਫਾਤਿਮਾ ਅਨੁਸਾਰ ਇਹ ਸਭ ਕੁਝ ਉਸ ਨੇ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਚਿੜਾਉਣ ਲਈ ਕੀਤਾ ਸੀ। ਉਸ ਨੇ ਆਪਣੀ ਕਿਤਾਬ 'ਚ ਇਹ ਵੀ ਲਿਖਿਆ ਹੈ ਕਿ ਬੇਨਜ਼ੀਰ ਦੇ ਪ੍ਰਧਾਨ ਮੰਤਰੀ ਕਾਲ ਦੌਰਾਨ ਜ਼ਰਦਾਰੀ ਨੇ ਮੱਧ ਪੂਰਬ ਵਿਚ ਇਕ ਸੌਦਾ ਸਿਰੇ ਚਾੜਨ ਲਈ ਮੁਰਤਜ਼ਾ ਭੁੱਟੋ ਨੂੰ ਰਿਸ਼ਵਤ ਦੇਣ ਦੀ ਵੀ ਕੋਸ਼ਿਸ਼ ਕੀਤੀ ਸੀ ਜਿਸ 'ਤੇ ਮੁਰਤਜ਼ਾ ਨੇ ਜ਼ਰਦਾਰੀ ਨੂੰ ਬੜਾ ਕੌੜਾ ਜਵਾਬ ਦਿੱਤਾ ਸੀ। ਜਿਸ ਦਿਨ ਮੁਰਤਜ਼ਾ ਨੂੰ ਉਸ ਦੇ ਘਰ ਦੇ ਸਾਹਮਣੇ ਹੀ ਪੁਲਿਸ ਵਾਲਿਆਂ ਨੇ ਗੋਲੀਆਂ ਮਾਰੀਆਂ ਸਨ ਤਾਂ ਜ਼ਰਦਾਰੀ ਨੇ ਫਾਤਿਮਾ ਨੂੰ ਫੋਨ ਕਰਕੇ ਕਿਹਾ ਸੀ, "ਤੈਨੂੰ ਪਤਾ ਹੈ ਕਿ ਮੁਰਤਜ਼ਾ ਨੂੰ ਗੋਲੀ ਮਾਰ ਦਿੱਤੀ ਗਈ ਹੈ?" 3 ਅਪ੍ਰੈਲ 2010 ਨੂੰ ਉਸ ਨੇ ਦਿੱਲੀ ਵਿਖੇ ਹੀ ਕਿਹਾ, "ਜਦੋਂ ਮੈਂ ਸੁਣਿਆ ਕਿ ਜ਼ਰਦਾਰੀ ਪਾਕਿਸਤਾਨ ਦਾ ਸਦਰ ਬਣ ਗਿਆ ਹੈ ਤਾਂ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਮੇਰਾ ਖ਼ੂਨ ਜੰਮ ਗਿਆ ਹੋਵੇ।" 5 ਅਪ੍ਰੈਲ ਨੂੰ ਉਸ ਨੇ ਬੰਗਲੌਰ ਵਿਚ ਕਿਹਾ ਕਿ ਸਿਆਸੀ ਹਿੰਸਾ ਅਤੇ ਦਹਿਸ਼ਤਗਰਦੀ ਕਾਰਨ ਪਾਕਿਸਤਾਨ ਨੇ ਇਕ ਦੈਂਤ ਦਾ ਰੂਪ ਧਾਰਨ ਕਰ ਲਿਆ ਹੈ। ਸਹੀ ਅਰਥਾਂ 'ਚ ਇਕ ਲੋਕਤੰਤਰੀ ਦੇਸ਼ ਬਣਨ ਲਈ ਪਾਕਿਸਤਾਨ 'ਚੋਂ ਇਸ ਖਾਨਦਾਨੀ ਰਾਜ਼ ਦਾ ਖਾਤਮਾ ਜ਼ਰੂਰੀ ਹੈ। ਆਪਣੇ ਪਿਤਾ ਦੇ ਕਤਲ ਦੀ ਕਹਾਣੀ ਸੁਣਾਉਣ ਵੇਲੇ ਉਹ ਕਹਿੰਦੀ ਹੈ ਕਿ ਬੇਨਜ਼ੀਰ ਨੇ ਮੁਰਤਜ਼ਾ ਦੇ ਕਤਲ ਦੇ ਚਸ਼ਮਦੀਦ ਗਵਾਹਾਂ ਨੂੰ ਤਾਂ ਫੜ ਕੇ ਸਲਾਖਾਂ ਪਿੱਛੇ ਡੱਕ ਦਿੱਤਾ ਤੇ ਉਸ ਦੇ ਕਾਤਲਾਂ ਨੂੰ ਸਬੂਤ ਖਤਮ ਕਰਕੇ ਬਰੀ ਕਰਵਾਇਆ। ਇੰਨਾ ਹੀ ਨਹੀਂ ਹੁਣ ਜ਼ਰਦਾਰੀ ਨੇ ਦੇਸ਼ ਦਾ ਸਦਰ ਬਣਕੇ ਸਭ ਤੋਂ ਪਹਿਲਾਂ ਪੁਲਿਸ ਅਫਸਰ ਸ਼ੋਇਬ ਸਦਲ ਨੂੰ ਸਨਮਾਨਿਆ ਤੇ ਇੰਟੈਲੀਜੈਂਸ ਦਾ ਮੁਖੀ ਬਣਾਇਆ। ਉਸ ਦੀ ਬਹਾਦਰੀ ਇਹੀ ਹੈ ਕਿ ਮੁਰਤਜ਼ਾ ਭੁੱਟੋ ਦਾ ਕਤਲ ਉਸ ਦੀ ਦੇਖ ਰੇਖ ਹੇਠ ਬੜੀ ਸਫਾਈ ਨਾਲ ਕੀਤਾ ਗਿਆ ਸੀ। ਬੀਬੀ ਫਾਤਿਮਾ ਨੇ ਐਲਾਨੀਆ ਕਿਹਾ ਹੈ, "ਜ਼ਰਦਾਰੀ ਵਰਗੀ ਹਿਸਟਰੀ ਵਾਲੇ ਬੰਦੇ ਦੀ ਸਦਾਰਤ 'ਚ ਪਾਕਿਸਤਾਨ ਤੇ ਇਸਦਾ ਅਵਾਮ ਕਦੇ ਵੀ ਸੁਰੱਖਿਅਤ ਨਹੀਂ ਰਹਿ ਸਕਦੇ।" ਇਸੇ ਕਰਕੇ ਜ਼ਰਦਾਰੀ ਦੇ ਸਦਰ ਬਣਨ ਦੀ ਖਬਰ ਸੁਣਦਿਆਂ ਹੀ ਉਸ ਨੇ ਆਪਣੇ 18 ਸਾਲਾ ਭਰਾ ਭੁੱਟੋ ਜੂਨੀਅਰ ਨੂੰ ਕਿਸੇ ਬਾਹਰਲੇ ਦੇਸ਼ ਅਣਦੱਸੀ ਥਾਂ 'ਤੇ ਭੇਜ ਦਿੱਤਾ ਸੀ।

ਸਭ ਤੋਂ ਪਹਿਲਾਂ ਬੀਬੀ ਫਾਤਿਮਾ ਭੁਟੋ ਨੇ ਆਪਣੀ ਇਹ ਕਿਤਾਬ 31 ਮਾਰਚ, 2010 ਨੂੰ ਕਰਾਚੀ ਵਿਚ ਆਪਣੇ ਘਰ ਦੇ ਸਾਹਮਣੇ ਇਕ ਪ੍ਰੋਗਰਾਮ ਕਰਕੇ ਲਾਂਚ ਕੀਤੀ। ਇਹ ਉਹ ਥਾਂ ਹੈ ਜਿਥੇ ਮੁਰਤਜ਼ਾ ਭੁੱਟੋ ਨੂੰ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ। ਸਰਕਾਰ ਦੇ ਦਬਾ ਕਾਰਨ ਭਾਵੇਂ ਇਹ ਪ੍ਰੋਗਰਾਮ ਕਰਨ 'ਚ ਕਾਫੀ ਦਿੱਕਤ ਪੇਸ਼ ਆਈ ਪਰ ਫਿਰ ਵੀ ਇਸ ਦੀ ਮਨਜ਼ੂਰੀ ਵੀ ਮਿਲੀ ਤੇ 700 ਲੋਕਾਂ ਨੇ ਇਸ 'ਚ ਭਾਗ ਵੀ ਲਿਆ ਜਿਨ੍ਹਾਂ 'ਚ ਕਈ ਦੇਸ਼ਾਂ ਦੇ ਸ਼ਫੀਰ ਵੀ ਸਨ। ਆਪਣੀ ਮਾਂ ਘਿਨਵਾ ਭੁੱਟੋ, ਭਰਾ ਭੁੱਟੋ ਜੂਨੀਅਰ ਅਤੇ ਚਾਚੇ ਸ਼ਾਹਨਵਾਜ ਦੀ ਲੜਕੀ ਸੱਸੀ ਨਾਲ ਫਾਤਿਮਾ ਮੰਚ 'ਤੇ ਸੁਸ਼ੋਭਤ ਸੀ। ਮੰਚ ਦੀ ਕਾਰਵਾਈ ਮੁਰਤਜ਼ਾ ਦੇ ਨਾਲ ਕਤਲ ਹੋਏ ਉਸ ਦੇ ਦੋਸਤ ਆਸ਼ਿਕ ਜੈਤੋਈ ਦੀ ਬੇਟੀ ਸਾਬੀਨ ਜੈਤੋਈ ਚਲਾ ਰਹੀ ਸੀ। ਇਥੇ ਫਾਤਿਮਾ ਨੇ ਬੜੀ ਬੇਬਾਕ ਤੇ ਭਾਵੁਕ ਤਕਰੀਰ ਕੀਤੀ। ਉਸ ਨੇ ਕਿਹਾ ਕਿ ਇਹ ਉਹ ਥਾਂ ਹੈ ਜਿਥੇ ਉਸ ਦੇ ਬਹਾਦਰ ਪਿਤਾ ਨੂੰ ਸਾਜ਼ਿਸ਼ੀ ਤੇ ਡਰਪੋਕ ਲੋਕਾਂ ਵਲੋਂ ਘਾਤ ਲੈ ਕੇ 6 ਸਾਥੀਆਂ ਸਮੇਤ ਕਤਲ ਕਰ ਦਿੱਤਾ ਗਿਆ ਸੀ। ਆਹ ਸੰਘਣੇ ਬੋਹੜ ਦੇ ਦਰੱਖਤਾਂ 'ਚ ਕੋਈ ਸੌ ਦੇ ਕਰੀਬ ਪੁਲਸੀਏ ਰਾਤ ਦੇ ਹਨੇਰੇ 'ਚ ਛੁਪੇ ਹੋਏ ਸਨ ਜਿਹੜੇ ਸਵੈ-ਚਾਲਤ ਹਥਿਆਰਾਂ ਨਾਲ ਲੈਸ ਸਨ। ਔਹ ਪਿਛੇ ਕੁਝ ਪੁਲਿਸ ਵਾਲਿਆਂ ਨੇ ਚੈਕਿੰਗ ਦੇ ਬਹਾਨੇ ਇਸ ਗੱਲ ਦੀ ਨਿਸ਼ਾਨਦੇਹੀ ਕੀਤੀ ਕਿ ਮੁਰਤਜ਼ਾ ਭੁੱਟੋ ਕਿਸ ਕਾਰ ਵਿਚ ਤੇ ਕਿਹੜੀ ਸੀਟ 'ਤੇ ਬੈਠਾ ਹੈ। ਫਿਰ ਵਾਇਰਲੈਸ ਰਾਹੀਂ ਬਿਰਛਾਂ 'ਚ ਲੁਕੇ ਪੁਲਸੀਆਂ ਨੂੰ ਇਸਦੀ ਜਾਣਕਾਰੀ ਦਿੱਤੀ ਗਈ। ਇਸ ਘਰ ਅੱਗੇ ਪਹੁੰਚਦਿਆਂ ਹੀ ਮੁਰਤਜ਼ਾ ਤੇ ਉਸ ਦੇ 6 ਸਾਥੀਆਂ 'ਤੇ ਸਭ ਪਾਸਿਉਂ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਮੁਰਤਜ਼ਾ ਭੁੱਟੋ ਨੂੰ ਸੱਤ ਗੋਲੀਆਂ ਲੱਗੀਆਂ। ਆਖਰੀ ਗੋਲੀ ਬਿਲਕੁਲ ਨੇੜਿਉਂ ਉਸ ਦੇ ਜਬਾੜੇ 'ਚ ਮਾਰੀ ਗਈ। ਫਾਤਿਮਾ ਨੇ ਜਦ ਗੋਲੀਆਂ ਦੀ ਆਵਾਜ਼ ਸੁਣੀ ਤਾਂ ਉਹ ਸਮਝ ਗਈ ਤੇ ਆਪਣੇ ਭਰਾ ਭੁੱਟੋ ਜੂਨੀਅਰ ਨੂੰ ਲੈ ਕੇ ਡਰੈਸਿੰਗ ਰੂਮ 'ਚ ਛੁਪ ਗਈ ਪਰ ਕਾਤਲ ਅੰਦਰ ਨਹੀਂ ਆਏ।

ਮੁਰਤਜ਼ਾ ਦੇ ਮੂੰਹ 'ਚ ਗੋਲੀ ਮਾਰਨ ਨਾਲ ਵੀ ਉਸ ਦੀ ਆਵਾਜ਼ ਖਾਮੋਸ਼ ਨਹੀਂ ਹੋਈ। ਇਹ ਕਿਤਾਬ ਇਸ ਦਾ ਸਬੂਤ ਹੈ। ਇਸੇ ਲਈ ਕੁਝ ਲੋਕਾਂ ਨੂੰ ਇਸ ਕਿਤਾਬ ਨੇ ਖੌਫ਼ਜ਼ਦਾ ਕਰ ਦਿੱਤਾ ਹੈ। ਉਨ੍ਹਾਂ ਕਾਤਲਾਂ ਨੂੰ ਜਿਹੜੇ ਅੱਜ ਕੱਲ੍ਹ ਇਸ ਕੌਮ ਦੇ ਰਹਿਬਰ ਤੇ ਹਾਕਮ ਬਣੇ ਬੈਠੇ ਹਨ। ਆਖਿਰ ਵਿਚ ਉਸ ਨੇ ਜਾਰਜ਼ ਔਰਵੈਲ ਦੇ ਇਹ ਸ਼ਬਦ ਦੁਹਰਾਏ ਕਿ ਜਿਥੇ ਸਿਰਫ ਕੁਫਰ, ਭ੍ਰਿਸ਼ਟਾਚਾਰ ਤੇ ਬੇਈਮਾਨੀ ਦਾ ਬੋਲ ਬਾਲਾ ਹੋਵੇ ਉਥੇ ਸੱਚ ਕਹਿਣਾ ਹੀ ਇਨਕਲਾਬ ਕਰਨਾ ਹੁੰਦਾ ਹੈ ਤੇ ਇਹ ਕਿਤਾਬ ਇਸੇ ਤਰ੍ਹਾਂ ਦਾ ਇਕ ਉਪਰਾਲਾ ਹੈ।

## ਫਾਤਿਮਾ ਦੀ ਕਿਤਾਬ ਅਧੂਰੀਆਂ ਸੱਚਾਈਆਂ ਨਾਲ ਭਰੀ ਕਰਾਰ

**ਇਸਲਾਮਾਬਾਦ:** ਫਾਤਿਮਾ ਭੁੱਟੋ, ਭਾਵੇਂ ਆਪਣੇ ਮਸ਼ਹੂਰ ਪਰਿਵਾਰ 'ਚੋਂ ਅਗਲੀ ਆਗੂ ਵਜੋਂ ਆਪਣੇ-ਆਪ ਨੂੰ ਸਥਾਪਤ ਕਰਨ 'ਚ ਸਫਲ ਹੋ ਰਹੀ ਹੋ ਸਕਦੀ ਹੈ, ਪਰ ਪਾਕਿਸਤਾਨ ਵਿਚਲੇ ਕੁਝ ਲੋਕ ਉਸ ਵਲੋਂ ਆਪਣੀ ਭੂਆ ਬੇਨਜ਼ੀਰ ਭੁੱਟੋ ਦੇ ਇਕਪਾਸੜ ਚਿਤਰਣ 'ਤੇ ਇਤਰਾਜ਼ ਜਤਾ ਰਹੇ ਹਨ। ਫਾਤਿਮਾ ਦੀ ਭੁੱਟੋ ਪਰਿਵਾਰ ਬਾਰੇ ਆਲੋਚਕਾਂ ਅਨੁਸਾਰ ਇਕਪਾਸੜ ਕਿਤਾਬ 'ਸੌਂਗਜ਼ ਆਫ਼ ਬਲੱਡ ਐਂਡ ਸਵੌਰਡ' ਹਾਲ ਹੀ 'ਚ ਬੜੇ ਚਰਚਿਤ ਅੰਦਾਜ਼ 'ਚ ਰਿਲੀਜ਼ ਹੋਈ ਹੈ।

ਭਾਰਤ 'ਚ ਉਸ ਦੀ ਕਿਤਾਬ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਤੇ ਉੱਥੇ ਦੀ ਵੱਡੀ ਮੰਡੀ ਨੂੰ ਭੁੰਨਾਉਣ ਲਈ ਉਸ ਨੇ ਰਿਲੀਜ਼ ਸਮਾਰੋਹ 'ਚ ਸਾੜ੍ਹੀ ਪਾ ਕੇ ਬਿੰਦੀ ਵੀ ਲਾਈ। ਪਾਕਿਸਤਾਨ ਦੇ ਮੋਹਰੀ ਟਿੱਪਣੀਕਾਰ ਤੇ ਕਾਲਮਨਵੀਸ ਨਦੀਮ ਐਫ. ਪਰਾਚਾ ਨੇ ਫਾਤਿਮਾ ਦੀਆਂ ਯਾਦਾਂ ਰੂਪੀ ਕਿਤਾਬ 'ਤੇ ਕਾਫੀ ਥੂਹ-ਥੂਹ ਕਰਦਿਆਂ ਇਸ ਵਿਚਲੇ ਕੁਝ 'ਚੌਂਕਾ ਦੇਣ ਵਾਲੇ ਅੱਧੇ-ਅਧੂਰੇ ਸੱਚਾਂ' ਨੂੰ ਸਾਹਮਣੇ ਲਿਆਂਦਾ ਹੈ। ਪਰਾਚਾ ਨੇ 'ਡੈਡ ਹੂ ਵੁੱਡ ਬੀ ਕਿੰਗ' ਨਾਂਅ ਹੇਠ ਛਪੇ ਲੇਖ 'ਚ ਕਿਹਾ ਹੈ ਕਿ ਆਸ ਮੁਤਾਬਕ ਇਸ ਕਿਤਾਬ 'ਚ ਉਨ੍ਹਾਂ ਸਾਰੇ ਦੋਸਾਂ ਨੂੰ ਭਾਵੁਕ ਦਲੀਲਾਂ ਨਾਲ ਕੱਟਣ ਦਾ ਯਤਨ ਕੀਤਾ ਗਿਆ ਹੈ, ਜੋ ਉਸ ਦੇ ਵਿਵਾਦਗ੍ਰਸਤ ਪਿਤਾ (ਮੁਰਤਜ਼ਾ ਭੁੱਟੋ) 'ਤੇ ਲੱਗਦੇ ਰਹੇ ਤੇ ਬਿਨਾਂ ਸ਼ੱਕ ਫਾਤਿਮਾ ਭੁੱਟੋ ਦੀ ਹੈਸੀਅਤ 'ਚ ਉਸ ਨੇ ਹਰੇਕ ਨੂੰ ਇਹ ਜਚਾਉਣ ਦਾ ਯਤਨ ਕੀਤਾ ਹੈ ਤੇ ਫਿਰ ਉਹ ਆਪਣੀ ਭੂਆ ਬੇਨਜ਼ੀਰ ਦਾ ਮਖੌਲ ਉਡਾਉਂਦੀ ਹੈ। ਉਸ ਨੂੰ ਅਜਿਹੇ ਕਿਰਦਾਰ ਵਜੋਂ ਪੇਸ਼ ਕਰਦੀ ਹੈ, ਜੋ ਹਰ ਵੇਲੇ ਘਾੜਤਾਂ ਘੜਨ ਵਾਲੀ 'ਖੰਡਿਤ ਹਸਤੀ' ਹੈ।

ਮੁਰਤਜ਼ਾ ਭੁੱਟੋ ਨੂੰ ਸਤੰਬਰ 1996 'ਚ ਕਰਾਚੀ 'ਚ ਉਸ ਦੇ ਘਰ ਦੇ ਬਾਹਰ ਪੁਲੀਸ ਵਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਫਾਤਿਮਾ ਲੰਬੇ ਸਮੇਂ ਤੋਂ ਬੇਨਜ਼ੀਰ ਤੇ ਉਸ ਦੇ ਪਤੀ ਜ਼ਰਦਾਰੀ ਨੂੰ ਆਪਣੇ ਪਿਤਾ ਦੀ ਹੱਤਿਆ ਲਈ ਜ਼ਿੰਮੇਵਾਰ ਕਹਿੰਦੀ ਆ ਰਹੀ ਹੈ। ਪਰਾਚਾ ਅਨੁਸਾਰ ਇਹ ਕਿਤਾਬ ਕਿਸੇ ਬੇਹੱਦ ਸੰਵੇਦਨਸ਼ੀਲ ਧੀ ਵਲੋਂ ਆਪਣੇ ਪਿਤਾ ਨੂੰ ਯਾਦ ਕਰਨ ਸਬੰਧੀ ਬੜਾ ਭਾਵੁਕ ਦਸਤਾਵੇਜ਼ ਹੈ, ਪਰ ਇਸ ਦੇ ਨਾਲ ਹੀ ਇਸ 'ਚ ਕੁਝ ਚੌਂਕਾ ਦੇਣ ਵਾਲੀਆਂ ਅਧੂਰੀਆਂ ਸੱਚਾਈਆਂ ਵੀ ਹਨ। ਪਰਾਚਾ ਲਿਖਦਾ ਹੈ ਕਿ ਥਾਂ ਦੀ ਕਮੀ ਕਾਰਨ ਉਹ ਸਿਰਫ ਪੀ.ਆਈ.ਏ. ਦੇ ਇਕ ਜਹਾਜ਼ ਨੂੰ 1981 'ਚ ਅਲ-ਜ਼ੁਲਫੀਕਾਰ (ਏ.ਜ਼ੈੱਡ.ਓ.) ਵਲੋਂ ਅਗਵਾ ਕਰਨ ਵਾਲੇ ਅਧਿਆਏ ਦੀ ਗੱਲ ਕਰਦਾ ਹੈ। ਇਹ ਜਥੇਬੰਦੀ ਮੁਰਤਜ਼ਾ ਨੇ ਤਾਨਾਸ਼ਾਹ ਜਨਰਲ ਜ਼ਿਆ-ਉਲ-ਹੱਕ ਵਲੋਂ ਆਪਣੇ ਪਿਤਾ (ਜ਼ੁਲਫੀਕਾਰ ਅਲੀ ਭੁੱਟੋ) ਦੀ ਮੌਤ ਦਾ ਬਦਲਾ ਲੈਣ ਲਈ ਬਣਾਈ ਸੀ। ਪਰਾਚਾ ਅਨੁਸਾਰ ਮੁਰਤਜ਼ਾ ਦੀ ਸੋਵੀਅਤ ਦੇ ਕਬਜ਼ੇ ਵਾਲੇ ਅਫਗਾਨਿਸਤਾਨ ਦੀ ਗੁਰੀਲਾ ਖੇਤਰ 'ਚ ਫੇਰੀ ਤੇ ਕੰਮਕਾਰ ਨੂੰ ਤਾਂ ਫਾਤਿਮਾ ਬਹੁਤ ਅਹਿਮ ਮੰਨਦੀ ਹੈ, ਪਰ ਉਸ ਦੀ ਭੂਆ, ਜਿਸ ਨੇ ਜੇਲ੍ਹ 'ਚ ਹੁੰਦਿਆਂ ਜ਼ਿਆ ਦੀ ਤਾਨਾਸ਼ਾਹੀ ਵਿਰੁਧ ਜਮਹੂਰੀ ਫਰੰਟ ਖੋਲ੍ਹਿਆ, ਉਹ ਵੱਡੀ ਗੱਲ ਨਹੀਂ ਹੈ।

# ਸ਼ੁਕਰ ਐ ਹਾਲੇ ਮਨਮੋਹਨ ਸਿੰਘ ਵਰਗੇ ਕਈ ਲੋਕ ਪੱਲਾ ਬਚਾਈ ਬੈਠੇ

**ਜਤਿੰਦਰ ਪਨੂੰ**

ਸਾਡੇ ਸਾਹਮਣੇ ਇਸ ਵੇਲੇ ਦੋ ਖ਼ਬਰਾਂ ਪਈਆਂ ਹਨ। ਇੱਕ ਦਾ ਸੰਬੰਧ ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਹੈ ਤੇ ਦੂਜੀ ਦਾ ਪੰਜਾਬ ਦੇ ਪਬਲਿਕ ਸਰਵਿਸ ਕਮਿਸ਼ਨ ਦੇ ਮੁਖੀ ਵਲੋਂ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕੁਝ ਹੋਰ ਲੋਕਾਂ 'ਤੇ ਲਾਏ ਦੋਸ਼ਾਂ ਨਾਲ। ਪਹਿਲੀ ਖ਼ਬਰ ਇਕ ਆਗੂ ਦਾ ਅਕਸ ਉਜਾਗਰ ਕਰਦੀ ਹੈ ਤੇ ਦੂਜੀ ਖ਼ਬਰ ਸਰਕਾਰ-ਦਰਬਾਰ ਬਾਰੇ ਪਏ ਹੋਏ ਭੰਬਲਭੂਸੇ ਨੂੰ ਹੋਰ ਵਧਾਉਣ ਵਾਲੀ ਹੈ। ਦੋਵਾਂ ਨੂੰ ਵੱਖੋ-ਵੱਖ ਲਈਏ।


ਡਾਕਟਰ ਮਨਮੋਹਨ ਸਿੰਘ ਉਜਲੇ ਕਿਰਦਾਰ ਦਾ ਸਵਾਮੀ ਮੰਨਿਆ ਜਾਂਦਾ ਹੈ। ਪਿਛਲੇ ਹਫ਼ਤੇ ਇਕ ਖ਼ਬਰ ਆ ਗਈ ਕਿ ਉਸ ਦੇ ਇਕ ਬਹਿਨੋਈ ਦੇ ਗੋਦਾਮਾਂ 'ਤੇ ਛਾਪੇ ਵੱਜੇ ਹਨ ਤੇ ਮਾਮਲਾ ਵਿਦੇਸ਼ਾਂ ਨੂੰ ਭੇਜੇ ਜਾਂਦੇ ਚੌਲਾਂ ਦੀ ਹੇਰਾਫੇਰੀ ਦਾ ਹੈ। ਪ੍ਰਧਾਨ ਮੰਤਰੀ ਦਫ਼ਤਰ ਤੋਂ ਬਾਕਾਇਦਾ ਇਕ ਬਿਆਨ ਜਾਰੀ ਕੀਤਾ ਗਿਆ ਕਿ ਇਹ ਖ਼ਬਰ ਅਖ਼ਬਾਰ ਵਿਚ ਛਪਣ ਤਕ ਨਾ ਪ੍ਰਧਾਨ ਮੰਤਰੀ ਨੂੰ ਆਪਣੇ ਰਿਸ਼ਤੇਦਾਰ ਦੇ ਕਾਰੋਬਾਰ ਨਾਲ ਸੰਬੰਧਤ ਕੋਈ ਜਾਂਚ ਹੋਣ ਬਾਰੇ ਪਤਾ ਸੀ, ਨਾ ਪ੍ਰਧਾਨ ਮੰਤਰੀ ਦੇ ਦਫ਼ਤਰ ਨੂੰ। ਖ਼ਬਰ ਬਾਰੇ ਪਤਾ ਲੱਗਣ 'ਤੇ ਛਾਪੇ ਮਾਰਨ ਵਾਲੀ ਏਜੰਸੀ ਨੂੰ ਕਹਿ ਦਿੱਤਾ ਗਿਆ ਕਿ ਉਹ ਸੰਬੰਧਤ ਵਿਅਕਤੀ ਵਿਰੁਧ ਜਾਂਚ ਕਰਦਿਆਂ ਇਹ ਗੱਲ ਭੁਲਾ ਦੇਣ ਕਿ ਉਹ ਪ੍ਰਧਾਨ ਮੰਤਰੀ ਦਾ ਰਿਸ਼ਤੇਦਾਰ ਹੈ ਤੇ ਜਾਂਚ ਕਾਨੂੰਨ ਮੁਤਾਬਕ ਉਵੇਂ ਹੀ ਕਰਦੇ ਰਹਿਣ, ਜਿਵੇਂ ਕਿਸੇ ਆਮ ਕੇਸ ਵਿਚ ਕਰਨੀ ਬਣਦੀ ਹੈ। ਆਸ ਵੀ ਇਹੋ ਸੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇੰਝ ਹੀ ਕਰਨਗੇ।

ਕਿਰਦਾਰ ਦੀ ਸਵੱਛਤਾ ਦੇ ਮਾਲਕ ਮਨਮੋਹਨ ਸਿੰਘ ਬਾਰੇ ਕਈ ਗੱਲਾਂ ਲੋਕ ਜਾਣਦੇ ਹਨ। ਉਹ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਜਦੋਂ ਪਾਰਲੀਮੈਂਟ ਦੇ ਉਤਲੇ ਸਦਨ, ਰਾਜ ਸਭਾ, ਅੰਦਰ ਅਪੋਜ਼ੀਸ਼ਨ ਲੀਡਰ ਵਜੋਂ ਕੈਬਨਿਟ ਮੰਤਰੀ ਦਾ ਦਰਜਾ ਰੱਖਦੇ ਸਨ, ਦਿੱਲੀ ਦੀਆਂ ਸੜਕਾਂ 'ਤੇ ਆਪਣੀ ਕਾਰ ਖ਼ੁਦ ਚਲਾਉਂਦੇ ਨਜ਼ਰ ਆਉਂਦੇ ਸਨ। ਪ੍ਰਧਾਨ ਮੰਤਰੀ ਬਣਨ ਪਿਛੋਂ ਜਦੋਂ ਆਪਣਾ ਡਰਾਈਵਿੰਗ ਲਾਇਸੈਂਸ ਨਵਾਂ ਕਰਾਉਣਾ ਸੀ, ਖੇਤਰੀ ਟਰਾਂਸਪੋਰਟ ਅਧਿਕਾਰੀ ਦੇ ਦਫ਼ਤਰ ਖ਼ੁਦ ਚੱਲ ਕੇ ਗਏ ਤੇ ਕਤਾਰ ਵਿਚ ਜਾ ਖੜੋਤੇ ਸਨ। ਉਨ੍ਹਾਂ ਦੀ ਇਕ ਭਾਣਜੀ ਦੇ ਵਿਆਹ ਮੌਕੇ ਉਨ੍ਹਾਂ ਨੇ ਦਿੱਲੀ ਵਿਚ ਗਿਣੇ-ਚੁਣੇ ਨੇੜਲੇ ਲੋਕਾਂ ਨੂੰ ਰਾਤਰੀ ਭੋਜ ਦਿੱਤਾ। ਸਾਰਿਆਂ ਦੇ ਜਾਣ ਪਿਛੋਂ ਪੰਜਾਬ ਤੋਂ ਗਏ ਦੂਜੇ ਭੈਣ-ਭਣੋਈਏ ਨੂੰ ਖੜੇ ਵੇਖ ਕੇ ਪੁੱਛ ਲਿਆ ਕਿ ਕੀ ਸਮੱਸਿਆ ਹੈ? ਉਨ੍ਹਾਂ ਦੱਸਿਆ ਕਿ ਗੱਡੀ ਖਰਾਬ ਹੋ ਗਈ ਹੈ। ਦੋ ਮਿੰਟ ਉਡੀਕ ਕਰਨ ਲਈ ਕਹਿ ਕੇ ਨੇੜਲੇ ਟੈਕਸੀ ਸਟੈਂਡ ਤੋਂ ਉਨ੍ਹਾਂ ਲਈ ਟੈਕਸੀ ਮੰਗਵਾਈ, ਉਸ ਦਾ ਕਿਰਾਇਆ ਵੀ ਦਿੱਤਾ ,ਦਰਜਨ ਤੋਂ ਵਧ ਸਰਕਾਰੀ ਕਾਰਾਂ ਵਿਚੋਂ ਕੋਈ ਆਪਣੇ ਇਨ੍ਹਾਂ ਨਿੱਜੀ ਰਿਸ਼ਤੇਦਾਰਾਂ ਲਈ ਨਹੀਂ ਵਰਤੀ ਸੀ।

ਇਕ ਕਿੱਸਾ ਖੁਸ਼ਵੰਤ ਸਿੰਘ ਹੁਰੀਂ ਵੀ ਲਿਖ ਚੁੱਕੇ ਹਨ। ਜਦੋਂ ਡਾਕਟਰ ਮਨਮੋਹਨ ਸਿੰਘ ਨੇ ਦਿੱਲੀ ਦੇ ਚਾਂਦਨੀ ਚੌਕ ਤੋਂ ਪਾਰਲੀਮੈਂਟ ਦੀ ਚੋਣ ਲੜੀ, ਕੁਝ ਲੋਕਾਂ ਨੇ ਖੁਸ਼ਵੰਤ ਸਿੰਘ ਨੂੰ ਕਹਿ ਦਿੱਤਾ ਕਿ ਗਰੀਬ ਬਸਤੀਆਂ ਲਈ ਸ਼ਰਾਬ ਵਰਤਣ ਦਾ ਰਿਵਾਜ ਪੈ ਚੁੱਕਾ ਹੈ, ਮਨਮੋਹਨ ਸਿੰਘ ਨੇ ਇਹ ਕੰਮ ਕਰਨਾ ਨਹੀਂ, ਇਸ ਕਰਕੇ ਹਾਰ ਜਾਣਗੇ। ਖੁਸ਼ਵੰਤ ਸਿੰਘ ਨੇ ਉਨ੍ਹਾਂ ਲੋਕਾਂ ਨੂੰ ਪੱਲਿਓਂ ਪੈਸੇ ਦੇ ਦਿੱਤੇ ਤੇ ਕਿਹਾ ਕਿ ਮਨਮੋਹਨ ਸਿੰਘ ਨੂੰ ਨਾ ਦੱਸਿਓ, ਜੋ ਕਰਨਾ ਹੋਵੇ, ਕਰਦੇ ਰਹੋ। ਮਨਮੋਹਨ ਸਿੰਘ ਹੁਰੀਂ ਹਾਰ ਗਏ। ਫਿਰ ਇਕ ਦਿਨ ਖੁਸ਼ਵੰਤ ਸਿੰਘ ਦੇ ਘਰ ਗਏ ਤੇ ਪੈਸੇ ਮੋੜ ਕੇ ਕਹਿ ਆਏ, ਤੁਹਾਡੀ ਸ਼ੁਭ ਇੱਛਾ ਲਈ ਧੰਨਵਾਦ, ਪਰ ਜੇ ਤੁਸੀਂ ਇੰਝ ਨਾ ਕਰਦੇ ਤਾਂ ਮੈਨੂੰ ਜ਼ਿਆਦਾ ਚੰਗਾ ਲੱਗਣਾ ਸੀ। ਮੈਨੂੰ ਬਾਅਦ ਵਿਚ ਪਤਾ ਲੱਗਾ ਸੀ ਕਿ ਏਦਾਂ ਦਾ ਖਰਚਾ ਤੁਸੀਂ ਕੀਤਾ ਹੈ।''

ਇਹਦੀ ਤੁਲਨਾ ਅਸੀਂ ਕਰਕੇ ਵੇਖੀਏ ਅਟਲ ਬਿਹਾਰੀ ਵਾਜਪਾਈ ਨਾਲ। ਉਹਦੇ 'ਤੇ ਵੀ ਭ੍ਰਿਸ਼ਟਾਚਾਰ ਦੀ ਉਂਗਲ ਸਿੱਧੇ ਤੌਰ 'ਤੇ ਕਦੇ ਨਹੀਂ ਸੀ ਉਠਾਈ ਗਈ, ਪਰ ਇਕ ਗੱਲ ਦਾ ਜਵਾਬ ਉਹ ਕਦੇ ਨਹੀਂ ਸੀ ਦੇ ਸਕੇ। ਵਾਜਪਾਈ ਸਰਕਾਰ ਸਮੇਂ ਪੈਟਰੋਲ ਪੰਪਾਂ ਅਤੇ ਗੈਸ ਏਜੰਸੀਆਂ ਦੀ ਅਲਾਟਮੈਂਟ ਏਨੀ ਗਲਤ ਢੰਗ ਨਾਲ ਸਿਰਫ ਆਰ. ਐਸ. ਐਸ. ਤੇ ਭਾਜਪਾ ਆਗੂਆਂ ਦੇ ਪਰਿਵਾਰਾਂ ਨੂੰ ਕੀਤੀ ਗਈ ਸੀ ਕਿ ਸਾਰੀ ਰੱਦ ਕਰਨੀ ਪੈ ਗਈ ਸੀ। ਇਸ ਅਲਾਟਮੈਂਟ ਦੇ ਲਾਭ-ਪਾਤਰੀਆਂ ਵਿਚ ਇਕ ਨਾਂ ਵਾਜਪਾਈ ਜੀ ਦੇ ਲਖਨਊ ਵਾਲੇ ਸਰਕਾਰੀ ਘਰ ਦਾ ਦਿੱਤਾ ਹੋਇਆ ਸੀ। ਬਿਨਾਂ ਓਥੇ ਰਹਿਣ ਤੋਂ ਓਥੋਂ ਦਾ ਸਿਰਨਾਵਾਂ ਉਸ ਨੇ ਸਿਰਫ ਇਸ ਲਈ ਦਿੱਤਾ ਹੋਵੇਗਾ ਕਿ ਫਾਈਲ, ਜਿਸ ਵੀ ਆਗੂ ਜਾਂ ਅਧਿਕਾਰੀ ਅੱਗੇ ਪੇਸ਼ ਹੋਵੇ, ਉਸ ਨੂੰ ਵਾਜਪਾਈ ਜੀ ਦਾ ਚਿਹਰਾ ਦਿੱਸਦਾ ਰਹੇਗਾ। ਸਾਰਾ ਖਿਲਾਰਾ ਪੈ ਜਾਣ ਪਿਛੋਂ ਵੀ ਵਾਜਪਾਈ ਸਾਹਿਬ ਆਪਣੀ ਪਾਰਟੀ ਤੇ ਸਰਕਾਰ ਦੀਆਂ ਸਫਾਈਆਂ ਹੀ ਦਿੰਦੇ ਰਹੇ ਸਨ, ਆਪਣੇ ਘਰ ਨਾਲ ਜੁੜਦੇ ਮਾਮਲੇ ਦੀ ਸਫਾਈ ਨਹੀਂ ਸਨ ਦੇ ਸਕੇ।

ਹੁਣ ਆਈਏ ਪੰਜਾਬ ਵਲ। ਏਥੇ ਅਸੀਂ ਇਸ ਚਰਚਾ ਵਿਚ ਨਹੀਂ ਜਾਣਾ ਚਾਹੁੰਦੇ ਕਿ ਮੌਜੂਦਾ ਅਕਾਲੀ ਮੁੱਖ ਮੰਤਰੀ ਤੇ ਉਸ ਦੇ ਪਰਿਵਾਰ ਵਿਰੁਧ ਕਿੰਨੇ ਕੇਸ ਚੱਲ ਰਹੇ ਹਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੁਧ ਕਿੰਨੇ ਹਨ। ਇਸ ਵੇਲੇ ਇਕ ਨਵਾਂ ਕੇਸ ਹਾਈਕੋਰਟ ਵਿਚ ਜਾ ਪੁੱਜਾ ਹੈ ਤੇ ਇਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੁਖੀ ਸੰਜੀਤ ਕੁਮਾਰ ਸਿਨਹਾ ਨੇ ਕੀਤਾ ਹੈ। ਕੇਸ ਇਸ ਲਈ ਨਹੀਂ ਕੀਤਾ ਕਿ ਉਹ ਸੋਚ ਸਾਹਮਣੇ ਲਿਆਉਣਾ ਚਾਹੁੰਦੇ ਹਨ, ਹਾਲਾਂਕਿ ਮੰਗ ਉਨ੍ਹਾਂ ਨੇ ਸੀ. ਬੀ. ਆਈ. ਜਾਂਚ ਦੀ ਇਹੋ ਕਹਿ ਕੇ ਕੇ ਕੀਤੀ ਹੋਈ ਹੈ, ਸਗੋਂ ਜਾਣਕਾਰ ਆਖਦੇ ਹਨ ਕਿ ਆਪਣੇ ਗਲ ਰੱਸਾ ਪੈਣ ਦੇ ਡਰੋਂ ਅਗਾਊਂ ਪੇਸ਼ਬੰਦੀ ਕੀਤੀ ਹੈ ਸਿਨਹਾ ਸਾਹਿਬ ਨੇ। ਇਸ ਕੇਸ ਦੀ ਤਹਿ ਤੱਕ ਜਾਣ ਤੋਂ ਪਹਿਲਾਂ ਸੰਜੀਤ ਕੁਮਾਰ ਸਿਨਹਾ ਦਾ ਪਿਛੋਕੜ ਵੀ ਵੇਖਣਾ ਬਣਦਾ ਹੈ ਤੇ ਉਸ ਪਬਲਿਕ ਸਰਵਿਸ ਕਮਿਸ਼ਨ ਦਾ ਵੀ, ਜਿਸ ਦੇ ਹੁਣ ਉਹ ਮੁਖੀ ਹਨ। ਅੱਜ ਉਹ ਇਸ ਕਮਿਸ਼ਨ ਦੇ ਸਤਿਕਾਰ ਦਾ ਸੁਆਲ ਖੜ੍ਹਾ ਕਰ ਰਹੇ ਹਨ, ਪਰ ਇਸੇ ਕਮਿਸ਼ਨ ਦੇ ਕਿਸੇ ਚੇਅਰਮੈਨੀ ਵਾਲੇ ਰਵੀ ਸਿੱਧੂ ਵਿਰੁਧ ਕੇਸ ਬਣਨ ਸਮੇਂ ਸਿਨਹਾ ਸਾਹਿਬ ਕੇਸ ਪਾਉਣ ਵਾਲਿਆਂ ਦੇ ਨਾਲ ਖੜੇ ਹੁੰਦੇ ਹਨ।



ਜੀ ਹਾਂ, ਉਹ ਓਸੇ ਪਬਲਿਕ ਸਰਵਿਸ ਕਮਿਸ਼ਨ ਦੇ ਮੁਖੀ ਹਨ, ਜਿਸ ਦਾ ਮੁਖੀ ਕਦੇ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਹੁੰਦਾ ਸੀ। ਰਵੀ ਸਿੱਧੂ ਦੇ ਵਕਤ ਹਰ ਕਿਸਮ ਦੇ ਗਜ਼ਟਿਡ ਅਫ਼ਸਰਾਂ ਦੀਆਂ ਨੌਕਰੀਆਂ ਲੱਖਾਂ ਨਹੀਂ, ਕਰੋੜਾਂ ਰੁਪਏ ਦੇ ਥੈਲਿਆਂ ਬਦਲੇ ਵਿਕਦੀਆਂ ਰਹੀਆਂ ਸਨ ਤੇ ਜਦੋਂ ਉਹ ਫੜਿਆ ਗਿਆ, ਓਦੋਂ ਵੀ ਉਹ ਕਿਸੇ ਤੋਂ ਨੌਕਰੀ ਦੇਣ ਬਦਲੇ ਪੈਸੇ ਹੀ ਲੈਂਦਾ ਕਾਬੂ ਆਇਆ ਸੀ। ਫਿਰ ਉਸ ਦੇ ਬੈਂਕ ਦੇ ਲਾਕਰ ਖੋਲ੍ਹੇ ਗਏ ਤਾਂ ਏਨੇ ਨੋਟ ਨਿਕਲੇ ਸਨ ਕਿ ਬੈਂਕ ਦਾ ਸਾਰਾ ਫਰਸ਼ ਨੋਟਾਂ ਦੀਆਂ ਗੱਠੀਆਂ ਨਾਲ ਢੱਕਿਆ ਗਿਆ ਸੀ ਤੇ ਦੋ ਦਿਨ ਗਿਣਤੀ ਕਰਦਿਆਂ ਲੱਗ ਗਏ ਸਨ। ਕੈਪਟਨ ਅਮਰਿੰਦਰ ਸਿੰਘ ਦੀ ਜਿਸ ਸਰਕਾਰ ਨੇ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਨੂੰ ਰਾਹੇ-ਰਾਹ ਪਾਇਆ ਸੀ, ਉਸ ਦੇ 'ਸਪਤ ਰਿਸ਼ੀ' ਮੰਨੇ ਜਾਂਦੇ ਸੱਤਾਂ ਜਣਿਆਂ ਵਿਚੋਂ ਇਕ ਇਹੋ ਸੰਜੀਤ ਕੁਮਾਰ ਸਿਨਹਾ ਹੁੰਦਾ ਸੀ, ਜਿਹੜਾ ਹੁਣ ਹਾਈਕੋਰਟ ਵਿਚ ਅਪੀਲ ਕਰਨ ਗਿਆ ਹੈ। ਓਦੋਂ ਰਵੀ ਸਿੱਧੂ ਇਹ ਕਹਿੰਦਾ ਸੀ ਕਿ ''ਕੈਪਟਨ ਅਮਰਿੰਦਰ ਸਿੰਘ ਨੇ ਕੁਝ ਸਿਫਾਰਸ਼ਾਂ ਕੀਤੀਆਂ ਸਨ, ਮੈਂ ਮੰਨੀਆਂ ਨਹੀਂ, ਇਸ ਲਈ ਉਸ ਨੇ ਬਦਲਾਲਊ ਕਾਰਵਾਈ ਕੀਤੀ ਹੈ।'' ਹੁਣ ਸੰਜੀਤ ਕੁਮਾਰ ਸਿਨਹਾ ਕਹਿ ਰਿਹਾ ਹੈ ਕਿ ''ਬਾਦਲ ਬਾਪ-ਬੇਟਾ ਨਾਜਾਇਜ਼ ਸਿਫਾਰਸ਼ਾਂ ਕਰਦੇ ਸਨ, ਮੈਂ ਮੰਨੀਆਂ ਨਹੀਂ ਤਾਂ ਬਦਲਾਲਊ ਕਾਰਵਾਈ ਕੀਤੀ ਜਾ ਰਹੀ ਹੈ।'' ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਜਾਪਦਾ ਹੈ।

ਸੰਜੀਤ ਕੁਮਾਰ ਸਿਨਹਾ ਦੇ ਨੇੜੂ ਕਹਿੰਦੇ ਹਨ ਕਿ ਉਸ ਵਿਚ ਹੋਰ ਭਾਵੇਂ ਸੌ ਨੁਕਸ ਹੋਣ, ਉਹ ਭ੍ਰਿਸ਼ਟਾਚਾਰੀ ਬਿਲਕੁਲ ਨਹੀਂ ਹੈ। ਹੋ ਸਕਦਾ ਹੈ ਕਿ ਉਹ ਠੀਕ ਕਹਿੰਦੇ ਹੋਣ, ਪਰ 'ਹੋਰ ਭਾਵੇਂ ਸੌ ਨੁਕਸ' ਕਹਿ ਕੇ ਜਿਹੜੇ ਨੁਕਸਾਂ ਦੀ ਗੱਲ ਦਾ ਇਸ਼ਾਰਾ ਉਹ ਕਰਦੇ ਜਾਪਦੇ ਹਨ, ਲੋਕਾਂ ਦੀ ਉਨ੍ਹਾਂ ਬਾਰੇ ਜਾਨਣ ਦੀ ਇੱਛਾ ਵੀ ਹੋ ਸਕਦੀ ਹੈ।

ਅਸੀਂ ਉਨ੍ਹਾਂ ਚੱਕਰਾਂ ਵਿਚ ਨਾ ਪੈਂਦੇ ਹੋਏ ਇਹ ਕਹਿਣਾ ਚਾਹਾਂਗੇ ਕਿ ਸੰਜੀਤ ਕੁਮਾਰ ਸਿਨਹਾ ਭ੍ਰਿਸ਼ਟਾਚਾਰੀ ਹੈ ਜਾਂ ਨਹੀਂ, ਪਰ ਇਹ ਸੋਚ ਹੈ ਕਿ ਵੀਹ ਕੁ ਸਾਲ ਪਹਿਲਾਂ ਇਕ ਡਵੀਜ਼ਨ ਦਾ ਕਮਿਸ਼ਨਰ ਹੁੰਦਿਆਂ ਉਹਦੇ ਕੋਲੋਂ ਨਾਇਬ ਤਹਿਸੀਲਦਾਰਾਂ ਦੀ ਭਰਤੀ ਕਰਨ ਦਾ ਰੌਲਾ ਬਹੁਤ ਪਿਆ ਸੀ। ਸ਼ਿਕਾਇਤਾਂ ਹੋਈਆਂ ਸਨ ਕਿ ਯੋਗ ਬੰਦੇ ਛੱਡ ਕੇ ਅਯੋਗ ਰੱਖੇ ਗਏ ਹਨ। ਜਾਂਚ ਇਕ ਸੀਨੀਅਰ ਅਧਿਕਾਰੀ ਨੂੰ ਸੌਂਪੀ ਗਈ ਸੀ, ਜਿਸ ਨੇ ਉਸ ਮਾਮਲੇ ਵਿਚ ਸੰਜੀਤ ਕੁਮਾਰ ਸਿਨਹਾ ਨੂੰ ਕਲੀਨ ਚਿੱਟ ਨਹੀਂ ਸੀ ਦਿੱਤੀ। ਹੈਰਾਨੀ ਦੀ ਗੱਲ ਹੈ ਕਿ ਜਿਸ ਬੰਦੇ ਦੇ ਅਕਸ 'ਤੇ ਨਾਇਬ ਤਹਿਸੀਲਦਾਰਾਂ ਦੀ ਭਰਤੀ ਵਿਚ ਬੇਨੇਮੀਆਂ ਦਾ ਧੱਬਾ ਸੀ, ਉਸ ਨੂੰ ਅਮਰਿੰਦਰ ਸਿੰਘ ਹੁਰੀਂ ਪਬਲਿਕ ਸਰਵਿਸ ਕਮਿਸ਼ਨ ਦਾ ਮੁਖੀ ਥਾਪ ਗਏ।

ਕੈਪਟਨ ਅਮਰਿੰਦਰ ਸਿੰਘ ਦੇ ਵਕਤ ਇਹ ਕਮਿਸ਼ਨ ਕਿਸੇ ਕਿਸਮ ਦੀ ਕਾਰਗੁਜ਼ਾਰੀ ਤੋਂ ਸੱਖਣਾ ਰਿਹਾ ਸੀ ਜਾਂ ਜਾਣਬੁਝ ਕੇ ਰੱਖਿਆ ਗਿਆ ਸੀ। ਬਾਦਲ ਸਰਕਾਰ ਬਣਨ ਤੋਂ ਪਹਿਲਾਂ ਉਹ ਆਪਣੇ ਬੰਦੇ ਭਰਤੀ ਕਰਕੇ ਗਏ ਸਨ, ਜਿਨ੍ਹਾਂ ਨੇ ਅਕਾਲੀ-ਭਾਜਪਾ ਨਾਲ ਸਹਿਯੋਗ ਨਹੀਂ ਸੀ ਕਰਨਾ। ਅਕਾਲੀ-ਭਾਜਪਾ ਸਰਕਾਰ ਨੇ ਵੀ ਇਸ ਕਮਿਸ਼ਨ ਤੋਂ ਕੰਮ ਕਰਵਾਉਣ ਦੀ ਥਾਂ ਕੇਂਦਰ ਦੇ ਪਬਲਿਕ ਸਰਵਿਸ ਕਮਿਸ਼ਨ ਨੂੰ ਅਧਿਕਾਰੀਆਂ ਦੀਆਂ ਨਿਯੁਕਤੀਆਂ ਨੇ ਕੰਮ ਦੇ ਬੋਝ ਕਾਰਨ ਇਨਕਾਰ ਕਰ ਦਿੱਤਾ। ਨਿਯੁਕਤੀਆਂ ਤਾਂ ਕਰਵਾਉਣੀਆਂ ਹੀ ਪੈਣੀਆਂ ਸਨ ਤੇ ਇਸ ਮਜਬੂਰੀ ਕਾਰਨ ਪੰਜਾਬ ਸਰਕਾਰ ਨੇ ਇਸ ਕਮਿਸ਼ਨ ਨੂੰ ਪਹਿਲੀ ਜ਼ਿੰਮੇਵਾਰੀ ਡਾਕਟਰਾਂ ਦੀ ਭਰਤੀ ਕਰਨ ਦੀ ਲਾਈ, ਜਿਸ ਦਾ ਰੌਲਾ ਪੈ ਗਿਆ। ਮੈਡੀਕਲ ਕਾਲਜਾਂ ਵਿਚ ਪਹਿਲੀਆਂ ਪੁਜ਼ੀਸ਼ਨਾਂ ਲੈਣ ਵਾਲੇ ਤਾਂ ਛੱਡ ਦਿੱਤੇ ਗਏ ਤੇ ਜਿਹੜੇ ਦੋ-ਦੋ, ਤਿੰਨ-ਤਿੰਨ ਵਾਰੀ ਫੇਲ੍ਹ ਹੋ ਕੇ ਮਸਾਂ ਗੁਜ਼ਾਰੇ ਜੋਗੇ ਨੰਬਰਾਂ ਨਾਲ ਡਿਗਰੀ ਲੈ ਕੇ ਆਏ ਸਨ, ਉਹ ਰੱਖ ਲਏ ਗਏ। ਅਖ਼ਬਾਰਾਂ ਵਿਚ ਕੱਚਾ ਚਿੱਠਾ ਛਪ ਜਾਣ ਪਿਛੋਂ ਪੰਜਾਬ ਦੀ ਸਰਕਾਰ ਵੀ ਹਰਕਤ ਵਿਚ ਆ ਗਈ ਤੇ ਉਸ ਨੇ ਵਿਜੀਲੈਂਸ ਜਾਂਚ ਦਾ ਹੁਕਮ ਦੇ ਦਿੱਤਾ। ਡਾਕਟਰਾਂ ਦਾ ਮਹਿਕਮਾ ਭਾਜਪਾ ਦੀ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਕੋਲ ਹੈ, ਤੇ ਉਹ ਇਸ ਦੀ ਵਿਜੀਲੈਂਸ ਜਾਂਚ ਨੂੰ ਮੰਨਣ ਦੀ ਥਾਂ ਸੀ. ਬੀ. ਆਈ. ਜਾਂਚ ਦੀ ਮੰਗ ਕਰਨ ਲੱਗ ਪਈ। ਲੋਕ ਹੈਰਾਨ ਹੋ ਗਏ ਕਿ ਸਰਕਾਰ ਤਾਂ ਸਾਂਝੀ ਜ਼ਿੰਮੇਵਾਰੀ ਨਾਲ ਚੱਲਦੀ ਹੈ, ਇਥੇ ਇਕ ਮੰਤਰੀ ਬੀਬੀ ਨੂੰ ਆਪਣੇ ਮੁੱਖ ਮੰਤਰੀ ਦੀ ਵਿਜੀਲੈਂਸ ਜਾਂਚ ਵੀ ਪ੍ਰਵਾਨ ਨਹੀਂ ਹੋ ਰਹੀ। ਆਖਰ ਕੀ ਕਾਰਨ ਸੀ ਕਿ ਉਸ ਨੂੰ ਵਿਜੀਲੈਂਸ ਜਾਂਚ 'ਤੇ ਹੀ ਯਕੀਨ ਨਹੀਂ ਸੀ?

ਦੂਜੇ ਪਾਸੇ ਕਮਿਸ਼ਨ ਦਾ ਮੁਖੀ ਸਿਨਹਾ ਜਦੋਂ ਹਾਈਕੋਰਟ ਵਿਚ ਗਿਆ ਤਾਂ ਉਸ ਨੇ ਵੀ ਆਪਣੀ ਅਰਜ਼ੀ ਵਿਚ ਇਹ ਮੰਗ ਕਰ ਦਿੱਤੀ ਕਿ ਵਿਜੀਲੈਂਸ ਜਾਂਚ ਦੀ ਬਜਾਏ ਸੀ. ਬੀ. ਆਈ. ਤੋਂ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਬੀਬੀ ਲਕਸ਼ਮੀ ਨੇ ਭਾਵੇਂ ਨਹੀਂ ਕਿਹਾ, ਪਰ ਸੰਜੀਤ ਕੁਮਾਰ ਨੇ ਸਾਫ ਹੀ ਕਹਿ ਦਿੱਤਾ ਕਿ ਵਿਜੀਲੈਂਸ ਦੀ ਪੰਜਾਬ ਵਿਚ ਕਮਾਨ ਉਸ ਪੁਲਿਸ ਅਫ਼ਸਰ ਦੇ ਹੱਥ ਹੈ, ਜਿਸ ਦੇ ਆਪਣੇ ਖਿਲਾਫ਼ ਅਗਵਾ ਅਤੇ ਕਤਲ ਦੇ ਸ਼ੱਕ ਹੇਠ ਕੇਸ ਚੱਲੀ ਜਾ ਰਹੇ ਹਨ ਤੇ ਉਸ ਦੇ ਦਾਗੀ ਅਕਸ ਬਾਰੇ ਖੁਦ ਹਾਈ ਕੋਰਟਾਂ ਅੰਦਰ ਵੀ ਮਾਮਲਾ ਵਿਚਾਰ ਅਧੀਨ ਹੈ। ਇਹ ਗੱਲ ਸਿਨਹਾ ਦੀ ਵੀ ਠੀਕ ਹੈ। ਪੰਜਾਬ ਸਰਕਾਰ ਓਥੇ ਇਹ ਵੀ ਨਹੀਂ ਕਹਿ ਸਕੀ ਕਿ ਉਸ ਦਾਗੀ ਅਫ਼ਸਰ ਨੂੰ ਛੱਡ ਕੇ ਕਿਸੇ ਹੋਰ ਨੂੰ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ। ਆਖਰ ਪੰਜਾਬ ਸਰਕਾਰ ਵੀ ਕਿਉਂ ਓਸੇ ਵਿਜੀਲੈਂਸ ਅਫ਼ਸਰ ਨੂੰ ਅੱਗੇ ਰੱਖਣ 'ਤੇ ਬਜ਼ਿੱਦ ਹੈ?

ਤੀਜਾ ਪੱਖ ਹੈ ਬੀਬੀ ਲਕਸ਼ਮੀ ਕਾਂਤਾ ਚਾਵਲਾ ਦੇ ਆਪਣੇ ਮਹਿਕਮੇ ਦਾ। ਸਭ ਨੂੰ ਪਤਾ ਹੈ ਕਿ ਕਿਸੇ ਵਿਰਲੇ-ਟਾਵੇਂ ਨੂੰ ਛੱਡ ਕੇ ਬਾਕੀ ਦੇ ਸਰਕਾਰੀ ਡਾਕਟਰ ਹਸਪਤਾਲਾਂ ਵਿਚ ਡਿਊਟੀ ਕਰਨ ਨਹੀਂ ਆਉਂਦੇ ਜਾਂ ਥੋੜ੍ਹੇ ਸਮੇਂ ਲਈ ਆਉਂਦੇ ਹਨ। ਇਹ ਚਰਚਾ ਪੁਰਾਣੀ ਹੈ ਕਿ ਡਾਕਟਰਾਂ ਨਾਲ ਸੌਦੇਬਾਜ਼ੀ ਹੁੰਦੀ ਹੈ ਕਿ ਉਨ੍ਹਾਂ ਵਿਚ ਜਿਸ ਨੇ ਘਰ ਬੈਠ ਕੇ ਨਿੱਜੀ ਹਸਪਤਾਲ ਚਲਾਉਣਾ ਤੇ ਮੁਫਤ ਦੀ ਤਨਖਾਹ ਲੈਣੀ ਹੈ, ਉਹ ਅੱਧੀ ਤਨਖਾਹ ਖੜੇ ਪੈਰ ਛੱਡਦਾ ਜਾਵੇ। ਸੱਠ ਹਜ਼ਾਰ ਰੁਪਏ ਤਨਖਾਹ ਵਾਲਾ ਇਕ ਡਾਕਟਰ ਜੇ ਤੀਹ ਹਜ਼ਾਰ ਰੁਪਏ ਮਹੀਨੇ ਦੇ ਤੇ ਸਾਲ ਦੇ ਸਾਢੇ ਤਿੰਨ ਲੱਖ ਦੇਂਦਾ ਹੋਵੇਗਾ ਤਾਂ ਜਿਸ ਜ਼ਿਲੇ ਵਿਚ ਸੌ ਡਾਕਟਰ ਇਹੋ ਜਿਹੇ ਹੋਏ, ਉਥੋਂ ਦਾ ਸਾਢੇ ਕੁ ਤਿੰਨ ਕਰੋੜ ਤਾਂ ਏਦਾਂ ਹੀ ਹੋ ਜਾਂਦਾ ਹੋਵੇਗਾ। ਜੇ ਇਹ ਚਰਚਾ ਲੋਕਾਂ ਵਿਚ ਹੈ ਤਾਂ ਕਿਸੇ ਨਾ ਕਿਸੇ ਰੂਪ ਵਿਚ ਸਿਹਤ ਮੰਤਰੀ ਤੱਕ ਵੀ ਪਹੁੰਚਦੀ ਹੋਵੇਗੀ। ਸਿਹਤ ਮੰਤਰੀ ਬੀਬੀ ਨੂੰ ਕੋਈ ਭ੍ਰਿਸ਼ਟ ਨਹੀਂ ਕਹਿੰਦਾ, ਪਰ ਉਸ ਨੇ ਆਪਣੇ ਮਹਿਕਮੇ ਅੰਦਰ ਹੁੰਦੇ ਭ੍ਰਿਸ਼ਟਾਚਾਰ ਬਾਰੇ ਆਵਾਜ਼ ਵੀ ਕਦੇ ਨਹੀਂ ਉਠਾਈ। ਆਖ਼ਰ ਕਿਉਂ?

ਬੀਬੀ ਲਕਸ਼ਮੀ ਦੀ ਇਮਾਨਦਾਰੀ ਬਾਰੇ ਅਸੀਂ ਕੋਈ ਕਿੰਤੂ ਨਹੀਂ ਕਰਨਾ ਚਾਹੁੰਦੇ, ਪਰ ਇਕ ਮਿਸਾਲ ਦੇਣ ਦੀ ਆਗਿਆ ਚਾਹਾਂਗੇ। ਪੰਜਾਬ ਦਾ ਇਕ ਬਹੁਤ ਇਮਾਨਦਾਰ ਮੰਨਿਆ ਜਾਂਦਾ ਪੁਲਸ ਅਫ਼ਸਰ ਐਸ. ਐਸ. ਪੀ. ਰਿਟਾਇਰ ਹੋਇਆ ਹੈ। ਉਸ ਨੇ ਸਾਰੀ ਉਮਰ ਕਿਸੇ ਤੋਂ ਪੈਸਾ ਨਹੀਂ ਸੀ ਲਿਆ। ਜਦੋਂ ਉਹ ਰਿਟਾਇਰਮੈਂਟ ਦੇ ਨੇੜੇ ਸੀ, ਆਪਣੇ ਥਾਣੇਦਾਰ ਪੁੱਤਰ ਨੂੰ ਆਪਣੇ ਜ਼ਿਲੇ ਵਿਚ ਲਵਾ ਲਿਆ। ਪੁੱਤਰ ਕੁਝ ਕਮਜ਼ੋਰ ਸੀ ਪੈਸੇ ਦੇ ਮਾਮਲੇ ਵਿਚ। ਬਾਪੂ ਨੇ ਫਿਰ ਵੀ ਬੇਈਮਾਨੀ ਨਹੀਂ ਸੀ ਕੀਤੀ, ਪਰ ਪੁੱਤਰ ਦਾ ਕਿਹਾ ਉਹ ਕਦੀ ਨਹੀਂ ਸੀ ਮੋੜਦਾ ਤੇ ਪੁੱਤਰ ਕਿਸੇ ਦਾ ਕੰਮ ਆਪਣੇ ਪਿਤਾ ਜੀ ਨੂੰ ਕਦੋਂ ਕਹਿੰਦਾ ਸੀ, ਇਹ ਭੇਦ ਵੀ ਸਭ ਨੂੰ ਪਤਾ ਸੀ। ਬੀਬੀ ਲਕਸ਼ਮੀ ਦੀ ਇਮਾਨਦਾਰੀ 'ਤੇ ਵੀ ਕੋਈ ਕਿੰਤੂ ਨਹੀਂ ਕਰਦਾ, ਪਰ ਉਹ ਕੰਮ ਕਿਨ੍ਹਾਂ ਲੋਕਾਂ ਦੇ ਆਖੇ ਕਰਦੇ ਹਨ, ਉਨ੍ਹਾਂ ਬਾਰੇ ਵੀ ਸਾਰੇ ਜਾਣਦੇ ਹਨ।

ਖ਼ਬਰਾਂ ਦਾ ਇਹ ਖਿਲਾਰਾ ਪਾਉਣ ਪਿਛੋਂ ਅਸੀਂ ਕਹਿਣਾ ਇਹ ਚਾਹੁੰਦੇ ਹਾਂ ਕਿ ਜਦੋਂ ਹਰ ਪਾਸੇ ਇਹੋ ਜਿਹਾ ਹਾਲ ਨਜ਼ਰ ਆ ਰਿਹਾ ਹੋਵੇ ਤਾਂ ਸਰਕਾਰ ਜਾਂ ਪ੍ਰਸ਼ਾਸਨ ਵਿਚ ਕੋਈ ਵੀ ਕਿੰਤੂਆਂ ਤੋਂ ਪਰ੍ਹੇ ਨਾ ਹੋਵੇ, ਸ਼ੁਕਰ ਹੈ ਕਿ ਅਜੇ ਮਨਮੋਹਨ ਸਿੰਘ ਵਰਗੇ ਕੁਝ ਲੋਕ ਪੱਲਾ ਬਚਾਈ ਬੈਠੇ ਹਨ। 2002 'ਚ ਇਕ ਸਮਾਗਮ ਵਿਚ ਕਾਮਰੇਡ ਜਗਜੀਤ ਸਿੰਘ ਆਨੰਦ ਨੇ ਕਿਹਾ ਸੀ, ''ਮੈਂ ਉਂਝ ਤਾਂ ਕਦੇ ਸਹੁੰ ਹੀ ਨਹੀਂ ਖਾਧੀ, ਪਰ ਜੇ ਕਦੇ ਖਾਣੀ ਪਵੇ ਤਾਂ ਮੈਨੂੰ ਇਹ ਕਹਿਣ ਵਿਚ ਹਰਜ ਨਹੀਂ ਕਿ ਮੈਂ ਰੱਬ ਦੀ ਨਹੀਂ, ਡਾਕਟਰ ਮਨਮੋਹਨ ਸਿੰਘ ਦੇ ਨਾਂਅ ਦੀ ਸਹੁੰ ਖਾ ਸਕਦਾ ਹਾਂ।'' ਓਦੋਂ ਹਾਲੇ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਨਹੀਂ ਬਣੇ ਸਨ। ਸਮੇਂ ਨੇ ਸਾਬਤ ਕੀਤਾ ਹੈ ਕਿ ਉਸ ਬੰਦੇ ਦੀ ਰਾਜਨੀਤੀ ਜਾਂ ਆਰਥਿਕ ਨੀਤੀਆਂ ਬਾਰੇ ਤਾਂ ਕਿਸੇ ਨੂੰ ਵੀ ਮੱਤਭੇਦ ਹੋ ਸਕਦੇ ਹਨ, ਨਿੱਜੀ ਤੌਰ 'ਤੇ ਉਹ ਸਚਮੁੱਚ ਓਸੇ ਵੰਨਗੀ ਦੇ ਆਗੂ ਹੈ, ਜਿਹੋ ਜਿਹੇ ਆਗੂਆਂ ਦੀ ਸਾਡੇ ਸਮਾਜ ਨੂੰ ਲੋੜ ਹੈ।

# ਦੋਵਾਂ ਬਾਦਲਾਂ ਖ਼ਿਲਾਫ਼ ਸੰਜੀਤ ਸਿਨਹਾ ਹਾਈ ਕੋਰਟ 'ਚ ਪੁੱਜੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਪਰ 'ਆਪਣੇ ਗੁੱਝੇ ਉਦੇਸ਼ਾਂ' ਖ਼ਾਤਰ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਆਜ਼ਾਦੀ 'ਤੇ ਹਮਲਾ ਕਰਨ ਦੇ ਦੋਸ਼ ਲਾਉਂਦਿਆਂ ਕਮਿਸ਼ਨ ਦੇ ਚੇਅਰਮੈਨ ਸੰਜੀਤ ਕੁਮਾਰ ਸਿਨਹਾ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾ ਦਿੱਤਾ ਹੈ। ਸਾਬਕਾ ਆਈ.ਏ. ਐਸ. ਅਧਿਕਾਰੀ ਸ੍ਰੀ ਸਿਨਹਾ ਨੇ ਕਿਹਾ ਹੈ ਕਿ ਡਾਕਟਰਾਂ ਦੀ ਭਰਤੀ ਦੇ ਮਾਮਲੇ ਵਿਚ ਕਮਿਸ਼ਨ 'ਤੇ ਜੋ ਦੋਸ਼ ਲੱਗੇ ਹਨ, ਉਸਦੀ ਸੀ ਬੀ ਆਈ ਜਾਂ ਹਾਈ ਕੋਰਟ ਦੇ ਸੇਵਾਮੁਕਤ ਜੱਜ ਪਾਸੋਂ ਜਾਂਚ ਕਰਵਾਈ ਜਾਵੇ।

ਚੇਅਰਮੈਨ ਨੇ ਆਪਣੀ ਪਟੀਸ਼ਨ ਵਿਚ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ, ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਵਿਜੀਲੈਂਸ ਦੇ ਮੁਖੀ ਸਮੇਧ ਸਿੰਘ ਸੈਣੀ ਸਣੇ ਕੁੱਲ ਛੇ ਜਣਿਆਂ ਨੂੰ ਧਿਰ ਬਣਾਇਆ ਹੈ। ਹਾਈਕੋਰਟ 'ਚ ਇਸ ਮਾਮਲੇ ਦੀ ਸੁਣਵਾਈ ਜਸਟਿਸ ਅਜੈ ਮਿੱਤਲ ਕਰਨਗੇ। ਬਾਰ-ਐਟ-ਲਾਅ ਹਿੰਮਤ ਸਿੰਘ ਸ਼ੇਰਗਿੱਲ ਰਾਹੀਂ ਪਾਈ ਗਈ ਪਟੀਸ਼ਨ ਵਿਚ ਸ੍ਰੀ ਸਿਨਹਾ ਨੇ ਦੋਸ਼ ਲਗਾਇਆ ਕਿ ਸ੍ਰੀ ਬਾਦਲ ਇਕ ਲੰਬੀ-ਚੌੜੀ ਸਾਜ਼ਿਸ਼ ਤਹਿਤ ਜਾਂਚ ਇਕ ਅਜਿਹੇ ਅਧਿਕਾਰੀ ਤੋਂ ਕਰਵਾ ਰਹੇ ਹਨ, ਜੋ ਸ੍ਰੀ ਬਾਦਲ ਦੀ ਕਠਪੁਤਲੀ ਹੈ। ਇਸ ਵਰਤਾਰੇ ਕਾਰਨ ਕਮਿਸ਼ਨ ਨੂੰ ਭਾਰਤੀ ਸੰਵਿਧਾਨ ਤਹਿਤ ਮਿਲੇ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਸ੍ਰੀ ਸ਼ੇਰਗਿੱਲ ਨੇ ਕਿਹਾ ਕਿ ਜੇਕਰ ਕਿਸੇ ਅਖ਼ਬਾਰ ਦੀ ਰਿਪੋਰਟ ਦੇ ਆਧਾਰ ਉੱਪਰ ਕਿਸੇ ਸੰਵਿਧਾਨਕ ਸੰਸਥਾ ਦੇ ਕੰਮਕਾਰ ਦੀ ਅਜਿਹੇ ਅਧਿਕਾਰੀਆਂ ਜਾਂ ਏਜੰਸੀਆਂ ਤੋਂ ਜਾਂਚ ਕਰਵਾਈ ਜਾਂਦੀ ਹੈ, ਜੋ ਪੂਰੀ ਤਰ੍ਹਾਂ ਸਰਕਾਰ ਦੇ ਇਸ਼ਾਰੇ 'ਤੇ ਚੱਲਦੇ ਹਨ, ਤਾਂ ਉਹ ਜਾਂਚ ਸਹੀ ਨਹੀਂ।

ਸ੍ਰੀ ਸਿਨਹਾ ਨੇ ਆਪਣੇ ਵਕੀਲ ਰਾਹੀਂ ਦੋਸ਼ ਲਗਾਇਆ ਕਿ ਜਦੋਂ ਤੋਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਪੰਜਾਬ ਸਰਕਾਰ ਬਣੀ ਹੈ, ਉਸ ਦਾ ਮਕਸਦ ਕਮਿਸ਼ਨ ਦੇ ਮੌਜੂਦਾ ਸਰੂਪ ਨੂੰ ਵਿਗਾੜ ਕੇ ਆਪਣੇ ਚਹੇਤਿਆਂ ਦੀ ਭਰਤੀ ਕਰਵਾਉਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਵਿਭਾਗ ਦੇ ਮੁਖੀ ਸੈਣੀ ਨੂੰ ਕੌਣ ਨਹੀਂ ਜਾਣਦਾ। ਉਸ ਖ਼ਿਲਾਫ਼ ਸੀ.ਬੀ.ਆਈ. ਨੇ ਚਾਰਜਸ਼ੀਟ ਦਾਖਲ ਕੀਤੀ ਹੋਈ ਹੈ ਤੇ ਉਸ 'ਤੇ ਮੁਕੱਦਮਾ ਚੱਲ ਰਿਹਾ ਹੈ। ਉਸਨੂੰ ਤੇ ਉਸਦੇ ਵਿਭਾਗ ਨੂੰ ਸੀਨੀਅਰ ਬਾਦਲ ਤੇ ਸੁਖਬੀਰ ਬਾਦਲ ਆਪਣੇ ਹਿੱਤਾਂ ਲਈ ਵਰਤ ਰਹੇ ਹਨ।

**ਸਿਨ੍ਹਾਂ ਦੀ ਪਟੀਸ਼ਨ 'ਤੇ ਹਾਈ ਕੋਰਟ ਵਲੋਂ ਪੰਜਾਬ ਸਰਕਾਰ ਨੂੰ ਨੋਟਿਸ :** ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਐੱਸ ਕੇ ਸਿਨ੍ਹਾ ਵਲੋਂ ਮੈਡੀਕਲ ਅਫਸਰਾਂ ਦੀ ਭਰਤੀ ਸੰਬੰਧੀ ਪੰਜਾਬ ਸਰਕਾਰ ਵਲੋਂ ਕੀਤੀ ਜਾ ਰਹੀ ਵਿਜੀਲੈਂਸ ਜਾਂਚ ਦੇ ਮਾਮਲੇ 'ਤੇ ਹਾਈ ਕੋਰਟ 'ਚ ਦਾਇਰ ਕੀਤੀ ਪਟੀਸ਼ਨ 'ਤੇ ਜਸਟਿਸ ਅਜੈ ਕੁਮਾਰ ਮਿੱਤਲ 'ਤੇ ਅਧਾਰਤ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਸਰਕਾਰ, ਸਕੱਤਰ ਗ੍ਰਹਿ ਤੇ ਡੀ.ਜੀ.ਪੀ ਨੂੰ 27 ਅਪ੍ਰੈਲ ਲਈ ਨੋਟਿਸ ਜਾਰੀ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸਾਬਕਾ ਆਈ ਏ ਐੱਸ ਅਧਿਕਾਰੀ ਐੱਸ ਕੇ ਸਿਨ੍ਹਾ ਨੇ ਡਾਕਟਰਾਂ ਦੀ ਭਰਤੀ ਦੇ ਮਾਮਲੇ 'ਚ ਲੱਗੇ ਦੋਸ਼ਾਂ 'ਤੇ ਸ਼ੰਕਾ ਪ੍ਰਗਟ ਕਰਦਿਆਂ ਇਹ ਜਾਂਚ ਸੀ ਬੀ ਆਈ ਜਾਂ ਕਿਸੇ ਰਿਟਾਇਰਡ ਜੱਜ ਤੋਂ ਕਰਵਾਏ ਜਾਣ ਦੀ ਮੰਗ ਕੀਤੀ ਸੀ।

ਸਿਨ੍ਹਾਂ ਨੇ ਆਪਣੀ ਪਟੀਸ਼ਨ 'ਚ ਕਿਹਾ ਸੀ ਕਿ ਬਾਦਲ ਇਕ ਲੰਮੀ-ਚੌੜੀ ਸਾਜ਼ਿਸ਼ ਤਹਿਤ ਜਾਂਚ ਕਰਕੇ ਉਨ੍ਹਾਂ ਨੂੰ ਕਠਪੁਤਲੀ ਬਨਾਉਣਾ ਚਾਹੁੰਦੇ ਹਨ ਤੇ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਆਪਣਾ ਗੁਲਾਮ ਬਨਾਉਣਾ ਚਾਹੁੰਦੇ ਹਨ। ਉਨ੍ਹਾਂ ਕਿਸੇ ਅਖ਼ਬਾਰ ਦੀ ਰਿਪੋਰਟ 'ਤੇ ਕਿਸੇ ਸੰਵਿਧਾਨਕ ਸੰਸਥਾ ਦੇ ਕੰਮ ਤੇ ਜਾਂਚ ਨੂੰ ਸਰਕਾਰੀ ਇਸ਼ਾਰੇ 'ਤੇ ਕੀਤੇ ਜਾਣ ਦੇ ਸ਼ੰਕੇ ਪ੍ਰਗਟ ਕੀਤੇ ਸਨ। ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਵੀ ਇਸ ਮਾਮਲੇ ਦੀ ਸੀ ਬੀ ਆਈ ਜਾਂਚ ਕਰਵਾਏ ਜਾਣ ਦੀ ਮੰਗ ਪਹਿਲਾਂ ਹੀ ਕੀਤੀ ਸੀ। ਯਾਦ ਰਹੇ ਕਿ 312 ਮੈਡੀਕਲ ਅਫਸਰਾਂ ਦੀ ਨਿਯੁਕਤੀ 'ਚ ਜੱਜ, ਵਿਧਾਇਕਾਂ, ਆਈ ਏ ਐਸ ਦੇ ਰਿਸ਼ਤੇਦਾਰਾਂ ਦੀ ਨਿਯੁਕਤੀ ਕੀਤੇ ਜਾਣ ਦੇ ਸ਼ੰਕੇ ਪ੍ਰਗਟ ਕੀਤੇ ਗਏ ਸਨ।

## ਗੁਰਦਾਸਪੁਰ, ਜਲੰਧਰ ਤੇ ਰੋਪੜ ਦੇ ਡੀ ਸੀ ਬਦਲੇ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ 12 ਅਪ੍ਰੈਲ ਨੂੰ ਇਕ ਹੁਕਮ ਜਾਰੀ ਕਰਕੇ ਜਲੰਧਰ, ਰੋਪੜ ਅਤੇ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰਾਂ ਸਮੇਤ 8 ਸੀਨੀਅਰ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਗਏ। ਮੁੱਖ ਸਕੱਤਰ ਵਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਰੋਪੜ ਦੇ ਮੌਜੂਦਾ ਡਿਪਟੀ ਕਮਿਸ਼ਨਰ ਸ੍ਰੀ ਪ੍ਰਿਯੰਕ ਭਾਰਤੀ ਨੂੰ ਜਲੰਧਰ ਦਾ ਨਵਾਂ ਡਿਪਟੀ ਕਮਿਸ਼ਨਰ ਲਗਾਇਆ ਗਿਆ ਹੈ, ਜਦੋਂ ਕਿ ਜਲੰਧਰ ਦੇ ਮੌਜੂਦਾ ਡਿਪਟੀ ਕਮਿਸ਼ਨਰ ਸ. ਅਜੀਤ ਸਿੰਘ ਪੰਨੂੰ ਨੂੰ ਮਾਰਕਫੈੱਡ ਦਾ ਮੈਨੇਜ਼ਿੰਗ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਮਾਰਕਫੈੱਡ ਮੈਨੇਜਿੰਗ ਡਾਇਰੈਕਟਰ ਸਰਬਜੀਤ ਸਿੰਘ ਟ੍ਰੇਨਿੰਗ ਲਈ ਲੰਬੀ ਛੁੱਟੀ 'ਤੇ ਗਏ ਹਨ। ਪੰਜਾਬ ਮੰਡੀ ਬੋਰਡ ਦੇ ਸਕੱਤਰ ਸ. ਅਰੁਨਜੀਤ ਸਿੰਘ ਮਿਗਲਾਨੀ ਨੂੰ ਰੋਪੜ ਦਾ ਨਵਾਂ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਗੁਰਦਾਸਪੁਰ ਦੇ ਮੌਜੂਦਾ ਡਿਪਟੀ ਕਮਿਸ਼ਨਰ ਕਰਮਜੀਤ ਸਿੰਘ ਸਰਾ ਨੂੰ ਪੰਜਾਬ ਮੰਡੀ ਬੋਰਡ ਦਾ ਸਕੱਤਰ ਨਿਯੁਕਤ ਕੀਤਾ ਹੈ।

# ਤੇਰਾਂ ਵਿਰੋਧੀ ਪਾਰਟੀਆਂ ਵਲੋਂ ਕਾਮਰੇਡਾਂ ਦੇ ਅੰਦੋਲਨ ਦਾ ਸਮਰਥਨ

**ਨਵੀਂ ਦਿੱਲੀ :** ਖੱਬੇਪੱਖੀਆਂ ਸਣੇ 13 ਵਿਰੋਧੀ ਪਾਰਟੀਆਂ ਨੇ ਮਹਿੰਗਾਈ ਵਿਰੁਧ ਰੋਸ ਪ੍ਰਗਟਾਉਣ ਲਈ 27 ਅਪ੍ਰੈਲ ਨੂੰ ਦੇਸ਼ ਵਿਆਪੀ ਬੰਦ ਦਾ ਸੱਦਾ ਦਿਤਾ ਹੈ। 13 ਗ਼ੈਰ ਯੂ.ਪੀ.ਏ. ਅਤੇ ਗ਼ੈਰ ਐਨ.ਡੀ.ਏ. ਪਾਰਟੀਆਂ ਨੇ ਬੀਤੀ 12 ਅਪ੍ਰੈਲ ਨੂੰ ਅਪਣੀ ਮੀਟਿੰਗ ਵਿਚ ਸਰਕਾਰ ਵਿਰੁਧ ਜੰਗ ਦਾ ਐਲਾਨ ਕਰ ਦਿਤਾ। ਮੀਟਿੰਗ ਤੋਂ ਬਾਅਦ ਸੀ.ਬੀ.ਆਈ. ਦੇ ਜਨਰਲ ਸਕੱਤਰ ਏ.ਪੀ. ਬਰਧਨ ਨੇ ਦਸਿਆ ਕਿ 15 ਅਪ੍ਰੈਲ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਬਜਟ ਸੈਸ਼ਨ ਦੇ ਦੂਜੇ ਪੜਾਅ ਵਿਚ ਪੈਟਰੋਲ-ਡੀਜ਼ਲ ਅਤੇ ਖਾਦਾਂ ਦੀਆਂ ਕੀਮਤਾਂ ਵਾਪਸ ਲੈਣ ਦੀ ਮੰਗ ਤਹਿਤ ਕਟੌਤੀ ਪ੍ਰਸਤਾਵ ਅਤੇ ਵਿੱਤੀ ਸੋਧ ਬਿਲ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲਗਾਤਾਰ ਵਧ ਰਹੀ ਮਹਿੰਗਾਈ ਨੇ ਆਮ ਆਦਮੀ ਦਾ ਲੱਕ ਤੋੜ ਦਿਤਾ ਹੈ। ਸਰਕਾਰ ਦੀਆਂ ਨੀਤੀਆਂ ਵਿਰੁਧ ਲਾਮਬੰਦ ਹੋਈਆਂ ਇਹ ਪਾਰਟੀਆਂ ਜ਼ੋਰਦਾਰ ਤਰੀਕੇ ਨਾਲ ਅਪਣਾ ਰੋਸ ਪ੍ਰਗਟਾਉਣਗੀਆਂ। ਉਨ੍ਹਾਂ ਦਸਿਆ ਕਿ ਮੀਟਿੰਗ ਵਿਚ ਮਹਿਲਾ ਰਾਖਵਾਂਕਰਨ ਸਣੇ ਕਈ ਹੋਰ ਮੁੱਦਿਆਂ 'ਤੇ ਵਿਸਤਾਰਤ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਮੀਟਿੰਗ ਦੋ ਘੰਟੇ ਤਕ ਚਲੀ। ਸੀ.ਪੀ.ਐਮ. ਦੇ ਜਨਰਲ ਸਕੱਤਰ ਪ੍ਰਕਾਸ਼ ਕਾਰਤ, ਏ.ਡੀ.ਐਮ.ਕੇ. ਦੇ ਵੀ. ਮੈਤਰੇਅਨ, ਇੰਡੀਅਨ ਨੈਸ਼ਨਲ ਲੋਕ ਦਲ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ, ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ, ਰਾਸ਼ਟਰੀ ਲੋਕ ਦਲ ਦੇ ਮੁਖੀ ਅਜੀਤ ਸਿੰਘ, ਆਰ.ਐਸ.ਪੀ. ਦੇ ਅਬਾਨੀ ਰਾਏ, ਰਾਸ਼ਟਰੀ ਜਨਤਾ ਦਲ ਦੇ ਲਾਲੂ ਪ੍ਰਸਾਦ ਯਾਦਵ, ਜਨਤ ਦਲ ਐਸ. ਦੇ ਐਚ.ਡੀ. ਦੇਵਗੌੜਾ, ਟੀ.ਡੀ.ਪੀ. ਦੇ ਐਨ. ਚੰਦਰਬਾਬੂ ਨਾਇਡੂ ਅਤੇ ਬੀਜੂ ਜਨਤਾ ਦਲ ਦੇ ਅਰਜੁਨ ਚਰਨ ਸੇਠੀ ਸ਼ਾਮਲ ਹੋਏ ਜਦਕਿ ਬਸਪਾ ਨੇ ਇਸ ਮੀਟਿੰਗ ਤੋਂ ਦੂਰੀ ਬਣਾਈ ਰੱਖੀ।




ਯਾਦ ਰਹੇ ਬੀਤੀ 8 ਅਪ੍ਰੈਲ ਨੂੰ ਖੱਬੇ-ਪੱਖੀ ਆਗੂਆਂ ਤੇ ਕਾਰਕੁੰਨਾਂ ਸਮੇਤ 25 ਲੱਖ ਲੋਕਾਂ ਨੇ ਮਹਿੰਗਾਈ ਖਿਲਾਫ਼ ਦੇਸ਼ ਵਿਆਪੀ ਸੱਤਿਆਗ੍ਰਹਿ 'ਚ ਹਿੱਸਾ ਲੈ ਕੇ ਦੇਸ਼ ਦੇ ਸਮੂਹ ਜ਼ਿਲ੍ਹਾ ਹੈਡਕੁਆਰਟਰਾਂ ਤੇ ਕੇਂਦਰੀ ਦਫ਼ਤਰਾਂ ਸਾਹਮਣੇ ਰੋਸ ਪ੍ਰਦਰਸ਼ਨ ਕੀਤੇ ਤੇ ਗ੍ਰਿਫ਼ਤਾਰੀਆਂ ਦਿੱਤੀਆਂ। ਜ਼ਰੂਰੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਨੂੰ ਨੱਥ ਪਾਉਣ, ਜ਼ਮੀਨ, ਬੇਰੁਜ਼ਗਾਰੀ ਤੇ ਪੱਛਮੀ ਬੰਗਾਲ 'ਚ ਖੱਬੀਆਂ ਧਿਰਾਂ 'ਤੇ ਹੋ ਰਹੇ ਹਮਲਿਆਂ ਸਮੇਤ ਹੋਰ ਮੁੱਦਿਆਂ ਨੂੰ ਲੈ ਕੇ ਯੂਪੀਏ ਸਰਕਾਰ ਦੀ ਨਾਕਾਮੀ ਤੇ ਗਲਤ ਨੀਤੀਆਂ ਖਿਲਾਫ਼ ਦੇਸ਼ ਦੀਆਂ ਪ੍ਰਮੁੱਖ ਚਾਰ ਖੱਬੀਆਂ ਪਾਰਟੀਆਂ ਨੇ ਇਹ ਸੱਦਾ ਦਿੱਤਾ ਸੀ।

ਨਵੀਂ ਦਿੱਲੀ ਵਿਚ ਸੀ ਪੀ ਆਈ (ਐਮ) ਦੇ ਕੁਲ ਹਿੰਦ ਜਨਰਲ ਸਕੱਤਰ ਪ੍ਰਕਾਸ਼ ਕਾਰਤ, ਸੀ ਪੀ ਆਈ ਦੇ ਜਨਰਲ ਸਕੱਤਰ ਏ ਬੀ ਬਰਧਨ ਅਤੇ ਸੀਨੀਅਰ ਆਗੂ ਡੀ ਰਾਜਾ ਤੇ ਆਰ ਐਸ ਪੀ ਦੇ ਅਬਨੀ ਰਾਏ ਨੇ ਗ੍ਰਿਫ਼ਤਾਰੀ ਦਿੱਤੀ। ਸੰਸਦ ਮਾਰਗ ਸਥਿਤ ਥਾਣੇ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦਿਆਂ ਖੱਬੀਆਂ ਪਾਰਟੀਆਂ ਦੇ ਕੁਝ ਵਰਕਰਾਂ ਨੂੰ ਖਿੰਡਾਉਣ ਲਈ ਪੁਲਿਸ ਨੇ ਸੁਰੱਖਿਆ ਦਸਤਿਆਂ ਦੀ ਮਦਦ ਲਈ ਤੇ ਇਨ੍ਹਾਂ ਕਾਰਕੁੰਨਾਂ 'ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ। ਜ਼ਿਕਰਯੋਗ ਹੈ ਕਿ ਖੱਬੀਆਂ ਪਾਰਟੀਆਂ ਦੇ ਕਾਰਕੁੰਨ ਸਵੇਰ ਤੋਂ ਹੀ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਜੰਤਰ-ਮੰਤਰ 'ਤੇ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਇਸੇ ਦਰਮਿਆਨ ਸੀਪੀਆਈ (ਐਮ) ਦੇ ਆਗੂਆਂ ਨੇ ਦੱਸਿਆ ਕਿ ਮਹਿੰਗਾਈ ਖਿਲਾਫ਼ ਅੰਦੋਲਨ ਤੇਜ਼ ਕਰਨ ਤੇ ਇਸ ਮਸਲੇ 'ਤੇ ਸਰਕਾਰ ਨੂੰ ਘੇਰਨ ਦੇ ਇਰਾਦੇ ਨਾਲ ਪਾਰਟੀ ਨੇ ਤੇਲਗੂ ਦੇਸ਼ਮ, ਜਨਤਾ ਦਲ (ਯੂ), ਸਪਾ, ਬਸਪਾ ਤੇ ਆਰਜੀਡੀ ਵਰਗੀਆਂ ਧਰਮ ਨਿਰਪੱਖ ਪਾਰਟੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।

ਸੂਤਰਾਂ ਮੁਤਾਬਕ ਜੇਕਰ ਇਨ੍ਹਾਂ ਪਾਰਟੀਆਂ ਨਾਲ ਗੱਲਬਾਤ ਸਿਰੇ ਚੜ੍ਹ ਜਾਂਦੀ ਹੈ ਤਾਂ ਇੱਕ ਕੌਮੀ ਪੱਧਰ ਦਾ ਪ੍ਰੋਗਰਾਮ ਤੈਅ ਕੀਤਾ ਜਾ ਸਕਦਾ ਹੈ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਇਨ੍ਹਾਂ ਪਾਰਟੀਆਂ ਤੇ ਖੱਬੀਆਂ ਧਿਰਾਂ ਵਿਚਾਲੇ ਸੰਸਦ ਦੇ ਬਜਟ ਸੈਸ਼ਨ ਦਾ ਦੂਜਾ ਗੇੜ ਸ਼ੁਰੂ ਹੋਣ ਤੋਂ ਪਹਿਲਾਂ ਮੀਟਿੰਗ ਹੋਣ ਦੀ ਸੰਭਾਵਨਾ ਹੈ। ਵੱਖ-ਵੱਖ ਥਾਵਾਂ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ ਪੱਛਮੀ ਬੰਗਾਲ ਅੰਦਰ ਕਰੀਬ-ਕਰੀਬ 20 ਲੱਖ ਲੋਕਾਂ ਨੇ ਮਹਿੰਗਾਈ ਖਿਲਾਫ਼ ਰੋਸ ਪ੍ਰਦਰਸ਼ਨ ਵਿਚ ਸ਼ਮੂਲੀਅਤ ਕਰਦਿਆਂ ਖ਼ੁਦ ਨੂੰ ਗ੍ਰਿਫ਼ਤਾਰੀਆਂ ਲਈ ਪੇਸ਼ ਕੀਤਾ। ਇਸੇ ਤਰ੍ਹਾਂ ਕੇਰਲਾ 'ਚ 5 ਲੱਖ ਵਿਅਕਤੀਆਂ ਨੇ ਕੇਂਦਰੀ ਦਫ਼ਤਰਾਂ ਮੂਹਰੇ ਰੋਸ ਪ੍ਰਦਰਸ਼ਨ ਕੀਤਾ। ਇਸੇ ਤਰ੍ਹਾਂ ਤ੍ਰਿਪੁਰਾ ਵਿਚ ਡੇਢ ਲੱਖ ਵਿਅਕਤੀ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਏ। ਆਂਧਰਾ ਪ੍ਰਦੇਸ਼ ਵਿਚ 1 ਲੱਖ ਵਿਅਕਤੀਆਂ ਨੇ ਰੋਸ ਪ੍ਰਦਰਸ਼ਨ ਵਿਚ ਹਿੱਸਾ ਲਿਆ, ਜਿਨ੍ਹਾਂ ਵਿਚੋਂ 40 ਹਜ਼ਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਤਾਮਿਲਨਾਡੂ ਵਿਚ ਰੋਸ ਪ੍ਰਦਰਸ਼ਨ ਕਰ ਰਹੇ ਇੱਕ ਲੱਖ ਵਿਅਕਤੀਆਂ ਨੂੰ ਸਰਕਾਰ ਵਲੋਂ ਗ੍ਰਿਫ਼ਤਾਰ ਕੀਤੇ ਜਾਣ ਦੀ ਖ਼ਬਰ ਹੈ। ਮਹਾਰਾਸ਼ਟਰ ਵਿਚ ਇੱਕ ਲੱਖ, ਜੰਮੂ ਕਸ਼ਮੀਰ 'ਚ ਹਜ਼ਾਰ, ਬਿਹਾਰ ਵਿਚ 75 ਹਜ਼ਾਰ, ਝਾਰਖੰਡ 'ਚ 30 ਹਜ਼ਾਰ, ਪੁਡੂਚੇਰੀ 'ਚ 2200 ਤੇ ਪੰਜਾਬ 'ਚ 30 ਹਜ਼ਾਰ ਕਾਰਕੁੰਨਾਂ ਨੇ ਖ਼ੁਦ ਨੂੰ ਗ੍ਰਿਫ਼ਤਾਰੀਆਂ ਲਈ ਪੇਸ਼ ਕੀਤਾ। ਇਨ੍ਹਾਂ ਤੋਂ ਇਲਾਵਾ ਮੱਧਪ੍ਰਦੇਸ਼ ਵਿਚ 25 ਹਜ਼ਾਰ, ਉਤਰਪ੍ਰਦੇਸ਼ 'ਚ 20 ਹਜ਼ਾਰ, ਕਰਨਾਟਕ 'ਚ 8 ਹਜ਼ਾਰ, ਉੜੀਸਾ 'ਚ 15 ਹਜ਼ਾਰ, ਅਸਾਮ 'ਚ 15 ਹਜ਼ਾਰ, ਰਾਜਸਥਾਨ 'ਚ 6500, ਹਿਮਾਚਲ ਪ੍ਰਦੇਸ਼ 'ਚ 6 ਹਜ਼ਾਰ, ਹਰਿਆਣਾ 'ਚ 4 ਹਜ਼ਾਰ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਪੰਜਾਬ ਭਰ ਵਿਚ ਵੀ ਹਜ਼ਾਰਾਂ ਲੋਕਾਂ ਨੇ ਲੱਕ ਤੋੜ ਮਹਿੰਗਾਈ, ਬੇਰੁਜ਼ਗਾਰੀ ਦੇ ਵਿਰੋਧ ਵਿਚ ਜ਼ੋਰਦਾਰ ਰੋਸ ਵਿਖਾਵੇ ਕਰਕੇ ਖ਼ੁਦ ਨੂੰ ਗ੍ਰਿਫ਼ਤਾਰੀਆਂ ਲਈ ਪੇਸ਼ ਕੀਤਾ।ਇਨ੍ਹਾਂ ਰੈਲੀਆਂ ਨੂੰ ਸੀਪੀਆਈ (ਐਮ) ਦੇ ਕੇਂਦਰੀ ਸਕੱਤਰੇਤ ਮੈਂਬਰ ਅਤੇ ਸਾਬਕਾ ਸਾਂਸਦ ਕਾ. ਨਿਲੋਤਪਾਲ ਬਾਸੂ, ਸੀਪੀਆਈ (ਐਮ) ਦੇ ਸੂਬਾ ਸਕੱਤਰ ਚਰਨ ਸਿੰਘ ਵਿਰਦੀ, ਸੀਪੀਆਈ ਦੇ ਸੂਬਾ ਸਕੱਤਰ ਭੁਪਿੰਦਰ ਸਾਂਬਰ, ਸੀਪੀਆਈ ਦੇ ਕੌਮੀ ਐਗਜੈਕਟਿਵ ਮੈਂਬਰ ਡਾ. ਜੋਗਿੰਦਰ ਦਿਆਲ, ਸੀਪੀਆਈ (ਐਮ) ਦੇ ਸੂਬਾ ਸਕੱਤਰੇਤ ਮੈਂਬਰਾਂ ਸਰਬ ਸਾਥੀ ਗੁਰਮੇਸ਼ ਸਿੰਘ, ਬੰਤ ਨਮੋਲ, ਗੁਰਮੀਤ ਢੱਡਾ ਤੋਂ ਇਲਾਵਾ ਸੀਟੂ ਦੇ ਕੌਮੀ ਸਕੱਤਰ ਰਘੁਨਾਥ ਸਿੰਘ ਆਦਿ ਨੇ ਸੰਬੋਧਨ ਕੀਤਾ।

## ਹੁਣ ਯੂਰਪ 'ਚ ਘੁੰਮਣ ਲਈ ਵੀਜ਼ੇ ਦੀ ਲੋੜ ਨਹੀਂ

**ਰੋਮ (ਇਟਲੀ) :** ਇਟਲੀ ਰਹਿਣ ਵਾਲੇ ਵਿਦੇਸ਼ੀਆਂ ਲਈ ਇਹ ਖ਼ੁਸ਼ੀ ਦੀ ਗੱਲ ਹੈ ਕਿ ਪਹਿਲੀ ਵਾਰ ਨਿਵਾਸ ਆਗਿਆ ਦਾ ਇੰਤਜ਼ਾਰ ਕਰਨ ਵਾਲੇ ਵਿਦੇਸ਼ੀ ਜਾਂ ਪਰਿਵਾਰਕ ਤੌਰ 'ਤੇ ਇਟਲੀ ਦਾਖਲ ਹੋਏ ਵਿਦੇਸ਼ੀ ਜੋ ਨਿਵਾਸ ਆਗਿਆ ਦਾ ਇੰਤਜ਼ਾਰ ਕਰ ਰਹੇ ਹੋਣ, ਹੁਣ ਉਹ ਬਿਨਾਂ ਵੀਜ਼ੇ ਤੋਂ ਸ਼ੈਨੇਗਨ ਦੇਸ਼ਾਂ ਦੀ ਸੈਰ ਕਰ ਸਕਦੇ ਹਨ।

ਯੂਰਪੀਅਨ ਯੂਨੀਅਨ ਵਲੋਂ ਲਿਆ ਗਿਆ ਇਹ ਫੈਸਲਾ ਯੂਰਪੀ ਦੇਸ਼ਾਂ ਲਈ ਖਾਸ ਮਹੱਤਵ ਰੱਖਦਾ ਹੈ। ਇਹ ਫੈਸਲਾ ਨਵੀਂ ਵੀਜ਼ਾ ਕੋਡ ਨੀਤੀ ਵਿਚ ਪਾਸ ਕੀਤਾ ਗਿਆ ਹੈ। ਬਿਨਾਂ ਵੀਜ਼ੇ ਤੋਂ ਵਿਦੇਸ਼ੀ ਤਿੰਨ ਮਹੀਨੇ ਤੱਕ ਯੂਰਪੀ ਦੇਸ਼ਾਂ 'ਚ ਰਹਿ ਸਕਦੇ ਹਨ। ਜਿਹੜੇ ਵਿਦੇਸ਼ ਇਟਲੀ 'ਚ ਪਰਿਵਾਰਕ ਆਗਿਆ 'ਤੇ ਦਾਖਲ ਹੋਏ ਹਨ ਜਾਂ ਨਿਵਾਸ ਆਗਿਆ ਪ੍ਰਾਪਤ ਕਰਨ ਦਾ ਇੰਤਜ਼ਾਰ ਕਰ ਰਹੇ ਹਨ, ਨੂੰ ਇਸ ਯੂਰਪੀ ਨੀਤੀ ਦਾ ਵਧੇਰੇ ਲਾਭ ਪ੍ਰਾਪਤ ਹੋ ਸਕੇਗਾ। ਡਾਕਖਾਨੇ ਤੋਂ ਪ੍ਰਾਪਤ ਹੋਈ ਰਸੀਦ 'ਤੇ ਵਿਦੇਸ਼ੀ ਬੈਲਜ਼ੀਅਮ, ਫਰਾਂਸ, ਜਰਮਨੀ, ਲਕਸਮਬਰਗ, ਨੀਦਰਲੈਂਡ, ਪੁਰਤਗਾਲ, ਸਪੇਨ, ਆਸਟਰੀਆ, ਗਰੀਸ ਡੈਨਮਾਰਕ, ਫਿਨਲੈਂਡ, ਸਵੀਡਨ, ਆਈਸਲੈਂਡ ਨਾਰਵੇ, ਸਲੋਵੇਂਨੀਆ, ਏਸਤੋਨੀਆ, ਲਾਤੀਵੀਆ, ਲਿਥੂਨੀਆ, ਪੋਲੈਂਡ, ਚੈੱਕ ਰਿਪਬਲਿਕ, ਸਲੋਵਾਕੀਆ, ਹੰਗਰੀ, ਮਾਲਟਾ ਆਦਿ 23 ਦੇਸ਼ਾਂ ਦੀ ਸੇਰ ਬਿਨਾਂ ਵੀਜ਼ੇ ਤੋਂ ਕਰ ਸਕਦੇ ਹਨ।

ਕਾਨੂੰਨੀ ਸਲਾਹਕਾਰ ਮਾਸ਼ਾ ਮਾਲਵਾਤੋਰੇ ਨੇ ਇਸ ਕਾਨੂੰਨ ਸੰਬੰਧੀ ਵਿਸਥਾਰਪੂਰਵਕ ਦੱਸਦਿਆਂ ਖੁਲਾਸਾ ਕੀਤੀ ਕਿ ਜਿਹੜੇ ਵਿਦੇਸ਼ੀ ਇਟਲੀ ਦਾ ਲੰਬੇ ਸਮੇਂ ਦਾ ਵੀਜ਼ਾ ਧਾਰਕ ਹੋਣ ਅਤੇ ਉਨ੍ਹਾਂ ਵਲੋਂ ਨਿਵਾਸ ਆਗਿਆ ਦੀ ਦਰਖਾਸਤ ਦਿੱਤੀ ਗਈ ਹੋਵੇ ਉਨ੍ਹਾਂ ਨੂੰ ਯੂਰਪ ਦੀ ਸੈਰ ਕਰਨ ਲਈ ਨਿਵਾਸ ਆਗਿਆ ਇੰਤਜ਼ਾਰ ਕਰਨਾ ਪਵੇਗਾ।

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

Law Office of Navdeep S. Jhaj

Immigration Law Attorney

General Legal Practice


Navdeep S. Jhaj
Member, American Immigration Lawyers Association

Estate Planning
Personal Injury
Bankruptcy

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ
- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

# ਦਾਰਜੀ

ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

'ਸਿਰਦਾਰਜੀ' ਨਾਲੋਂ ਸਿਰ ਲਾਹ ਦੇਵੋ ਤਾਂ ਬਣ ਜਾਂਦਾ ਹੈ 'ਦਾਰਜੀ'। ਅਜਿਹੇ ਕਈ ਸਿਰਲੇਖਾਂ ਦੀਆਂ ਸਰਦਾਰਨੀਆਂ ਆਪਣੇ ਪਤੀਆਂ ਨੂੰ ਦਾਰਜੀ ਕਹਿ ਕੇ ਬੁਲਾਉਂਦੀਆਂ ਹਨ ਤੇ ਨਾਲ ਹੀ ਸਾਰੇ ਘਰ ਦੇ ਜੀਆਂ, ਰਿਸ਼ਤੇਦਾਰਾਂ ਏਥੋਂ ਤੱਕ ਕਿ ਵਾਕਿਫਕਾਰਾਂ ਦੇ ਵੀ ਉਹ ਦਾਰਜੀ ਬਣ ਜਾਂਦੇ ਹਨ। ਮੈਂ ਹੁਣ ਤੱਕ ਜਿੰਨੇ ਦਾਰਜੀ ਦੇਖੇ, ਸੁਣੇ, ਬੁਲਾਏ ਹਨ ਸਾਰੇ ਧੁਨ ਦੇ ਬੜੇ ਪੱਕੇ ਮਲੂਮ ਹੋਏ ਹਨ। ਬਠਿੰਡੇ ਵਸਦੇ ਮੇਰੀ ਪਤਨੀ ਦੇ ਨਾਨਾ ਜੀ ਅਜਿਹੇ ਜਗਤ-ਦਾਰਜੀ ਸਨ ਜੋ ਵਸਤੂ-ਜਗਤ ਨੂੰ ਹਮੇਸ਼ਾ ਖਿਚ ਕੇ ਰੱਖਦੇ ਸਨ। ਦਾਰਜੀ ਨੇ ਇਕ ਵਾਰੀ ਆਪਣੇ ਦਿੱਲੀ ਤੋਂ ਆਏ ਪੋਤੇ ਨੂੰ ਬੱਸ ਸਟੈਂਡ 'ਤੇ ਚੜ੍ਹਾਉਣ ਜਾਣਾ ਸੀ। ਉਨ੍ਹਾਂ ਨੂੰ ਪਤਾ ਸੀ, ਨਵੀਂ ਪੀੜ੍ਹੀ ਚੜ੍ਹਦਾ ਸੂਰਜ ਦੇਖ ਕੇ ਨਹੀਂ ਰਾਜ਼ੀ। ਉਨ੍ਹਾਂ ਮੂੰਹ ਹਨੇਰੇ ਘੂਕ ਸੁੱਤੇ ਪਏ ਪੋਤੇ ਦੇ ਸਰੀਰ ਤੋਂ ਖੇਸ ਚੁੱਕ ਮਾਰਿਆ। ਸੂਰਜ ਚੜ੍ਹਨ ਤੱਕ ਸੁੱਤੇ ਘਰ ਦੇ ਜੀਆਂ ਨਾਲ ਉਹ ਅਕਸਰ ਅਜਿਹਾ ਹੀ ਵਿਹਾਰ ਕਰਿਆ ਕਰਦੇ ਸਨ। ਵਿਚਾਰਾ ਸੁੱਤ ਉਨੀਂਦਾ ਪੋਤਾ, ਮੂੰਹ ਹੱਥ ਧੋ, ਸਾਮਾਨ ਚੁੱਕ ਕੇ ਰਿਕਸ਼ੇ 'ਤੇ ਚੜ੍ਹ ਗਿਆ।

ਪਰ ਦਾਰਜੀ ਠਹਿਰੇ ਕੱਟੜ ਰਿਕਸ਼ਾ-ਵਿਰੋਧੀ। ਕਿਤੇ ਜਾਣਾ ਹੋਵੇ, ਦਾਰਜੀ ਨੇ ਰਿਕਸ਼ੇ 'ਤੇ ਥੋੜੀ ਚੜ੍ਹਨਾ ਹੁੰਦਾ ਸੀ। ਉਨ੍ਹਾਂ ਜ਼ਿੰਦਗੀ ਭਰ ਇਸ ਤਿਪਹੀਏ ਦੀ ਸਵਾਰੀ ਨਹੀਂ ਕੀਤੀ। ਉਨ੍ਹਾਂ ਦੀ ਪੈਦਲ ਚਾਲ ਹੀ ਹਰ ਪ੍ਰਕਾਰ ਦੇ ਪਹੀਏ ਨੂੰ ਮਾਤ ਪਾਉਂਦੀ ਸੀ। ਨੱਕ ਦੀ ਸੇਧੇ ਤੁਰੇ ਜਾਓ, ਮੰਜ਼ਿਲ ਮੂਹਰੇ ਖੜੀ ਹੁੰਦੀ ਹੈ। ਰਿਕਸ਼ੇ ਨੇ ਵੀਹ ਮੋੜ ਘੋੜ ਕੱਟਣੇ ਹਨ, ਤੀਹਾਂ ਬੰਦਿਆਂ ਵਿਚ ਵੱਜਣਾ ਹੈ, ਪੰਜਾਹਾਂ ਦਾ ਨੋਟ ਖਿਚਣਾ ਹੈ- ਰਿਕਸ਼ਾ ਚੜ੍ਹਨ ਵਿਚ ਤਾਂ ਸੌ ਸੌ ਘਾਟੇ ਹਨ। ਨਾਲੇ ਬਠਿੰਡੇ ਦੀ ਆਵਾਜਾਈ ਵਿਚ ਇਕੱਲੇ ਮਨੁੱਖ-ਮਾਤਰ ਦੀ ਇਜਾਰੇਦਾਰੀ ਨਹੀਂ, ਏਥੇ ਊਠਾਂ ਦੀ ਚੜ੍ਹਤ ਹੈ, ਸੂਰਾਂ ਦਾ ਬੋਲਬਾਲਾ ਹੈ, ਮਾਰੂਤਿਆਂ ਅਤੇ ਘੜੁਕਿਆਂ ਦਾ ਧੂਮ ਧੜੱਕਾ ਹੈ। ਇਹ ਤਾਂ ਕੁਝ ਵੀ ਨਹੀਂ, ਏਥੇ ਰਾਹਾਂ ਦੀ ਹੇਠਲੀ ਉਤੇ ਆਈ ਰਹਿੰਦੀ ਹੈ; ਸੜਕਾਂ ਨੂੰ ਖੋਦ ਖੋਦ ਕੇ, ਸੀਵਰੇਜ ਨੂੰ ਪੁੱਟ ਪੁੱਟ ਕੇ ਤੇ ਨਾਲਿਆਂ ਦਾ ਗੰਦ ਚੁਕ ਚੁਕ ਕੇ ਪਾਸਿਆਂ ਤੇ ਢੇਰ ਲਗਦੇ ਰਹਿੰਦੇ ਹਨ ਤਾਂ ਕਿ ਟਿੱਬਿਆਂ ਵਾਲੇ ਬਠਿੰਡੇ ਦੀ ਪੁਰਾਣੀ ਦਿਖ ਬਹਾਲ ਕੀਤੀ ਜਾ ਸਕੇ। ਕਾਲੀਆਂ ਬੋਲੀਆਂ ਤੇ ਪੀਲੀਆਂ ਹਨੇਰੀਆਂ ਮੁੜ ਚੜ੍ਹਾਉਣ ਦੇ ਵੀ ਗੰਭੀਰ ਉਪਰਾਲੇ ਹੁੰਦੇ ਰਹਿੰਦੇ ਸਨ। ਇਸ ਸ਼ਹਿਰ ਵਿਚ ਆਵਾਜਾਈ ਵਜੋਂ ਸੜਕ ਦਾ ਸੰਕਲਪ ਲੋਕਾਂ ਦੇ ਜ਼ਿਹਨ ਵਿਚ ਅਜੇ ਤੱਕ ਧੁੰਦਲਾ ਧੁੰਦਲਾ ਹੀ ਹੈ। ਦਾਰਜੀ ਖੁਦ ਬਠਿੰਡੇ ਦੇ ਟਿੱਬੇ ਅਤੇ ਇਸਦੀਆਂ ਕਾਲੀਆਂ ਬੋਲੀਆਂ ਤੇ ਪੀਲੀਆਂ ਯਾਦ ਕਰਦੇ ਓਦਰੇ ਰਹਿੰਦੇ ਸਨ-ਉਨ੍ਹਾਂ ਨੂੰ ਅਜਿਹੇ ਭੂ-ਦ੍ਰਿਸ਼ ਤੋਂ ਇਕ ਮਾਨਸਿਕ ਸਕੂਨ ਮਿਲਦਾ ਸੀ।

ਪਰ ਉਹ ਔਖੇ ਸਨ ਤਾਂ ਇਸ ਗੱਲੋਂ ਕਿ ਆਈ ਬਰਸਾਤ ਉਨ੍ਹਾਂ ਦੇ ਘਰ ਪਾਣੀ ਹੀ ਪਾਣੀ ਹੋਣ ਲੱਗ ਪਿਆ ਸੀ, ਅਣਚਾਹਤ ਪਾਣੀ। ਉਨ੍ਹਾਂ ਤਾਂ ਕਦੇ ਬਠਿੰਡੇ ਵਿਚ ਪਾਣੀ ਦੀ ਬੂੰਦ ਨਹੀਂ ਸੀ ਦੇਖੀ ਤੇ ਹੁਣ ਪਾਣੀ ਆਇਆ ਤਾਂ ਪਾਣੀ ਜਾਂਦਾ ਹੀ ਨਹੀਂ ਸੀ। ਇਸ ਵਿਚ ਵੀ ਇਕ ਚੱਕਰ ਸੀ। ਗੱਲ ਇਉਂ ਹੋਈ ਕਿ ਇਕ ਵਾਰੀ ਬਠਿੰਡੇ ਵਿਚ ਨਿਯੁਕਤ ਸਿਵਲ ਇੰਜੀਨੀਅਰਾਂ ਨੇ ਆਪਣਾ ਦਿਮਾਗ ਨਾ ਵਰਤਦਿਆਂ ਹੋਇਆਂ ਭਰਤੀ ਪੁਆ ਪੁਆ ਕੇ ਸ਼ਹਿਰ ਦੀਆਂ ਗਲੀਆਂ ਗਜ਼ ਗਜ਼ ਉਚੀਆਂ ਚੁੱਕ ਦਿੱਤੀਆਂ। ਮਕਸਦ ਸੀ ਮੀਂਹ ਦਾ ਪਾਣੀ ਆਬਾਦੀ ਵਿਚ ਨਾ ਆਵੇ। ਪਰ ਇਸ ਭਰਤੀ ਨਾਲ ਗਲੀਆਂ ਨਾਲ ਲਗਦੇ ਘਰ ਨੀਵੇਂ ਹੋ ਗਏ ਤੇ ਬਰਸਾਤਾਂ ਦਾ ਸਾਰਾ ਪਾਣੀ ਗਲੀਆਂ 'ਚੋਂ ਘਰਾਂ 'ਚ ਆ ਗਿਆ। ਹਾਹਾਕਾਰ ਮੱਚ ਗਈ। ਸਿਵਲ ਇੰਜੀਨੀਅਰਾਂ ਨੂੰ ਪਾਣੀ ਦੇ ਨਿਯਮਾਂ ਵਿਚ ਕੁਝ ਕਾਲਾ ਕਾਲਾ ਦਿਖਾਈ ਦਿੱਤਾ। ਨਿਯਮ ਹੈ ਕਿ ਪਾਣੀ ਉਚਾਣ ਤੋਂ ਨਿਵਾਣ ਵੱਲ ਵਹਿੰਦਾ ਹੈ। ਇੰਜੀਨੀਅਰਾਂ ਨੂੰ ਸ਼ੱਕ ਪੈ ਗਈ ਕਿ ਬਠਿੰਡੇ ਵਿਚ ਸ਼ਾਇਦ ਇਹ ਨਿਯਮ ਉਲਟੇ ਦਾਅ ਲਾਗੂ ਹੁੰਦਾ ਹੈ। ਹਾਕਮਾਂ ਨੂੰ ਯਕੀਨ ਦੁਆਇਆ ਗਿਆ ਕਿ ਜਦ ਸਲਾਮ ਹੇਠਾਂ ਤੋਂ ਉਪਰ ਵੱਲ ਨੂੰ ਵੱਜਦਾ ਹੈ ਤਾਂ ਪਾਣੀ ਵੀ ਨਿਵਾਣ ਤੋਂ ਉਚਾਣ ਵੱਲ ਵਗ ਸਕਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਇਸ ਨਿਯਮ ਦੀ ਸੱਚਾਈ ਪਰਖ ਕਰਨ ਦੀ ਇਜਾਜ਼ਤ ਮਿਲ ਗਈ। ਉਦੋਂ ਤੋਂ ਉਹ ਮਿੱਟੀ ਪੁੱਟ ਪੁੱਟ ਕੇ ਏਧਰ ਉਧਰ ਕਰਦੇ ਧਰਾਤਲ ਦਾ ਪਾਸਕੂ ਠੀਕ ਕਰਦੇ ਰਹਿੰਦੇ ਹਨ ਤੇ ਘੋਖ ਕਰਦੇ ਰਹਿੰਦੇ ਹਨ ਕਿ ਕਿਹੜੇ ਕਾਰਨਾਂ ਕਰਕੇ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਜਾਂਦਾ ਹੈ ਤੇ ਕਿਹੜੇ ਕਾਰਨਾਂ ਕਰਕੇ ਸੜਕਾਂ ਤੇ ਸੁਕਪਕਾ ਰਹਿੰਦਾ ਹੈ।

ਦਾਰਜੀ ਨੇ ਪੈਦਲ ਚੱਲ ਕੇ ਵੀ ਤੇ ਸਭ ਸਲਾਮਾਂ ਵਸੂਲ ਕੇ ਵੀ ਰਿਕਸ਼ੇ ਤੋਂ ਪਹਿਲਾਂ ਅੱਡੇ 'ਤੇ ਪਹੁੰਚ ਜਾਣਾ ਸੀ। ਉਨ੍ਹਾਂ ਖੰਘੂਰੇ ਮਾਰਦੇ ਹੋਏ ਚੱਲਣਾ ਹੁੰਦਾ ਸੀ। ਦਾਰਜੀ ਦਾ ਖੰਘੂਰਾ ਸੁਣ ਕੇ ਸੱਤ ਘਰਾਂ ਦੀਆ ਵਹੁਟੀਆਂ ਕੁੜੀਆਂ ਅਨੁਸ਼ਾਸਨ ਵਿਚ ਆ ਜਾਂਦੀਆਂ ਸਨ-ਪਹਿਲਿਆਂ 'ਚ ਤਾਂ ਧਾਰ ਕੱਢਦੀ ਉਨ੍ਹਾਂ ਦੀ ਆਪਣੀ ਸਰਦਾਰਨੀ ਦੇ ਧੱਟਾਂ 'ਚੋਂ ਦੁਧ ਵਾਲੀ ਬਾਲਟੀ ਭੁੜਕ ਜਾਂਦੀ ਸੀ। ਉਹ ਖੁਦ ਇਸਦੀ ਤਾਨ ਵਿਚ ਆਏ ਮਿੰਟਾਂ ਸਕਿੰਟਾਂ ਚ ਕਿਤੇ ਦੀ ਕਿਤੇ ਪਹੁੰਚ ਜਾਂਦੇ ਸਨ। ਏਹੀ ਹੋਇਆ। ਦਾਰਜੀ ਨੇ ਅੱਡੇ ਪਹੁੰਚ ਕੇ ਦਿੱਲੀ ਵਾਲੀ ਬੱਸ ਨੂੰ ਵੀ ਕਾਬੂ ਕਰ ਲਿਆ ਪਰ ਭਈਆ ਅਜੇ ਸ਼ਾਇਦ ਰਿਕਸ਼ੇ ਨੂੰ ਹੱਥਾਂ ਨਾਲ ਧੱਕ ਧੱਕ ਕੇ ਰਸਤੇ ਦੇ ਟੋਏ ਟਿੱਬੇ ਹੀ ਪਾਰ ਕਰਾ ਰਿਹਾ ਸੀ। ਦਾਰਜੀ ਨੂੰ ਪਤਾ ਸੀ ਕਿ ਦਿੱਲੀ ਵਾਲੀ ਬੱਸ ਦਿੱਲੀ ਵਾਲੇ ਕਉਂਟਰ 'ਤੇ ਨਹੀਂ ਬਲਕਿ ਇੱਕਲਵਾਂਝੇ ਖਲੋਤੀ ਹੋਵੇਗੀ ਜਿੱਥੇ ਆਲੇ ਦੁਆਲੇ ਪਾਣੀ ਦੇ ਚਰਗਲਾਂ ਦੀ ਭਰਮਾਰ ਹੋਵੇਗੀ। ਦਿੱਲੀ ਵਾਲੀ ਬੱਸ ਵੈਸੇ ਵੀ ਆਪਣੇ ਆਪ ਨੂੰ ਦਿੱਲੀ ਵਾਲੀ ਬੱਸ ਸਮਝਦੀ ਹੈ, ਇਹ ਕੋਈ ਬਾਜਾਖਾਨੇ ਜਾਣ ਵਾਲੀ ਬੱਸ ਥੋੜੀ ਹੈ ਜੋ ਆਪਣੇ ਬਜਦੇ ਹੋਏ ਬਾਜੇ ਲੁਕੋਣ ਲਈ ਹੋਰ ਬੱਸਾਂ ਦੇ ਝੁਰਮਟ 'ਚ ਲੁਕਦੀ ਫਿਰੇ। ਸ਼ਹਿਰ ਦੇ



ਪੁਰਾਣੇ ਵਾਸੀ ਹੋਣ ਦੇ ਬੜੇ ਲਾਭ ਹੁੰਦੇ ਹਨ। ਅਸਮਾਨੀ ਨਛੱਤਰਾਂ ਤੋਂ ਇਲਾਵਾ ਤੁਹਾਨੂੰ ਸ਼ਹਿਰ ਦੀ ਹਰ ਗਤੀ ਦਾ ਗਿਆਨ ਹੁੰਦਾ ਹੈ। ਨਾਲੇ ਦਾਰਜੀ ਬਠਿੰਡੇ ਦੇ ਪੁਰਾਣੇ ਵਾਸੀ ਹੀ ਨਹੀ, ਉਨ੍ਹਾਂ ਬਠਿੰਡੇ ਨੂੰ ਪਿੰਡ ਤੋਂ ਸ਼ਹਿਰ ਬਣਦਾ ਵੇਖਿਆ ਸੀ। ਉਹ ਤਾਂ ਅੱਖਾਂ ਮੀਟ ਕੇ ਵੀ ਸਾਰਾ ਸ਼ਹਿਰ ਗਾਹ ਸਕਦੇ ਸਨ ਤੇ ਮੁਬਾਰਕ ਕਿਲੇ ਦੀ ਦੀਵਾਰ ਉਪਰ ਪਰਿਕਰਮਾ ਕਰ ਸਕਦੇ ਸਨ।

ਦੁਨੀਆਂ ਭਰ ਦੇ ਪੋਤੇ ਹਮੇਸ਼ਾ ਚੰਦ ਚੜ੍ਹਾਈ ਰੱਖਦੇ ਹਨ ਪਰ ਦਾਰਜੀ ਦੇ ਇਸ ਪੋਤੇ ਨੇ ਤਾਂ ਉਸ ਦਿਨ ਸੂਰਜ ਵੀ ਚੜ੍ਹਾ ਦਿੱਤਾ। ਪਹੁਫੁਟਾਲੇ ਦੀਆਂ ਸੀਤਲ ਕਿਰਨਾਂ ਦਾਰਜੀ ਦੀਆਂ ਅੱਖਾਂ ਵਿਚ ਸੂਲਾਂ ਬਣ ਬਣ ਚੁਭਣ ਲੱਗ ਪਈਆਂ। ਉਨ੍ਹਾਂ ਨੂੰ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ, ਅਜੇ ਤੱਕ ਪੋਤੇ ਦਾ ਰਿਕਸ਼ਾ ਅੱਡੇ 'ਤੇ ਨਹੀਂ ਅੱਪੜਿਆ। ਕਿਧਰੇ ਬੱਸ ਹੀ ਨਾ ਖੁੰਝ ਜਾਏ। ਦਾਰਜੀ ਨੇ ਖੁਦ ਆਪਣੀ ਜ਼ਿੰਦਗੀ ਵਿਚ ਕਦੇ ਪਹਿਲੀ ਬੱਸ ਨਹੀਂ ਖੁੰਝਾਈ। ਉਹ ਕਦੇ ਪਹਿਲੀ ਬੱਸ ਤੋਂ ਬਿਨਾ ਦੂਜੀ ਬੱਸ ਵਿਚ ਬੈਠੇ ਹੀ ਨਹੀਂ। ਬੱਸ ਇਕ ਵਾਰੀ ਜ਼ਿੰਦਗੀ ਵਿਚ ਉਨ੍ਹਾਂ ਤੋਂ ਇਕ ਗਲਤੀ ਜ਼ਰੂਰ ਹੋ ਗਈ। ਕਿਤੇ ਜਾਣ ਲਈ ਉਹ ਜਦ ਸਵੇਰੇ ਸਵੇਰੇ ਅੱਡੇ 'ਤੇ ਪਹੁੰਚੇ ਤਾਂ ਪਹਿਲੀ ਬੱਸ ਨਿਕਲ ਚੁੱਕੀ ਸੀ, ਦਾਰਜੀ ਉਨੀਂ ਪੈਰੀਂ ਮੁੜ ਆਏ। ਉਹ ਮਕਾਣ ਅਗਲੇ ਦਿਨ ਦੇ ਆਉਣਗੇ ਪਰ ਸਫ਼ਰ ਪਹਿਲੀ ਬੱਸ ਦਾ ਹੀ ਕਰਨਾ ਹੈ। ਦਾਰਜੀ ਦਾ ਵੱਸ ਚੱਲਦਾ ਜਾਂ ਘਟੋ ਘਟ ਉਨ੍ਹਾਂ ਦੂਜੀਆਂ ਤੀਜੀਆ ਬੱਸਾਂ ਹੀ ਚਲਾਉਣੀਆਂ ਬੰਦ ਕਰ ਦੇਣੀਆਂ ਸਨ।

ਪੋਤਾ ਅਜੇ ਤੱਕ ਨਹੀਂ ਆਇਆ। ਦਾਰਜੀ ਤੰਤ-ਮੰਤ ਹੋ ਗਏ। ਪਰ ਉਹ ਕਦੇ ਪੋਤਿਆਂ ਨੂੰ ਬੁਰਾ ਭਲਾ ਨਹੀਂ ਸੀ ਕਹਿੰਦੇ। ਬੇਚੈਨੀ ਵਿਚ ਉਨ੍ਹਾਂ ਏਧਰ ਉਧਰ ਕਵਾਇਦ ਕਰਨੀ ਸ਼ੁਰੂ ਕਰ ਦਿੱਤੀ। ਬਠਿੰਡੇ ਦੇ ਪਿੰਡ ਤੋਂ ਸ਼ਹਿਰ ਬਣਨ ਪਿਛੋਂ ਡੱਡੂ-ਰੰਗੇ ਹੋ ਚੁਕੇ ਲੋਕਾਂ ਦੀ ਹੋਣੀ 'ਤੇ ਕੁੜ੍ਹਨਾ ਸ਼ੁਰੂ ਕਰ ਦਿੱਤਾ; ਲੋਕਾਂ ਦੇ ਕਿਰਦਾਰ ਵਿਚ ਆਈ ਗਿਰਾਵਟ ਬਾਰੇ ਆਪਣੇ ਆਪ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਸ਼ਹਿਰ 'ਤੇ ਧਾਵਾ ਕਰ ਚੁੱਕੇ ਵਾਹਨਾਂ ਦੇ ਪ੍ਰਦੂਸ਼ਨ ਤੇ ਥਰਮਲ ਪਲਾਂਟਾਂ ਦੀ ਸਿਰ 'ਚ ਪੈਂਦੀ ਸੁਆਹ ਨੂੰ ਕੋਸਣ ਲੱਗ ਪਏ। ਉਹ ਧਰਤੀ 'ਚ ਜ਼ੋਰ ਜ਼ੋਰ ਦੀ ਪੈਰ ਮਾਰਨ ਲੱਗੇ, ਤੇ ਹੱਥਾਂ ਨੂੰ 'ਹੈ ਨਹੀਂ, ਹੈ ਨਹੀਂ' ਦੀ ਮੁਦਰਾ 'ਚ ਛਣਕਾਉਣ ਲੱਗੇ। ਪਰ ਐਨ ਇਸੇ ਵੇਲੇ ਪੋਤੇ ਦਾ ਰਿਕਸ਼ਾ ਉਨ੍ਹਾਂ ਦੇ ਅੱਗੇ ਆ ਪਹੁੰਚਾ। ਇਕ ਦਮ ਸਥਿਰ ਹੋ ਗਏ ਦਾਰਜੀ, ਅੱਖਾਂ ਲਟ ਲਟ ਬਲ ਗਈਆਂ। ਉਨ੍ਹਾਂ ਰਿਕਸ਼ੇ ਦੇ ਸਿੰਗਾਂ ਨੂੰ ਮੂਹਰਿਓਂ ਹੀ ਫੜ ਲਿਆ। ਮੁੰਡੇ ਨੇ ਉਤਰਦਿਆਂ ਹੀ ਫਟਾਫਟ ਰਿਕਸ਼ੇ ਵਾਲੇ ਦਾ ਭੁਗਤਾਨ ਕੀਤਾ, ਉਸਨੂੰ ਪਤਾ ਸੀ ਦਾਰਜੀ ਵਿਚ ਆ ਗਏ ਤਾਂ ਅਸੂਲੀ ਲੜਾਈ ਸ਼ੁਰੂ ਹੋ ਜਾਣੀ ਸੀ। ਦਾਰਜੀ ਨੇ ਅਟੈਚੀ ਚੁੱਕਿਆ ਤੇ ਬੈਗ ਮੁੰਡੇ ਦੇ ਹੱਥ ਫੜਾਇਆ। ਪਰਿਵਹਨ ਨਿਯਮਾਂ ਅਨੁਸਾਰ ਅਟੈਚੀ ਬੱਸ ਦੀ ਛੱਤ 'ਤੇ ਰੱਖਣਾ ਅਨਿਵਾਰੀ ਸੀ। ਮੁੰਡੇ-ਖੁੰਡੇ ਬੱਸ ਦੀ ਛੱਤ 'ਤੇ ਚੜ੍ਹਨਾ ਸ਼ਾਨ ਦੇ ਖਿਲਾਫ ਸਮਝਦੇ ਹਨ ਤੇ ਪੁਰਾਣੇ ਖੁੰਢ ਦਾਰਜੀ ਕੁਲੀ ਤੋਂ ਸਾਮਾਨ ਚੜ੍ਹਾਉਣਾ ਨੇਕ ਕਮਾਈ ਨੂੰ ਰੋੜ੍ਹ ਦੇਣਾ ਖਿਆਲਦੇ ਸਨ। ਦਾਰਜੀ ਦੇ ਸਾਹਮਣੇ ਤਾਂ ਵੈਸੇ ਵੀ ਕੋਈ ਕੁਲੀ ਖੜ੍ਹਾ ਨਹੀਂ ਹੋ ਸਕਦਾ। ਦਾਰਜੀ ਦੇ ਸਾਹਮਣੇ ਤਾਂ ਕਦੇ ਕੋਈ ਮੰਗਤਾ ਨਹੀਂ ਖੜਿਆ। ਇਕ ਵਾਰੀ ਪੱਟੀਆਂ ਬੰਨ੍ਹੀ ਇਕ ਢੌਂਗੀ ਮੰਗਤਾ ਆਪਣੇ ਅਪਾਹਜਪੁਣੇ 'ਤੇ ਤਰਸ ਦੀ ਭਾਵਨਾ ਜਗਾਉਂਦਾ ਗਲੀ ਵਿਚ ਆ ਗਿਆ। ਦਾਰਜੀ ਨੇ ਉਸਦੀਆਂ ਪੱਟੀਆਂ ਖੋਲ੍ਹ ਕੇ ਸ਼ਰ੍ਹੇਆਮ ਉਸਦੇ ਸਾਬਤ ਅੰਗਾਂ ਦਾ ਪਰਦਾ ਫਾਸ਼ ਕਰ ਦਿੱਤਾ ਤੇ ਉਸਦਾ ਉਹ ਤਵੰਜ ਉਡਾਇਆ ਕਿ ਮੰਗਤਾ ਬਠਿੰਡੇ ਦੀ ਜੂਹ ਹੀ ਛੱਡ ਗਿਆ।

ਦਾਰਜੀ ਅਟੈਚੀਕੇਸ ਸਿਰ 'ਤੇ ਰੱਖ ਕੇ ਬੱਸ ਦੀ ਛੱਤ 'ਤੇ ਚੜ੍ਹਨ ਲੱਗੇ ਤਾਂ ਪੋਤੇ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕਣ ਲੱਗੀ। ਸਾਰੇ ਬਠਿੰਡੇ ਦੇ ਚੜ੍ਹ ਚੜ੍ਹਾਉਂਦੇ ਲੋਕ ਬੱਸ ਅੱਡੇ 'ਤੇ ਸਨ ਤੇ ਉਸਦੇ ਦਾਰਜੀ ਸਿਰ 'ਤੇ ਅਟੈਚੀ ਰੱਖੀ ਜਲੂਸ ਕੱਢਣ ਲੱਗੇ ਹੋਏ ਸਨ। ਉਹ ਆਪਣਾ ਸਿਰ ਲੁਕਾਉਂਦਾ ਨੱਸਾ। ਉਸਨੇ ਪਹਿਲਾਂ ਅਖਬਾਰ ਖਰੀਦੀ ਤੇ ਫਿਰ ਕੰਧ ਨਾਲ ਲੱਗ ਕੇ ਪਿਸ਼ਾਬ ਕਰਨ ਲੱਗ ਪਿਆ। ਸਭ ਕੰਮ ਨਿਪਟਾ ਕੇ ਉਸਨੇ ਚੋਰ ਅੱਖ ਨਾਲ ਦੇਖਿਆ, ਦਾਰਜੀ ਅਜੇ ਵੀ ਬੱਸ ਦੀ ਛੱਤ 'ਤੇ ਹੀ ਸਨ। ਹਾਰ ਕੇ ਉਹ ਮੀਣੇ ਵੱਛੇ ਵਾਂਗ ਨੀਵਾਂ ਹੁੰਦਾ ਹੁੰਦਾ ਬੱਸ ਦੇ ਅੰਦਰ ਵੜ੍ਹ ਕੇ ਅਖਬਾਰ ਪੜ੍ਹਨ ਲੱਗ ਪਿਆ। ਦਾਰਜੀ ਅਟੈਚੀਕੇਸ ਰੱਖਣ ਲਈ ਢੁਕਦੀ ਜਗ੍ਹਾ ਲੱਭਣ ਦੇ ਆਹਰ ਵਿਚ ਕਿੰਨਾ ਚਿਰ ਜੋੜ ਤੋੜ ਲਾਉਂਦੇ ਰਹੇ। ਉਨ੍ਹਾਂ ਨੂੰ ਇਸ ਗੱਲ ਦੀ ਖੁੜਕ ਸੀ ਕਿ ਜੇ ਅਟੈਚੀ ਮੂਹਰੇ ਜਿਹੇ ਰੱਖਿਆ ਤਾਂ ਰਾਹ 'ਚੋਂ ਉਤਰਦੀ ਕੋਈ ਸਵਾਰੀ ਖਿਸਕਾ ਕੇ ਤੁਰਦੀ ਬਣੇਗੀ, 'ਮੇਰੇ ਸਾਲੇ ਅੱਜ ਦੇ ਜੁਆਕ, ਕਿਤੇ ਬੱਸ 'ਚੋਂ ਉਤਰ ਕੇ ਥੋੜੋ ਦੇਖਦੇ ਨੇ' ਦਾਰਜੀ ਠੀਕ ਸੋਚ ਰਹੇ ਸਨ। ਅਖੀਰ ਉਨ੍ਹਾਂ ਬੱਸ ਦੇ ਅੱਗੇ ਜਿਹੇ ਸਪੇਅਰ ਟਾਇਰ ਵਾਲੀ ਸਭ ਤੋਂ ਸੁਰੱਖਿਅਤ ਥਾਂ 'ਤੇ ਅਟੈਚੀ ਕੇਸ ਟਿਕਾਉਣ ਦਾ ਵਿਚਾਰ ਬਣਾਇਆ। ਪਰ ਦਾਰਜੀ ਦੂਰਦਰਸ਼ੀ ਸਨ, ਉਨ੍ਹਾਂ ਦਾ ਅਨੁਭਵ ਤੇ ਸੂਝ ਵਿਸ਼ਾਲ ਸੀ। ਉਨ੍ਹਾਂ ਨੂੰ ਪਤਾ ਸੀ ਮੌਸਮ ਬੇਯਕੀਨਾ ਹੁੰਦਾ ਹੈ। ਨਾਲੇ ਚਲਦੀ ਬੱਸ ਤਾਂ ਉਂਜ ਵੀ ਤੇਜ਼ ਹਵਾ ਨੂੰ ਨਾਲ ਲਈ ਫਿਰਦੀ ਹੈ। ਕੀ ਜਾਣੀਏ, ਰਾਹ 'ਚ ਕਿਤੇ ਇਹ ਹਲਕਾ ਜਿਹਾ ਅਟੈਚੀ ਹਵਾ ਹੀ ਉਡਾ ਲਿਜਾਵੇ। ਦਾਰਜੀ ਤਾਂ ਹਰ ਚੀਜ਼ ਕੱਸਣ ਦੇ ਮਾਹਰ ਸਨ, ਸਾਰੇ ਘਰ ਬਾਹਰ ਦੇ ਮੰਜੇ ਤੇ ਬੰਦੇ ਉਨ੍ਹਾਂ ਕੱਸ ਕੇ ਰੱਖੇ ਹੋਏ ਸਨ। ਉਹ ਕਦੇ ਕਿਸੇ ਢਿੱਲ੍ਹ ਨੂੰ ਬਰਦਾਸ਼ਤ ਨਹੀਂ ਸੀ ਕਰਦੇ। ਢਿਲ੍ਹਾ ਮੰਜਾ ਦੇਖਿਆ ਨਹੀਂ, ਇਸ ਨੂੰ ਵਿਹੜੇ 'ਚ ਢਾਹ ਲੈਂਦੇ ਸਨ। ਫਿਰ ਇਸਦੀ ਦੌਣ ਕੱਸ ਕੱਸ ਕੇ ਮੰਜੇ ਦੀਆ ਚੂਲਾਂ ਹਿਲਾ ਦਿੰਦੇ ਸਨ। ਗੱਲ ਬਹੁਤੀ ਵਿਗੜੀ ਹੋਵੇ ਤਾਂ ਉਹ ਮੰਜਾ ਉਧੇੜ ਕੇ, ਨਵਾਂ ਜੀਅ ਪਾ ਕੇ ਨਵੇਂ ਸਿਰਿਉਂ ਬੁਣਨ ਲੱਗ ਪੈਂਦੇ ਸਨ, ਲੋੜ ਪੈਣ 'ਤੇ ਹੋਰ ਵਾਣ ਖਰੀਦ ਲਿਆਉਂਦੇ ਸਨ। ਪਰ ਇਸ ਰੁਝੇਵੇਂ ਦੌਰਾਨ ਉਹ ਕਿਸੇ ਹੋਰ ਨੂੰ ਨੇੜੇ ਨਹੀਂ ਸਨ ਫੜਕਣ ਦਿੰਦੇ। ਢਿੱਲ੍ਹਾ ਮੰਜਾ ਤੇ ਢਿੱਲ੍ਹਾ ਬੰਦਾ ਤਾਂ ਉਨ੍ਹਾਂ ਨੂੰ ਚਾਰ ਘਰ ਪਰੇ ਵੀ ਦਿਸ ਪੈਂਦਾ ਸੀ।

ਦਾਰਜੀ ਨੇ ਏਧਰ-ਉਧਰ ਦੇਖਿਆ। ਅੱਡੇ ਦੀਆਂ ਹੱਟੀਆਂ ਤੋਂ ਤਾਂ ਰੱਸੀਆਂ ਨਹੀਂ ਮਿਲ ਸਕਦੀਆਂ, ਮਿਲ ਵੀ ਜਾਂਦੀਆਂ, ਦਾਰਜੀ ਅਜਿਹੇ ਕੰਮਾਂ ਲਈ ਰੁਪਿਆਂ ਦਾ ਨਬੇੜਾ ਨਹੀਂ ਸਨ ਕਰਦੇ। ਦਾਰਜੀ ਚਾਹੁੰਦੇ ਤਾਂ ਡਰਾਈਵਰ ਬੱਸ ਨੂੰ ਉਨ੍ਹਾਂ ਦੇ ਘਰ ਦੇ ਕੋਲ ਦੀ ਲਿਜਾ ਸਕਦਾ ਸੀ ਪਰ ਬਠਿੰਡੇ ਦੀਆਂ ਗਲੀਆਂ ਰੁਕਾਵਟ ਸਨ। ਕਿਧਰੇ ਤਾਂ ਏਨੀਆਂ ਚੌੜੀਆਂ ਕਿ ਭਾਵੇਂ ਬੋਇੰਗ ਜਹਾਜ਼ ਲੰਘਾ ਲਵੋ ਤੇ ਕਿਧਰੇ ਏਨੀਆਂ ਭੀੜੀਆਂ ਕਿ ਭੋਰਾ ਜੁਆਕ ਗਡੀਰਾ ਵੀ ਨਹੀਂ ਲੰਘਾ ਸਕਦਾ। ਪਰ ਦਾਰਜੀ ਨੂੰ ਦਾਰਜੀ ਫਿਰ ਕੌਣ ਆਖਦਾ ਜੇ ਉਹ ਖੜ੍ਹੇ ਪੈਰ ਏਨੇ ਗੰਭੀਰ ਮਸਲੇ ਦਾ ਹੱਲ ਨਾ ਲਭਦੇ। ਉਨ੍ਹਾਂ ਏਧਰ ਉਧਰ ਮੌਕਾ ਦੇਖਿਆ, ਹੱਲ ਉਨ੍ਹਾਂ ਦੇ ਨੇਫੇ 'ਚ ਸੀ। ਉਨ੍ਹਾਂ ਝਬਦੇ ਆਪਣਾ ਪਾਜਾਮਾ ਖੋਲ੍ਹਿਆ ਤੇ ਮਦਾਰੀ ਦੇ ਖੁੱਡ 'ਚੋਂ ਸੱਪ ਕੱਢਣ ਵਾਂਗ ਇਸ ਦੇ ਨੇਫੇ 'ਚੋਂ ਨਾਲਾ ਕੱਢ ਲਿਆ। ਦਾਰਜੀ ਦੇ ਪਾਜਾਮੇ ਦਾ ਨਾਲਾ ਕੋਈ ਹਮਾਤੜ ਦੇ ਪਾਜਾਮੇ ਦਾ ਨਾਲਾ ਥੋੜੀ ਸੀ। ਊਠ ਦੀ ਲਗਾਮ ਜਿੱਡਾ ਸੀ, ਭਾਵੇਂ ਬੱਸ ਦੇ ਸਾਰੇ ਨਗਾਂ ਨੂੰ ਇਸ ਨਾਲ ਬੰਨ੍ਹ ਲਵੋ। ਉਨ੍ਹਾਂ ਪਾਜਾਮਾ ਝਾੜ ਕੇ ਬੱਲਾਰੱਤੇ ਮੋਢੇ 'ਤੇ ਸੁੱਟਿਆ ਅਤੇ ਅਟੈਚੀ ਕੇਸ ਨੂੜਨ ਦੀ ਵਿਉਂਤ ਲਾਉਣ ਲੱਗੇ। ਉਨ੍ਹਾਂ ਬੱਸ ਦੀ ਛੱਤ 'ਤੇ ਅਟੈਚੀ ਦੀ ਹਰ ਸੰਭਵ ਵਿਰਲ, ਗਲੀ ਤੇ ਟੇਕ ਵਿਚ ਦੀ ਨਾਲੇ ਨੂੰ ਲੰਘਾਇਆ ਤੇ ਅਟੈਚੀ ਨੂੰ ਇਸ ਤਰ੍ਹਾਂ ਜਕੜ ਦਿੱਤਾ ਕਿ ਹੁਣ ਭਾਵੇਂ ਕਿੰਨੀ ਕਾਲੀ ਬੋਲੀ ਤੇ ਪੀਲੀ ਹਨੇਰੀ ਬੱਸ ਦੇ ਉਪਰ ਦੀ ਲੰਘ ਜਾਵੇ, ਬੱਸ ਉਡ ਜਾਵੇਗੀ ਪਰ ਅਟੈਚੀ ਟੱਸ ਤੋਂ ਮੱਸ ਨਹੀਂ ਹੋਵੇਗਾ।

ਸਾਰਾ ਕੰਮ ਨਿਬੇੜ ਕੇ ਤੇ ਤਸੱਲੀ ਵਜੋਂ ਵੱਡਾ ਸਾਰਾ ਖੰਘੂਰਾ ਮਾਰ ਕੇ ਦਾਰਜੀ ਬੱਸ ਤੋਂ ਹੇਠਾਂ ਲਹਿ ਗਏ ਤੇ ਇਸ ਦੇ ਅੰਦਰ ਵੜ ਗਏ। ਮੁੰਡੇ ਨੂੰ ਸਮਝਾਉਣਾ ਸੀ, ਬੱਸ ਵਿਚ ਸਾਮਾਨ ਕਿਵੇਂ ਸੰਭਾਲੀਦਾ ਹੈ। ਬੱਸ ਦੀਆਂ ਸਵਾਰੀਆਂ ਨੇ ਗੋਡਿਆਂ ਤੱਕ ਨੰਗੇ ਤੇ ਮੋਢੇ ਪਾਜਾਮਾ ਰੱਖੀ ਵਧੇ ਆ ਰਹੇ ਦਾਰਜੀ ਨੂੰ ਦੇਖਿਆ। ਦਾਰਜੀ ਨੂੰ ਕੌਣ ਕੁਝ ਕਹਿ ਸਕਦਾ ਸੀ, ਅੱਧੀਆਂ ਸਵਾਰੀਆਂ ਤਾਂ ਉਨ੍ਹਾਂ ਨੂੰ ਜਾਣਦੀਆਂ ਸਨ। ਉਨ੍ਹਾਂ ਸ਼ਰਧਾ ਤੇ ਸ਼ਰਮ ਦੇ ਮਿਲੇ ਜੁਲੇ ਭਾਵਾਂ ਨਾਲ ਅੱਖਾਂ ਨੀਵੀਆਂ ਪਾ ਲਈਆਂ। ਪਰ ਸਭਿਅਤਾ ਦੀ ਇਸ ਮੁਢਲੀ ਅਵਸਥਾ ਵਿਚ ਦਾਰਜੀ ਨੂੰ ਦੇਖ ਕੇ ਮੁੰਡੇ ਦੇ ਹੋਸ਼ ਉਡ ਗਏ। ਪਾਣੀਓਂ ਪਾਣੀ ਹੋਇਆ, ਸੋਚਣ ਲੱਗਾ ਪਾਣੀ ਬਣਿਆ ਉਹ ਕਿਧਰੇ ਬੱਸ ਦੀ ਫਰਸ਼ ਵਿਚ ਹੀ ਵਹਿ ਜਾਵੇ। ਇਨ੍ਹਾਂ ਸਵਾਰੀਆਂ ਦੇ ਸੰਗ ਵਿਚ ਇਹ ਨਮੋਸ਼ੀ ਹੁਣ ਦੂਰ ਦਿੱਲੀ ਤੱਕ ਉਸਦੇ ਨਾਲ ਚੁੰਬੜੀ ਰਹਿਣੀ ਸੀ। ਉਹ ਕੰਬ ਉਠਿਆ। ਉਸਨੇ ਇਸ਼ਾਰਿਆਂ ਨਾਲ ਬਥੇਰਾ ਕਿਹਾ ਕਿ ਦਾਰਜੀ ਹੁਣ ਜਾਓ; ਦਿੱਲੀ ਤੱਕ ਮੈਂ ਆਪਣਾ ਆਪ ਤੇ ਆਪਣਾ ਸਾਮਾਨ ਸੰਭਾਲ ਲਵਾਂਗਾ; ਪਰ ਦਾਰਜੀ ਨੂੰ ਪਤਾ ਸੀ ਅਜੋਕੀ ਪੀੜ੍ਹੀ ਕਿੰਨੀ ਅਲਗਰਜ਼ ਹੈ। ਉਨ੍ਹਾਂ ਪਾਜਾਮੇ ਨਾਲ ਨੱਕ ਪੂੰਝਿਆ ਤੇ ਪੋਤੇ ਨੂੰ ਮੁਖਾਤਿਬ ਹੋਏ, "ਕਾਕਾ ਹੁਣ ਨਹੀਂ ਜਾਂਦਾ ਤੇਰਾ ਟੈਚੀ ਕਿਤੇ। ਰਾਹ 'ਚ ਦੇਖਦਾ ਜਾਈਂ।" ਪਰ ਖਿੜਕੀ ਤੋਂ ਬਾਹਰ ਮੂੰਹ ਕਰੀ ਮੁੰਡਾ ਦਾਰਜੀ ਨੂੰ ਅਣਡਿੱਠ ਕਰ ਰਿਹਾ ਸੀ, ਬੁੜਾ ਹੁਣ ਦਫਾ ਹੋਵੇ ਪਰਾਂਹ। ਪਰ ਦਾਰਜੀ ਦੀ ਅਜੇ ਵੀ ਇਕ ਹੋਰ ਕਾਰਵਾਈ ਬਾਕੀ ਰਹਿੰਦੀ ਸੀ। ਉਨ੍ਹਾਂ ਜੇਬ ਵਿਚੋਂ ਦਸਾਂ ਦਾ ਨੋਟ ਕੱਢ ਲਿਆ। ਜਿਨ੍ਹਾਂ ਦਿਨਾਂ ਵਿਚ ਲੋਕ ਪਿਆਰ ਵਜੋਂ ਇਕ ਰੁਪਿਆ ਦਿਆ ਕਰਦੇ ਸਨ, ਦਾਰਜੀ ਦਸ ਰੁਪਏ ਦਿੰਦੇ ਸਨ ਤੇ ਹੁਣ ਜਦੋਂ ਸੌ ਰੁਪਏ ਦੇਣ ਦਾ ਰਿਵਾਜ ਚੱਲ ਪਿਆ ਤਾਂ ਵੀ ਦਾਰਜੀ ਜੇਬ 'ਚੋਂ ਦਸ ਰੁਪਏ ਹੀ ਢਿੱਲ੍ਹੇ ਕਰਦੇ ਸਨ। ਮੋਢੇ 'ਤੇ ਪਾਜਾਮਾ ਅਤੇ ਹੱਥ ਵਿਚ ਦਸ ਦਾ ਨੋਟ ਫੜੀ ਦਾਰਜੀ ਪੋਤੇ ਨੂੰ ਜਮਦੂਤ ਦਿਖਾਈ ਦੇ ਰਹੇ ਸਨ। ਪੋਤੇ ਨੇ ਉਨ੍ਹਾਂ ਦੇ ਹੱਥ 'ਚੋਂ ਦਵਾਸ਼ੱਟ ਨੋਟ ਖਿਚ ਲਿਆ ਤੇ ਬੱਸ ਤੋਂ ਉਤਰ ਆਇਆ। ਉਹ ਦੂਜੀ ਬੱਸ ਫੜਨ ਬਾਰੇ ਵੀ ਸੋਚਣ ਲੱਗਾ ਸੀ ਕਿ ਕੰਡਕਟਰ ਨੇ ਸੀਟੀ ਵਜਾ ਦਿੱਤੀ। ਦਾਰਜੀ ਬੱਸ ਤੋਂ ਬਾਹਰ ਹੋ ਗਏ।

ਦਾਰਜੀ ਵਾਪਸੀ ਸਮੇਂ ਮੋਢੇ 'ਤੇ ਪਾਜਾਮਾ ਰੱਖੀ ਘਰ ਆ ਰਹੇ ਸਨ ਪਰ ਮਜਾਲ ਹੈ ਦੁਕਾਨਦਾਰ, ਗਲੀ ਮਹੱਲਿਆਂ ਦੇ ਲੋਕ, ਗੁਆਂਢੀ ਉਨ੍ਹਾਂ ਦੀ ਅੱਖ ਨਾਲ ਅੱਖ ਮਿਲਾ ਸਕਣ। ਕਈ ਤਾਂ ਡਰਦੇ ਮਾਰੇ ਸਬਾਤਾਂ 'ਚ ਹੀ ਵੜ ਜਾਂਦੇ ਸਨ। ਘਰ ਪਹੁੰਚਣ 'ਤੇ ਨਾਨੀ ਜੀ ਨੇ ਦਾਰਜੀ ਦੀ ਸਾਰੀ ਵਿਥਿਆ ਸੁਣੀ ਤਾਂ ਬੋਲੀ, "ਜੇ ਦੋ ਟੈਚੀ ਹੁੰਦੇ ਤਾਂ ਤੁਸੀਂ ਆਪਣੇ ਕਛਿਹਰੇ ਦਾ ਨਾਲਾ ਵੀ ਖੋਲ ਲੈਣਾ ਸੀ। ਉਸਦਾ ਨਾਲਾ ਤਾਂ ਪਾਜਾਮੇ ਨਾਲੋਂ ਵੀ ਲੰਮਾ ਹੈ।"

ਦਾਰਜੀ ਤੋਂ ਠੁਸਕ ਜਿਹਾ ਖੰਘੂਰਾ ਹੀ ਸਰਿਆ ਤੇ ਉਹ ਪਰੇ ਨੂੰ ਚਲੇ ਗਏ। ਉਹ ਆਪਣੀ ਸਰਦਾਰਨੀ ਤੋਂ ਹੀ ਸੁੱਤ ਰਹਿੰਦੇ ਸਨ।

## ਸੰਪਾਦਕ ਦੀ ਡਾਕ

# ਪੰਜਾਬ ਟਾਈਮਜ਼ ਦਾ ਸ਼ਲਾਘਾਯੋਗ ਉਪਰਾਲਾ

ਲੰਘੀ 27 ਮਾਰਚ ਦੀ ਸ਼ਾਮ ਪੰਜਾਬ ਟਾਈਮਜ਼ ਦੀ ਦਸਵੀਂ ਵਰ੍ਹੇਗੰਢ ਨੂੰ ਸਮਰਪਿਤ ਪੇਸ਼ ਕੀਤਾ ਗਿਆ ਪਰਿਵਾਰਕ ਪ੍ਰੋਗਰਾਮ ਲੰਮਾ ਸਮਾਂ ਚੇਤੇ ਰਹੇਗਾ। ਇੰਡੀਆ ਹਾਊਸ ਦੇ ਖੁੱਲ੍ਹੇ ਡੁੱਲ੍ਹੇ ਹਾਲ ਵਿਚ ਮਹਿਮਾਨਾਂ ਦੀ ਹਰ ਸਹੂਲਤ ਦਾ ਧਿਆਨ ਰੱਖਿਆ ਗਿਆ ਸੀ। ਮਿਡਵੈਸਟ ਦੇ ਵੱਖ ਵੱਖ ਕੋਨਿਆਂ ਤੋਂ ਲੈ ਕੇ ਕੈਲੀਫੋਰਨੀਆ, ਵੈਨਕੂਵਰ ਅਤੇ ਟੋਰਾਂਟੋ ਤੋਂ ਵੀ ਮਹਿਮਾਨ ਹਾਜ਼ਰ ਸਨ। ਕੈਲੀਫੋਰਨੀਆ ਤੋਂ ਰਾਜੇਸ਼ ਰਾਜੂ, ਬੱਬੂ ਗੁਰਪਾਲ ਅਤੇ ਸੁੱਖ ਨੇ ਸ਼ੇਅਰਾਂ ਅਤੇ ਗੀਤਾਂ ਨਾਲ ਇਕ ਬਹੁਤ ਹੀ ਮਿਆਰੀ ਪ੍ਰੋਗਰਾਮ ਪੇਸ਼ ਕੀਤਾ। ਨਰਿੰਦਰ ਬੱਗੇ ਅਤੇ ਉਸ ਦੇ ਸਾਥੀਆਂ ਦਾ ਸੰਗੀਤ ਸੋਨੇ 'ਤੇ ਸੁਹਾਗੇ ਦਾ ਕੰਮ ਕਰ ਰਿਹਾ ਸੀ।

ਬੱਬੂ, ਰਾਜੂ ਅਤੇ ਸੁੱਖ ਦੇ ਗੀਤਾਂ ਵਿਚ ਮਾਂ ਦੀ ਮਮਤਾ, ਦੁਨੀਆਂ 'ਚੋਂ ਮੁੱਕਦੇ ਜਾਂਦੇ ਮੋਹ ਮੁਹੱਬਤ ਅਤੇ ਪੰਜਾਬ ਦੇ ਸੁਨਹਿਰੇ ਦਿਨਾਂ ਦੀਆਂ ਯਾਦਾਂ ਦੀ ਗੱਲ ਕੀਤੀ ਗਈ ਸੀ। ਕਿਸੇ ਇਕ ਵੀ ਗੀਤ ਵਿਚ ਹਲਕੀ ਸ਼ਬਦਾਵਲੀ ਜਾਂ ਕੁੜੀਆਂ ਦੁਆਲੇ ਘੁੰਮਣ ਵਾਲੇ ਹਲਕੀ ਪੱਧਰ ਦੇ ਬੋਲ ਸ਼ਾਮਲ ਨਹੀਂ ਸਨ। ਇਨ੍ਹਾਂ ਗਾਇਕਾਂ ਨੇ ਇਸ ਸ਼ਾਮ ਨੂੰ ਲੋਕ ਗਾਥਾ ਹੀਰ, ਛੱਲੇ ਅਤੇ ਲੋਕ ਬੋਲੀਆਂ ਨਾਲ ਸ਼ਿੰਗਾਰਿਆ। ਨਿੰਮੇ, ਸਤਿੰਦਰਪਾਲ ਰਾਜ ਅਤੇ ਪੂਜਾ ਧਾਲੀਵਾਲ ਨੇ ਵੀ ਇਸੇ ਰੀਤ ਨੂੰ ਕਾਇਮ ਰੱਖਿਆ।

ਗੁਰਦਾਸ ਮਾਨ ਨੂੰ ਆਪਣਾ ਮੁਰਸ਼ਦ ਮੰਨਣ ਵਾਲੇ ਬੱਬੂ ਗੁਰਪਾਲ ਵਿਚਲੀ ਹਲੀਮੀ ਅੱਜ ਵਿਰਲੇ ਕਲਾਕਾਰਾਂ ਵਿਚ ਹੀ ਮਿਲਦੀ ਹੈ। ਰਾਜੇਸ਼ ਰਾਜੂ ਦੀ ਆਵਾਜ਼ ਦੀਆਂ ਗਰਾਰੀਆਂ ਤੇ ਸੁੱਖ ਦੀ ਟੁਣਕਦੀ ਆਵਾਜ਼ ਵਿਚ ਗਾਏ ਸਭਿਆਚਾਰਕ ਅਤੇ ਸਾਰਥਕ ਗੀਤਾਂ ਨੇ ਸਰੋਤਿਆਂ ਉਤੇ ਦੇਰ ਤੱਕ ਰਹਿਣ ਵਾਲੀ ਛਾਪ ਛੱਡੀ। ਕਾਸ਼ ਇਹੋ ਜਿਹੇ ਕਲਾਕਾਰਾਂ ਨੂੰ ਸਾਡੀਆਂ ਲੋਕ ਸੰਸਥਾਵਾਂ ਪ੍ਰੋਮੋਟ ਕਰਨ। ਇਹ ਆਪਣੇ ਸਭਿਆਚਾਰ ਪ੍ਰਤੀ ਸਹੀ ਮਾਇਨਿਆਂ ਵਿਚ ਨਿਸ਼ਠਾ ਆਖੀ ਜਾਏਗੀ। ਭਾਵੇਂ ਪੈਸਾ ਹਰ ਕਸਬ ਦੀ ਰੀੜ ਦੀ ਹੱਡੀ ਹੁੰਦਾ ਹੈ ਪਰ ਤਾਂ ਵੀ ਇਹ ਮੁੰਡੇ ਸਿਰਫ ਪੈਸੇ ਲਈ ਨਹੀਂ ਗਾਉਂਦੇ ਸਗੋਂ ਪੰਜਾਬੀ ਸਭਿਆਚਰ ਪ੍ਰਤੀ ਆਪਣੇ ਮੋਹ ਵਿਚੋਂ ਗਾਉਂਦੇ ਹਨ। ਰੱਬ ਕਰੇ ਇਨ੍ਹਾਂ ਦੀ ਸੱਚੀ ਸੋਚ ਤੇ ਸੁੱਚੀ ਗਾਇਕੀ ਨੂੰ ਸਾਡੀਆਂ ਸਭਿਆਚਾਰਕ ਸੰਸਥਾਵਾਂ ਹੁਲਾਰਾ ਦੇਣ ਅਤੇ ਪੰਜਾਬ ਟਾਈਮਜ਼ ਇਕ ਵਧੀਆ ਸੂਤਰਧਾਰ ਦਾ ਕੰਮ ਕਰਦਾ ਹੋਇਆ ਅਜਿਹੇ ਹੀਰਿਆਂ ਨੂੰ ਸਰੋਤਿਆਂ ਨਾਲ ਮਿਲਾਉਂਦਾ ਰਹੇ।

-ਕੁਲਵਿੰਦਰ ਧਾਲੀਵਾਲ
ਮਿਲਵਾਕੀ

# ਕਲਾਵਾਨੋ, ਪੂਰਾ ਸਾਲ ਚੇਤੇ ਰੱਖਿਆ ਕਰੋ ਸ਼ਹੀਦਾਂ ਦੀਆਂ ਕੁਰਬਾਨੀਆਂ

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਰੱਖਣ ਵਾਲੇ ਲੋਕਾਂ ਦੀ ਗਿਣਤੀ, ਇਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਵੱਟਣ ਵਾਲਿਆਂ ਦੇ ਮੁਕਾਬਲਤਨ ਮਸਾਂ ਦਸ ਫੀਸਦੀ ਹੋਵੇਗੀ। ਜਿਨ੍ਹਾਂ ਅੰਦਰ ਦੇਸ਼ ਅਜ਼ਾਦ ਕਰਾਉਣ, ਬਰਾਬਤਾ ਲਿਆਉਣ, ਸਾਮਰਾਜਵਾਦ ਦੇ ਖ਼ਾਤਮੇ ਦਾ ਹਠ ਸੀ, ਉਨ੍ਹਾਂ ਮੌਤ ਨਾਲ ਲਾਵਾਂ ਲੈ ਲਈਆਂ ਤੇ ਅੱਗੋਂ ਜਿਨ੍ਹਾਂ ਨੇ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਣਾ ਸੀ, ਉਨ੍ਹਾਂ ਨੇ ਚੌਧਰ ਦੇ ਲਾਲਚ 'ਚ ਜ਼ਮੀਰ ਨੂੰ ਗਹਿਣੇ ਧਰ ਛੱਡਿਆ। ਜਿਨ੍ਹਾਂ ਅੰਗਰੇਜ਼ਾਂ ਨਾਲ ਆਢਾ ਲਾਇਆ, ਹਿੱਕਾਂ ਤਾਣ-ਤਾਣ ਗੋਲੀਆਂ ਖਾਧੀਆਂ, ਵਰ੍ਹਦੀਆਂ ਡਾਂਗਾਂ 'ਚ ਸਿਰ ਅੱਗੇ ਕੀਤੇ, ਉਹ ਵਿਚਾਰੇ ਤੁਰ ਗਏ ਤੇ ਜਿਨ੍ਹਾਂ 'ਤੇ ਨਵੇਂ ਸਿਰਿਓਂ ਜ਼ਿੰਮੇਵਾਰੀ ਪੈਣੀ ਸੀ, ਉਨ੍ਹਾਂ ਖ਼ੁਦ ਪਿੱਛੇ ਰਹਿ ਕੇ ਇਸ਼ਾਰਿਆਂ 'ਤੇ ਨੱਚਣ ਵਾਲਿਆਂ ਹੱਥੋਂ ਹੱਕ ਮੰਗਣ ਵਾਲਿਆਂ 'ਤੇ ਗੋਲੀਆਂ ਵੀ ਚਲਵਾਈਆਂ...ਪਿੰਡਾਂ, ਸ਼ਹਿਰਾਂ, ਕਸਬਿਆਂ 'ਚ ਅੰਨ੍ਹੇਵਾਹ ਡਾਂਗਾਂ ਵੀ ਵਰ੍ਹਾਈਆਂ।

ਸਾਨੂੰ ਭਗਤ ਸਿੰਘ ਦੀ ਕੁਰਬਾਨੀ ਸਿਰਫ਼ ਸਿਲੇਬਸ ਦੇ ਰੱਟੇ ਸਵਾਲਾਂ ਵਾਂਗ ਚੇਤੇ ਹੈ, ਹੋਰ ਕੁਝ ਨਹੀਂ। ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਾਡੇ ਚੇਤੇ ਵਿਚ ਉਸੇ ਤਰ੍ਹਾਂ ਨੇ, ਜਿਵੇਂ ਬਚਪਨ 'ਚ ਸਾਨੂੰ 'ਮੇਰਾ ਸਕੂਲ' ਲੇਖ ਚੇਤੇ ਕਰਾਇਆ ਜਾਂਦੈ। ਸਾਨੂੰ ਸਿਰਫ਼ ਏਨਾ ਚੇਤੇ ਰਹਿ ਗਿਐ ਕਿ 1931 ਦੀ 23 ਮਾਰਚ ਨੂੰ ਤਿੰਨ ਜਣਿਆਂ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦਿਆਂ ਫਾਂਸੀ ਦੇ ਰੱਸੇ ਹੱਸ-ਹੱਸ ਗਲ਼ 'ਚ ਪਾ ਲਏ ਸਨ ਤੇ ਮਗਰੋਂ ਅਸੀਂ ਇਨ੍ਹਾਂ ਦੀ ਸੋਚ ਦਾ ਦੀਵਾ ਜਗਦਾ ਰੱਖਣ ਦੀ ਥਾਂ ਐਸੀਆਂ ਫੂਕਾਂ ਮਾਰ-ਮਾਰ ਬੁਝਾਇਆ ਕਿ ਹੁਣ ਇਸ ਦੀਵੇ ਦੇ ਜਗਣ ਦੀ ਆਸ ਹੀ ਨਹੀਂ ਬਚੀ। 23 ਮਾਰਚ ਨੂੰ ਅਸੀਂ ਚੇਤੇ ਇਸ ਕਰਕੇ ਕਰਦੇ ਹਾਂ ਕਿ ਇਹ ਦਿਨ ਨੌਜਵਾਨ ਦੇ 'ਆਦਰਸ਼' ਤਿੰਨ ਨਾਇਕਾਂ ਨਾਲ ਬਾਵਸਤਾ ਹੈ, ਪਰ ਸੱਚੇ ਦਿਲੋਂ ਨਾ ਨੌਜਵਾਨਾਂ ਅੰਦਰ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਜਜ਼ਬਾ ਰਿਹਾ ਹੈ ਤੇ ਨਾ ਸਾਡੇ ਚਿੱਟੀਆਂ-ਨੀਲੀਆਂ ਪੱਗਾਂ ਵਾਲੇ ਲੀਡਰਾਂ ਕੋਲ ਏਨਾ ਸਮਾਂ ਹੈ ਕਿ ਸਾਲ ਦੇ 365 ਦਿਨ ਨਾ ਸਹੀ ਕੁਝ ਦਿਨ ਹੀ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦੇ ਲੇਖੇ ਲਾ ਸਕਣ।

ਇਸ ਲੇਖ ਨੂੰ 23 ਮਾਰਚ ਨੂੰ ਬਾਅਦ ਪਾਠਕਾਂ ਤੱਕ ਅੱਪੜਦਾ ਕਰਨ ਪਿੱਛੇ ਜਿਹੜਾ ਮਕਸਦ ਲੁਕਿਐ, ਉਸ ਨੂੰ ਜ਼ਾਹਰ ਕਰਦਿਆਂ ਸਭ ਕੁੱਝ ਆਪਣੇ ਆਪ ਜ਼ਾਹਰ ਹੋ ਜਾਂਦੈ। ਪਹਿਲੀ ਮਾਰਚ ਤੋਂ ਸਾਨੂੰ ਭਗਤ ਸਿੰਘ ਦੀ ਸ਼ਹੀਦੀ ਚੇਤੇ ਆਉਣ ਲੱਗੀ, ਟੀ.ਵੀ. 'ਤੇ ਚੱਲਦੇ ਗੀਤਾਂ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਊਧਮ ਸਿੰਘ ਦਾ ਜ਼ਿਕਰ ਹੋਣ ਲੱਗਾ, ਸ਼ਹੀਦਾਂ ਦੀਆਂ ਘਾਲਣਾਵਾਂ ਸਾਡੇ ਅੰਦਰ ਜੋਸ਼ ਭਰਨ ਲੱਗੀਆਂ, ਪਰ 23 ਤਰੀਕ ਲੰਘਦਿਆਂ ਹੀ ਸਾਡੀ ਸੋਚ ਬਦਲ ਗਈ। ਅਸੀਂ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਗੁਆਚ ਗਏ...ਬਾਜ਼ਾਰਾਂ 'ਚੋਂ ਕੇਸਰੀ ਪੱਗਾਂ ਚੁੱਕੀਆਂ ਗਈਆਂ ਤੇ ਨਵੇਂ ਤਿਉਹਾਰ ਨਾਲ ਜੁੜੀਆਂ ਚੀਜ਼ਾਂ ਵੇਚਣ ਦੀ ਵਿਉਂਤਬੰਦੀ ਸ਼ੁਰੂ ਹੋ ਗਈ। ਕਿਸੇ ਕੋਲ ਇਹ ਗੱਲ ਵਿਚਾਰਨ ਦਾ ਸਮਾਂ ਨਹੀਂ ਕਿ ਸਿਰਫ਼ ਇੱਕ ਦਿਨ ਸ਼ਹੀਦਾਂ ਦੇ ਬੁੱਤਾਂ 'ਤੇ ਹਾਰ ਪਾਉਣ ਅਤੇ ਉਨ੍ਹਾਂ ਨੂੰ ਪਾਣੀ ਨਾਲ ਧੋਣ ਕੇ ਕੁਝ ਨਹੀਂ ਬਣਨ ਲੱਗਾ?

ਕਿੰਨੇ ਦੁੱਖ ਦੀ ਗੱਲ ਹੈ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਦਿਹਾੜੇ ਵੀ ਤਿਉਹਾਰਾਂ ਵਾਂਗ 'ਫੈਸ਼ਨ' ਦਾ ਹਿੱਸਾ ਬਣਦੇ ਜਾ ਰਹੇ ਨੇ, ਪਰ ਥੋੜ੍ਹੀ ਕੁ ਤਸੱਲੀ ਦੀ ਗੱਲ ਇਹ ਵੀ ਹੈ ਕਿ ਭਾਵੇਂ ਦਿਖਾਵੇ ਲਈ ਹੀ ਸਹੀ, 23 ਮਾਰਚ ਵਾਲੇ ਦਿਨ ਨੌਜਵਾਨਾਂ ਨੂੰ ਕੇਸਰੀ ਪੱਗਾਂ ਬੰਨ੍ਹਣ ਦਾ ਖ਼ਿਆਲ ਤਾਂ ਆਉਂਦਾ ਹੈ। ਜਿਵੇਂ ਕਿਸੇ ਸੱਭਿਆਚਾਰਕ ਸਟੇਜ ਨੂੰ ਦੇਖਣ ਲਈ ਹਜੂਮ ਧੱਕਾ-ਮੁੱਕੀ ਕਰਦਾ ਹੈ, ਪਰ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਉਥੇ ਕੁਰਸੀਆਂ ਇਕੱਠੀਆਂ ਕਰਨ ਵਾਲਾ ਵੀ ਕੋਈ ਨਹੀਂ ਬਚਦਾ। ਠੀਕ ਉਸੇ ਤਰ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਨ ਵਾਲੇ ਦਿਨ ਤੋਂ ਪਹਿਲਾਂ ਸਾਡੇ ਅੰਦਰ ਉਤਸ਼ਾਹ ਉਬਾਲੇ ਮਾਰਦੈ, ਅਸੀਂ ਸੋਚਦੇ ਹਾਂ ਕਿ ਲੀਡਰਾਂ ਨੇ ਸਾਨੂੰ ਪੱਟ ਸੁੱਟਿਆ, ਇਨ੍ਹਾਂ ਨੇ ਪਹਿਲਾਂ 'ਸੋਨੇ ਦੀ ਚਿੜੀ' ਦੇ ਖੰਭ ਲਾਹੇ ਤੇ ਫੇਰ ਇਸਦੀ ਧੌਣ ਹੀ ਮਰੋੜ ਛੱਡੀ, ਪਰ ਫੇਰ ਸਭ ਕੁਝ ਆਇਆ ਰਾਮ-ਗਿਆ ਰਾਮ ਹੋ ਜਾਂਦਾ ਹੈ।

ਜ਼ਰਾ ਸੋਚੋ, ਅਸੀਂ ਲੋਕ ਲੋਕਾਈ ਨਾਲ ਜੁੜੀਆਂ ਆਪਣੀਆਂ ਜ਼ਿੰਮੇਵਾਰੀਆਂ ਕਿੰਨੀ ਕੁ ਤਨਦੇਹੀ ਨਾਲ ਨਿਭਾਅ ਰਹੇ ਹਾਂ? ਅਸੀਂ ਸਾਲ 'ਚੋਂ ਕਿੰਨਾ ਸਮਾਂ ਸ਼ਹੀਦਾਂ ਦੀ ਸੋਚ ਦੇ ਲੇਖੇ ਲਾਉਣ ਲਈ ਕੱਢਦੇ ਹਾਂ? ਕੀ ਅਸੀਂ ਪੂਰੇ ਸਾਲ ਵਿਚੋਂ ਚੌਵੀ ਘੰਟੇ ਵੀ ਸਿਰਫ਼ ਦੂਜਿਆਂ ਬਾਰੇ ਸੋਚਦੇ ਹਾਂ? ਕੀ ਅਸੀਂ ਨਸ਼ਿਆਂ ਦੀ ਥਾਂ ਗਰੀਬਾਂ ਨੂੰ ਰੋਟੀ ਖੁਆਉਣ ਤੇ ਨਿਆਸਰਿਆਂ ਦਾ ਇਲਾਜ ਕਰਾਉਣ ਲਈ ਆਪਣੀ ਜੇਬ 'ਚੋਂ ਪੈਸੇ ਕੱਢਦੇ ਹਾਂ?

ਖੜਕਣ ਕਲਾਂ ਦਾ ਨਾਂ ਸੰਸਾਰ ਦੇ ਨਕਸ਼ੇ 'ਤੇ ਚਮਕ ਰਿਹੈ, ਪਰ ਸਾਡੇ ਮਨਾਂ ਅੰਦਰੋਂ ਇਸ ਦੀ ਚਮਕ ਫਿੱਕੀ ਪੈਂਦੀ ਜਾ ਰਹੀ ਹੈ। ਕਾਰਨ ਇਹੀ ਹੈ ਕਿ ਸਾਡੇ ਕੋਲ ਵਿਹਲ ਨਹੀਂ। ਲੀਡਰ ਕੱਦੂ 'ਚ ਤੀਰ ਮਾਰਦਿਆਂ ਇਸ ਦਿਨ ਕਹਿ ਛੱਡਦੇ ਨੇ, 'ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਇਆ ਜਾਵੇਗਾ...?' ਜਦਕਿ ਅੰਦਰੋਂ ਉਹ ਕਹਿ ਰਹੇ ਹੁੰਦੇ ਨੇ, 'ਇਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਵੱਟਿਆ ਜਾਵੇਗਾ...!' ਪਿੱਛੇ ਜਿਹੇ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਬਣੀ ਇੱਕ ਕਲੱਬ ਨੇ ਸੱਭਿਆਚਾਰਕ ਮੇਲਾ ਕਰਵਾਇਆ ਸੀ। ਉਸ ਮੇਲੇ ਵਿਚ ਦਸ ਫ਼ੀਸਦੀ ਗਾਉਣ ਵਾਲਿਆਂ ਨੇ ਚਾਰ-ਚਾਰ ਸਤਰਾਂ ਭਗਤ ਸਿੰਘ ਦੇ ਨਾਂ ਨਾਲ ਜੁੜੀਆਂ ਪੇਸ਼ ਕੀਤੀਆਂ ਤੇ ਫੇਰ ਉਹੀ 'ਕੰਜਰ ਕਿੱਤਾ' ਸ਼ੁਰੂ ਹੋ ਗਿਆ, ਜਿਹੜਾ ਹਰ ਸਟੇਜ 'ਤੇ ਹੁੰਦੈ। ਜਿਹੋ ਜਿਹੀ ਕੋਕੋ, ਉਹੋ ਜਿਹੇ ਕੋਕੋ ਦੇ ਬੱਚੇ...ਸੁਣਨ ਵਾਲੇ ਗਾਉਣ ਵਾਲਿਆਂ ਤੋਂ ਵੀ ਦੋ ਕਦਮ ਅਗਾਂਹ...ਨਸ਼ੇ 'ਚ ਟੱਲੀ ਹੋਏ ਭਗਤ ਸਿੰਘ ਨੂੰ ਭੁੱਲ ਗੰਦੇ ਗੀਤਾਂ 'ਤੇ ਏਨੀ ਬੁਰੀ ਤਰ੍ਹਾਂ ਖ਼ਰੂਦ ਮਚਾ ਰਹੇ ਸਨ ਕਿ ਕਿਸੇ ਦੀ ਪੱਗ ਪੈਰਾਂ 'ਚ ਰੁਲ ਰਹੀ ਸੀ ਤੇ ਕੋਈ ਪੈਰਾਂ 'ਚੋਂ ਜੁੱਤੀ ਲਾਹ ਬਾਂਦਰ ਟਪੂਸੀਆਂ ਮਾਰ ਰਿਹਾ ਸੀ।

ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੋਂ ਕੁਝ ਦਿਨ ਪਹਿਲਾਂ ਟੀ.ਵੀ. ਚੈਨਲਾਂ 'ਤੇ ਗੀਤ ਚੱਲਣਾ ਸ਼ੁਰੂ ਹੋਇਆ, 'ਤੇਰੀ ਫੋਟੋ ਕਿਉਂ ਨਹੀਂ ਭਗਤ ਸਿਆਂ ਲੱਗਦੀ ਨੋਟਾਂ 'ਤੇ...!' ਬਿਨਾ ਸ਼ੱਕ ਪੂਰਾ ਗੀਤ ਬੋਲਾਂ ਪੱਖੋਂ ਖ਼ੂਨ ਦੀ ਗਤੀ ਤੇਜ਼ ਕਰਨ ਵਾਲਾ ਹੈ। ਗਾਉਣ ਵਾਲੇ ਨਿਸ਼ਾਵਨ ਭੁੱਲਰ ਨੇ ਸਮੇਂ ਦੀਆਂ ਸਰਕਾਰਾਂ 'ਤੇ ਵੀ ਕਰਾਰੀ ਸੱਟ ਮਾਰੀ ਹੈ ਤੇ ਸਾਡੇ ਵਰਗਿਆਂ ਦੀ ਸੋਚ 'ਤੇ ਵੀ, ਜਿਹੜੇ ਲੀਡਰਾਂ ਸਿਰ ਤੋਹਮਤਾਂ ਮੜ੍ਹ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਜਾਂਦੇ ਨੇ। ਗਾਇਕ ਅਸਲੋਂ ਨਵਾਂ ਹੋਵੇ ਤੇ ਸੋਚ ਉਸ ਦੀ 'ਪੰਜਾਂ ਪਾਣੀਆਂ' ਮਾਫ਼ ਕਰਨਾ 'ਬੋਤਲ



ਬੰਦ ਪਾਣੀ' ਵਰਗੀ ਨਿਰਮਲ ਹੋਵੇ, ਤਾਂ ਹੈਰਾਨੀ ਹੋਣ ਲੱਗਦੀ ਏ। ਗਾਉਣ ਵਾਲੇ ਦੀ ਸੋਚ ਨੂੰ ਭਾਗ ਲੱਗੇ ਰਹਿਣਗੇ, ਉਸ ਦੀ ਪਛਾਣ ਇਹੋ ਜਿਹੇ ਗੀਤਾਂ ਦੇ ਗਾਇਕ ਵਜੋਂ ਸਥਾਪਤ ਹੋ ਜਾਵੇ, ਸਾਡੀ ਇਹੋ ਕਾਮਨਾ ਹੈ। ਪਰ ਉਦੋਂ ਦੁੱਖ ਵੀ ਹੁੰਦਾ ਹੈ, ਜਦੋਂ ਪਗੜੀਧਾਰੀ ਗਵੱਈਏ ਨਾਲ ਭਗਤ ਸਿੰਘ ਦੀ ਨਕਲ ਕਰਕੇ ਗੋਲ ਟੋਪੀ ਪਹਿਨ ਉਹ ਬੰਦਾ ਡਾਂਸ ਕਰ ਰਿਹਾ ਹੁੰਦੈ, ਜਿਸ ਦੇ ਇਸ ਤੋਂ ਪਹਿਲਾਂ ਆਏ ਗਾਣੇ ਸਾਡੇ ਇਸ 'ਨਾਇਕ' ਦੀ ਸੋਚ ਨਾਲ ਰੱਤੀ ਭਰ ਵੀ ਨਹੀਂ ਮਿਲਦੇ। ਹਨੀ ਸਿੰਘ ਨਾਂ ਦੇ ਜਿਹੜੇ ਬੰਦੇ ਨੇ ਕੁਝ ਸਾਲ ਪਹਿਲਾਂ 'ਯੂ ਟਿਊਬ' 'ਤੇ 'ਤੇਰੀ ਪੱਚੀਆਂ ਪਿੰਡਾਂ ਨੇ..., ਸਾਡੇ....ਨੇ ਵੀ ਖਿੱਚ ਲਈ ਤਿਆਰੀ' ਵਰਗਾ ਹੱਦ ਦਰਜੇ ਦਾ ਘਟੀਆ ਗੀਤ ਗਾਇਆ ਹੋਵੇ, ਜਿਸ ਨੇ ਦਿਲਜੀਤ ਦੇ 'ਜਦੋਂ ਪੰਗਾ ਪੈ ਜਾਵੇ...' ਗੀਤ ਵਿਚ ਸ਼ਰੇਆਮ 'ਫੱਕ' ਵਾਲੀਆਂ ਗਾਲ੍ਹਾਂ ਕੱਢੀਆਂ ਹੋਣ, ਉਹ ਨਿਸ਼ਾਵਨ ਭੁੱਲਰ ਵਰਗਿਆਂ ਦੇ ਗੀਤ ਵਿਚ ਰੈਪ ਬੋਲ ਕੇ ਸਵਾਲ ਰੱਖ ਰਿਹਾ ਹੋਵੇ ਕਿ ਭਗਤ ਸਿੰਘ ਦੀ ਫੋਟੋ ਨੋਟਾਂ 'ਤੇ ਕਿਉਂ ਨਹੀਂ ਲੱਗ ਰਹੀ, ਅਸੀਂ ਜ਼ਿੰਮੇਵਾਰੀਆਂ ਤੋਂ ਕਿਉਂ ਭੱਜ ਰਹੇ ਹਾਂ, ਹੈਰਾਨ ਕਰ ਦਿੰਦਾ ਹੈ।

ਸ਼ਹੀਦਾਂ ਦੇ ਨਾਂਵਾਂ ਨੂੰ ਵਪਾਰ ਵਜੋਂ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗਾਇਕਾਂ ਨੂੰ ਇਹ ਨਹੀਂ ਚਾਹੀਦਾ ਕਿ ਜਿਵੇਂ ਉਹ ਨਰਾਤਿਆਂ ਵਿਚ ਮਈਆ ਦਾ ਗੁਣਗਾਣ ਕਰਦੇ ਨੇ, ਗੁਰਪੁਰਬਾਂ 'ਤੇ ਸਿੱਖੀ ਨਾਲ ਸਬੰਧਤ ਕੈਸਿਟਾਂ ਕੱਢਦੇ ਨੇ ਤੇ ਵਿਆਹਾਂ ਦੇ ਸੀਜ਼ਨ 'ਚ ਧਮੱਚੜ ਮਚਾਉਣ ਵਾਲੇ ਗੀਤ ਗਾਉਂਦੇ ਨੇ, ਉਸੇ ਤਰਜ਼ 'ਤੇ ਚੱਲਦਿਆਂ ਸ਼ਹੀਦਾਂ ਨਾਲ ਸਬੰਧਤ ਦਿਹਾੜਿਆਂ 'ਤੇ ਉਨ੍ਹਾਂ ਦੀ ਕੁਰਬਾਨੀ ਨੂੰ ਦਰਸਾਉਂਦੇ ਗੀਤ ਪੇਸ਼ ਕਰਕੇ ਆਪਣੇ ਫ਼ਰਜ਼ ਨਿਭਾਏ ਸਮਝ ਲਏ ਜਾਣ। ਸ਼ਹੀਦ ਸਾਡੇ ਅਸਲ 'ਨਾਇਕ' ਨੇ ਤੇ ਇਨ੍ਹਾਂ ਨਾਇਕਾਂ ਨੂੰ ਸਿਰਫ਼ ਇੱਕ ਦਿਨ ਚੇਤੇ ਕਰਨ ਦੀ ਥਾਂ ਉੱਠਦਿਆਂ-ਬਹਿੰਦਿਆਂ, ਸੌਂਦਿਆਂ-ਜਾਗਦਿਆਂ ਚੇਤੇ ਰੱਖਣਾ ਸਾਡਾ ਮੁੱਢਲਾ ਫ਼ਰਜ਼ ਹੈ।

ਪਿਛਲੇ ਜਿਹੇ ਰਵਿੰਦਰ ਗਰੇਵਾਲ ਵਲੋਂ 'ਫਾਂਸੀ' ਕੈਸਿਟ ਕੀਤੀ ਗਈ ਸੀ ਤੇ ਉਸ ਵਿਚ ਸ਼ਹੀਦ ਭਗਤ ਸਿੰਘ ਸਮੇਤ ਹੋਰਨਾਂ ਸ਼ਹੀਦਾਂ ਨੂੰ ਸਿਜਦਾ ਕੀਤਾ ਗਿਆ ਸੀ। ਉਸ ਦਾ ਇਹ ਉੱਦਮ ਬਹੁਤ ਵੱਡਾ ਸੀ, ਜਿਸ ਨੂੰ ਹਰ ਤਬਕੇ ਦੇ ਲੋਕਾਂ ਵਲੋਂ ਸਲਾਹਿਆ ਗਿਆ, ਪਰ ਬਾਅਦ ਵਿਚ ਉਸ ਦੀ ਘਰਵਾਲੀ ਵਲੋਂ ਉਸ 'ਤੇ ਜਿਹੜੇ ਦੋਸ਼ ਲਗਾਏ ਗਏ, ਉਨ੍ਹਾਂ ਤੋਂ ਪਤਾ ਲੱਗ ਗਿਆ ਕਿ ਗਾਇਕ ਇਸ ਤਰ੍ਹਾਂ ਦੀ ਸੋਚ ਸਿਰਫ਼ ਕੈਸਿਟ ਕਲਚਰ ਨਾਲ ਜੋੜ ਕੇ ਰੱਖਦੇ ਨੇ, ਉਹ ਲੋਕਾਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਗਿਆਨ ਵੰਡ ਸਕਦੇ ਨੇ, ਉਹ ਲੋਕਾਂ ਦੀ ਜ਼ਮੀਰ ਹਲੂਣਨੀ ਜਾਣਦੇ ਨੇ, ਪਰ ਆਪਣੀ ਹਲੂਣਨ ਦਾ ਹੀਲਾ ਨਹੀਂ ਕਰਦੇ, ਖ਼ੁਦ 'ਘਰ ਸੁਖ ਵਸਿਆ, ਬਾਹਰ ਸੁਖ ਪਾਇਆ' 'ਤੇ ਅਮਲ ਨਹੀਂ ਕਰਦੇ।

ਕਿਸੇ ਚਰਚਿਤ ਦਿਨ-ਤਿਉਹਾਰ ਨਾਲ ਸਬੰਧਤ ਕੈਸਿਟਾਂ ਕਰਨ ਦਾ ਪੰਜਾਬ ਵਿਚ ਰਿਵਾਜ ਜਿਹਾ ਤੁਰ ਪਿਆ ਹੈ। ਇਹ ਰਿਵਾਜ ਮਾੜਾ ਨਹੀਂ, ਪਰ ਜਿਹੜੇ ਗਾਉਣ ਵਾਲਿਆਂ ਨੂੰ ਨੌਜਵਾਨ ਵਰਗ ਆਪਣਾ 'ਰੋਲ ਮਾਡਲ' ਮੰਨਦਾ ਹੈ, ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਵੀ ਤਾਂ ਬਣਦੀ ਹੈ ਕਿ ਉਹ ਕੌਮ ਲਈ ਕੁਰਬਾਨ ਹੋਣ ਵਾਲਿਆਂ ਦੀ ਸੋਚ ਦਾ ਰੰਗ ਆਪਣੀ ਸੋਚ 'ਤੇ ਵੀ ਚਾੜ੍ਹਨ, ਕਿਉਂਕਿ ਉਨ੍ਹਾਂ ਦੀ ਰੀਸ ਨੌਜਵਾਨਾਂ ਦੇ ਵੱਡੇ ਹਿੱਸੇ ਨੇ ਕਰਨੀ ਹੁੰਦੀ ਹੈ।

ਇਸ ਵਾਰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੋਂ ਕਈ ਹਫ਼ਤੇ ਪਹਿਲਾਂ ਚੈਨਲਾਂ 'ਤੇ ਗੀਤ ਚੱਲਣ ਲੱਗ ਗਏ, 'ਯੂ ਟਿਊਬ' 'ਤੇ ਕਈ ਗਾਇਕਾਂ ਨੇ ਆਪਣੇ ਗੀਤ ਪਾਏ, ਜਿਹੜੀ ਵਧੀਆ ਗੱਲ ਹੈ। ਮਨਮੋਹਨ ਵਾਰਿਸ ਵਲੋਂ ਕੁਝ ਸਾਲ ਪਹਿਲਾਂ ਨੌਜਵਾਨਾਂ ਨੂੰ ਭਗਤ ਸਿੰਘ ਦੇ ਰਾਹ 'ਤੇ ਤੁਰਨ ਦਾ ਹੋਕਾ ਦੇਣ ਵਾਲਾ ਗੀਤ ਗਾਇਆ ਸੀ, 'ਉੱਠੋ ਵੀਰੋ ਸਾਂਭ ਲਵੋ ਸ਼ਮਸ਼ੀਰ ਭਗਤ ਸਿੰਘ ਦੀ, ਮੈਨੂੰ ਹਰ ਗੱਭਰੂ 'ਚੋਂ ਦਿਸਦੀ ਐ ਤਸਵੀਰ ਭਗਤ ਸਿੰਘ ਦੀ।' ਬਲਰਾਜ ਵੱਲੋਂ ਗਾਇਆ ਗੀਤ, 'ਭਗਤ ਸਿੰਘ ਸਰਦਾਰਾ ਭੁੱਲਗੇ ਲੋਕ ਤੇਰੀ ਕੁਰਬਾਨੀ ਨੂੰ' ਜ਼ਮੀਰ ਨੂੰ ਹਲੂਣਾ ਮਾਰਦਾ ਹੈ ਕਿ ਅਸੀਂ ਕੀ ਸਾਂ ਤੇ ਕੀ ਬਣ ਕੇ ਰਹਿ ਗਏ ਹਾਂ? ਕਿਹੋ ਜਿਹਾ ਇਤਿਹਾਸ ਹੈ ਸਾਡਾ ਤੇ ਕਿੰਨਾ ਸਵਾਰਥੀ ਬਣ ਗਿਆ ਹੈ ਸਾਡਾ ਵਰਤਮਾਨ, ਜੇ ਇਹੀ ਹਾਲ ਰਿਹਾ ਤਾਂ ਕਿੰਨਾ ਭਿਆਨਕ ਹੋਵੇਗਾ ਸਾਡਾ ਭਵਿੱਖ? ਮਨ ਕਿੰਨਾ ਖ਼ਰਾਬ ਹੁੰਦਾ ਹੈ ਜਦੋਂ ਸੋਚੀਦੈ ਕਿ ਸ਼ਹੀਦਾਂ ਦੇ ਦਿਹਾੜੇ ਸਿਰਫ਼ 'ਟਰੈਂਡ' ਦਾ ਹਿੱਸਾ ਬਣ ਕੇ ਰਹਿ ਗਏ ਨੇ, ਇਨ੍ਹਾਂ ਦੀ ਸੋਚ 'ਤੇ ਪਹਿਰਾ ਦੇਣ ਦੀ ਥਾਂ ਅਸੀਂ ਆਪਣੀਆਂ ਸੋਚਾਂ ਵਿਚ ਇਸ ਕਦਰ ਰੁਲ ਗਏ ਹਾਂ ਕਿ ਹੋਰ ਪਾਸੀਂ ਝਾਕਣ ਦੀ ਸਾਡੇ ਕੋਲ ਵਿਹਲ ਹੀ ਨਹੀਂ ਰਹੀ।

ਬਾਜ਼ਾਰੂ ਸੋਚ ਦਾ ਹਿੱਸਾ ਬਣਦੀਆਂ ਜਾ ਰਹੀਆਂ ਸ਼ਹੀਦਾਂ ਦੀਆਂ ਕੁਰਬਾਨੀਆਂ ਟਰੱਕਾਂ ਪਿੱਛੇ 'ਅੰਗਰੇਜ਼ ਖੰਘੇ ਸੀ, ਤਾਹੀਓਂ ਟੰਗੇ ਸੀ' ਸਤਰਾਂ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ। ਬੱਸਾਂ, ਟਰੱਕਾਂ, ਕਾਰਾਂ, ਸਕੂਟਰਾਂ ਪਿੱਛੇ ਭਗਤ ਸਿੰਘ ਦੀ ਫੋਟੋ ਲਗਾ ਕੇ ਇੱਕ ਸਤਰ ਲਿਖਣ ਨਾਲ ਅਸੀਂ ਉਨ੍ਹਾਂ ਦੇ ਸੱਚੇ ਉਪਾਸ਼ਕ ਸਾਬਤ ਹੋਣ ਦੀ ਥਾਂ, ਉਨ੍ਹਾਂ ਨੂੰ ਮੂੰਹ ਚਿੜਾ ਰਹੇ ਹਾਂ। ਅੱਜ ਕੱਲ੍ਹ ਤਾਂ ਨੰਬਰ ਪਲੇਟਾਂ 'ਤੇ ਮੁੱਛ ਨੂੰ ਵਟਾ ਚਾੜ੍ਹਦੇ ਭਗਤ ਸਿੰਘ ਦੀ ਫੋਟੋ ਥੱਲੇ ਲਿਖਿਆ ਜਾਣ ਲੱਗਾ ਹੈ, 'ਲੱਗਦੈ ਫੇਰ ਆਉਣਾ ਪਊ।'

ਅਸੀਂ ਕਿਉਂ ਨਹੀਂ ਸੋਚਦੇ ਕਿ ਇੱਕ ਸੋਚ ਦਾ ਨਾਂ ਹੈ ਭਗਤ ਸਿੰਘ, ਕਦੇ ਨਾ ਮੁੱਕਣ ਵਾਲੇ ਤਰਕਯੋਗ ਵਿਚਾਰਾਂ ਦਾ ਦੂਜਾ ਨਾਂ ਭਗਤ ਸਿੰਘ ਹੈ, ਥੋਥੇ ਵਿਚਾਰਾਂ ਵਾਲੇ ਘੜੰਮਚੌਧਰੀ ਲੀਡਰਾਂ ਅਤੇ ਪਿਛਲੱਗਾਂ ਦੇ ਟੋਲੇ ਨੂੰ ਵੰਗਾਰਨ ਦਾ ਨਾਂ ਹੈ ਭਗਤ ਸਿੰਘ ਅਤੇ ਆਪਾ ਸੰਵਾਰਨ ਦੀ ਥਾਂ ਧਰਤੀ ਮਾਂ ਦੀ ਰੱਖਿਆ ਲਈ ਜ਼ਿੰਦਗੀ ਨਾਲੋਂ ਵੱਧ ਮੌਤ ਨੂੰ ਪਿਆਰ ਕਰਨ ਦਾ ਨਾਂ ਭਗਤ ਸਿੰਘ ਹੈ। ਅਸੀਂ ਨਾਟਕੀ ਅੰਦਾਜ਼ ਵਿਚ ਉਹ ਦੇ ਦੁਬਾਰਾ ਮੁੜ ਆਉਣ ਦੀ ਗੱਲ ਕਰਨ ਦੀ ਥਾਂ ਖ਼ੁਦ ਕਿਉਂ ਨਹੀਂ ਉਸ ਵਰਗੇ ਬਣ ਜਾਂਦੇ? ਅਸੀਂ ਗੱਲੀਂ-ਬਾਤੀਂ ਭਗਤ ਸਿੰਘ ਦੇ ਵਾਰਸ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ, ਉਸ ਵਰਗੇ ਅਮਲ ਕਿਉਂ ਨਹੀਂ ਕਰਦੇ...ਫੈਲ ਚੁੱਕੇ ਭ੍ਰਿਸ਼ਟਾਚਾਰ ਲਈ ਲੀਡਰਸ਼ਿਪ 'ਚ ਕਸੂਰ ਕੱਢ ਕੇ ਪੱਲਾ ਕਿਉਂ ਝਾੜੀ ਜਾਂਦੇ ਹਾਂ? ਪੌਣੇ ਤਿੰਨ ਕਰੋੜ ਦੀ ਅਬਾਦੀ ਵਾਲੇ 'ਰੰਗਲੇ ਪੰਜਾਬ' ਵਿਚੋਂ ਕੋਈ ਦਸ ਜਣੇ ਤਾਂ ਅੱਗੇ ਆਉਣ, ਜਿਹੜੇ ਗਰੀਬੀ ਦੇ ਸੰਗਲਾਂ ਨਾਲ ਨੂੜੇ, ਭੁੱਖ ਨਾਲ ਤੜਫਦੇ, ਛੱਤ ਲਈ ਤਰਸਦੇ, ਦਵਾਈਆਂ ਲਈ ਵਿਲਕਦੇ ਲੋਕਾਂ ਲਈ ਜਿਊਣ ਦੀ ਸੋਚ ਰੱਖਦੇ ਹੋਣ।

ਜੈਲੀ ਨੇ ਗੀਤ ਗਾਇਐ, 'ਭਗਤ ਸਿੰਘ ਸਰਦਾਰ ਨੂੰ ਲੱਗਦਾ ਮੁੜ ਕੇ ਆਉਣਾ ਪਊ' ਤੇ ਚਮਕੌਰ ਖੱਟੜਾ ਗਾ ਰਿਹੈ, 'ਐਵੇਂ ਨਹੀਓਂ ਮਿੱਤਰੋ ਸਲਾਮਾਂ ਹੁੰਦੀਆਂ, ਮਿੱਤਰੋ ਸਲਾਮਾਂ ਵਾਲੇ ਕੰਮ ਕਰੀਦੇ...!' ਕਲਾਵਾਨ ਲੋਕਾਂ ਵਲੋਂ ਇਸ ਤਰ੍ਹਾਂ ਲਿਖ-ਗਾ ਕੇ ਭਗਤ ਸਿੰਘ ਦੀ ਸੋਚ ਦਾ ਚੇਤਾ ਕਰਾਉਣ ਦਾ ਉੱਦਮ ਨਿਰਾਲਾ ਹੈ। ਪਰ ਜੇ ਮਾਰਚ ਮਹੀਨਾ ਲੰਘਦਿਆਂ ਹੀ ਕਲਾਕਾਰ ਲੋਕ ਆਪਣੇ ਫ਼ਰਜ਼ ਭੁੱਲ ਕੇ ਪੈਸੇ ਖ਼ਾਤਰ ਸੋਚ ਦਾ ਰੰਗ ਵਟਾ ਲੈਣਗੇ ਤੇ ਮੁੜ ਅਗਲੇ ਸਾਲ ਹੀ ਇਨ੍ਹਾਂ ਹੀ ਭਗਤ ਸਿੰਘ ਵਰਗਿਆਂ ਦਾ ਚੇਤਾ ਆਵੇਗਾ, ਤਾਂ ਇਨ੍ਹਾਂ ਵਿਚ, ਆਮ ਲੋਕਾਂ ਵਿਚ ਤੇ ਗਿਰਗਿਟ ਵਾਂਗ ਰੰਗ ਬਦਲਣ ਵਾਲੇ ਲੀਡਰਾਂ ਦੀ ਸੋਚ ਵਿਚ ਕੋਈ ਬਹੁਤਾ ਫ਼ਰਕ ਨਹੀਂ ਰਹਿ ਜਾਵੇਗਾ

*ਫੋਨ:98141-78883

## ਕੈਨੇਡੀਅਨ ਸਰਪੰਚ ਦੀ ਮੁੱਛ ਨਵੀਂ ਨਾ ਹੋਈ

**ਹਰਮੀਤ ਸਿੰਘ ਅਟਵਾਲ**

ਪਿੰਡ ਦੀ ਸਿਆਸਤ ਦਾ ਧਰੂ ਤਾਰਾ ਰਹੇ ਸਰਪੰਚ ਨੂੰ ਇਕ ਵਾਰ ਕੈਨੇਡਾ 'ਚ ਪੱਕੇ ਤੌਰ 'ਤੇ ਜਾਣ ਦਾ ਮੌਕਾ ਮਿਲ ਗਿਆ। ਇਧਰ ਰਹਿੰਦਿਆਂ ਉਹਨੇ ਕਈ ਸਿਆਸੀ ਕ੍ਰਿਸ਼ਮੇ ਕੀਤੇ ਸਨ। ਕਈਆਂ ਦੀ ਗੁੱਡੀ ਚੜ੍ਹਾਈ ਸੀ ਤੇ ਕਈਆਂ ਦਾ 'ਕਲਿਆਣ' ਕੀਤਾ ਸੀ।

ਇੱਥੋਂ ਦਾ ਤਜਰਬਾ ਉਸ ਦੇ ਕੈਨੇਡਾ ਵਿਚ ਵੀ ਕੰਮ ਆਇਆ ਸੀ। ਕੈਨੇਡਾ 'ਚ ਉਹਨੂੰ ਬੇਰੀਆਂ ਦੇ ਫਾਰਮਾਂ 'ਚ ਬੇਰ ਤੋੜਨ ਦਾ ਕੰਮ ਮਿਲਿਆ ਸੀ। ਭਾਵੇਂ ਇਸ ਤੋਂ ਪਹਿਲਾਂ ਉਹਨੇ ਉਥੋਂ ਦੇ ਏਅਰਪੋਰਟ 'ਤੇ ਕੁਝ ਚਿਰ ਕੰਮ ਵੀ ਕੀਤਾ ਸੀ ਪਰ ਬੇਰਾਂ ਵਾਲੇ ਕੰਮ 'ਚ ਉਹਦੀ ਕਲਾਕਾਰੀ ਕਾਮਯਾਬ ਸੀ। ਬੇਰ ਤੋੜਦਿਆਂ ਅਕਸਰ ਕਈਆਂ ਦੀਆਂ ਬੇਰਾਂ ਦੀਆਂ ਭਰੀਆਂ-ਭਰਾਈਆਂ ਟੋਕਰੀਆਂ ਉਹ ਬੜੀ 'ਜੁਗਤ' ਨਾਲ ਆਪਣੇ ਖਾਤੇ 'ਚ ਹੀ ਗਿਣ ਲਿਆ ਕਰਦਾ ਸੀ। ਨਾ ਇਧਰ ਤੇ ਨਾ ਉਧਰ ਉਹਨੇ ਆਪਣੇ ਨੱਕ 'ਤੇ ਮੱਖੀ ਕਦੀ ਨਹੀਂ ਸੀ ਬਹਿਣ ਦਿੱਤੀ।

ਫਿਰ ਵੀ ਇਕ ਦਿਨ ਉਸ ਦੇ ਨੱਕ 'ਤੇ ਮੱਖੀ ਬਹਿ ਹੀ ਗਈ। ਹੋਇਆ ਇੰਜ ਕਿ ਸਰਪੰਚ ਹੋਰ ਕਾਮਿਆਂ ਦੇ ਨਾਲ ਕੈਨੇਡਾ ਦੇ ਬੇਰੀਆਂ ਦੇ ਫਾਰਮਾਂ 'ਤੇ ਦਿਹਾੜੀ ਲਾ ਰਿਹਾ ਸੀ। ਇਧਰ ਤੋਂ ਇੱਕ ਸੱਚੀ-ਸੁੱਚੀ ਦਾ ਦਿਹਾੜੀਦਾਰ ਬੰਦਾ, ਜੀਹਨੂੰ ਸਰਪੰਚ ਨੇ ਆਪਣਾ ਸਿਆਸੀ ਵਿਰੋਧੀ ਹੋਣ ਕਰਕੇ ਸਦਾ ਟਿੱਚਰਾਂ/ਮਸ਼ਕਰੀਆਂ ਹੀ ਕੀਤੀਆਂ ਸਨ, ਵੀ ਕਿਸੇ ਤਰ੍ਹਾਂ ਕੈਨੇਡਾ ਪੁੱਜ ਗਿਆ।

ਇਕ ਦਿਨ ਕੰਮ ਦਾ ਪਤਾ ਕਰਨ ਲਈ ਉਹ ਵੀ ਸਰਪੰਚ ਵਾਲੇ ਫਾਰਮਾਂ 'ਚ ਹੀ ਆਇਆ। ਅੱਗੋਂ ਸਰਪੰਚ ਬੇਰਾਂ ਦੀ ਭਰੀ ਹੋਈ ਟੋਕਰੀ ਚੁੱਕੀ ਉਹਨੂੰ ਨਜ਼ਰ ਆਇਆ। ਮਣੋ-ਮਣੀ ਟੋਕਰੀਆਂ ਦੇ ਹਿਸਾਬ ਨਾਲ ਡਾਲਰਾਂ ਨੂੰ ਜ਼ਰਬ ਦਿੰਦੇ ਸਰਪੰਚ ਨੇ ਵੀ ਉਹਨੂੰ ਦੂਰੋਂ ਹੀ ਦੇਖ ਲਿਆ। ਆਪਣਾ ਮੂੰਹ ਉਸ ਤੋਂ ਲੁਕਾਉਣ ਲਈ ਸਰਪੰਚ ਨੇ ਆਪਣੀ ਸੱਜੀ ਬਾਂਹ ਕੂਹਣੀ ਵਲੋਂ ਆਪਣੇ ਮੂੰਹ ਅੱਗੇ ਕਰ ਲਈ। ਨਾਲੇ ਥੋੜ੍ਹਾ ਟੇਢਾ ਹੋ ਕੇ ਤੁਰਨ ਲੱਗ। ਪਰ ਉਸ ਬੰਦੇ ਨੇ ਫਿਰ ਵੀ ਸਰਪੰਚ ਨੂੰ ਪਛਾਣ ਲਿਆ।

ਲਾਗੇ ਆ ਕੇ ਉਹਨੇ ਸਰਪੰਚ ਨੂੰ ਆਪਣੇ ਹਿਸਾਬ ਨਾਲ ਫਤਹਿ ਬੁਲਾਈ, ਤੇ ਪੁੱਛਿਆ ਜੇ ਟੋਕਰੀ ਭਾਰੀ ਲੱਗਦੀ ਆ ਤਾਂ ਮੈਂ ਚੁੱਕਾਂ? ਸੁਣਦਿਆਂ ਹੀ ਸਰਪੰਚ ਨੂੰ ਜਿਵੇਂ ਸੱਪ ਜਿਹਾ ਸੁੰਘ ਗਿਆ। ਕੁਝ ਪਲਾਂ ਲਈ ਉਸਨੂੰ ਪਤਾ ਹੀ ਨਾ ਲੱਗਿਆ ਕਿ ਉਹਨੂੰ ਕੀ ਕਹੇ। ਫਿਰ ਬਾਂਹ ਮੂੰਹ ਤੋਂ ਪਰ੍ਹਾਂ ਕਰ ਕੇ ਕਹਿਣ ਲੱਗਾ, ''ਓਏ, ਤੂੰ ਵੀ ਏਥੇ ਪਹੁੰਚ ਗਿਆ ਓਏ!! ਤੇਰੇ ਘਰ ਦਾ ਕਿਵੇਂ ਚੱਲਦਾ, ਪਿੱਛੇ ਕੌਣ ਆ?''

ਬਚਨਾ ਅੱਗਿਓਂ ਏਦਾਂ ਬੋਲਿਆ ਜਿਵੇਂ ਕੋਈ ਬਦਲਾ ਲੈਣਾ ਹੋਵੇ। ਉਹਨੇ ਠਾਹ ਸੋਟਾ ਮਾਰਿਆ, 'ਜੇ ਥੋਡੇ ਬਿਨਾਂ ਪਿੰਡ ਦੀ ਸਰਪੰਚੀ ਚਲ ਸਕਦੀ ਆ ਤਾਂ ਮੇਰੇ ਬਿਨਾਂ ਮੇਰਾ ਘਰ ਨੀ ਚਲ ਸਕਦਾ ਸਰਪੰਚ ਸਾਬ੍ਹ...? ਨਾਲੇ ਹੁਣ ਸਰਪੰਚ ਤਾਂ ਤੁਸੀਂ ਰਹੇ ਹੀ ਨਹੀਂ...ਮੁਆਫ ਕਰਨਾ...ਹੁਣ ਤਾਂ ਤੁਹਾਨੂੰ ਵੀ ਸਾਡੇ ਵਾਂਗੂ ਦਿਹਾੜੀਆਂ ਹੀ ਕਰਨੀਆਂ ਪੈ ਗੀਆਂ...ਓਥੇ ਤਾਂ ਕਾਟੋ ਫੁੱਲਾਂ 'ਤੇ ਖੇਡਦੀ ਸੀ ਪਰ ਲਗਦੈ ਏਥੇ ਤਾਂ ਵਿਚਾਰੀ ਨੂੰ ਕੰਡੇ ਵੀ...!'

ਆਪਣੇ ਚਿੱਤੋਂ ਉਹਨੇ ਇਧਰ ਵਾਲੀਆਂ ਸਰਪੰਚੀ ਟਿੱਚਰਾਂ ਦਾ 'ਕਰਜ਼ਾ' ਜਿਹਾ ਉਤਾਰਨ ਦਾ ਉਪਰਾਲਾ ਕੀਤਾ। ਸਰਪੰਚ ਦੀ ਅਣਖ ਜਾਗੀ। ਜਿਵੇਂ ਉਹਦੇ ਅੰਦਰ ਸੁੱਤੀ ਹੋਈ ਖ਼ਤਰਨਾਕ ਚੀਜ਼ ਇਕਦਮ ਜਾਗ ਪਈ ਹੋਵੇ। ਉਹਨੇ ਗੁੱਸੇ 'ਚ ਬੇਰਾਂ ਦੀ ਭਰੀ ਟੋਕਰੀ ਪਰ੍ਹਾਂ ਵਗਾਹ ਮਾਰੀ ਤੇ ਆਪਣੇ ਮੱਥੇ 'ਤੇ ਆਇਆ ਪਸੀਨਾ ਪੂੰਝਦਿਆਂ ਬੋਲਿਆ, ''ਮੈਂ ਏਥੇ ਵੀ ਸਰਪੰਚ ਈ ਆਂ ਓਏ। ਸਗੋਂ ਏਥੇ ਮੈਨੂੰ ਸਾਡੇ ਲੋਕੀਂ ਕੈਨੇਡੀਅਨ ਸਰਪੰਚ ਕਹਿ ਕੇ ਬੁਲਾਉਂਦੇ ਆ। ਇਹ ਯਾਦ ਰੱਖ ਪਈ ਮੂਲੀਆਂ-ਗਾਜਰਾਂ ਨੂੰ ਕੋਈ ਪਤਾ ਨਹੀਂ ਹੁੰਦਾ ਕਿ ਖਜੂਰਾਂ ਕਿੱਥੇ ਲੱਗਦੀਆਂ ਨੇ...।'

ਸਰਪੰਚ ਦੀ ਇਸ ਹਉਮੈ 'ਤੇ ਉਹ ਜ਼ੋਰ ਦੀ ਜਾਂ ਕਹਿ ਲਓ ਖਿੜ-ਖਿੜਾ ਕੇ ਹੱਸਿਆ। ਕਹਿੰਦਾ, ''ਚਲੋ ਸਰਪੰਚ ਸਾਬ੍ਹ! ਅਸੀਂ ਮੂਲੀਆਂ-ਗਾਜਰਾਂ ਹੀ ਸਹੀ ਪਰ ਏਥੇ ਤਾਂ ਖਜੂਰਾਂ ਵੀ ਖੱਟੀਆਂ ਈ ਲੱਗਦੀਆਂ ਨੇ...ਉਂਜ ਥੋਨੂੰ ਵਧਾਈਆਂ...ਥੋਡਾ ਦਰਜਾ ਹੁਣ ਪਹਿਲਾਂ ਨਾਲੋਂ ਉੱਚਾ ਹੋ ਗਿਆ ਲਗਦੈ...ਬਸ ਫ਼ਰਕ ਏਨਾ ਈ ਪਿਆ ਪਈ ਉਥੇ ਇਹ ਟੋਕਰੀ ਸਿਰਫ਼ ਸਾਡੇ ਸਿਰ 'ਤੇ ਈ ਹੁੰਦੀ ਸੀ...ਏਥੇ ਇਹ ਤੁਹਾਡੇ ਸਿਰ 'ਤੇ ਵੀ ਆ ਗਈ ਆ...।''

'ਚੁੱਪ ਕਰ ਓਏ! ਜੇ ਸ਼ਕਲ ਨਈਂ ਚੰਗੀ ਤਾਂ ਗੱਲ ਈ ਅਕਲ ਦੀ ਕਰ ਲਿਆ ਕਰ...' 'ਕੈਨੇਡੀਅਨ ਸਰਪੰਚ' ਸੱਚ ਸੁਣ ਕੇ ਬਸ ਏਨਾ ਹੀ ਕਹਿ ਸਕਿਆ ਤੇ ਆਪਣੀ ਖਾਲੀ ਟੋਕਰੀ ਚੁੱਕ ਕੇ ਬੁੜ-ਬੁੜ ਕਰਦਾ ਆਪਣੇ ਰਾਹ ਪਿਆ।

# ਅਨੰਦਪੁਰ ਦੀ ਆਵਾਜ਼

-ਜਸਵੰਤ ਸਿੰਘ



ਸ੍ਰੀ ਅਨੰਦਪੁਰ ਸਾਹਿਬ ਮਾਨਵਤਾ ਦੀ ਆਤਮਾ ਦੀ ਆਜ਼ਾਦੀ ਦਾ ਪ੍ਰਤੀਕ ਹੈ। ਜਬਰ-ਜ਼ੁਲਮ ਦੇ ਭਿਆਨਕ ਦੌਰ ਵਿਚ ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਮਨੁੱਖੀ ਹੱਕਾਂ ਦੀ ਆਜ਼ਾਦੀ ਦੀ ਸੁਰੱਖਿਆ ਵਾਸਤੇ ਆਵਾਜ਼ ਨੂੰ ਬੁਲੰਦ ਕਰਨ ਵਾਲੇ ਮਰਦ-ਅਗੰਮੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ। ਹਜ਼ੂਰ ਨੂੰ ਪਤਾ ਸੀ ਕਿ ਹੱਕ-ਸੱਚ ਦੀ ਰਾਖੀ ਵਾਸਤੇ ਪਿਤਾ-ਪੁੱਤਰਾਂ, ਬੇਸ਼ੁਮਾਰ ਸਿੰਘ ਸੂਰਮਿਆਂ ਦੀ ਸ਼ਹਾਦਤ ਦੇਣੀ ਪਵੇਗੀ। ਪਰ ਫੇਰ ਵੀ ਹਜ਼ੂਰ ਨੇ ਜਬਰ-ਜ਼ੁਲਮ ਦੇ ਬੇਦਰਦ ਵਕਤ ਨੂੰ ਲਲਕਾਰਿਆ ਅਤੇ ਬੇਸ਼ੁਮਾਰ ਸ਼ਹਾਦਤਾਂ ਦੇ ਕੇ ਜ਼ੁਲਮ ਦੀ ਬਾਦਸ਼ਾਹਤ ਦੀਆਂ ਜੜ੍ਹਾਂ ਪੁੱਟ ਸੁੱਟੀਆਂ। ਸੂਰਮੇ ਮਰਦ ਅਗੰਮੜੇ ਗੁਰੂ ਜੀ ਵਿਸ਼ਵ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੀ ਹਨ।

ਅੱਜ ਜੇਕਰ ਪੰਜਾਬੀ ਕੌਮ ਸ੍ਰੀ ਅਨੰਦਪੁਰ ਸਾਹਿਬ ਨੂੰ ਇਕ ਵਿਲੱਖਣ ਨਗਰ ਦਾ ਰੂਪ-ਸ਼ਿੰਗਾਰ ਪ੍ਰਦਾਨ ਕਰ ਰਹੀ ਹੈ ਤਾਂ ਸ਼ਹੀਦ ਸੂਰਮਿਆਂ ਦਾ ਰਿਣ ਹੀ ਲਾਹ ਰਹੀ ਹੈ। ਰਿਣ-ਜੋ ਕਦੀ ਨਹੀਂ ਲੱਥ ਸਕਦਾ। ਵਿਸ਼ਵ ਵਿਚ ਹੱਕ-ਸੱਚ ਦੀ ਰਾਖੀ ਵਾਸਤੇ ਆਵਾਜ਼ ਕਿਉਂਕਿ ਸਭ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਬੁਲੰਦ ਹੋਈ ਸੀ, ਇਸ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਆਪਣੀ ਇਤਿਹਾਸਕ ਭੂਮਿਕਾ ਅਦਾ ਕਰ ਕੇ ਮਨੁੱਖਤਾ ਦੀ ਮਹਾਨ ਸੇਵਾ ਕੀਤੀ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ 1756 ਬਿਕ੍ਰਮੀ ਦੀ ਵਿਸਾਖੀ ਨੂੰ ਖਾਲਸਾ ਸਾਜਣਾ ਸਮਾਗਮ ਵਿਚ ਇਹ ਨਿਰਣਾ ਹੋ ਗਿਆ ਸੀ ਕਿ ਖਾਲਸਾ ਪੰਥ ਕਿਸੇ ਇਕ ਜਾਤ ਜਾਂ ਫਿਰਕੇ ਦਾ ਨਹੀਂ, ਸਗੋਂ ਸਭਨਾਂ ਹੀ ਧਰਮਾਂ ਅਤੇ ਜਾਤਾਂ ਦੇ ਲੋਕਾਂ ਦਾ ਸਾਂਝਾ ਧਰਮ-ਈਮਾਨ ਹੋਵੇਗਾ। ਇਸ ਸੱਚ ਦੀ ਪੁਸ਼ਟੀ ਲਾਹੌਰ ਦੇ ਭਾਈ ਦਯਾ ਰਾਮ ਖੱਤਰੀ ਨੇ, ਹਸਤਨਾਪੁਰ ਦੇ ਭਾਈ ਧਰਮਦਾਸ ਨੇ, ਪੁਰੀ ਦੇ ਭਾਈ ਹਿੰਮਤ ਰਾਏ ਨੇ, ਦਵਾਰਕਾ ਦੇ ਭਾਈ ਮੋਹਕਮ ਚੰਦ ਨੇ ਅਤੇ ਬਿਦਰ ਦੇ ਭਾਈ ਸਾਹਿਬ ਚੰਦ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕੋਲੋਂ ਇੱਕੋ ਬਾਟੇ 'ਚੋਂ ਅੰਮ੍ਰਿਤਪਾਨ ਕਰਕੇ ਕੀਤੀ ਸੀ। ਇਹ ਪੰਜੇ ਸ਼ਖ਼ਸ ਖੱਤਰੀ, ਜੱਟ, ਝੀਊਰ, ਧੋਬੀ ਅਤੇ ਨਾਈ ਅਖਵਾਉਣ ਵਾਲੀਆਂ ਜਾਤਾਂ ਨਾਲ ਸੰਬੰਧ ਰੱਖਦੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਪੰਜ ਪਿਆਰਿਆਂ ਦਾ ਉੱਚਾ ਰੁਤਬਾ ਦਿੱਤਾ ਅਤੇ ਫੇਰ ਮਗਰੋਂ ਉਨ੍ਹਾਂ ਨੂੰ ਗੁਰੂ ਧਾਰ ਕੇ ਉਨ੍ਹਾਂ ਕੋਲੋਂ ਖੁਦ ਅੰਮ੍ਰਿਤ ਛਕਿਆ।

ਮਨੁੱਖੀ ਭਾਈਚਾਰੇ ਦੀ ਇਹ ਕੇਹੀ ਸਾਂਝ ਸੀ, ਕੇਹੀ ਬੁਲੰਦੀ ਸੀ! ਹਿੰਦੁਸਤਾਨ ਦੇ ਸੰਦਰਭ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਰਬ ਸਾਂਝੀਵਾਲਤਾ ਦਾ ਸੰਕਲਪ ਅੱਜ ਵੀ ਸਾਰਥਕ ਹੈ ਅਤੇ ਇਸ 'ਤੇ ਅਮਲ ਕਰਨਾ ਕੌਮੀ ਇਕਸਰਤਾ ਵਾਸਤੇ ਬਹੁਤ ਮਹੱਤਵਪੂਰਨ ਹੈ। ਭਾਰਤ ਵਿਚ ਬੇਸ਼ੁਮਾਰ ਪੀਰ-ਫਕੀਰ ਅਤੇ ਸਾਧੂ-ਸੰਤ ਹੋਏ ਹਨ, ਪਰ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਾਂ ਦੇ ਵੱਖੋ-ਵੱਖਰੇ ਸਰੂਪਾਂ ਅਤੇ ਉਨ੍ਹਾਂ ਦੇ ਵਿਚਾਰਾਂ ਦਾ ਆਦਰ-ਮਾਣ ਕਰ ਕੇ ਉਨ੍ਹਾਂ ਨੂੰ ਸਾਂਝੀਵਾਲਤਾ ਦੀ ਲੜੀ ਵਿਚ ਪਰੋਇਆ, ਇਹ ਕੇਵਲ ਤੇ ਕੇਵਲ ਉਨ੍ਹਾਂ ਦੇ ਹੀ ਹਿੱਸੇ ਆਇਆ ਹੈ। ਅਜਿਹੇ ਸਰਬਸਾਂਝੀਵਾਲਤਾ ਵਾਲੇ ਫਲਸਫੇ ਵਿਚ ਵਿਸ਼ਵਾਸ ਰੱਖਣ ਵਾਲੇ ਬੰਦਿਆਂ ਨੂੰ ਹੀ ਗੁਰੂ ਸਾਹਿਬ ਨੇ 'ਖਾਲਸਾ' ਕਿਹਾ ਤੇ ਇਥੋਂ ਤੱਕ ਵਡਿਆਇਆ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰੋ ਨਿਵਾਸ। (ਸਰਬ ਲੋਹ ਗ੍ਰੰਥ)

ਅਜਿਹਾ ਖਾਲਸਾ ਹੀ ਸੰਤ ਸਿਪਾਹੀ ਦਾ ਸਰੂਪ ਹੈ ਅਤੇ ਹੱਕ-ਸੱਚ ਦੀ ਰਾਖੀ ਲਈ ਆਪਾ ਵਾਰਦਾ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ-ਮੰਤਵ ਬਾਰੇ ਆਪਣੀ ਆਤਮ-ਕਥਾ 'ਬਚਿੱਤਰ ਨਾਟਕ' ਵਿਚ ਫ਼ਰਮਾਇਆ ਹੈ:

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵਿ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖਯਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਿਨ।

ਆਪਣੇ ਵੇਲੇ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਇਹ ਸਭ ਤੋਂ ਵੱਧ ਸ਼ਕਤੀਸ਼ਾਲੀ ਆਵਾਜ਼ ਸੀ, ਜਿਹੜੀ ਸ਼ਿਵਾਲਿਕ ਪਰਬਤ ਵਿਚੋਂ ਗੂੰਜਦੀ ਹੋਈ ਸਮੁੱਚੇ ਦੇਸ਼ ਦੇ ਵਾਤਾਵਰਣ ਵਿਚ ਫੈਲ ਗਈ ਸੀ। ਗੁਰੂ ਸਾਹਿਬ ਨੇ ਆਪਣੇ ਜੀਵਨ ਉਦੇਸ਼ ਦੀ ਵਿਆਖਿਆ ਕਰਦੇ ਹੋਏ ਸਪਸ਼ਟ ਲਿਖਿਆ ਹੈ ਕਿ 'ਦੁਸ਼ਟ ਦੋਖੀਅਨ' ਨੂੰ 'ਪਕਰਿ ਪਛਾਰੋ' ਦਾ ਕਾਰਜ ਉਨ੍ਹਾਂ ਨੇ ਕਰਨਾ ਹੈ:

ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫੀ
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।
ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਉਈ
ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।
ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉਂ ਹੈ।
(ਅਕਾਲ ਉਸਤਤਿ ਪਾ: 10)

ਗੁਰੂ ਸਾਹਿਬ ਜੋ ਕਹਿੰਦੇ ਸਨ, ਉਸ ਦੇ ਅਮਲ ਵਿਚ ਵਿਸ਼ਵਾਸ ਰੱਖਦੇ ਸਨ। ਗੁਰੂ ਸਾਹਿਬ ਦੀ ਸੂਖਮਭਾਵੀ ਸੋਚ ਕਿਸੇ ਇਕ ਫਿਰਕੇ, ਧਰਮ ਜਾਂ ਕੁਲ-ਜਾਤ ਦੇ ਹਿੱਤ ਵਾਸਤੇ ਕੰਮ ਕਰਨ ਦੇ ਹੱਕ ਵਿਚ ਨਹੀਂ ਸੀ। ਵਿਸ਼ਵ ਭਰ ਦੇ ਸਾਰੇ ਹੀ ਲੋਕ ਉਨ੍ਹਾਂ ਲਈ ਇਕ ਸਮਾਨ ਸਨ, ਆਪਣੇ ਸਨ।

ਇਸ ਵੇਲੇ ਚੇਤੇ ਆਉਂਦਾ ਹੈ ਭੰਗਾਣੀ ਦਾ ਉਹ ਯੁੱਧ, ਜਿਸ ਵਿਚ ਪੀਰ ਬੁਧੂ ਸ਼ਾਹ ਅਤੇ ਉਸ ਦੇ ਬੇਟੇ ਹੋਰ ਅਨੇਕ ਮੁਸਲਮਾਨਾਂ ਸਮੇਤ, ਦਿੱਲੀ ਦੀਆਂ ਮੁਗਲ ਫੌਜਾਂ ਦੇ ਵਿਰੁੱਧ, ਗੁਰੂ ਸਾਹਿਬ ਨਾਲ ਮਿਲ ਕੇ ਲੜ ਰਹੇ ਸਨ। ਉਹ ਯੁੱਧ ਮੁਗਲਾਂ ਜਾਂ ਮੁਸਲਮਾਨਾਂ ਦੇ ਵਿਰੁੱਧ ਨਹੀਂ ਸੀ। ਇਸ ਤਰ੍ਹਾਂ ਹੁੰਦਾ ਤਾਂ ਪੀਰ ਬੁੱਧੂ ਸ਼ਾਹ ਤੇ ਉਸ ਦੇ ਅਨੇਕ ਮੁਰੀਦ ਗੁਰੂ ਸਾਹਿਬ ਦਾ ਸਾਥ ਕਿਉਂ ਦਿੰਦੇ? ਧਰਮ-ਯੁੱਧ ਉਹੋ ਹੀ ਹੈ, ਜਿਹੜਾ ਮਾਨਵਤਾ ਦੀ ਸੁਰੱਖਿਆ ਲਈ ਅਤੇ ਹੱਕ-ਇਨਸਾਫ ਵਾਸਤੇ ਲੜਿਆ ਜਾਵੇ! ਭੰਗਾਣੀ ਦੇ ਇਸੇ ਯੁੱਧ ਦੀ ਇਕ ਹੋਰ ਘਟਨਾ ਵੀ ਵਰਣਨਯੋਗ ਹੈ। ਗੁਰੂ ਜੀ ਦਾ ਲਾਡਲਾ ਸਿੱਖ ਭਾਈ ਘਨੱਈਆ ਜੀ ਬੜੀ ਮਸਕੀਨਤਾ ਨਾਲ ਯੁੱਧ ਵਿਚ ਜ਼ਖ਼ਮੀ ਹੋਣ ਵਾਲੇ ਸੈਨਿਕਾਂ ਨੂੰ ਪਾਣੀ ਪਿਲਾ ਰਿਹਾ ਸੀ। ਉਸ ਦੀਆਂ ਨਜ਼ਰਾਂ ਵਿਚ ਗੁਰੂ ਸਾਹਿਬ ਦੇ ਸਿੰਘਾਂ ਜਾਂ ਮੁਗ਼ਲ ਸਿਪਾਹੀਆਂ ਵਿਚ ਕੋਈ ਅੰਤਰ ਨਹੀਂ ਸੀ। ਉਹ ਕਿਸੇ ਨਾਲ ਵਿਤਕਰਾ ਨਹੀਂ ਸੀ ਕਰ ਸਕਦਾ। ਉਸ ਦੀ ਇਸ ਭਾਵਨਾ ਨੂੰ ਠੀਕ ਨਾ ਸਮਝ ਕੇ ਕੁਝ ਸਿੰਘਾਂ ਨੇ ਗੁਰੂ ਸਾਹਿਬ ਕੋਲ ਸ਼ਿਕਾਇਤ ਕੀਤੀ ਸੀ 'ਸੱਚੇ ਪਾਤਸ਼ਾਹ! ਦੇਖੋ, ਭਾਈ ਘਨੱਈਆ ਦੁਸ਼ਮਣ ਦੀਆਂ ਫੌਜਾਂ ਨੂੰ ਵੀ ਪਾਣੀ ਪਿਲਾਈ ਜਾ ਰਿਹਾ ਹੈ।'

ਆਪਣੇ ਸਿੰਘਾਂ ਦੀ ਸ਼ਿਕਾਇਤ ਸੁਣ ਕੇ ਗੁਰੂ ਸਾਹਿਬ ਨੇ ਭਾਈ ਘਨੱਈਆ ਜੀ ਨੂੰ ਬੁਲਾ ਕੇ ਇਸ ਦਾ ਕਾਰਨ ਪੁੱਛਿਆ ਤਾਂ ਭਾਈ ਜੀ ਨੇ ਨਿਮਰਤਾ ਨਾਲ ਕਿਹਾ, 'ਹਜ਼ੂਰ! ਮੈਨੂੰ ਤਾਂ ਪਤਾ ਹੀ ਨਹੀਂ ਲੱਗਦਾ ਕਿ ਵੈਰੀ ਕੌਣ ਹੈ ਅਤੇ ਆਪਣਾ ਕੌਣ ਹੈ... ਮੈਂ ਤਾਂ ਜਿੱਧਰ ਵੀ ਦੇਖਦਾ ਹਾਂ, ਆਪ ਦੇ ਸੁੰਦਰ ਸਰੂਪ ਦੇ ਹੀ ਦਰਸ਼ਨ ਹੁੰਦੇ ਹਨ!' ਭਾਈ ਘਨੱਈਆ ਜੀ ਦੀ ਗੱਲ ਸੁਣ ਕੇ ਗੁਰੂ ਸਾਹਿਬ ਮੁਸਕਰਾ ਪਏ ਤੇ ਕਹਿਣ ਲੱਗੇ- 'ਭਾਈ ਘਨੱਈਆ! ਔਹ ਲੈ ਸਾਡੇ ਵੱਲੋਂ ਮਲ੍ਹਮ ਤੇ ਪੱਟੀ! ਇਹਦੇ ਨਾਲ ਵੀ ਜ਼ਖ਼ਮੀਆਂ ਦੀ ਸੇਵਾ ਕਰਦਾ ਜਾ! ਤੂੰ ਵੈਰ-ਭਾਵ ਤੋਂ ਉੱਪਰ ਉੱਠ ਗਿਆ ਏਂ। ਤੂੰ ਸੱਚਾ ਸਿੱਖ ਏਂ!' ਗੁਰੂ ਸਾਹਿਬ ਦੀ ਇਹ ਗੱਲ ਅੱਜ ਦੇ ਯੁੱਗ ਵਿਚ ਵੀ ਪੂਰੀ ਤਰ੍ਹਾਂ ਸਾਰਥਕ ਹੈ।

ਗੁਰੂ ਸਾਹਿਬ ਨੇ ਸਿੱਖ ਦੇ ਸਰੂਪ ਨੂੰ ਦੁਖੀ ਮਾਨਵਤਾ ਦੀ ਸੇਵਾ ਅਤੇ ਸੁਰੱਖਿਆ ਵਾਸਤੇ ਤਿਆਰ ਕੀਤਾ ਸੀ। ਜਿਹੜਾ ਵੀ ਵਿਅਕਤੀ ਅੱਜ ਇਹ ਕਰਤਵ ਨਿਭਾ ਰਿਹਾ ਹੈ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੱਚਾ ਪੈਰੋਕਾਰ ਹੈ। ਇਸ ਦਾ ਹੀ ਪ੍ਰਚਾਰ-ਪ੍ਰਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਕਾਲ ਵਿਚ ਕੀਤਾ ਸੀ। ਗੁਰੂ ਸਾਹਿਬ ਦੇ ਇਸ ਫਲਸਫੇ ਵਿਚ ਵਿਸ਼ਵਾਸ ਰੱਖਣ ਵਾਲਾ ਵਿਅਕਤੀ ਬੜੀ ਨਿਮਰਤਾ ਨਾਲ ਰਹਿੰਦਾ ਹੈ, ਸਭਨਾਂ ਇਨਸਾਨਾਂ ਨੂੰ ਇਕ ਸਮਾਨ ਸਮਝਦਾ ਹੈ ਅਤੇ ਹਰ ਤਰ੍ਹਾਂ ਨਾਲ ਹਿੰਸਾ ਤੋਂ ਗੁਰੇਜ ਕਰਦਾ ਹੈ। ਤਦੇ ਹੀ ਉਹ ਸੰਤ-ਸਿਪਾਹੀ ਦੇ ਸਰੂਪ ਵਿਚ ਸਥਾਪਤ ਹੁੰਦਾ ਹੈ। ਕੇਵਲ ਇਕ ਸੰਤ-ਸਿਪਾਹੀ ਹੀ ਇਸ ਗੱਲ ਦੀ ਤਮੀਜ਼ ਕਰ ਸਕਦਾ ਹੈ ਕਿ ਉਸ ਨੇ ਜਿਹੜੇ ਸ਼ਸਤਰ ਧਾਰਨ ਕੀਤੇ ਹੋਏ ਹਨ, ਉਨ੍ਹਾਂ ਨਾਲ ਉਸ ਨੇ ਸੁਰੱਖਿਆ ਕਿਸ ਦੀ ਕਰਨੀ ਹੈ ਅਤੇ ਉਹ ਸ਼ਸਤਰ ਇਸਤੇਮਾਲ ਕਿਸ ਦੇ ਵਿਰੁੱਧ ਕਰਨੇ ਹਨ।

ਗੁਰੂ ਸਾਹਿਬ ਦੇ ਜੀਵਨ-ਚਰਿੱਤਰ ਵਲ ਧਿਆਨ ਦੇਈਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਹਾਲੇ ਆਪ ਛੋਟੀ ਅਵਸਥਾ ਵਿਚ ਹੀ ਸਨ ਜਦੋਂ ਔਰੰਗਜ਼ੇਬ ਦੇ ਤਾਨਾਸ਼ਾਹੀ ਹੁਕਮ ਨਾਲ ਆਪ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਆਪ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ ਅਤੇ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਨੇ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਹੋਰ ਅਨੇਕ ਸਿੰਘ ਵੀ ਸ਼ਹੀਦ ਹੋਏ। ਇਹ ਨਿਰਾਪੁਰਾ ਜਬਰ ਸੀ, ਦਿੱਲੀ ਦਰਬਾਰ ਵੱਲੋਂ। ਗੁਰੂ ਸਾਹਿਬ ਨੇ ਅਜਿਹੀ ਕੋਈ ਵੀ ਗੱਲ ਨਹੀਂ ਸੀ ਕੀਤੀ ਜਿਸ ਕਰਕੇ ਹਜ਼ੂਰ 'ਤੇ ਜਬਰ ਕੀਤਾ ਜਾਂਦਾ। ਗੁਰੂ ਸਾਹਿਬ ਅਕਾਲ ਪੁਰਖ ਦੇ ਹੁਕਮ ਨਾਲ ਹੀ ਇਸ ਸੰਸਾਰ ਵਿਚ ਆਏ ਸਨ ਅਤੇ ਅਕਾਲ ਪੁਰਖ ਦੀ ਹੱਕ ਇਨਸਾਫ ਕਰਨ ਵਾਲੀ ਸ਼ਕਤੀ ਵਿਚ ਹਜ਼ੂਰ ਨੂੰ ਪੂਰਾ ਵਿਸ਼ਵਾਸ ਸੀ। ਗੁਰੂ ਸਾਹਿਬ ਹਿੰਦੋਸਤਾਨ ਵਿਚ ਸਿਫਤੀ ਤਬਦੀਲੀ (ਕੁਆਲੀਟੇਟਿਵ ਚੇਂਜ) ਚਾਹੁੰਦੇ ਸਨ, ਇਸ ਕਰਕੇ ਹਜ਼ੂਰ ਨੇ ਜ਼ਬਰ-ਜ਼ੁਲਮ ਦੇ ਮੁਕਾਬਲੇ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਹਜ਼ੂਰ ਨੇ ਸਿੰਘਾਂ ਦੇ ਜ਼ਿੰਮੇ ਇਹ ਕੰਮ ਸੌਂਪਿਆ ਸੀ ਕਿ ਸਿੰਘਾਂ ਨੇ ਹਿੰਦੋਸਤਾਨ ਦੇ ਸਤਾਏ ਹੋਏ, ਲਤਾੜੇ ਹੋਏ, ਮਾਸੂਮ, ਮਜ਼ਲੂਮ ਅਤੇ ਸੰਤ ਪੁਰਸ਼ਾਂ ਦੀ ਸੁਰੱਖਿਆ ਲਈ ਜਾਬਰ ਰਾਜਸ਼ਾਹੀ ਨਾਲ ਟੱਕਰ ਲੈਣੀ ਹੈ। ਗੁਰੂ ਸਾਹਿਬ ਦੇ ਵੇਲੇ ਦੇ ਇਤਿਹਾਸ ਅਤੇ ਸਿੱਖ ਮਿਸਲਾਂ ਦੇ ਵਕਤ ਵਿਚ ਇਕ ਵੀ ਅਜਿਹੀ ਘਟਨਾ ਨਹੀਂ ਸੀ ਵਾਪਰੀ, ਜਿਥੇ ਗੁਰੂ ਦੇ ਸਿੰਘਾਂ ਨੇ ਕਿਸੇ ਮਾਸੂਮ 'ਤੇ ਬੇਗੁਨਾਹ ਨੂੰ ਕਤਲ ਕੀਤਾ ਹੋਵੇ, ਕਿਉਂਕਿ ਗੁਰੂ ਸਾਹਿਬ ਦਾ ਸਾਜਿਆ ਖਾਲਸਾ ਪੰਥ ਲੋਕਾਂ ਦੀ ਸੁਰੱਖਿਆ ਤੇ ਸੇਵਾ ਲਈ ਹੈ। ਹਜ਼ੂਰ ਦਾ ਕਹਿਣਾ ਸੀ ਕਿ ਜਦੋਂ ਸਭੋ ਹੀ ਲੋਕ ਸ਼ਕਤੀਸ਼ਾਲੀ ਹੋ ਕੇ ਜਬਰ ਦੇ ਵਿਰੁੱਧ ਡਟ ਜਾਣਗੇ, ਤਦ ਜਬਰ ਦਾ ਨਾਸ ਹੋ ਜਾਵੇਗਾ। ਗੁਰੂ ਸਾਹਿਬ ਨੇ ਇਸੇ ਖਿਆਲ ਨਾਲ 'ਅਕਾਲ ਉਸਤਤਿ' ਜਿਹੀਆਂ ਸ਼ਕਤੀਸ਼ਾਲੀ ਰਚਨਾਵਾਂ ਰਚੀਆਂ ਹਨ। ਔਰੰਗਜ਼ੇਬ ਨੂੰ ਆਪਣੇ ਜਬਰਾਂ ਦਾ ਅਹਿਸਾਸ ਕਰਵਾਉਣ ਵਾਸਤੇ ਹਜ਼ੂਰ ਨੇ ਜਿਹੜੀ ਉਸ ਨੂੰ ਚਿੱਠੀ ਲਿਖੀ, ਉਸ ਦਾ ਨਾਮ 'ਜ਼ਫਰਨਾਮਾ' ਰੱਖਿਆ, ਜਿਸ ਦਾ ਮਤਲਬ ਹੈ 'ਫਤਹਿ ਦੀ ਚਿੱਠੀ'। ਗੁਰੂ ਸਾਹਿਬ ਨੇ ਵਕਤ ਦੇ ਬਾਦਸ਼ਾਹ ਨੂੰ

(ਬਾਕੀ ਸਫਾ 32 'ਤੇ)

# ਅੰਮ੍ਰਿਤ ਇਕ ਆਦਰਸ਼ਕ, ਅਧਿਆਤਮਕ ਤੇ ਜਾਗ੍ਰਿਤ ਜੀਵਨ ਕ੍ਰਿਆ ਦਾ ਨਾਂ

**ਸੁਰਜੀਤ ਸਿੰਘ ਪੰਛੀ**

**ਅੰਮ੍ਰਿਤ**:ਅੰਮ੍ਰਿਤ ਇਕ ਆਦਰਸ਼ਕ, ਅਧਿਆਤਮਿਕ ਤੇ ਜਾਗ੍ਰਿਤ ਜੀਵਨ ਕ੍ਰਿਆ ਦਾ ਨਾਂ ਹੈ। ਅੰਮ੍ਰਿਤ ਕੋਈ ਜਲ, ਮਿੱਠਾ ਪਾਣੀ ਜਾਂ ਚਰਨ ਪਾਹੁਲ ਨਹੀਂ, ਅੰਮ੍ਰਿਤ ਇਕ ਆਤਮਕ ਰਤਨ ਤੇ ਰਸ ਹੈ। ਸੱਚੀ ਟਕਸਾਲ ਵਿਚ ਘੜੀ ਹੋਈ ਸੁਰਤਿ, ਮਤਿ, ਮਨਿ, ਬਧਿ ਤੇ ਸੁਧਿ ਹੈ। ਅੰਮ੍ਰਿਤ ਪਾਨ ਕਰਨ ਵਾਲਾ ਸੁਰਤਿ ਮੰਡਲ ਵਿਚ ਜਿਉਂਦਾ, ਸਚਿਆਰ ਹੋ ਕੇ ਵਿਚਰਦਾ ਹੈ। ਕਰਤਾ ਪੁਰਖ ਉਸ ਲਈ ਸਭ ਕੁਝ ਹੈ। ਉਹ ਨਿਰਭਉ ਤੇ ਨਿਰਵੈਰ ਹੁੰਦਾ ਹੈ। ਉਹ ਕਾਲ ਤੋਂ ਮੌਤ ਦੇ ਡਰ ਤੋਂ ਬਿਲਕੁਲ ਬੇਪਰਵਾਹ ਹੁੰਦਾ ਹੈ। ਜੂਨਾਂ ਦਾ ਸੰਕਟ ਜਾਂ ਜਨਮ-ਮਰਨ ਦਾ ਫੇਰ ਉਹ ਮੰਨਦਾ ਹੀ ਨਹੀਂ। ਉਹ ਪੂਰੀ ਤਰ੍ਹਾਂ ਗੁਰੂ ਨੂੰ ਸਮਰਪਿਤ ਹੋ ਜਾਂਦਾ ਹੈ। ਗੁਰੂ ਦੀ ਆਗਿਆ ਵਿਚ ਵਿਸ਼ਵਾਸ ਰਖਦਾ ਹੈ। ਉਹ ਗੁਰੂ ਦੇ ਦੁਆਰੇ ਨੂੰ ਛੱਡ ਕੇ ਕਿਸੇ ਹੋਰ ਦੁਆਰੇ ਵਲ ਨਹੀਂ ਜਾਂਦਾ। ਉਹ ਆਪਣੇ ਤਨ, ਮਨ, ਧਨ ਨੂੰ ਗੁਰੂ ਦਾ ਹੀ ਆਖਦਾ ਹੈ, ਉਹ ਸਦਾ ਕਹਿੰਦਾ ਹੈ, ਮੇਰਾ ਕੁਝ ਵੀ ਨਹੀਂ ਸਭ ਤੇਰਾ ਹੈ।

**ਅੰਮ੍ਰਿਤ ਤਿਆਰ ਕਰਨਾ:** 29 ਮਾਰਚ, 1694 ਈ. ਦੀ ਵਿਸਾਖੀ ਨੂੰ ਅੰਮ੍ਰਿਤ ਤਿਆਰ ਕੀਤਾ। ਏਹੋ ਹੀ ਖਾਲਸੇ ਦਾ ਜਨਮ ਦਿਨ ਹੈ। ਇਸ ਮਿਤੀ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਪਰ ਪ੍ਰਸ਼ਨ 13 ਅਪਰੈਲ ਨੂੰ ਮਨਾਉਣ ਬਾਰੇ ਹੈ। ਤਿੰਨ ਸਤੰਬਰ, 1752 ਈ. ਨੂੰ ਜਦੋਂ ਗੈਗੋਰੀਅਨ ਕੈਲੰਡਰ ਦਾ ਨਵਾਂ ਰੂਪ ਨਿਰਧਾਰਤ ਕੀਤਾ ਗਿਆ ਤਾਂ ਪੁਰਾਣੇ ਢੰਗ ਨਾਲੋਂ ਇਸ ਵਿਚ ਗਿਆਰਾਂ ਦਿਨਾਂ ਦਾ ਫਰਕ ਪਾਇਆ ਗਿਆ। ਇਸ ਤਰ੍ਹਾਂ ਤਿੰਨ ਸਤੰਬਰ, 14 ਸਤੰਬਰ ਬਣ ਗਿਆ। ਸੋ, ਜੋ 1699 ਈ. ਦੀ ਵਿਸਾਖੀ 29 ਮਾਰਚ ਨੂੰ ਹੋਈ ਤਾਂ 1753 ਈ. ਦੀ ਵਿਸਾਖੀ ਦਾ ਤਿਉਹਾਰ 9 ਅਪਰੈਲ ਨੂੰ ਪਿਆ। ਫੇਰ ਸਮੇਂ ਦੇ ਲੇਖੇ ਜੋਖੇ ਦੇ ਕਾਰਨ ਇਹ ਤਿਉਹਾਰ 13 ਅਪਰੈਲ ਵਾਲੇ ਦਿਨ ਹੋਣ ਲੱਗ ਪਿਆ।

ਅੰਮ੍ਰਿਤ ਤਿਆਰ ਕਰਨ ਸਮੇਂ ਪਤਾਸੇ ਪਾਉਣ ਬਾਰੇ ਆਮ ਧਾਰਨਾ ਹੈ ਕਿ ਪਤਾਸੇ ਮਾਤਾ ਸਾਹਿਬ ਕੌਰ ਨੇ ਪਾਏ। ਪ੍ਰਚਾਰਕਾਂ ਤੇ ਗੁਰਦੁਆਰਿਆਂ ਦੇ ਗ੍ਰੰਥੀਆਂ ਅਨੁਸਾਰ ਹੀ ਮਾਤਾ ਸਾਹਿਬ ਕੌਰ ਨੇ ਪਾਏ। ਗੁਰਬਿਲਾਸ ਭਾਈ ਸੁੱਖਾ ਸਿੰਘ, ਭਾਈ ਕੁਇਰ ਸਿੰਘ, ਰਤਨ ਸਿੰਘ ਭੰਗੂ ਆਦਿ ਮਾਤਾ ਤਾਂ ਲਿਖਦੇ ਹਨ ਪਰ ਨਾਂ ਨਹੀਂ ਲਿਖਦੇ।

'ਪੁਰਖ ਭਗਵੰਤ' ਰਚਨਾ ਪ੍ਰਿੰ. ਸਤਿਬੀਰ ਸਿੰਘ, 'ਸ੍ਰੀ ਦਸਮ ਚਮਤਾਰ' 'ਪੰਥ ਪ੍ਰਕਾਸ਼' ਰਚਨਾ ਗਿਆਨੀ ਗਿਆਨ ਸਿੰਘ, ਚੋਣਵੀਂ ਬਹੁਤੀ ਦਸਮ ਗ੍ਰੰਥ ਸੰਪਾਦਕ ਲਾਲ ਸਿੰਘ ਅਨੁਸਾਰ ਪਤਾਸੇ ਮਾਤਾ ਜੀਤੋ ਨੇ ਪਾਏ। ਹਰੀ ਰਾਮ ਗੁਪਤਾ 'ਹਿਸਟਰੀ ਆਫ ਦਾ ਸਿੱਖਸ' ਪੰਨਾ 271 'ਤੇ ਲਿਖਦੇ ਹਨ, ''ਮਾਤਾ ਜੀਤੋ'' ਨਹੀਂ ਸੀ ਚਾਹੁੰਦੀ ਕਿ ਉਹ ਪੰਜ ਸਿੱਖ ਜਿਨ੍ਹਾਂ ਨੇ ਗੁਰੂ ਜੀ ਨੂੰ ਸਿਰ ਭੇਟ ਕੀਤੇ ਸਨ, ਨੂੰ ਨਿਰਾ ਪਾਣੀ ਦਿੱਤਾ ਜਾਵੇ। ਉਹ ਝੱਟ-ਪੱਟ ਪਤਾਸਿਆਂ ਦੀ ਥਾਲੀ ਲੈ ਆਏ ਅਤੇ ਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਪਾਣੀ ਵਿਚ ਪਾ ਦਿੱਤੇ। ਗੁਰੂ ਜੀ ਨੇ ਕਿਹਾ ਕਿ ਅਸੀਂ ਪੰਥ ਨੂੰ ਬਹਾਦਰੀ ਬਖਸ਼ੀ ਹੈ ਅਤੇ ਤੂੰ ਇਸ ਵਿਚ ਮਿਠਾਸ ਮਿਲਾ ਦਿੱਤੀ ਹੈ।'' ਉਪਰੋਕਤ ਸ਼ਬਦਾਂ ਲਈ ਉਹ ਕਲਾਸਵਾਲੀਆਂ ਦਾ ਹਵਾਲਾ ਦਿੰਦਾ ਹੈ। ਅੱਗੋਂ ਜਾ ਕੇ ਪੰਨਾ 285 ਤੇ ਮਾਤਾ ਸਾਹਿਬ ਕੌਰ ਬਾਰੇ ਲਿਖਦਾ ਹੈ, 'ਮਾਤਾ ਜੀਤੋ ਦੀ ਮੌਤ ਪਿੱਛੋਂ ਉਸ (ਸਾਹਿਬ ਕੌਰ) ਦੇ ਪਿਤਾ ਨੇ ਉਸਨੂੰ ਗੁਰੂ ਜੀ ਦੀ ਮਾਤਾ ਅੱਗੇ ਪੇਸ਼ ਕੀਤਾ...ਵਿਆਹ 5 ਅਪਰੈਲ, 1700 ਈ. ਨੂੰ ਹੋਇਆ। ਸਿੱਖ ਇਤਿਹਾਸ ਭਾਗ ਪਹਿਲਾ ਕ੍ਰਿਤ ਪ੍ਰੋ. ਕਰਤਾਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, 'ਸਿੱਖ ਇਤਿਹਾਸ ਦੀ ਜਾਣਕਾਰੀ' ਰਚਨਾ ਕਰਮ ਸਿੰਘ ਪਟਵਾਰੀ ਪ੍ਰੋ. ਸਾਹਿਬ ਸਿੰਘ ਅਨੁਸਾਰ 18 ਵਿਸਾਖ, 1757 (13 ਅਪਰੈਲ 1710) ਨੂੰ ਸਾਹਿਬ ਕੌਰ ਦਾ ਵਿਆਹ ਹੋਇਆ। ਅੰਮ੍ਰਿਤ 29 ਮਾਰਚ, 1699 ਈ. ਦੀ ਵਿਸਾਖੀ ਨੂੰ ਤਿਆਰ ਹੋਇਆ। ਵਿਆਹ ਤੋਂ ਇੱਕ ਸਾਲ ਪਹਿਲਾਂ ਮਾਤਾ ਸਾਹਿਬ ਕੌਰ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਪਤਾਸੇ ਕਿਵੇਂ ਪਾਏ? ਪਤਾਸੇ ਮਾਤਾ ਜੀਤੋ ਨੇ ਪਾਏ, ਮਾਤਾ ਸਾਹਿਬ ਕੌਰ ਨੇ ਨਹੀਂ।

**ਖਾਲਸਾ ਦੇ ਅਰਥ:** ਪ੍ਰਿੰ. ਸਤਿਬੀਰ ਸਿੰਘ ਅਨੁਸਾਰ 'ਖਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ ''ਬਾਦਸ਼ਾਹ ਦਾ ਆਪਣਾ''। ਅਕਬਰ ਵੇਲੇ ਟੋਡਰ ਮੱਲ ਤੇ ਜ਼ਮੀਨਾਂ ਦੀ ਵੰਡ ਵੇਲੇ ਜਿੱਥੇ ਪ੍ਰਾਉਤੀ, ਛੱਤਰ, ਪੋਲਨ ਤੇ ਬੰਜਰ ਦੀ ਵੰਡ ਕੀਤੀ, ਓਥੇ ਰਾਖਵੀਂ ਜ਼ਮੀਨ ਨੂੰ 'ਖਾਲਸਾ' ਜ਼ਮੀਨ ਕਿਹਾ। ਖਾਲਸਾ ਜ਼ਮੀਨ 'ਤੇ ਨਾ ਹੀ ਕੋਈ ਟੈਕਸ, ਨਾ ਕੋਈ ਮਸੂਲ ਸੀ। ਉਸਦੀ ਉਪਜ ਸਿੱਧੀ ਬਾਦਸ਼ਾਹ ਪਾਸ ਪੁਜਦੀ ਸੀ ਤੇ ਬਾਦਸ਼ਾਹ ਹੀ ਉਸਦਾ ਰਾਖਾ ਸੀ। ਗੁਰੂ ਜੀ ਐਸੀ ਸੰਗਤ ਨੂੰ ਹੀ ਖਾਲਸਾ ਕਿਹਾ ਕਿਉਂਕਿ ਉਹ ਸਿੱਧੀ ਵਾਹਿਗੁਰੂ ਦੀ ਹੋ ਗਈ ਸੀ ਤੇ ਉਸਨੂੰ ਹੁਣ ਕਿਸੇ ਜਮ-ਜਮਾਤੀ ਦਾ ਡਰ ਨਹੀਂ ਸੀ। ਖਾਲਸਾ ਕੁਲ, ਕਰਮ, ਕਿਰਤ ਤੇ ਧਰਮ ਤੋਂ ਵੀ ਉਚਾ ਹੋ ਜਾਂਦਾ ਹੈ। ਸਹੀ ਅਰਥਾਂ ਵਿਚ ਉਹ ਵਾਹਿਗੁਰੂ ਦਾ ਹੈ ਤੇ ਵਾਹਿਗੁਰੂ ਉਸਦਾ।

ਸੂਰਜ ਪ੍ਰਕਾਸ਼ ਕਰਤਾ ਸੰਤੋਖ ਸਿੰਘ ਚੂੜਾਮਣੀ ਅਨੁਸਾਰ ਖਾ=ਯੋਗ, ਲ=ਭੋਗ, ਸਾ=ਮੇਲ ਰੂਹਾਨੀ ਤੇ ਦੁਨਿਆਵੀ ਆਨੰਦ ਅਤੇ ਏਕਤਾ ਸਾਰੇ ਇੱਕੋ ਵਿਚ ਸਥਿਤ ਹਨ।

ਦਵਿੰਦਰ ਸਿੰਘ ਵਿਦਿਆਰਥੀ, ਗੁਰਮਤਿ ਪ੍ਰਕਾਸ਼ ਅਪਰੈਲ 1995 ਦੇ ਪੰਨਾ 187 'ਤੇ ਲਿਖਦੇ ਹਨ, ''ਖਾਲਸਾ ਸ਼ਬਦ ਪਾਤਸ਼ਾਹ ਦੀ ਨਿੱਜੀ ਮਲਕੀਅਤ ਨੂੰ ਕਹਿੰਦੇ ਹਨ। ਸਿੱਖੀ ਵਿਚ ਖਾਲਸਾ ਅਕਾਲ ਪੁਰਖ ਦੀ ਨਿੱਜੀ ਮਲਕੀਅਤ ਹੈ। ਇਸ ਨਾਲ ਰਲਣ ਵਾਲਾ 'ਅਕਾਲ ਪੁਰਖ ਦੀ ਫੌਜ' ਦਾ ਅੰਗ ਬਣ ਜਾਂਦਾ ਹੈ।

**ਖਾਲਸਾ ਸਿਰਜਣਾ ਦੀ ਮਹਾਨਤਾ:**

1. ਸਿੱਖ ਕੌਮ ਤੋਂ ਬਿਨਾ ਹੋਰ ਕੋਈ ਵੀ ਕੌਮ ਅਜਿਹੀ ਨਹੀਂ ਜਿਸਦਾ ਆਪਣਾ ਜਨਮ ਦਿਨ ਇਤਿਹਾਸ ਵਿਚ ਦਰਜ ਹੋਵੇ।

2. ਖਾਲਸਾ ਪੰਥ ਦੀ ਸਾਜਨਾ ਦੇਸ਼ ਦੇ ਧਾਰਮਿਕ-ਰਾਜਨੀਤਕ ਇਤਿਹਾਸ ਵਿਚ ਇਕ ਯੁੱਗ ਪਲਟਾ ਸੀ।

3. ਖਾਲਸੇ ਦੀ ਸਥਾਪਨਾ ਦਾ ਸਭ ਤੋਂ ਮਹੱਤਵਪੂਰਨ ਸਿੱਟਾ ਇਹ ਹੋਇਆ ਕਿ ਸਿੱਖਾਂ ਦੀ ਸਿੱਖਿਆ ਵਿਚ ਵਾਧਾ ਹੋਇਆ।

4. ਸਿੱਖ ਕੌਮ ਦਾ ਆਪਣਾ ਵੱਖਰਾ ਤੇ ਸੁਤੰਤਰ ਰੂਪ ਹੋ ਗਿਆ। ਸਿੱਖਾਂ ਦਾ ਆਪਣਾ ਗ੍ਰੰਥ, ਆਪਣੀਆਂ ਸੰਸਥਾਵਾਂ, ਆਪਣੇ ਗ੍ਰੰਥ ਅਸਥਾਨ, ਪੰਜੇ ਕੱਕੇ, ਨਾਂ ਨਾਲ ਸਿੰਘ ਲਗਾਉਣਾ, ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਧਾਰਨ ਕਰਨ ਨਾਲ ਹਿੰਦੂਆਂ ਤੋਂ ਬਿਲਕੁਲ ਅਲੱਗ ਹੋ ਗਏ।

5. ਗੁਰੂ ਜੀ ਨੇ ਜਾਤਪਾਤ ਖਤਮ ਕਰਕੇ ਸਾਰਿਆਂ ਨੂੰ ਇੱਕੋ ਜਿਹੇ ਹੱਕ ਦੇ ਕੇ, ਇੱਕ ਪੂਜਾ ਅਸਥਾਨ ਦੇ ਕੇ, ਇੱਕੋ ਬਾਟੇ ਵਿਚ ਸਾਰੀਆਂ ਜਾਤਾਂ ਨੂੰ ਅੰਮ੍ਰਿਤ ਛਕਾ ਕੇ, ਇੱਕੋ ਜਿਹੀ ਰਹਿਤ ਦੇ ਕੇ ਇੱਕੋ ਝੰਡੇ ਥੱਲੇ ਖੜ੍ਹਾ ਕਰ ਦਿੱਤਾ।

6. ਖਾਲਸੇ ਦੇ ਸੰਗਠਨ ਕਾਰਨ ਗੁਰੂ ਗੋਬਿੰਦ ਸਿੰਘ ਜੀ ਮੁਗਲਾਂ ਦੇ ਅਤਿਆਚਾਰ ਅਤੇ ਅਨਿਆਂ ਦਾ ਸਫਲਤਾ ਪੂਰਬਕ ਵਿਰੋਧ ਕਰ ਸਕੇ।

7. ਗੁਰੂ ਨਾਨਕ ਦੇ ਉਤਰਾਧਿਕਾਰੀ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਸਿੰਘ ਦਾ ਲਕਸ਼ ਦਿੱਤਾ। ਇਸ ਤਰ੍ਹਾਂ ਸਿੱਖ ਸ਼ੇਰ ਬਣ ਗਏ। ਧਰਮ ਜਾਂ ਵਿਸ਼ਵਾਸ ਪੱਖੋਂ ਇਹ ਕੁੱਤੇ (ਸਿੱਖ) ਹਿੰਦੂ ਨਹੀਂ ਹਨ, ਇਨ੍ਹਾਂ ਬਦਬਖਤਾਂ ਜਾਂ ਮਨਹੂਸਾਂ ਦੀ ਜੀਵਨ ਮਰਯਾਦਾ ਹਿੰਦੂਆਂ ਨਾਲੋਂ ਉੱਕਾ ਹੀ ਵੱਖਰੀ ਹੈ।

8. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਨੂੰ ਗੁਰਿਆਈ ਸੌਂਪ ਕੇ ਹਮੇਸ਼ਾ ਲਈ ਅਗਵਾਈ ਦੇ ਅਧਿਕਾਰੀ ਬਣਾ ਦਿੱਤਾ।

9. ਸਿੱਖ ਵੱਡੀਆਂ ਵੱਡੀਆਂ ਔਕੜਾਂ ਵਿਚ ਆਪਣੇ ਆਪ ਨਵਾਂ ਰਾਹ ਬਣਾਉਣ ਦੇ ਯੋਗ ਹੋ ਗਏ ਅਤੇ ਆਪਣੇ ਦੇਸ਼ ਵਿਚੋਂ ਸ਼ਕਤੀ ਪ੍ਰਾਪਤ ਕਰਨ ਦੀ ਸਫਲਤਾ ਵੀ ਉਨ੍ਹਾਂ ਨੂੰ ਮਿਲੀ।

# 1699 ਵਾਲੀ ਵਿਸਾਖੀ ਨੂੰ ਸਥਾਪਤ ਕੀਤੇ ਗਏ ਸਿਧਾਂਤ

**ਸੁਖਦੇਵ ਸਿੰਘ ਸ਼ਾਂਤ**

ਇਤਿਹਾਸ ਕੇਵਲ ਘਟਨਾਵਾਂ ਦਾ ਸੰਗ੍ਰਹਿ ਨਹੀਂ ਹੁੰਦਾ। ਇਹ ਕਿਸੇ ਨਾ ਕਿਸੇ ਸਿਧਾਂਤ ਦੀ ਉਪਜ ਹੁੰਦਾ ਹੈ। ਦਸ਼ਮੇਸ਼ ਪਿਤਾ ਜੀ ਵਰਗੇ ਕੁਝ ਚਮਤਕਾਰੀ ਮਹਾਂਪੁਰਸ਼ ਇਸ ਧਰਤੀ 'ਤੇ ਆ ਕੇ ਸਿਧਾਂਤ ਨੂੰ ਸਿਰਜਦੇ ਹਨ ਜਿਨ੍ਹਾਂ ਤੋਂ ਇਤਿਹਾਸ ਉਪਜਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ 1756 ਬਿਕ੍ਰਮੀ ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਉਨ੍ਹਾਂ ਸਿਧਾਂਤਾਂ ਨੂੰ ਪਰਪੱਕ ਰੂਪ ਵਿਚ ਸਿਰਜਿਆ ਤੇ ਸਥਾਪਤ ਕੀਤਾ ਜੋ ਬੀਜ-ਰੂਪ ਵਿਚ ਆਪ ਜੀ ਨੂੰ ਮਹਾਨ ਵਿਰਾਸਤ ਵਿਚੋਂ ਮਿਲੇ ਸਨ। ਉਨ੍ਹਾਂ ਸਿਧਾਂਤਾਂ ਨੂੰ ਅਸੀਂ ਮੁੱਖ ਰੂਪ ਵਿਚ ਹੇਠ ਲਿਖੇ ਅਨੁਸਾਰ ਦਰਸਾ ਸਕਦੇ ਹਾਂ:

(ੳ) ਸ਼ਕਤੀ ਦਾ ਵਿਕੇਂਦਰੀਕਰਨ
(ਅ) ਲੋਕਤੰਤਰੀ ਢਾਂਚੇ ਦੀ ਸਥਾਪਨਾ
(ੲ) ਭਗਤੀ ਅਤੇ ਸ਼ਕਤੀ ਦਾ ਸੁਮੇਲ
(ਸ) ਸਭਿਆਚਾਰਕ ਸੁਤੰਤਰਤਾ ਦਾ ਆਦਰਸ਼
(ਹ) ਨੈਤਿਕਤਾ 'ਤੇ ਜ਼ੋਰ

ਹੁਣ ਅਸੀਂ ਵਾਰੀ-ਵਾਰੀ ਉਪਰੋਕਤ ਸਿਧਾਂਤਾਂ ਨੂੰ ਵਿਚਾਰਾਂਗੇ ਤਾਂ ਕਿ 1756 ਬਿਕ੍ਰਮੀ ਦੀ ਵਿਸਾਖੀ ਦੇ ਸਿਧਾਂਤਕ ਮਹੱਤਵ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕੇ।

**(ੳ) ਸ਼ਕਤੀਆਂ ਦਾ ਵਿਕੇਂਦਰੀਕਰਨ**: ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ਖ਼ਸੀ ਗੁਰਿਆਈ ਚਲੀ ਆ ਰਹੀ ਸੀ ਭਾਵੇਂ ਸ਼ਬਦ-ਗੁਰੂ ਦੇ ਸਿਧਾਂਤ 'ਤੇ ਸ਼ੁਰੂ ਤੋਂ ਹੀ ਜ਼ੋਰ ਦਿੱਤਾ ਜਾ ਰਿਹਾ ਸੀ। ਕਈ ਵਾਰ ਤਾਂ ਇਉਂ ਜਾਪਦਾ ਹੈ ਕਿ ਸਦੀਆਂ ਤੋਂ ਚਲੀ ਆ ਰਹੀ ਸ਼ਖ਼ਸੀ ਗੁਰਤਾ ਦੀ ਪਰੰਪਰਾ ਨੂੰ ਤੋੜਨ ਲਈ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨੌਂ ਜਾਮੇ ਹੋਰ ਧਾਰਨ ਕਰਨੇ ਪਏ ਕਿਉਂਕਿ ਸ਼ਬਦ-ਗੁਰੂ ਦਾ ਸੰਕਲਪ ਲੋਕਾਂ ਦੇ ਮਨਾਂ ਵਿਚ ਬਿਠਾਉਣ ਲਈ ਲੰਮਾ ਵਕਤ ਚਾਹੀਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਿੱਖ ਧਰਮ ਦਾ ਵਿਕਾਸ ਬਹੁਤ ਹੋ ਚੁੱਕਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋ ਚੁੱਕੀ ਸੀ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ ਹੋ ਚੁੱਕੀ ਸੀ ਅਤੇ ਮੀਰੀ-ਪੀਰੀ ਦੇ ਸੰਕਲਪ ਨੂੰ ਅਮਲੀ ਰੂਪ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਵੀ ਹੋ ਗਈ ਸੀ। ਧਰਮਸਾਲ ਅਤੇ ਸੰਗਤ ਦੇ ਸਿਧਾਂਤ ਅਮਲੀ ਰੂਪ ਗ੍ਰਹਿਣ ਕਰ ਚੁੱਕੇ ਸਨ। ਬਾਈ ਮੰਜੀਆਂ ਦੀ ਸਥਾਪਨਾ ਹੋ ਗਈ ਸੀ। ਸ਼ਹਾਦਤਾਂ ਦਾ ਖਜ਼ਾਨਾ ਵੀ ਤਿਆਰ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਸਨ। ਭਾਈ ਮਤੀ ਦਾਸ , ਭਾਈ ਸਤੀ ਦਾਸ ਅਤੇ ਭਾਈ ਦਿਆਲਾ ਸ਼ਹੀਦ ਹੋ ਚੁੱਕੇ ਸਨ। ਛੇਵੇਂ ਗੁਰੂ ਜੀ ਵਲੋਂ ਕੀਤੇ ਯੁੱਧਾਂ ਵਿਚ ਵੀ ਸਿੱਖ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਸਨ।

ਇਸ ਤਰ੍ਹਾਂ ਉਪਰੋਕਤ ਸਾਰੇ ਕੁਝ ਨੇ ਖਾਲਸਾ ਪੰਥ ਹੱਥ ਸ਼ਕਤੀ ਦੇਣ ਦਾ ਰਾਹ ਪੱਧਰਾ ਕਰ ਦਿੱਤਾ ਹੋਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਦਾ ਭਾਵ ਗੁਰ-ਦੀਖਿਆ ਦੇਣ ਦਾ ਅਧਿਕਾਰ ਸੌਂਪ ਦਿੱਤਾ। ਗੁਰ-ਦੀਖਿਆ ਦੇਣ ਦਾ ਅਧਿਕਾਰ ਦੇ ਕੇ ਗੁਰੂ ਜੀ ਨੇ ਸ਼ਕਤੀਆਂ ਦਾ ਅਮਲੀ ਤੌਰ 'ਤੇ ਵਿਕੇਂਦਰੀਕਰਨ ਕਰ ਦਿੱਤਾ। ਪੰਜ ਪਿਆਰਿਆਂ ਅਤੇ ਖਾਲਸਾ ਪੰਥ ਨੂੰ ਫੈਸਲੇ ਕਰਨ ਦਾ ਅਧਿਕਾਰ ਵੀ ਗੁਰੂ ਜੀ ਨੇ ਸੌਂਪ ਦਿੱਤਾ। ਚਮਕੌਰ ਦੀ ਗੜ੍ਹੀ ਵਿਚ ਜਦੋਂ ਗੁਰੂ ਜੀ ਆਪਣੇ ਸਾਥੀ ਸਿੰਘਾਂ ਦੇ ਨਾਲ ਮੁਗ਼ਲ ਫੌਜਾਂ ਦੇ ਘੇਰੇ ਵਿਚ ਆ ਗਏ ਤਾਂ ਸਿੰਘਾਂ ਨੇ ਚਾਹਿਆ ਕਿ ਗਰੀਬਾਂ ਅਤੇ ਮਜ਼ਲੂਮਾਂ ਦੇ ਰਾਖੇ ਦਸ਼ਮੇਸ਼ ਪਿਤਾ ਹਰ ਹਾਲਤ ਵਿਚ ਉਥੋਂ ਸਹੀ-ਸਲਾਮਤ ਨਿਕਲਣੇ ਚਾਹੀਦੇ ਹਨ। ਪੰਜ ਸਿੰਘਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਜੀ ਨੂੰ ਗੜ੍ਹੀ ਛੱਡਣ ਦਾ ਹੁਕਮ ਦਿੱਤਾ। ਭਾਵੇਂ ਗੁਰੂ ਜੀ ਇਸ ਖ਼ਤਰੇ ਸਮੇਂ ਸਿੰਘਾਂ ਨੂੰ ਛੱਡ ਕੇ ਬਿਲਕੁਲ ਨਹੀਂ ਜਾਣਾ ਚਾਹੁੰਦੇ ਸਨ ਫਿਰ ਵੀ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦਾ ਹੁਕਮ ਮੰਨਿਆ। ਇਸ ਤਰ੍ਹਾਂ ਗੁਰੂ ਜੀ ਨੇ ਅਮਲੀ ਰੂਪ ਵਿਚ ਖਾਲਸਾ ਪੰਥ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕਰ ਦਿੱਤੀ ਅਤੇ ਸ਼ਕਤੀਆਂ ਦਾ ਬੜਾ ਸੁਹਣਾ ਵਿਕੇਂਦਰੀਕਰਨ ਕਰ ਦਿੱਤਾ।

ਸ਼ਕਤੀਆਂ ਦਾ ਵਿਕੇਂਦਰੀਕਰਨ ਹੁੰਦਿਆਂ ਹੋਇਆਂ ਵੀ ਕੇਂਦਰ-ਬਿੰਦੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਖੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਹੀ ਗੁਰੂ ਪੰਥ ਨੇ ਆਪਣੇ ਫੈਸਲੇ ਕਰਨੇ ਸਨ। ਇਸ ਤਰ੍ਹਾਂ ਗੁਰੂ ਖਾਲਸਾ ਸੀ ਅਤੇ ਖਾਲਸਾ ਗੁਰੂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਕੇਂਦਰੀਕਰਨ ਅਤੇ ਕੇਂਦਰੀਕਰਨ ਦੇ ਇਸ ਇਕਮਿਕਤਾ ਭਰੇ ਸੁਮੇਲ ਨੂੰ ਆਪਣੇ ਸ਼ਬਦਾਂ ਵਿਚ ਇਉਂ ਦਰਸਾਇਆ:

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰਉ ਨਿਵਾਸ॥
(ਸਰਬਲੋਹ ਗ੍ਰੰਥ)

ਸ਼ਕਤੀਆਂ ਦਾ ਵਿਕੇਂਦਰੀਕਰਨ ਕੇਂਦਰ ਤੋਂ ਰਹਿਤ ਨਹੀਂ ਸੀ। ਇਹ ਵਿਕੇਂਦਰੀਕਰਨ ਕੇਂਦਰ ਦੇ ਅਨੁਸ਼ਾਸਨ ਵਿਚ ਸੀ। ਇਹ ਸੰਬੰਧ ਪਿਤਾ ਤੇ ਪੁੱਤਰਾਂ ਵਾਲਾ ਸੀ। ਪਿਤਾ ਅਧਿਕਾਰ ਵੀ ਰੱਖਦਾ ਸੀ ਅਤੇ ਪੁੱਤਰਾਂ ਨੂੰ ਖੁੱਲ੍ਹ ਵੀ ਦਿੰਦਾ ਸੀ। ਪੁੱਤਰ ਪਿਤਾ ਦੇ ਹੁਕਮ ਵਿਚ ਰਹਿੰਦਿਆਂ ਸ਼ਕਤੀਆਂ ਦੀ ਆਜ਼ਾਦੀ ਮਾਨਣ ਦੇ ਹੱਕਦਾਰ ਹੋ ਗਏ ਸਨ।

**(ਅ) ਲੋਕਤੰਤਰੀ ਢਾਂਚੇ ਦੀ ਸਥਾਪਨਾ:** ਲੋਕਤੰਤਰੀ ਢਾਂਚੇ ਦੀ ਸਥਾਪਨਾ ਲਈ ਪਹਿਲੀ ਸ਼ਰਤ ਸ਼ਕਤੀਆਂ ਦਾ ਵਿਕੇਂਦਰੀਕਰਨ ਹੀ ਹੁੰਦੀ ਹੈ। ਇਸ ਦੇ ਨਾਲ ਲੋਕਤੰਤਰ ਦਾ ਪਹਿਲਾ ਲੱਛਣ 'ਆਜ਼ਾਦੀ' ਪੂਰਾ ਹੁੰਦਾ ਹੈ। ਲੋਕਤੰਤਰ ਦਾ ਦੂਜਾ ਵੱਡਾ ਲੱਛਣ ਹੁੰਦਾ ਹੈ 'ਬਰਾਬਰੀ'।1756 ਬਿਕ੍ਰਮੀ ਦੀ ਵਿਸਾਖੀ ਤਾਂ ਬਰਾਬਰੀ ਦਾ ਇਕ ਪ੍ਰਤੀਕ ਹੈ। ਸਰਬ-ਲੋਹ ਦੇ ਇੱਕੋ ਬਾਟੇ ਵਿਚ ਇੱਕੋ ਖੰਡੇ ਨਾਲ ਅੰਮ੍ਰਿਤ ਤਿਆਰ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਇਸ ਤੋਂ ਵੱਡੀ ਬਰਾਬਰੀ ਹੋਰ ਕੀ ਹੋ ਸਕਦੀ ਹੈ? ਅੰਮ੍ਰਿਤ ਛਕਾਉਣ ਵਾਲੇ ਸਥਾਨ ਜਾਂ ਜਾਤ ਦਾ ਕੋਈ ਭੇਦ ਨਹੀਂ ਰੱਖਿਆ ਗਿਆ। ਭੇਦ-ਭਾਵ ਨੂੰ ਮਿਟਾਉਣ ਦੀ ਜੋ ਸਿੱਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਚਲੀ ਆ ਰਹੀ ਸੀ ਉਸ ਨੂੰ ਅਮਲੀ ਰੂਪ ਵਿਚ ਪ੍ਰਤੱਖ ਕਰ ਕੇ ਦਿਖਾ ਦਿੱਤਾ। ਲੋਕਤੰਤਰ ਦਾ ਤੀਜਾ ਲੱਛਣ 'ਨਿਆਂ' ਹੁੰਦਾ ਹੈ। ਗੁਰੂ ਜੀ ਨੇ ਵਿਸ਼ਵਾਸ, ਦ੍ਰਿੜ੍ਹਤਾ ਅਤੇ ਸਿਦਕ ਦੀਆਂ ਯੋਗਤਾਵਾਂ ਨੂੰ ਸਿੱਖੀ ਦਾ ਆਧਾਰ ਬਣਾਇਆ। ਨਿਆਂ ਬਰਾਬਰੀ ਦੀ ਮੰਗ ਕਰਦਾ ਹੈ। ਨਿਆਂ ਯੋਗਤਾ ਦੀ ਕਦਰ ਕਰਨ ਦੀ ਮੰਗ ਕਰਦਾ ਹੈ। ਨਿਆਂ ਹਰ ਤਰ੍ਹਾਂ ਦੇ ਅਨਿਆਂ ਦੇ ਵਿਰੁਧ ਹੁੰਦਾ ਹੈ।



ਡਾ. ਸ਼ੇਰ ਸਿੰਘ ਆਪਣੀ ਪੁਸਤਕ ਵਿਚ ਸਿੱਖ ਭਾਈਚਾਰੇ ਦਾ ਸਮਾਜਿਕ ਅਤੇ ਰਾਜਨੀਤਕ ਆਦਰਸ਼ 'ਅੰਤਰਰਾਸ਼ਟਰੀ ਭਾਈਚਾਰਾ' ਦੱਸਦੇ ਹੋਏ ਖਾਲਸਾ-ਪ੍ਰਬੰਧ ਦੇ ਸੰਵਿਧਾਨ ਦੀਆਂ ਤਿੰਨ ਮੁੱਢਲੀਆਂ ਕੀਮਤਾਂ ਬਰਾਬਰੀ, ਨਿਆਂ ਅਤੇ ਆਜ਼ਾਦੀ ਨੂੰ ਦੱਸਦੇ ਹਨ।

ਸੁਕਰਾਤ ਨੇ ਆਪਣੇ ਆਪ ਨੂੰ ਰਾਜਾਂ, ਹੱਦਾਂ ਅਤੇ ਦੇਸ਼ਾਂ ਤੋਂ ਉੱਪਰ ਉਠਾਉਂਦੇ ਹੋਏ ਸੰਸਾਰ-ਨਾਗਰਿਕ ਦਾ ਸਿਧਾਂਤ ਪੇਸ਼ ਕੀਤਾ ਸੀ। ਪ੍ਰੋ. ਪੂਰਨ ਸਿੰਘ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਇਸ ਸਿਧਾਂਤ ਨੂੰ ਹੋਰ ਅਗੇ ਲਿਜਾਂਦੇ ਹੋਏ ਆਪਣੇ ਆਪ ਨੂੰ ਬ੍ਰਹਿਮੰਡੀ ਨਾਗਰਿਕ ਦੱਸਦੇ ਹਨ। ਸੰਸਾਰ-ਨਾਗਰਿਕ ਦੇਸ਼ਾਂ ਦੀਆਂ ਹੱਦਾਂ ਨਹੀਂ ਮੰਨਦਾ। ਉਸ ਦੀ ਸੋਚ ਨਿਰਸੰਦੇਹ ਬੜੀ ਵਿਸ਼ਾਲ ਹੁੰਦੀ ਹੈ ਪਰ ਬ੍ਰਹਿਮੰਡ-ਨਾਗਰਿਕ ਦੀ ਸੋਚ ਉਸ ਤੋਂ ਵਿਸ਼ਾਲ ਹੈ ਜੋ ਦੇਸ਼ਾਂ ਤੋਂ ਅਗੇ ਬ੍ਰਹਿਮੰਡ ਦੀ ਗੱਲ ਕਰਦਾ ਹੈ। ਜਦੋਂ ਮਨੁੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਫੁਰਮਾਨ ਨੂੰ ਅਪਨਾ ਲੈਂਦਾ ਹੈ ਉਹ ਸਹੀ ਅਰਥਾਂ ਵਿਚ ਬਰਾਬਰੀ ਅਤੇ ਨਿਆਂ ਨੂੰ ਅਮਲੀ ਰੂਪ ਦੇ ਦਿੰਦਾ ਹੈ। ਆਪ ਫੁਰਮਾਉਂਦੇ ਹਨ:

ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।
(ਅਕਾਲ ਉਸਤਤਿ)

ਵਿਸਾਖੀ ਰੂਹਾਨੀ ਲੋਕਤੰਤਰ ਦੀ ਨੀਂਹ ਉਤੇ ਖਾਲਸਾ-ਪੰਥ ਦੀ ਇਮਾਰਤ ਉਸਾਰਦੀ ਹੈ। ਬਰਾਬਰੀ, ਨਿਆਂ ਅਤੇ ਆਜ਼ਾਦੀ ਇਮਾਰਤ ਦੇ ਥੰਮ ਵੀ ਹਨ ਅਤੇ ਗੁੰਬਦ ਵੀ।

**(ੲ) ਭਗਤੀ ਅਤੇ ਸ਼ਕਤੀ ਦਾ ਸੁਮੇਲ:** ਭਗਤੀ ਅਤੇ ਸ਼ਕਤੀ ਦਾ ਸੁਮੇਲ ਸੰਸਾਰ ਦੇ ਇਤਿਹਾਸ ਵਿਚ ਅਤੇ ਭਾਰਤ ਦੇ ਇਤਿਹਾਸ-ਮਿਥਿਹਾਸ ਵਿਚ ਦੇਖਣ ਨੂੰ ਆਮ ਮਿਲਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਕੀਤੇ ਗਏ ਯੁੱਧ ਉਹ ਇਤਿਹਾਸਕ ਮਿਸਾਲਾਂ ਹਨ ਜਿਨ੍ਹਾਂ ਦੀ ਹੋਂਦ 1756 ਬਿਕ੍ਰਮੀ ਦੀ ਵਿਸਾਖੀ ਤੋਂ ਪਹਿਲਾਂ ਹੀ ਮੌਜੂਦ ਸੀ। ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸ ਤੋਂ ਪਹਿਲਾਂ ਯੁੱਧ ਕਰ ਚੁੱਕੇ ਸਨ। ਇਸ ਲਈ ਜਦੋਂ ਗੁਰੂ ਜੀ ਨੇ ਖਾਲਸੇ ਨੂੰ ਕਿਰਪਾਨਧਾਰੀ ਬਣਾਇਆ ਤਾਂ ਉਹ ਪਹਿਲਾਂ ਤੋਂ ਚਲੀ ਆ ਰਹੀ ਭਗਤੀ-ਸ਼ਕਤੀ ਜਾਂ ਮੀਰੀ-ਪੀਰੀ ਦੀ ਪਰੰਪਰਾ ਨੂੰ ਹੀ ਅੱਗੇ ਤੋਰ ਰਹੇ ਸਨ। ਦਸਮੇਸ਼ ਪਿਤਾ ਨੇ ਕਿਰਪਾਨ ਦੀ ਵਰਤੋਂ ਉਦੋਂ ਹੀ ਜਾਇਜ਼ ਦੱਸੀ ਹੈ ਜਦੋਂ ਬਾਕੀ ਸਾਰੇ ਹੀਲੇ ਮੁੱਕ ਜਾਣ। ਔਰੰਗਜ਼ੇਬ ਨੂੰ ਲਿਖੇ ਪੱਤਰ 'ਜ਼ਫ਼ਰਨਾਮਾ' ਵਿਚ ਗੁਰੂ ਜੀ ਲਿਖਦੇ ਹਨ:

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਕਿਰਪਾਨ ਦੀ ਵਰਤੋਂ ਤਾਂ ਆਖਰੀ ਹੀਲਾ ਹੈ। ਜਦੋਂ ਜ਼ਾਲਮ ਏਨੀ ਅੱਤ ਚੁੱਕ ਲਵੇ ਕਿ ਉਸ 'ਤੇ ਸ਼ਾਂਤਮਈ ਤਰੀਕੇ ਨਾਲ ਦਿੱਤੀਆਂ ਸ਼ਹਾਦਤਾਂ (ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ) ਦਾ ਵੀ ਕੋਈ ਅਸਰ ਨਾ ਹੋਵੇ ਅਤੇ ਉਹ ਪੱਥਰ-ਦਿਲ ਹੋ ਜਾਵੇ ਤਾਂ ਉਸ ਦੇ ਟਾਕਰੇ ਲਈ ਕਿਰਪਾਨ ਵਰਤਣੀ ਜਾਇਜ਼ ਹੈ।

ਪ੍ਰੋ. ਪ੍ਰੀਤਮ ਸਿੰਘ ਆਪਣੀ ਪੁਸਤਕ 'ਦਾਰਸ਼ਨਿਕ ਸਿੱਖ ਇਤਿਹਾਸ' ਦੇ ਪੰਨਾ 209 'ਤੇ ਲਿਖਦੇ ਹਨ, "ਸਿੱਖ ਤਲਵਾਰ ਹਮੇਸ਼ਾ ਸ੍ਵੈ-ਮਾਣ ਦੀ ਜ਼ਿੰਦਗੀ ਤੇ ਪੂਰਨ ਧਾਰਮਿਕ ਆਜ਼ਾਦੀ ਲਈ ਫੜਦੇ ਹਨ। ਇਹ ਸਿਰਫ ਦੋ ਮੌਕਿਆਂ 'ਤੇ ਤਲਵਾਰ ਫੜਦੇ ਹਨ-ਸ੍ਵੈ-ਰੱਖਿਆ ਲਈ ਅਤੇ ਦੀਨਾਂ ਦੀ ਰੱਖਿਆ ਲਈ।" ਇਸੇ ਪੰਨੇ 'ਤੇ ਪ੍ਰੋ. ਪ੍ਰੀਤਮ ਸਿੰਘ ਲਿਖਦੇ ਹਨ, "ਖਾਲਸੇ ਦੀ ਤਲਵਾਰ ਤਲਵਾਰ ਘੱਟ ਹੈ ਅਤੇ ਢਾਲ ਬਹੁਤੀ ਹੈ।" ਖਾਲਸੇ ਦੀ ਤਲਵਾਰ ਜਾਂ ਕਿਰਪਾਨ ਹਮਲਾ ਕਰਨ ਲਈ, ਜ਼ੁਲਮ ਕਰਨ ਲਈ ਜਾਂ ਜ਼ਮੀਨ-ਜਾਇਦਾਦ ਦੱਬਣ ਜਾਂ ਖੋਹਣ ਲਈ ਨਹੀਂ ਹੈ। ਖਾਲਸਾ ਕੇਵਲ ਸਿਪਾਹੀ ਹੀ ਨਹੀਂ, ਉਹ ਸੰਤ ਵੀ ਹੈ। ਜੇ ਉਹ ਕੇਵਲ ਸਿਪਾਹੀ ਹੁੰਦਾ ਤਾਂ ਉਹ ਜੰਗ ਵਿਚ ਜਾਇਜ਼-ਨਾਜਾਇਜ਼, ਠੀਕ-ਗਲਤ ਜਾਂ ਚੰਗਾ-ਮਾੜਾ ਕੁਝ ਵੀ ਨਾ ਦੇਖਦਾ, ਕਿਉਂਕਿ ਉਹ ਸਿਪਾਹੀ ਦੇ ਨਾਲ-ਨਾਲ ਸੰਤ ਵੀ ਹੈ ਇਸ ਲਈ ਉਹ ਇਹ ਪਰਖ ਵੀ ਨਾਲ ਹੀ ਕਰਦਾ ਹੈ। ਨਿਹੱਥਿਆਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਬੀਮਾਰਾਂ ਆਦਿ 'ਤੇ ਖਾਲਸਾ ਕਦੇ ਵਾਰ ਨਹੀਂ ਕਰਦਾ। ਖਾਲਸਾ ਕਦੇ ਜੰਗ ਵਿਚ ਝੂਠ, ਧੋਖਾ, ਫਰੇਬ ਆਦਿ ਦਾਅ-ਪੇਚ ਨਹੀਂ ਖੇਡਦਾ। ਪਹਿਲਾਂ ਕਦੇ ਹਮਲਾ ਨਹੀਂ ਕਰਦਾ। ਕਦੇ ਕਿਸੇ ਮਜ਼ਲੂਮ 'ਤੇ ਹਮਲਾ ਨਹੀਂ ਕਰਦਾ। ਇਥੋਂ ਤਕ ਕਿ ਵਾਹਿਗੁਰੂ ਦਾ ਨਾਮ ਉਹ ਜੰਗ ਵਿਚ ਵੀ ਨਹੀਂ ਭੁੱਲਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਅਵਸਥਾ ਦਾ ਬਿਆਨ ਇਉਂ ਕਰਦੇ ਹਨ:

ਧੰਨਿ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।

ਕਿੱਡੀ ਵੱਡੀ ਗੱਲ ਹੈ ਇਹ! ਜੰਗ ਲੜਨਾ ਤੇ ਵਾਹਿਗੁਰੂ ਦਾ ਨਾਮ ਜ਼ਬਾਨ 'ਤੇ ਹੋਣਾ। ਸਪਸ਼ਟ ਹੀ ਹੈ ਕਿ ਸ਼ਕਤੀ ਨੂੰ ਭਗਤੀ ਲਈ ਵਰਤਣਾ ਹੈ ਨਾ ਕਿ ਭਗਤੀ ਨੂੰ ਸ਼ਕਤੀ ਲਈ। ਸ਼ਕਤੀ ਭਗਤੀ ਦੇ ਅਧੀਨ ਹੈ। ਸ਼ਕਤੀ ਨੇ ਤਾਂ ਭਗਤਾਂ ਦੀ ਰਾਖੀ ਕਰਨੀ ਹੈ।

ਖਾਲਸੇ ਦਾ ਆਚਰਣ ਭਗਤੀ ਕਰਕੇ ਏਨਾ ਉੱਚਾ ਹੈ ਕਿ ਉਹ ਦੁਸ਼ਮਣਾਂ ਦੀਆਂ ਇਸਤਰੀਆਂ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਦਾ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਖਾਲਸਾ ਫੌਜ ਨੇ ਅਫਗਾਨਿਸਤਾਨ ਨੂੰ ਲਿਜਾਈਆਂ ਜਾ ਰਹੀਆਂ ਇੱਕੀ ਸੌ ਹਿੰਦੋਸਤਾਨੀ ਇਸਤਰੀਆਂ ਨੂੰ ਅਫਗਾਨਾਂ ਦੀ ਫੌਜ ਹੱਥੋਂ ਛੁਡਵਾਇਆ ਅਤੇ ਉਨ੍ਹਾਂ ਨੂੰ ਇੱਜ਼ਤ ਨਾਲ ਘਰੋ-ਘਰੀਂ ਪਹੁੰਚਾਇਆ।

ਵਿਸਾਖੀ ਨੂੰ ਜੋ ਰਹਿਤ-ਮਰਿਆਦਾ ਗੁਰੂ ਜੀ ਨੇ ਸਿੱਖਾਂ ਨੂੰ ਦਿੱਤੀ ਉਸ ਵਿਚ ਖਾਲਸਾ ਪੰਥ ਨੂੰ ਪਰ-ਇਸਤਰੀ ਦੇ ਸੰਗ ਤੋਂ ਵਰਜਿਆ। ਇਸ ਦਾ ਭਾਵ ਵੀ ਇਹੀ ਸੀ ਕਿ ਸ਼ਕਤੀ ਦੀ ਵਰਤੋਂ ਕਰਦਿਆਂ ਤਾਕਤ ਦੇ ਨਸ਼ੇ ਵਿਚ ਨੈਤਿਕਤਾ ਨੂੰ ਨਹੀਂ ਛੱਡਣਾ। ਗੁਰਬਾਣੀ ਦਾ ਪਾਠ ਕਰਦਿਆਂ ਅੰਮ੍ਰਿਤ ਦੀ ਤਿਆਰੀ ਅਤੇ ਰੋਜ਼ਾਨਾ ਦਾ ਨਿੱਤਨੇਮ ਜ਼ਰੂਰੀ ਕਰਨਾ ਵੀ ਸਿੱਖਾਂ ਨੂੰ ਸ਼ਕਤੀ ਦੇ ਨਾਲ-ਨਾਲ ਭਗਤੀ ਦੇ ਸੰਗ ਜੋੜ ਕੇ ਰੱਖਣ ਵਾਸਤੇ ਹੀ ਸੀ। ਇਸ ਤਰ੍ਹਾਂ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਪੂਰੀ ਤਰ੍ਹਾਂ ਅਮਲੀ ਰੂਪ ਵਿਚ ਸਿੱਖਾਂ ਵਾਸਤੇ ਲਾਗੂ ਕਰ ਦਿੱਤਾ।

**(ਸ) ਸਭਿਆਚਾਰਕ ਸੁਤੰਤਰਤਾ ਦਾ ਆਦਰਸ਼:** ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਹੁਕਮਰਾਨ ਮੁਗ਼ਲਾਂ ਦੇ ਸਭਿਆਚਾਰਕ ਪ੍ਰਭਾਵ ਨੂੰ ਲੋਕਾਂ 'ਤੇ ਹਾਵੀ ਹੁੰਦੇ ਦੇਖ ਲਿਆ ਸੀ। ਲੋਕ ਬੋਲੀ, ਪਹਿਰਾਵਾ, ਖਾਣ-ਪੀਣ ਆਦਿ ਦੇ ਪੱਖ ਤੋਂ ਜ਼ਿਹਨੀ ਤੌਰ 'ਤੇ ਗੁਲਾਮ ਹੋ ਗਏ ਸਨ। ਇਸ ਸਭਿਆਚਾਰਕ ਗੁਲਾਮੀ ਨੇ ਲੋਕਾਂ ਨੂੰ ਗੈਰਤ ਤੋਂ ਬਿਲਕੁਲ ਖਾਲੀ ਕਰ ਦਿੱਤਾ ਸੀ। ਇਸੇ ਦਸ਼ਾ ਨੂੰ ਬਿਆਨ ਕਰਦੇ ਹੋਏ ਗੁਰੂ ਜੀ ਨੇ ਫੁਰਮਾਇਆ:

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੈ ਪੂਜਹਿ ਪੁਰਾਣੁ॥
(ਪੰਨਾ 472)

ਬਾਬਰ ਇਸ ਦੇਸ਼ ਵਿਚ 'ਪਾਪ ਕੀ ਜੰਞ' ਲੈ ਕੇ ਹਮਲਾਵਰ ਦੇ ਤੌਰ 'ਤੇ ਆਇਆ ਸੀ। ਉਹ ਇਸ ਦੇਸ਼ ਨੂੰ ਲੁੱਟਣ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਨੇ ਇਥੇ ਆਪਣੀ ਹਕੂਮਤ ਕਾਇਮ ਕਰ ਲਈ। ਹਕੂਮਤ ਕਾਇਮ ਹੋਣ 'ਤੇ ਹਾਕਮ ਦਾ ਧਰਮ, ਹਾਕਮ ਦੀ ਬੋਲੀ ਅਤੇ ਹਾਕਮ ਦਾ ਰਹਿਣ-ਸਹਿਣ ਜਨਤਾ ਦਾ ਧਰਮ, ਜਨਤਾ ਦੀ ਬੋਲੀ ਅਤੇ ਜਨਤਾ ਦਾ ਰਹਿਣ-ਸਹਿਣ ਬਣਨ ਲੱਗਿਆ। ਕੁਝ ਲੋਕ ਹਕੂਮਤ ਦੇ ਡਰ ਤੋਂ ਇਹ ਸਾਰਾ ਕੁਝ ਅਪਨਾਉਣ ਲੱਗੇ ਅਤੇ ਕੁਝ ਲੋਕ ਹੁਕਮਰਾਨਾਂ ਵਲੋਂ ਲਾਲਚ ਨੂੰ ਪ੍ਰਵਾਨ ਕਰ ਕੇ ਇਸ ਪਾਸੇ ਆਏ। ਨੌਕਰੀਆਂ ਅਤੇ ਜਾਗੀਰਾਂ ਦਾ ਲਾਲਚ ਕੁਝ ਲੋਕਾਂ ਦੇ ਮਨਾਂ 'ਤੇ ਹਾਵੀ ਹੋ ਗਿਆ। ਜਹਾਂਗੀਰ ਬਾਦਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਨੂੰ ਆਪਣੇ ਮਜ਼ਹਬ ਅਤੇ ਸਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਰਾਹ ਵਿਚ ਇਕ ਵੱਡਾ ਰੋੜਾ ਸਮਝਿਆ ਕਿਉਂਕਿ ਗੁਰੂ ਸਾਹਿਬਾਨ ਦੀ ਸਿੱਖਿਆ ਆਜ਼ਾਦੀ ਅਤੇ ਅਣਖ ਨਾਲ ਜੀਣ ਦੀ ਸਿੱਖਿਆ ਸੀ। ਗੁਰੂ ਸਾਹਿਬਾਨ ਲੋਕਾਂ ਨੂੰ ਆਪਣੇ ਸਭਿਆਚਾਰ ਨਾਲ ਪ੍ਰੇਮ ਕਰਨਾ ਸਿਖਾ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਬੁਨਿਆਦੀ ਕਾਰਨ ਇਹ ਸੀ ਕਿ ਸਭਿਆਚਾਰਕ ਸੁਤੰਤਰਤਾ ਦਾ ਆਦਰਸ਼ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਬਾਦਸ਼ਾਹ ਨੂੰ ਸੁਖਾਂਦਾ ਨਹੀਂ ਸੀ।

ਵਿਸਾਖੀ ਨੂੰ ਜੋ ਰਹਿਤ-ਮਰਿਆਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਇਮ ਕੀਤੀ ਉਸ ਦਾ ਮੁੱਖ ਮੰਤਵ ਸਭਿਆਚਾਰਕ ਸੁਤੰਤਰਤਾ ਦਾ ਜ਼ਾਹਰਾ ਤੌਰ 'ਤੇ ਐਲਾਨ ਕਰਨਾ ਹੀ ਸੀ। ਕੇਸ ਅਤੇ ਦਸਤਾਰ ਦੋਵੇਂ ਅਜਿਹੇ ਚਿੰਨ੍ਹ ਸਨ ਜਿਨ੍ਹਾਂ ਤੋਂ ਖਾਲਸਾ-ਪੰਥ ਦੀ ਉਘੜਵੀਂ ਪਛਾਣ ਬਣਦੀ ਸੀ। ਇਹ ਇਕ ਖੁੱਲ੍ਹਾ ਚੈਲੰਜ ਸੀ ਉਨ੍ਹਾਂ ਹੁਕਮਰਾਨਾਂ ਨੂੰ ਜੋ ਤਾਕਤ ਦੇ ਨਸ਼ੇ ਵਿਚ ਆਮ ਲੋਕਾਂ ਦੀ ਧਾਰਮਿਕ ਆਜ਼ਾਦੀ ਦਾ ਗਲਾ ਘੁੱਟ ਰਹੇ ਸਨ। ਇਹ ਇਕ ਖੁੱਲੀ ਵੰਗਾਰ ਸੀ ਉਨ੍ਹਾਂ ਜ਼ਾਲਮ ਹੁਕਮਰਾਨਾਂ ਲਈ ਜਿਹੜੇ ਲੋਕਾਂ ਤੋਂ ਉਨ੍ਹਾਂ ਦੇ ਵਿਸ਼ਵਾਸ, ਉਨ੍ਹਾਂ ਦੇ ਪੂਜਾ-ਪਾਠ, ਉਨ੍ਹਾਂ ਦੇ ਖਾਣ-ਪੀਣ ਦੀ ਆਜ਼ਾਦੀ ਅਤੇ ਉਨ੍ਹਾਂ ਦੇ ਪਹਿਰਾਵੇ ਦੀ ਆਜ਼ਾਦੀ ਦੇ ਅਧਿਕਾਰਾਂ ਨੂੰ ਖੋਹ ਰਹੇ ਸਨ ਅਤੇ ਸਭ ਕੁਝ ਆਪਣੇ ਵਲੋਂ ਜ਼ਬਰਦਸਤੀ ਠੋਸ ਰਹੇ ਸਨ। ਜੇਕਰ ਦੂਜੇ ਸ਼ਬਦਾਂ ਵਿਚ ਸਭਿਆਚਾਰਕ ਸੁਤੰਤਰਤਾ ਨੂੰ ਦੇਖਣਾ ਹੋਵੇ ਤਾਂ ਇਹ ਅਸਲ ਅਰਥਾਂ ਵਿਚ ਧਾਰਮਿਕ-ਨਿਰਪੱਖਤਾ ਅਤੇ ਧਾਰਮਿਕ-ਸਹਿਨਸ਼ੀਲਤਾ ਦਾ ਸਿਧਾਂਤ ਸੀ। ਗੁਰਬਾਣੀ ਵਿਚ ਧਰਮ, ਜਾਤ ਅਤੇ ਹੋਰ ਅਜਿਹੇ ਕਾਰਨਾਂ ਕਰਕੇ ਮਨੁੱਖਤਾ ਨੂੰ ਵੰਡਣ ਦਾ ਖੰਡਨ ਕੀਤਾ ਗਿਆ ਸੀ। ਗੁਰਬਾਣੀ ਹਿੰਦੂ ਨੂੰ ਸੱਚਾ ਹਿੰਦੂ ਅਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਦੀ ਪ੍ਰੇਰਨਾ ਦਿੰਦੀ ਸੀ। ਗੁਰਬਾਣੀ ਭਾਈਚਾਰਕ ਪਿਆਰ ਸਿਖਾਉਂਦੀ ਸੀ ਨਾ ਕਿ ਧਰਮਿਕ ਕੱਟੜਤਾ।

ਬਾਦਸ਼ਾਹ ਬਹਾਦਰ ਸ਼ਾਹ ਦੇ ਪੁੱਛਣ 'ਤੇ ਕਿ ਮਜ਼ਹਬ ਤੁਮਹਾਰਾ ਖੂਬ ਕਿ ਹਮਾਰਾ ਖੂਬ? ਬਾਰੇ ਗੁਰੂ ਜੀ ਨੇ ਉੱਤਰ ਦਿੱਤਾ ਸੀ, 'ਤੁਮ ਕੋ ਤੁਮਹਾਰਾ ਖੂਬ ਹਮ ਕੋ ਹਮਾਰਾ ਖੂਬ।' ਭਾਈ ਘਨੱਈਆ ਜੀ ਪਾਣੀ ਪਿਆਉਂਦੇ ਹੋਏ ਇਹ ਨਹੀਂ ਸਨ ਦੇਖਦੇ ਕਿ ਜ਼ਖ਼ਮੀ ਮਿੱਤਰ ਹੈ ਜਾਂ ਦੁਸ਼ਮਣ। ਗੁਰੂ ਸਾਹਿਬ ਦੀ ਵਡਿਆਈ ਦੇਖੋ ਜਿਨ੍ਹਾਂ ਨੇ ਭਾਈ ਘਨੱਈਆ ਜੀ ਦਾ ਮਾਨਵਤਾ ਲਈ ਇਕਸਾਰ ਪ੍ਰੇਮ ਦੇਖ ਕੇ ਸ਼ਾਬਾਸ਼ ਦਿੱਤੀ ਸੀ ਅਤੇ ਜ਼ਖ਼ਮਾਂ 'ਤੇ ਲਾਉਣ ਲਈ ਮਲ੍ਹਮ ਵੀ ਦਿੱਤੀ ਸੀ।

ਗੁਰੂ ਜੀ ਨੇ ਸਿੱਖਾਂ ਨੂੰ ਸਿਖਾਇਆ ਕਿ ਆਪਣੇ ਧਰਮ 'ਤੇ ਪੱਕੇ ਰਹੋ। ਆਪਣੀ ਮਾਂ-ਬੋਲੀ ਅਤੇ ਆਪਣੇ ਸੱਚੇ-ਸੁੱਚੇ ਸਭਿਆਚਾਰ ਨੂੰ ਅਪਨਾਓ। ਉਨ੍ਹਾਂ ਨੇ ਇਸੇ ਕਾਰਨ ਕਰਕੇ ਹੀ ਖਾਣ-ਪੀਣ, ਰਹਿਣ-ਸਹਿਣ ਅਤੇ ਪਹਿਰਾਵੇ ਸੰਬੰਧੀ ਆਦੇਸ਼ ਜਾਰੀ ਕੀਤੇ। ਬੋਲੀ ਪੱਖੋਂ ਦੇਖੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਅਰਬੀ, ਫਾਰਸੀ, ਸੰਸਕ੍ਰਿਤ, ਬ੍ਰਿਜ ਆਦਿ ਭਾਸ਼ਾਵਾਂ ਦੀ ਵਰਤੋਂ ਕੀਤੀ, ਆਪਣੇ ਦਰਬਾਰੀ ਕਵੀਆਂ ਪਾਸੋਂ ਇਨ੍ਹਾਂ ਭਾਸ਼ਾਵਾਂ ਵਿਚ ਰਚਨਾਵਾਂ ਲਿਖਵਾਈਆਂ, ਸਿੱਖਾਂ ਨੂੰ ਵੱਖ-ਵੱਖ ਭਾਸ਼ਾਵਾਂ ਸਿੱਖਣ ਲਈ ਪ੍ਰੇਰਿਆ।

ਗੁਰੂ ਸਾਹਿਬ ਨੇ ਵਿਸਾਖੀ ਵਾਲੇ ਦਿਨ ਜਿਸ ਸਭਿਆਚਾਰਕ ਸੁਤੰਤਰਤਾ ਦਾ ਉਪਦੇਸ਼ ਅਮਲੀ ਰੂਪ ਵਿਚ ਦਿੱਤਾ ਉਹ ਅਸਲ ਵਿਚ ਸਭਿਆਚਾਰਕ ਸਹਿਹੋਂਦ ਦਾ ਆਦਰਸ਼ ਸੀ। ਦੁਨੀਆਂ ਵਿਚ 'ਜੀਓ ਅਤੇ ਜੀਣ ਦਿਓ' ਦਾ ਆਦਰਸ਼ ਸੀ ਇਹ। ਹਰ ਇਕ ਨੂੰ ਆਪਣੀ ਇੱਛਾ ਅਤੇ ਆਪਣੇ ਵਿਸ਼ਵਾਸ ਅਨੁਸਾਰ ਜੀਣ ਦੀ ਆਜ਼ਾਦੀ ਅਤੇ ਖੁੱਲ੍ਹ ਹੋਵੇ। ਇਸ ਦੀ ਵੰਗਾਰ ਸੀ 1756 ਬਿਕ੍ਰਮੀ ਦੀ ਵਿਸਾਖੀ। ਗੁਰੂ ਜੀ ਤਾਂ ਆਪ ਹੀ ਮੰਨਦੇ ਹਨ ਕਿ ਰਹਿਣੀ-ਬਹਿਣੀ, ਬੋਲੀ, ਪਹਿਰਾਵਾ ਆਦਿ ਵੱਖ-ਵੱਖ ਇਲਾਕਿਆਂ ਦੇ ਪ੍ਰਭਾਵ ਹਨ। ਇਹ ਪ੍ਰਭਾਵ ਹੀ ਆਪੋ-ਆਪਣੀ ਥਾਂ ਸਭਿਆਚਾਰਕ ਸੁਤੰਤਰਤਾ ਹਨ। ਸਾਰੀ ਦੁਨੀਆਂ ਦੀ ਬੋਲੀ ਇੱਕ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਵਿਸ਼ਵਾਸ ਜਾਂ ਪਹਿਰਾਵਾ ਤੇ ਖਾਣ-ਪੀਣ ਇੱਕ ਕੀਤੇ ਜਾ ਸਕਦੇ ਹਨ। ਇਹ ਅਨੇਕਤਾ ਜਾਂ ਭਿੰਨਤਾ ਹੀ ਮਨੁੱਖਤਾ ਜਾਂ ਕੁਦਰਤ ਦੀ ਸੁੰਦਰਤਾ ਹੈ। ਇਹ ਅਨੇਕਤਾ ਜਾਂ ਭਿੰਨਤਾ ਹੀ ਸਭਿਆਚਾਰਕ ਸੁਤੰਤਰਤਾ ਦਾ ਦੂਜਾ ਨਾਂ ਹੈ। ਗੁਰੂ ਜੀ ਫੁਰਮਾਉਂਦੇ ਹਨ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ।
ਅੱਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।
(ਅਕਾਲ ਉਸਤਤਿ ਪਾ: 10)

**(ਹ) ਨੈਤਿਕਤਾ 'ਤੇ ਜ਼ੋਰ:** ਜਦੋਂ ਸ੍ਰੀ

(ਬਾਕੀ ਸਫਾ 32 'ਤੇ)

# ਵੇ ਵੀਰੋ ਜ਼ਰਾ ਬੱਚ ਕੇ ਸਾਧਾਂ ਤੋਂ !

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਪਾਰਕ ਦੇ ਬੈਂਚਾਂ ਉਪਰ ਬੈਠੇ ਬਜ਼ੁਰਗਾਂ ਨੂੰ ਵੇਖ ਕੇ ਮੈਂ ਵੀ ਫਤਹਿ ਬੁਲਾ ਕੋਲ ਹੀ ਬੈਠ ਗਿਆ। ਬਾਬਿਆਂ ਨੇ ਜੂਨ ਚੌਰਾਸੀ ਦੇ ਘੱਲੂਘਾਰੇ ਦਾ ਇਤਿਹਾਸ ਫਰੋਲਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਮਾੜੇ ਹਾਲਤ ਫੌਜ ਅਤੇ ਪੁਲਿਸ ਦੀ ਦਹਿਸ਼ਤ ਦਾ ਵਰਨਣ ਹੋ ਰਿਹਾ ਸੀ। ਅਫਸਰੀ ਰੈਂਕ ਵਾਲੇ ਸਾਬਕਾ ਅਫਸਰ ਬਜ਼ੁਰਗ ਥੋੜਾ ਬਹੁਤਾ ਸਰਕਾਰ ਦਾ ਪੱਖ ਪੂਰ ਰਹੇ ਸਨ। ਪੇਂਡੂ ਬਜ਼ੁਰਗ ਜਵਾਨੀ ਦੇ ਹੋਏ ਘਾਣ ਦੀ ਚਿੰਤਾ ਪ੍ਰਗਟਾ ਰਹੇ ਸਨ। ਇਸ ਰਲਵੀਂ-ਮਿਲਵੀਂ ਢਾਣੀ ਵਿਚ ਕਈ ਵਾਰ ਗੱਲ ਬਹਿਸ ਤੱਕ ਪਹੁੰਚ ਜਾਂਦੀ। ਪੇਂਡੂ ਬਜ਼ੁਰਗਾਂ ਦੇ ਤਜ਼ਰਬਿਆਂ ਨੂੰ ਅਫਸਰੀ ਬਜ਼ੁਰਗ ਮੰਨਣ ਨੂੰ ਤਿਆਰ ਨਾ ਹੁੰਦੇ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਇਸ ਇਤਿਹਾਸਕ ਦੁਖਾਂਤ ਦੀ ਬਹਿਸ ਤੋਂ ਦੂਰ ਲਿਜਾ ਕੇ ਬਹਿਸਣ ਤੋਂ ਹਟਾਉਣਾ ਚਾਹੁੰਦਾ ਸੀ। ਮੈਂ ਹੱਥ ਵਿਚ ਫੜੇ ਅਖ਼ਬਾਰ ਨੂੰ ਖੋਲ੍ਹ ਕੇ ਇਕ ਪਾਖੰਡੀ ਸਾਧ ਦੀ ਤਾਜ਼ਾ ਕਰਤੂਤ ਸੁਣਾਉਣ ਲੱਗ ਪਿਆ। ਖ਼ਬਰ ਸੁਣ ਕੇ ਸਾਰੇ ਬਜ਼ੁਰਗ 'ਵਾਹਿਗੁਰੂ ਵਾਹਿਗੁਰੂ' ਕਰਨ ਲੱਗ ਪਏ-ਜੇ ਸਾਧ ਸੰਤ ਹੀ ਇਸ ਤਰ੍ਹਾਂ ਕਰਨ ਲੱਗ ਪਏ ਤਾਂ ਇਸ ਦੁਨੀਆਂ ਦਾ ਕੀ ਬਣੂੰਗਾ। ਸਾਧ ਦੇ ਵਿਰੁਧ ਚਰਚਾ ਛਿੜ ਪਈ। ਇਕ ਮਖੌਲੀਆ ਸੁਭਾਅ ਦੇ ਬਜ਼ੁਰਗ ਨੇ ਜਵਾਨੀ ਵੇਲੇ ਦੀ ਸਾਧ ਬਣਨ ਦੀ ਹੱਡਬੀਤੀ ਸੁਣਾਉਣੀ ਸ਼ੁਰੂ ਕੀਤੀ:

"ਲੈ ਬਈ ਧਿਆਨ ਨਾਲ ਸੁਣਿਓ, ਕੋਈ ਬੋਲਿਓ ਨਾ।" ਬਜ਼ੁਰਗ ਨੇ ਗਲਾ ਸਾਫ ਕਰਕੇ ਹੱਡਬੀਤੀ ਸ਼ੁਰੂ ਕੀਤੀ। "ਅਸੀਂ ਭਾਦੋਂ ਵਿਚ ਮੱਕੀ ਗੁੱਡ-ਗੁੱਡ ਕੇ ਅੱਕ ਗਏ ਸਾਂ। ਰੱਬ ਵੀ ਵੈਰੀ ਬਣ ਗਿਆ, ਇਕ ਬੂੰਦ ਵੀ ਮੀਂਹ ਦੀ ਨਾ ਪਾਈ। ਭਾਦੋਂ ਦੀ ਤਪਸ਼, ਬੰਦਿਆਂ ਜਿੰਨੀ ਉਚੀ ਮੱਕੀ ਨੂੰ ਗੁਡਣਾ ਬੜਾ ਔਖਾ ਹੁੰਦਾ ਸੀ। ਮੈਂ ਮੇਰਾ ਯਾਰ ਭਾਗ ਤੇ ਸਾਡਾ ਸਾਂਝੀ ਭਾਂਤਾਂ ਤਿੰਨੇ ਜਾਣੇ ਮੱਕੀ ਗੁਡਦੇ ਜੱਟ ਦੀ ਜੂਨ ਬਾਰੇ ਗੱਲਾਂ ਕਰਦੇ, ਕਦੇ ਆਪਣੀ ਜ਼ਿੰਦਗੀ ਨੂੰ ਉਚੀ ਕੁਟੀਆ ਵਾਲੇ ਸਾਧ ਨਾਲ ਤੋਲਦੇ। ਸਾਧ ਦੀ ਜ਼ਿੰਦਗੀ ਦਾ ਪਲੜਾ ਹਮੇਸ਼ਾ ਭਾਰੀ ਰਹਿੰਦਾ। ਸਾਧ ਰੋਜ਼ ਸਵੇਰੇ ਪਿੰਡ ਆਣ ਕੇ ਡਾਲੀ ਇਕੱਠੀ ਕਰਕੇ ਲੈ ਜਾਂਦਾ। ਸਾਰਾ ਦਿਨ ਸੰਘਣੇ ਦਰਖਤਾਂ ਦੀ ਛਾਂ ਥੱਲੇ ਬੈਠਾ ਰਹਿੰਦਾ। ਕੋਈ ਰਾਹੀ ਅਰਾਮ ਕਰਨ ਰੁਕ ਜਾਂਦਾ। ਉਹ ਹਲਟੀ ਗੇੜ ਕੇ ਪਾਣੀ ਭਰ ਕੇ ਥਾਂ ਛਿੜਕ ਜਾਂਦਾ। ਸਾਧ ਨੂੰ ਠੰਡੀ ਹਵਾ ਮਿਲ ਜਾਂਦੀ। ਸਾਧ ਸਾਰਾ ਦਿਨ ਲੋਕਾਂ ਨਾਲ ਬਚਨ ਬਿਲਾਸ ਕਰਦਾ ਰਹਿੰਦਾ। ਸਾਧ ਲਾਲਚੀ ਨਹੀਂ ਸੀ। ਇੱਜ਼ਤ ਪੱਖੋਂ ਪੂਰਾ ਕੱਟੜ ਸੀ। ਕਿਸੇ ਬੀਬੀ ਨੂੰ ਕੁਟੀਆ ਅੰਦਰ ਵੜਨ ਨਹੀਂ ਸੀ ਦਿੰਦਾ।

ਮਾਘ ਦੇ ਮਹੀਨੇ ਸਾਧ ਇਕ ਵੱਡਾ ਲੰਗਰ ਲਾਉਂਦਾ, ਸਾਲ ਭਰ ਜੋ ਕੁਝ ਜੁੜਿਆ ਹੁੰਦਾ ਉਹ ਲੰਗਰਾਂ ਰਾਹੀਂ ਸਭ ਨੂੰ ਛਕਾ ਦਿੰਦਾ। ਫਿਰ ਨਵੇਂ ਸਿਰਿਉਂ ਰਸਦ ਇਕੱਠੀ ਕਰਨ ਲੱਗ ਜਾਂਦਾ। ਸਾਨੂੰ ਸਾਧ ਦੀ ਜ਼ਿੰਦਗੀ ਵਧੀਆ ਲੱਗਦੀ। ਕਿੱਥੇ ਦਰਖਤਾਂ ਦੀ ਠੰਡੀ ਛਾਂ ਤੇ ਹਵਾ ਹਾਰਾ, ਕਿੱਥੇ ਇਹ ਮੱਕੀ ਸਾਗ, ਦਿਨ ਗੁੰਮ ਪਿਆ ਰਹਿੰਦਾ।

ਹੁਣ ਮੈਂ ਤਾਰੇ ਤੇ ਭਾਂਤੇ ਨੇ ਸਾਧ ਬਣਨ ਦੀ ਸਕੀਮ ਬਣਾ ਲਈ। ਤਿੰਨਾਂ ਨੇ ਤਿਆਰ ਹੋ ਕੇ ਉੱਚੀ ਕੁੱਟੀਆ ਵਾਲੇ ਸਾਧ ਦੇ ਭਗਵੇਂ ਕੱਪੜੇ ਚੋਰੀ ਕਰ ਲਏ। ਸਾਧ ਵਾਂਗ ਸਾਨੂੰ ਕੱਪੜੇ ਪਹਿਨਣੇ ਨਾ ਆਉਣ। ਧੋਤੀ ਬੰਨ, ਦੁਪੱਟਾ ਸਿਰ ਬੰਨ੍ਹ ਲਿਆ, ਅੱਧੇ ਕੁ ਪੇਟ ਨੰਗੇ, ਅਸੀਂ ਇਕ ਦੂਜੇ ਵਲ ਵੇਖ ਕੇ ਹੱਸ ਰਹੇ ਸੀ। ਭਾਂਤੇ ਦੀਆਂ ਲੱਤਾਂ 'ਤੇ ਫੋੜ੍ਹਿਆਂ ਦੇ ਵੱਡੇ ਨਿਸ਼ਾਨ, ਤਾਰੇ ਤੇ ਮੇਰੀਆਂ ਲੱਤਾਂ 'ਤੇ ਮੋਰਨੀਆਂ ਚਮਕਣ। ਕੁੱਟ ਖਾਣ ਵਾਲੇ ਲੱਛਣ-ਸਾਧਾਂ ਨਾਲੋਂ ਚੋਰ ਵੱਧ ਲਗਦੇ ਸੀ।

ਤੜਕੇ ਚਾਰ ਵਜੇ ਪਿੰਡੋਂ ਨਿਕਲ ਤੁਰੇ, ਚੋਕੀਮਾਨ ਪਹੁੰਚ ਕੇ ਇਕ ਖੂਹ ਉਤੇ ਪਾਣੀ ਪੀਣ ਲਈ ਰੁਕ ਗਏ। ਸਾਡੇ ਵਰਗਾ ਹੀ ਜੱਟ ਭਾਈ ਹਲਟ ਉਤੇ ਬਲਦਾਂ ਦੇ ਪਿੱਛੇ ਘੁੰਮਦਾ ਵਾਰਿਸ ਸ਼ਾਹ ਦੀ ਹੀਰ ਉੱਚੀ ਉੱਚੀ ਗਾ ਰਿਹਾ ਸੀ। ਤਾਰਾ ਉਸ ਦੀ ਹੀਰ ਸੁਣ ਕੇ ਗਾਲ੍ਹ ਕੱਢ ਕੇ ਕਹਿੰਦਾ ਮੈਂ ਸੁਣਾਉਂਣਾ ਤੈਨੂੰ ਹੀਰ, ਗਲਤ ਹੀ ਗਾਈ ਜਾਂਦਾ ਮੈਂ ਕਿਹਾ ਆਪਾਂ ਹੁਣ ਗਵੱਈਏ ਨਹੀਂ ਸਾਧ ਹਾਂ। ਉਸ ਜੱਟ ਨੇ ਸਾਨੂੰ ਵੇਖ ਕੇ ਸਾਡੇ ਪੈਰੀਂ ਹੱਥ ਲਾਏ, ਪਰ ਸਾਨੂੰ ਸਾਧ ਵਾਂਗ ਕੋਈ ਅਸੀਸ ਦੇਣੀ



ਨਾ ਆਵੇ। ਮੈਂ ਕਿਹਾ ਜਿਉਂਦਾ ਰਹਿ ਬੱਚਾ। ਫਿਰ ਮੈਂ ਅਨਜਾਣ ਬਣਦੇ ਹੋਏ ਪੁਛਿਆ, ਹੇ ਬੱਚਾ ਜੇਹ ਕੂਆਂ ਕਿਵੇਂ ਚਲਤਾ ਹੈ? ਉਸਨੇ ਜਵਾਬ ਦਿੱਤਾ ਬਲਦਾਂ ਦੇ ਨਾਲ ਚਲਦਾ ਹੈ। ਤਾਰੇ ਨੇ ਕੋਲੇ ਪਈ ਕਹੀ ਨੂੰ ਵੇਖ ਕੇ ਪੁਛਿਆ, ਹੇ ਬੱਚਾ ਜੇਹ ਕਸ਼ੀਆ ਕਹਾਂ ਸੇ ਲੀਆ ਹੈ। ਫਿਰ ਉਸਨੇ ਜਵਾਬ ਦਿੱਤਾ ਹਿੰਮਤਪੁਰੇ ਤੋਂ ਲਿਆਂਦੀ ਹੈ। ਤਾਰੇ ਦਾ ਅੰਦਰਲਾ ਜੱਟ ਬੋਲ ਪਿਆ ਕਹਿੰਦਾ ਕਿਉਂ ਝੂਠ ਬੋਲਦਾ ਹੈ। ਕਹੀ ਤਾਂ ਜਗਰਾਵਾਂ ਦੀ ਬਣੀ ਲੱਗਦੀ ਹੈ। ਮੈਂ ਗੱਲ ਨੂੰ ਮਸਾਂ ਸੰਭਾਲਿਆ। ਫਿਰ ਭਾਂਤਾ ਮੱਕੀ ਵਲ ਵੇਖ ਕੇ ਕਹਿੰਦਾ, ਹੇ ਬੱਚਾ ਜੇਹ ਕਿਆ ਹੋਤਾ ਹੈ। ਉਸਨੇ ਜਵਾਬ ਦਿੱਤਾ ਬਾਬਾ ਜੀ ਇਹ ਗੱਠਿਆ ਦੀ ਪਨੀਰੀ ਹੈ ਜਿਹੜੀ ਤੁਸੀਂ ਫੱਗਣ ਵਿਚ ਲੈ ਕੇ ਗਏ ਸੀ। ਚੋਰ ਪਾੜ ਵਿਚ ਫਸ ਚੁੱਕੇ ਸਨ। ਉਸ ਜੱਟ ਨੇ ਭਾਂਤੇ ਨੂੰ ਪਛਾਣ ਲਿਆ ਸੀ। ਕਿ ਇਹ ਸਾਧ ਨਹੀਂ ਇਹ ਤਾਂ ਫਲਾਣੇ ਪਿੰਡ ਦੇ ਜੱਟ ਨੇ। ਅਸੀਂ ਮਸਾਂ ਉਥੋਂ ਭੱਜੇ, ਉਹ ਜੱਟ ਸਾਨੂੰ ਗਾਲ੍ਹਾਂ ਕੱਢ ਕੇ ਫਿਰ ਆਪਣੀ ਹੀਰ ਗਾਉਣ ਲੱਗ ਪਿਆ।

ਸੇਮ ਦਾ ਪੁਲ ਪਾਰ ਕੀਤਾ। ਅੱਗਿਉਂ ਦੋ ਸਿਪਾਹੀ ਸਾਈਕਲਾਂ ਉਪਰ ਆਉਂਦੇ ਦਿਸ ਪਏ, ਤਾਰਾ ਕਹਿੰਦਾ ਚਲੋ ਭੱਜ ਲੈਂਦੇ ਹਾਂ। ਸਿਪਾਹੀ ਸਾਡੇ ਕੋਲ ਦੀ ਲੰਘ ਗਏ, ਮੂੰਹੋਂ ਕਹਿੰਦੇ ਸੁਣੇ-ਸਾਧ ਨਹੀਂ, ਚੋਰ ਲਗਦੇ ਹਨ। ਅਸੀਂ ਡਰੀਏ ਵੀ ਤੇ ਹਾਸਾ ਵੀ ਆਵੇ ਪਿੱਛੇ ਘਰਦਿਆਂ ਦਾ ਖਿਆਲ ਵੀ ਆਵੇ। ਹੁਣ ਅਸੀਂ ਤੁਰੇ ਤਾਂ ਜਾਂਦੇ ਸੀ ਪਰ ਕੋਈ ਟਿਕਾਣਾ ਜਾਂ ਮੰਜ਼ਿਲ ਨਹੀਂ ਸੀ। ਕੋਠੇ ਪਿੰਡ ਵਿਚ ਦੀ ਜਦੋਂ ਲੰਘਣ ਲੱਗੇ ਤਾਂ ਇਕ ਘਰ ਮਰਗ ਦਾ ਭੋਗ ਪੈ ਰਿਹਾ ਸੀ। ਇਕ ਸੇਵਾਦਾਰ ਨੇ ਸਾਨੂੰ ਬੇਨਤੀ ਕੀਤੀ ਕਿ ਬਾਬਾ ਜੀ ਪ੍ਰਸ਼ਾਦਾ ਛੱਕ ਕੇ ਜਾਇਓ। ਅਸੀਂ ਤਿੰਨੇ ਜਾਣ ਉਨ੍ਹਾਂ ਦੇ ਬੂਹੇ ਅੱਗੇ ਬੈਠ ਗਏ। ਜੱਟਾਂ ਦੇ ਪੁੱਤ, ਭਾਂਤਾਂ ਵੀ ਜੱਟਾਂ ਵਰਗਾ, ਮੰਗਤੇ ਬਣੇ ਬੈਠੇ ਸਾਂ। ਅੰਦਰੋਂ ਡਰ ਲੱਗਦਾ ਸੀ ਕਿ ਕੋਈ ਜਾਣ-ਪਛਾਣ ਵਾਲਾ ਨਾ ਮਿਲ ਜਾਵੇ। ਭੁੱਖ ਤਾਂ ਬਹੁਤ ਲੱਗੀ ਸੀ ਪਰ ਨਵੇਂ-ਨਵੇਂ ਸਾਧ ਹੋਣ ਦੀ ਸ਼ਰਮ ਮਾਰ ਗਈ।

ਰੋਟੀ ਖਾ ਕੇ ਅੱਗੇ ਤੁਰ ਪਏ। ਹੁਣ ਹਨੇਰਾ ਹੋਣ ਲੱਗਿਆ। ਰਾਤ ਕੱਟਣ ਦਾ ਫਿਕਰ ਪੈ ਗਿਆ। ਸਾਡੇ ਕੋਲ ਇਕ ਚਿੱਪੀ, ਇਕ ਡੋਲੂ, ਨਾ ਕੋਈ ਪੈਸਾ ਨਾ ਧੇਲਾ। ਸੋਚਿਆ ਕਿਤੇ ਸਾਧਾਂ ਦੀ ਕੁਟੀਆ ਚਲਦੇ ਹਾਂ। ਕਿਸੇ ਤੋਂ ਪਤਾ ਕਰਨ 'ਤੇ ਇਕ ਕੁੱਟੀਆ ਪਹੁੰਚ ਗਏ। ਕੁੱਟੀਆ ਵਾਲੇ ਸਾਧ ਦੇ ਦਰਸ਼ਨ ਕਰਕੇ ਮਨ ਨਿਹਾਲ ਹੋ ਗਿਆ। ਭਗਵੇਂ ਕੱਪੜੇ, ਲੰਮਾ ਦਾਹੜਾ, ਪਤਲਾ ਸਰੀਰ ਮੁੱਖ 'ਤੇ ਰੂਹਾਨੀ ਨੂਰ ਇਸ ਤਰ੍ਹਾਂ ਲੱਗੇ ਜਿਵੇਂ ਰੱਬ ਦੇ ਦਰਸ਼ਨ ਹੋ ਗਏ ਹੋਣ। ਉਸ ਸਾਧ ਨੇ ਪਿਆਰ ਨਾਲ ਬੁਲਾਇਆ ਬਿਠਾਇਆ, ਇਕ ਪੇਂਡੂ ਸੇਵਕ ਨੂੰ ਪ੍ਰਸ਼ਾਦੇ ਵਾਸਤੇ ਕਹਿ ਕੇ ਅੰਦਰ ਚਲੇ ਗਏ। ਅਸੀਂ ਪ੍ਰਸ਼ਾਦਾ ਛੱਕ ਕੇ ਅਰਾਮ ਕਰਨ ਲੱਗ ਗਏ।

ਸਵੇਰੇ ਜਦੋਂ ਉੱਠ ਵੇਖਿਆ ਕਿ ਸਾਧ ਚੌਕੜੀ ਮਾਰ ਕੇ ਪਤਾ ਨਹੀਂ ਕੀ ਪੜ੍ਹ ਰਿਹਾ ਸੀ। ਪੰਜ ਘੰਟਿਆਂ ਬਾਅਦ ਅੱਖਾਂ ਖੋਲ੍ਹੀਆਂ। ਮੈਨੂੰ ਕੋਲ ਬਿਠਾ ਕੇ ਮੇਰਾ ਹੱਥ ਫੜ ਕੇ ਬੋਲਿਆ ਬੱਚਾ ਸੱਚੋ ਸੱਚ ਬੋਲੀ ਘਰੋਂ ਕੰਮ ਦੇ ਦੁੱਖੋਂ ਭੱਜਿਆ ਹੈ ਕਿ ਘਰਦਿਆਂ ਨਾਲ ਲੜ ਕੇ? ਮੈਂ ਜਵਾਬ ਦਿੱਤਾ ਕਿ ਬਾਬਾ ਜੀ ਸਾਨੂੰ ਤਾਂ ਮੱਕੀ ਦੀ ਗੋਡੀ ਨੇ ਭਜਾਇਆ ਹੈ। ਸਾਡਾ ਸੱਚ ਸੁਣ ਕੇ ਸਾਧ ਵੀ ਖੁਸ਼ ਹੋ ਗਿਆ। ਸਾਡੇ ਹੱਥਾਂ ਉਤੇ ਉਹ ਰੇਖਾਵਾਂ ਨਹੀਂ ਸੀ ਵੇਖਦਾ ਉਹ ਤਾਂ ਹੱਥਾਂ ਉਪਰ ਰੰਬੇ ਨਾਲ ਪਏ ਅੱਟਣਾਂ ਨੂੰ ਵੇਖਦਾ ਸੀ। ਸਾਧ ਸਮਝ ਗਿਆ ਸੀ ਕਿ ਮਿਹਨਤੀ ਪਰਿਵਾਰ ਦੇ ਮੁੰਡੇ ਨੇ, ਮੱਕੀ ਦੀ ਗੋਡੀ ਨੇ ਭਜਾਏ ਹਨ।"

ਮੈਂ ਬਜ਼ੁਰਗ ਦੀ ਗੱਲ ਵਿਚੋਂ ਕੱਟ ਕੇ ਪੁੱਛਿਆ, "ਬਾਬਾ ਜੀ ਫਿਰ ਤੁਸੀਂ ਸਾਧ ਬਣ ਗਏ ਸੀ ਕਿ ਨਹੀਂ।"

"ਸ਼ੇਰਾ ਅੱਗੇ ਸੁਣ। ਫਿਰ ਉਸ ਸਾਧ ਨੇ ਸਾਨੂੰ ਸਿੱਖਿਆ ਦਿੱਤੀ ਕਿ ਅਸੀਂ ਘਰਾਂ ਨੂੰ ਵਾਪਸ ਮੁੜ ਜਾਈਏ। ਘਰ ਦਾ ਕੰਮ ਕਰੀਏ। ਗ੍ਰਹਿਸਥੀ ਜੀਵਨ ਬਤੀਤ ਕਰਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰੀਏ। ਸਾਧ ਬਣਨਾ ਬਹੁਤ ਔਖਾ ਤੇ ਮੁਸ਼ਕਲ ਯੋਗ ਹੈ। ਜਿਹੜਾ ਹਰ ਇਕ ਦੇ ਵੱਸ ਦੀ ਗੱਲ ਨਹੀਂ। ਸੁੱਖਾਂ ਦਾ ਤਿਆਗ ਕਰਕੇ ਦੁੱਖਾਂ ਨੂੰ ਗਲ ਲਾਉਣਾ ਸੱਚੀ ਸਾਧਨਾ ਹੈ। ਮੇਰੇ ਪੁੱਤਰੋ ਘਰ ਜਾਉ ਤੁਹਾਡੇ ਮਾਪੇ ਤੁਹਾਡੀ ਉਡੀਕ ਕਰਦੇ ਹੋਣਗੇ। ਸਾਧ ਦੇ ਬਚਨ ਅਸੀਂ ਪੱਲੇ ਬੰਨ੍ਹ ਲਏ।

ਤਾਰੇ ਨੇ ਸਾਧ ਨੂੰ ਪੁਛ ਲਿਆ ਬਾਬਾ ਜੀ ਫਿਰ ਤੁਸੀਂ ਸਾਧ ਕਿਉਂ ਬਣੇ? ਸਾਧ ਨੇ ਫਿਰ ਆਪਣੀ ਕਹਾਣੀ ਸੁਣਾਈ ਕਿ ਮੈਂ ਵੀ ਤੁਹਾਡੇ ਵਾਂਗ ਜ਼ਿੰਦਗੀ ਨੂੰ ਆਰਾਮ ਨਾਲ ਜਿਉਣ ਦੇ ਲਾਲਚ ਵਿਚ ਆ ਕੇ, ਗ੍ਰਹਿਸਥੀ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਭੱਜਿਆ ਸਾਧ ਬਣਨ ਲਈ ਘਰ ਛੱਡ ਗਿਆ। ਪੂਰੇ ਪੰਜ ਸਾਲ ਬਾਹਰ ਹੀ ਧੱਕੇ ਖਾਂਦਾ ਰਿਹਾ। ਮੇਰੇ ਸਹੁਰੇ ਮੇਰੀ ਉਡੀਕ ਕਰਦੇ ਕਰਦੇ ਮੇਰੀ ਘਰਵਾਲੀ ਨੂੰ ਲੈ ਗਏ ਤੇ ਉਸਦਾ ਵਿਆਹ ਕਿਤੇ ਹੋਰ ਕਰ ਦਿੱਤਾ। ਜਦੋਂ ਪੰਜਾਂ ਸਾਲਾ ਬਾਅਦ ਮੈਂ ਵਾਪਸ ਆਇਆ ਤਾਂ ਮੈਨੂੰ ਕਿਸੇ ਤੋਂ ਪਤਾ ਚਲਿਆ ਕਿ ਘਰਵਾਲੀ ਜਾ ਚੁੱਕੀ ਹੈ। ਲੋਕਾਂ ਵਿਚ ਪੱਕਾ ਹੋ ਗਿਆ ਹੈ ਕਿ ਮੈਂ ਤਿਆਗੀ ਹੋ ਚੁੱਕਾ ਹਾਂ। ਮੈਂ ਫਿਰ ਉਸ ਦਿਨ ਦੁਬਾਰਾ ਪਿੰਡੋਂ ਸਾਧ ਹੋਣ ਲਈ ਨਿਕਲ ਪਿਆ। ਪੂਰੇ ਦਸ ਸਾਲ ਦੇ ਯੋਗ ਅਭਿਆਸ ਨਾਲ ਇਹ ਮਾੜਾ ਮੋਟਾ ਸਾਧ ਬਣਿਆ ਹਾਂ। ਮੈਂ ਆਪਣਾ ਸਭ ਕੁਝ ਭਰਾਵਾਂ ਨੂੰ ਦੇ ਕੇ ਇਹ ਛੋਟੀ ਜਿਹੀ ਕੁਟੀਆ ਵਿਚ ਰਹਿੰਦਾ ਹਾਂ। ਰੋਜ ਇਕ ਘਰੋਂ ਪ੍ਰਸ਼ਾਦਾ ਆਉਂਦਾ ਹੈ। ਇਕ ਡੰਗ ਦੇ ਪ੍ਰਸ਼ਾਦੇ ਬਦਲੇ ਮੈਨੂੰ ਅੱਠ ਘੰਟੇ ਦਾ ਜੱਪ ਕਰਨਾ ਪੈਂਦਾ ਹੈ। ਬੀਬੀ ਇਸ ਕੁੱਟੀਆ ਵਿਚ ਨਹੀਂ ਵੜਦੀ। ਮੈਂ ਤਾਂ ਸਭ ਨੂੰ ਇਹੀ ਕਹਿੰਦਾ ਹਾਂ ਕਿ ਪਰਿਵਾਰ ਵਿਚ ਏਕਤਾ ਪਿਆਰ, ਪ੍ਰਭੂ ਦਾ ਸਿਮਰਨ ਹੀ ਅਸਲੀ ਭਗਤੀ ਹੈ। ਇਹ ਸਿਖਿਆ ਦਿੰਦਾ ਸਾਧ ਅੰਦਰ ਜਾ ਵੜਿਆ।

ਸਾਧ ਦੀ ਸਿੱਖਿਆ ਨਾਲ ਅਸੀਂ ਵਾਪਸ ਘਰ ਆ ਗਏ, ਉੱਚੀ ਕੁੱਟੀਆ ਵਾਲੇ ਸਾਧ ਦੇ ਕੱਪੜੇ ਵਾਪਿਸ ਕਰਕੇ ਮੁਆਫੀ ਮੰਗੀ। ਹੁਣ ਸਾਨੂੰ ਉੱਚੀ ਕੁੱਟੀਆ ਵਾਲੇ ਸਾਧ ਦੀ ਜ਼ਿੰਦਗੀ ਪਿੱਛੇ ਵੀ ਕੋਈ ਘਟਨਾ ਵਾਪਰੀ ਲੱਗਦੀ। ਜਿਹੜੀ ਘਟਨਾ ਨੇ ਸਾਧ ਬਣਾ ਦਿੱਤਾ। ਸਾਨੂੰ ਅੱਜ ਵੀ ਪਿੰਡ ਵਿਚ ਸਾਧਾਂ ਦੇ ਕਹਿੰਦੇ ਹਨ। ਸਾਡੀ ਸਾਧ ਬਣਨ ਵਾਲੀ ਕਹਾਣੀ 'ਤੇ ਜਿਥੇ ਪਿੰਡ ਹੱਸਦਾ ਹੈ ਉਥੇ ਸਿੱਖਿਆ ਵੀ ਮਿਲਦੀ ਹੈ। ਅਸੀਂ ਤਿੰਨਾਂ ਨੇ ਵਿਆਹ ਕਰਵਾ ਲਏ। ਮੈਂ ਪੋਤੇ ਦੇ ਸੱਦੇ 'ਤੇ ਅਮਰੀਕਾ ਆ ਗਿਆ। ਤਾਰਾ ਆਪਣੇ ਪਰਿਵਾਰ ਕੋਲ ਕੈਨੇਡਾ ਹੈ। ਭਾਂਤਾ ਪਿੰਡ 'ਚ ਹੀ ਵਧੀਆ ਜ਼ਿੰਦਗੀ ਬਤੀਤ ਕਰਦਾ ਹੈ।"

ਮੈਂ ਬਜੁਰਗ ਨੂੰ ਪਾਖੰਡੀ ਸਾਧ ਦੀ ਤਾਜ਼ਾ ਖਬਰ ਬਾਰੇ ਪੁੱਛਿਆ ਕਿ ਬਾਬਾ ਜੀ ਅੱਜ ਦੇ ਸਾਧਾਂ ਸੰਤਾਂ ਬਾਰੇ ਤੁਹਾਡਾ ਕੀ ਖਿਆਲ ਹੈ?

"ਅੱਜ ਦੇ ਸਾਧਾਂ ਦੀਆਂ ਤਾਂ ਗੱਲਾਂ ਵੀ ਵੱਖਰੀਆਂ ਹਨ। ਰਹਿਣ-ਸਹਿਣ ਲਈ ਆਲੀਸ਼ਾਨ ਡੇਰੇ, ਘੁੰਮਣ ਲਈ ਵਧੀਆ ਕਾਰਾਂ ਹਨ ਅਤੇ ਬੀਬੀਆਂ ਦਾ ਇਕੱਠ ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ। ਸਮੇਂ ਦੀਆਂ ਸਰਕਾਰਾਂ ਇਨ੍ਹਾਂ ਦੇ ਗੋਡੇ ਹੱਥ ਲਾਉਂਦੀਆਂ ਹਨ। ਰੱਬ ਦਾ ਭੈਅ ਭੁਲਾ ਕੇ ਇਹ ਸਾਧ ਲਾਣਾ ਮੌਤ ਦੇ ਡਰ ਤੋਂ ਨਾਲ ਪੰਜ ਸੱਤ ਬਾਡੀਗਾਰਡ ਵੀ ਰਖਦਾ ਹੈ। ਜਿਹੜੇ ਸਾਧ ਜਾਂ ਸੰਤ ਨੂੰ ਆਪਣੀ ਮੌਤ ਦਾ ਸਮਾਂ ਤੇ ਸਥਾਨ ਦਾ ਹੀ ਪਤਾ ਨਹੀਂ, ਉਹ ਸੰਤ ਅੰਤਰਜ਼ਾਮੀ ਨਹੀਂ ਹੋ ਸਕਦਾ। ਉਹ ਸਾਡੀ ਜ਼ਿੰਦਗੀ ਦੇ ਸਾਲ ਹੋਰ ਕਿਵੇਂ ਵਧਾ ਦੇਵੇਗਾ। ਰਾਜਨੀਤਕਾਂ ਵਾਂਗ ਇਨ੍ਹਾਂ ਸਾਧਾਂ ਨੇ ਪਿੰਡਾਂ ਵਿਚ ਪਾਰਟੀਆਂ ਬਣਾ ਦਿੱਤੀਆਂ ਹਨ। ਪਿੰਡ ਦੀ ਭਾਈਚਾਰਕ ਸਾਂਝ ਇਨ੍ਹਾਂ ਨੇ ਹੀ ਖਤਮ ਕੀਤੀ ਹੈ। ਸਾਡੀ ਸਭ ਦੀ ਆਪਸੀ ਖਿੱਚੋਤਾਣੀ ਨੇ ਇਨ੍ਹਾਂ ਪਾਖੰਡੀਆਂ ਨੂੰ ਉਜਾਗਰ ਕੀਤਾ ਹੈ।

ਜਿਹੜਾ ਸਾਧ ਆਪਣੀ ਘਰਵਾਲੀ ਨੂੰ ਕ੍ਰਿਪਾਨ ਨਾਲ ਵੱਢ ਕੇ ਨਹਿਰ ਵਿਚ ਇਸ ਕਰਕੇ ਸੁੱਟਦਾ ਹੈ ਕਿ ਉਹ ਕੁੜੀਆਂ ਹੀ ਜੰਮਦੀ ਹੈ, ਮੁੰਡਾ ਪੈਦਾ ਕਿਉਂ ਨਹੀਂ ਕਰਦੀ, ਉਹ ਸਾਧ ਸਾਡੀ ਝੋਲੀ ਮੁੰਡਾ ਕਿੱਥੋਂ ਪਾ ਦੇਊਗਾ? ਇਹ ਸਾਧ ਤੁਹਾਡੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਅਮੀਰਜ਼ਾਦਿਆਂ ਵਰਗੀ ਜ਼ਿੰਦਗੀ ਬਤੀਤ ਕਰਦੇ ਹਨ। ਜਿਸਨੂੰ ਆਪਣੇ ਜੰਮਣ ਮਰਨ ਦਾ ਪਤਾ ਨਹੀਂ ਉਹ ਤੁਹਾਨੂੰ ਭਵਜਲ ਸਾਗਰ ਵਿਚੋਂ ਕਿਵੇਂ ਪਾਰ ਲਗਾ ਦੇਵੇਗਾ? ਅੱਜ ਸਾਨੂੰ ਲੋੜ ਇਨ੍ਹਾਂ ਸਾਧਾਂ ਤੋਂ ਬਚਣ ਦੀ ਤੇ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਨੱਥ ਪਾਉਣ ਦੀ ਹੈ। ਆਪਾਂ ਆਪਸੀ ਫੁੱਟ ਕਰਨ ਪਹਿਲਾਂ ਹੀ ਬਹੁਤ ਖੱਜਲ ਖਵਾਰ ਹੋ ਚੁੱਕੇ ਹਾਂ। ਜੋ ਕੁਝ ਮੰਗਣਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮੰਗੀਏ, ਜਿੱਥੇ ਕੋਈ ਖਾਲੀ ਨਹੀਂ ਮੁੜਦਾ।"

ਬਜ਼ੁਰਗ ਅੱਜ ਦੇ ਸਾਧਾਂ 'ਤੇ ਬਹੁਤ ਦੁਖੀ ਸੀ ਬਾਕੀ ਸਾਰਿਆਂ ਨੇ ਵੀ ਉਸ ਦੀ ਹਾਂ ਵਿਚ ਹਾਂ ਮਿਲਾਈ, ਇਸ ਸਾਧਾਂ ਦੇ ਵਿਸ਼ੇ 'ਤੇ ਫਿਰ ਬਹਿਸ ਹੋਣੋ ਬਚ ਗਈ। ਬਾਬੇ ਆਪਣੀਆਂ ਹੋਰ ਗੱਲਾਂ ਵਿਚ ਮਸਤ ਹੋ ਗਏ।

# 1699 ਵਾਲੀ ਵਿਸਾਖੀ ਨੂੰ ਸਥਾਪਤ ਕੀਤੇ ਗਏ ਸਿਧਾਂਤ

*(ਸਫਾ 31 ਦੀ ਬਾਕੀ)*

ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਨੂੰ ਸਿੱਖਾਂ ਨੂੰ ਰਹਿਤ-ਬਹਿਤ ਵਿਚ ਪੂਰੇ ਰਹਿਣ ਲਈ ਆਖਿਆ ਤਾਂ ਉਨ੍ਹਾਂ ਦਾ ਆਸ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੇ ਬਿਲਕੁਲ ਅਨੁਕੂਲ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਸਤਵ ਵਿਚ ਇਨ੍ਹਾਂ ਕਕਾਰਾਂ ਨਾਲ ਜੁੜੇ ਗੁਣਾਂ 'ਤੇ ਵੀ ਜ਼ੋਰ ਦੇ ਰਹੇ ਸਨ। ਗੁਰਬਾਣੀ ਅਨੁਸਾਰ ਜੀਵਨ ਜੀਣ ਦੀ ਸਿੱਖਿਆ ਗੁਰੂ ਜੀ ਦੀ ਪਹਿਲੀ ਸਿੱਖਿਆ ਸੀ। ਗੁਰਬਾਣੀ ਤਾਂ ਗੁਰਸਿੱਖ ਨੂੰ ਅੰਦਰੋਂ-ਬਾਹਰੋਂ ਨਿਰਮਲ ਹੋਣ ਦੀ ਸਿੱਖਿਆ ਦਿੰਦੀ ਹੈ। ਗੁਰਬਾਣੀ ਨੈਤਿਕਤਾ ਤੋਂ ਬਿਨਾ ਜੀਵਨ ਨੂੰ ਗੁਰਸਿੱਖੀ ਜੀਵਨ ਮੰਨਦੀ ਹੀ ਨਹੀਂ।

ਜੇਕਰ ਬਾਕੀ ਧਰਮਾਂ ਦੇ ਬਾਹਰਲੇ ਚਿੰਨ੍ਹਾਂ 'ਤੇ ਗੁਣਾਂ ਦੀ ਸ਼ਰਤ ਲਾਗੂ ਹੁੰਦੀ ਹੈ ਤਾਂ ਇਹੀ ਗੁਣਾਂ ਦੀ ਸ਼ਰਤ ਪੰਜ ਕਕਾਰਾਂ 'ਤੇ ਵੀ ਲਾਗੂ ਹੁੰਦੀ ਹੈ। ਕਕਾਰਾਂ ਨਾਲ ਜੁੜੇ ਅੰਤਰੀਵੀ ਜੀਵਨ ਦਾ ਵਿਸ਼ੇਸ਼ ਮਹੱਤਵ ਹੈ। ਅੰਦਰ ਦੀ ਸਿੱਖੀ ਨੈਤਿਕਤਾ ਹੈ। ਅੰਦਰ ਦੀ ਸਿੱਖੀ ਵੀ ਨਾਲੋ-ਨਾਲ ਕਾਇਮ ਰਹਿਣੀ ਚਾਹੀਦੀ ਹੈ।

ਭਾਈ ਨੰਦ ਲਾਲ ਜੀ ਆਪਣੀ ਰਚਨਾ 'ਤਨਖਾਹਨਾਮਾ' ਵਿਚ ਖਾਲਸਾ ਸੋਇ... ਦੇ ਸ਼ਬਦਾਂ ਨਾਲ ਸ਼ੁਰੂ ਕਰਕੇ ਇਕ-ਇਕ ਵਾਕ ਵਿਚ ਖਾਲਸੇ ਦੇ ਗੁਣ 'ਜੋ ਨਿੰਦਾ ਤਿਆਗੈ', 'ਜੋ ਪੰਚ ਕਉ ਮਾਰੈ', 'ਮਾਨ ਜੋ ਤਿਆਗੈ', 'ਜੋ ਪਰਤ੍ਰਿਆ ਤੇ ਭਾਗੈ', 'ਬਾਣੀ ਹਿਤ ਲਾਇ', 'ਲੜੈ ਹੁਇ ਆਗੈ', 'ਨਿਰਧਨ ਕੋ ਪਾਲੈ, ਦੁਸਟ ਕੋ ਗਾਲੈ', 'ਨਾਮ ਜਪ ਕਰੈ, ਮਲੇਛ ਪਰ ਚੜ੍ਹੈ', 'ਨਾਮ ਸਿਉਂ ਜੋੜਹਿ', 'ਸ਼ਸਤ੍ਰ ਕਉ ਧਾਰੈ, ਦੁਸ਼ਟਿ ਕਉ ਮਾਰੈ' ਆਦਿ ਦੱਸਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ੁਭ ਕਰਮਾਂ ਦੀ ਭਾਵ ਨੈਤਿਕਤਾ ਦੀ ਅਹਿਮੀਅਤ ਨੂੰ ਦਰਸਾਉਂਦੇ ਹੋਏ ਫ਼ਰਮਾਉਂਦੇ ਹਨ: ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ। ਬਾਹਰੀ ਭੇਖ, ਜੋ ਨੈਤਿਕਤਾ ਤੋਂ ਖਾਲੀ ਹੈ ਅਤੇ ਜੋ ਕੇਵਲ ਵਿਖਾਵੇ-ਮਾਤਰ ਹੈ, ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਵਾਨ ਨਹੀਂ ਕਰਦੇ। ਨੈਤਿਕਤਾ ਧਰਮ ਜਾਂ ਭਗਤੀ ਦਾ ਇਕ ਅਜਿਹਾ ਅੰਗ ਹੈ ਜਿਸ ਨੂੰ ਕਿਸੇ ਵੀ ਸਮੇਂ ਇਨ੍ਹਾਂ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਬਿਨਾ ਗੁਣਾਂ ਤੋਂ ਅਰਥਾਤ ਬਿਨਾ ਨੈਤਿਕਤਾ ਤੋਂ ਭਗਤੀ ਸੰਭਵ ਹੀ ਨਹੀਂ ਹੈ। ਇਹ ਐਲਾਨ ਸਪਸ਼ਟ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' ਸਾਹਿਬ ਵਿਚ ਕੀਤਾ ਹੋਇਆ ਹੈ:

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਸਮੁੱਚੀ ਰਹਿਤ ਮਰਯਾਦਾ ਦਾ ਅਧਿਐਨ ਕੀਤਿਆਂ ਇਹ ਸੁਤੇਸਿਧ ਦਿੱਸਣ ਲੱਗ ਜਾਂਦਾ ਹੈ ਕਿ ਨੈਤਿਕਤਾ ਤੋਂ ਬਿਨਾ ਸਿੱਖੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸਿੱਖ ਅਨੈਤਿਕ ਹੋ ਹੀ ਨਹੀਂ ਸਕਦਾ ਅਤੇ ਜੋ ਅਨੈਤਿਕ ਹੈ ਉਹ ਸਿੱਖ ਨਹੀਂ ਹੋ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਗੁਰਸਿੱਖ ਨੂੰ 'ਸਾਬਤ ਸੂਰਤ' ਦੇ ਨਾਲ-ਨਾਲ 'ਸਾਬਤ ਸੀਰਤ' ਵੀ ਵੇਖਣਾ ਚਾਹੁੰਦੇ ਸਨ।

ਇਸ ਲਈ ਜਦੋਂ ਆਪ ਜੀ ਨੇ 'ਰਹਿਣੀ ਰਹਹਿ ਸੋਈ ਸਿਖ ਮੇਰਾ' ਆਖਿਆ ਤਾਂ ਆਪ ਜੀ ਦਾ ਭਾਵ ਮੁਕੰਮਲ ਰਹਿਣੀ ਤੋਂ ਸੀ ਜਿਸ ਵਿਚ ਬਾਹਰੀ ਅਤੇ ਅੰਤਰੀਵ ਦੋਵੇਂ ਤਰ੍ਹਾਂ ਦੀ ਰਹਿਤ ਸ਼ਾਮਲ ਸੀ। ਇਸ ਦਾ ਭਾਵ ਸਾਬਤ ਸੂਰਤ ਅਤੇ ਸਾਬਤ ਸੀਰਤ ਹੋਣ ਤੋਂ ਸੀ।

# ਅਨੰਦਪੁਰ ਦੀ ਆਵਾਜ਼

ਲਲਕਾਰਿਆ ਕਿ ਹੱਕ ਇਨਸਾਫ ਦੀ ਲੜਾਈ ਵਿਚ ਬਾਦਸ਼ਾਹ ਹਾਰ ਗਿਆ ਹੈ ਅਤੇ ਹਜ਼ੂਰ ਜਿੱਤ ਗਏ ਹਨ, ਕਿਉਂਕਿ ਬਾਦਸ਼ਾਹ ਨੇ ਕੁਰਾਨ ਸ਼ਰੀਫ ਦੀ ਸਹੁੰ ਖਾ ਕੇ ਵੀ ਬੇਈਮਾਨੀ ਕੀਤੀ ਅਤੇ ਹਜ਼ੂਰ ਨੂੰ ਅਕਾਲ ਪੁਰਖ ਨੇ ਹਰ ਤਰ੍ਹਾਂ ਨਾਲ ਸੁਰੱਖਿਅਤ ਰੱਖਿਆ। 'ਜ਼ਫ਼ਰਨਾਮਾ' ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ 'ਜੇ ਰੱਬ ਦੋਸਤ ਹੋਵੇ ਤਾਂ ਦੁਸ਼ਮਣ ਕੀ ਵਿਗਾੜ ਸਕਦਾ ਹੈ, ਭਾਵੇਂ ਉਹ ਸੌ ਗੁਣਾ ਵੈਰ ਵੀ ਕਰੇ।...ਉਸ (ਔਰੰਗਜ਼ੇਬ) ਨੂੰ ਤਾਂ ਆਪਣੇ ਰਾਜ-ਭਾਗ ਅਤੇ ਧਨ ਦੌਲਤ ਦਾ ਘੁਮੰਡ ਹੈ। ਸਾਨੂੰ ਆਪਣੇ ਅਕਾਲ ਪੁਰਖ ਦੀਆਂ ਰੱਖਾਂ ਹਨ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਵਿਖੇ ਹੋਇਆ। ਮੁਗ਼ਲ ਸਰਕਾਰ ਦੇ ਜਬਰ-ਜ਼ੁਲਮ ਵਿਰੁੱਧ ਹਜ਼ੂਰ ਨੇ ਸਤਲੁਜ ਦਰਿਆ ਨੇੜੇ, ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਾਜ ਕੇ ਸੰਘਰਸ਼ ਕੀਤਾ ਅਤੇ ਸਾਰੀ ਵਡਿਆਈ ਖਾਲਸਾ-ਪੰਥ ਨੂੰ ਦਿੱਤੀ:

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨ ਹੀ ਕੇ
ਪ੍ਰਸਾਦਿ ਕ੍ਰਿਪਾ ਇਨ ਕੀ ਪੁਨਿ ਧਾਮ ਭਰੇ।
ਇਨ ਹੀ ਕੇ ਪ੍ਰਸਾਦਿ ਸੁਬਿ ਦਿਯ ਭਏ,
ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀ ਮੋ ਸੇ ਗਰੀਬ ਕਰੋਰ ਪਰੇ।


ਜੀਵਨ ਦਾ ਅੰਤਲਾ ਸਮਾਂ ਹਜ਼ੂਰ ਨੇ ਮਹਾਰਾਸ਼ਟਰ ਵਿਚ ਗੋਦਾਵਰੀ ਨਦੀ ਨੇੜੇ ਨੰਦੇੜ ਵਿਖੇ ਗੁਜ਼ਾਰਿਆ ਜਿਥੇ ਤਪੱਸਵੀ ਮਾਧੋ ਦਾਸ ਵੈਰਾਗੀ ਨੂੰ ਬੰਦਾ ਸਿੰਘ ਬਣਾ ਕੇ ਜਬਰ-ਜ਼ੁਲਮ ਦੇ ਟਾਕਰੇ ਲਈ ਤਿਆਰ ਕੀਤਾ। ਇਸ ਤਰ੍ਹਾਂ ਸਮੁੱਚਾ ਹਿੰਦੋਸਤਾਨ ਹੀ ਗੁਰੂ ਸਾਹਿਬ ਦੀਆਂ ਸਰਗਰਮੀਆਂ ਦਾ ਖੇਤਰ ਸੀ ਅਤੇ ਇਸ ਦੇਸ਼ ਦੇ ਸੱਭੇ ਲੋਕ ਹਜ਼ੂਰ ਦੇ ਆਪਣੇ ਸਨ।

ਅੱਜ ਵੀ ਵਿਸ਼ਵ ਵਿਚ ਜਿੱਥੇ ਕਿਤੇ ਵੀ ਲੋਕ ਹੱਕ-ਇਨਸਾਫ ਵਾਸਤੇ ਲੜਦੇ ਹਨ, ਮੈਨੂੰ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੂਰਮੇ ਸਿੰਘ ਮਹਿਸੂਸ ਹੁੰਦੇ ਹਨ। ਜਿਹੜੇ ਲੋਕ ਮਾਸੂਮਾਂ ਅਤੇ ਲਤਾੜੇ ਹੋਏ ਲੋਕਾਂ ਦੀ ਸੇਵਾ ਅਤੇ ਸੁਰੱਖਿਆ ਵਾਸਤੇ ਜੂਝ ਰਹੇ ਹਨ, ਉਹ ਮੇਰੇ ਲਈ ਗੁਰੂ ਸਾਹਿਬ ਦੇ ਸਿੰਘ ਹਨ। ਗੁਰੂ ਸਾਹਿਬ ਦੇ ਫਲਸਫੇ ਨੂੰ ਮੰਨਣ ਵਾਲੇ ਲੋਕ ਬੇਸ਼ੁਮਾਰ ਹਨ। ਗੁਰੂ ਸਾਹਿਬ ਕੇਵਲ ਰਾਸ਼ਟਰ ਨਾਇਕ ਹੀ ਨਹੀਂ, ਸਗੋਂ ਵਿਸ਼ਵ ਨਾਇਕ ਹਨ।

ਰੁਸਤਮ-ਏ-ਹਿੰਦ ਪਹਿਲਵਾਨ ਬੁੱਧ ਸਿੰਘ ਵਲੋਂ

# ਵਿਸਾਖੀ ਦੇ ਪਾਵਨ ਦਿਹਾੜੇ ਦੀ ਸਭਨਾਂ ਨੂੰ ਲੱਖ ਲੱਖ ਵਧਾਈ ਹੋਵੇ





*ਬੁੱਧ ਸਿੰਘ 1981 'ਚ ਦਿੱਲੀ 'ਚ ਜੈ ਪ੍ਰਕਾਸ਼ ਨੂੰ ਹਰਾ ਕੇ ਸੰਜੇ ਗਾਂਧੀ ਟਰਾਫੀ ਦਾ ਹੱਕਦਾਰ ਬਣਿਆ।

*ਪਹਿਲਵਾਨ ਕਰਤਾਰ ਸਿੰਘ, ਮੇਹਰਦੀਨ ਤੇ ਬਿੱਲੇ ਪਹਿਲਵਾਨ ਨੂੰ ਹਰਾਉਣ ਵਾਲੇ ਬੁੱਧ ਸਿੰਘ ਨੇ 1979 'ਚ ਏਸ਼ੀਅਨ ਖੇਡਾਂ 'ਚੋਂ ਸਿਲਵਰ ਮੈਡਲ ਪ੍ਰਾਪਤ ਕੀਤਾ।

*ਬੁੱਧ ਸਿੰਘ ਦੇ ਬਾਬਾ ਜੀ, ਪਿਤਾ ਕਰਮਾ ਪਹਿਲਵਾਨ ਜੀ ਅਤੇ ਬੇਟੇ ਪਰਮਜੀਤ ਸਿੰਘ ਤੇ ਸਰਬਜੀਤ ਸਿੰਘ ਜੋ ਸਕੂਲਾਂ ਦੇ ਚੈਂਪੀਅਨ ਰਹਿ ਚੁੱਕੇ ਹਨ, ਪਹਿਲਵਾਨੀ ਦਾ ਸ਼ੌਕ ਰੱਖਣੇ ਰਹੇ ਹਨ।

ਮਾਪਿਆਂ ਨੂੰ ਸੁਨੇਹਾ ਹੈ ਕਿ ਆਪਣੇ ਬੱਚਿਆਂ ਨੂੰ ਪਹਿਲਵਾਨੀ ਜਾਂ ਹੋਰ ਖੇਡਾਂ ਵੱਲ ਜ਼ਰੂਰ ਪ੍ਰੇਰਿਤ ਕਰੋ ਜੀ।

ਵਲੋਂ: ਪਹਿਲਵਾਨ ਬੁੱਧ ਸਿੰਘ, ਫੋਨ:513-307-8462



# ਰਾਜਾ ਸਾਹਿਬ ਸਪੋਰਟਸ ਕਲੱਬ, ਨਵਾਂ ਸ਼ਹਿਰ

## ਸਮੁੱਚੀ ਮਾਨਵਤਾ ਨੂੰ ਵਿਸਾਖੀ ਦੀ ਲੱਖ ਲੱਖ ਵਧਾਈ !

ਇਸ ਕਲੱਬ ਨੇ ਪੰਜਾਬ ਦੇ ਖੇਡ ਮੇਲਿਆਂ ਤੋਂ ਲੈ ਕੇ ਓਲੰਪਿਕ ਤੱਕ ਜਸਵੀਰ ਸਿੰਘ ਕਰਨਾਣਾ ਵਰਗੇ ਵੇਟ ਲਿਫਟਰ ਪੈਦਾ ਕਰਨ ਤੋਂ ਇਲਾਵਾ ਭਾਰਤ ਦੇ ਵੱਖ ਵੱਖ ਮਹਿਕਮਿਆਂ ਨੂੰ ਵੇਟ ਲਿਫਟਰ ਤੇ ਪਾਵਰ ਲਿਫਟਰ ਪ੍ਰਦਾਨ ਕੀਤੇ, ਖਾਸ ਕਰਕੇ ਪੰਜਾਬ ਪੁਲਿਸ ਵਿਭਾਗ ਨੂੰ। ਇਸ ਕਲੱਬ ਵਿਚ ਦਾਖਲੇ ਲਈ ਕੋਈ ਫੀਸ ਨਹੀਂ ਹੈ ਤੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ।

*ਮੁੱਖ ਸੇਵਾਦਾਰ ਤੇ ਸੰਚਾਲਕ*

ਬਲਦੇਵ ਮਾਨ (ਨਿਊ ਯਾਰਕ)
ਫੋਨ: 516-603-2523
ਗੁਰਨਾਮ ਸਿੰਘ ਰਸੂਲਪੁਰ (ਨਿਊ ਜਰਸੀ)
ਇਕਬਾਲ ਜੱਬੋਵਾਲੀਆ



*ਬਲਦੇਵ ਮਾਨ ਨਾਲ ਕਲੱਬ ਦੇ ਖਿਡਾਰੀ ਸੋਨੇ ਦੇ ਤਮਗੇ ਪਾਈ ਖੜ੍ਹੇ*



*ਵੇਟ ਲਿਫਟਰ ਜਸਵੀਰ ਕਰਨਾਣਾ (ਵਿਚਕਾਰ)*

ੴ ਸਤਿਗੁਰ ਪ੍ਰਸਾਦਿ

ਗੁਰ ਸਿਮਰ ਮਨਾਈ ਕਾਲਕਾ, ਖੰਡੇ ਕੀ ਵੇਲਾ॥
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮੁ ਸੁਹੇਲਾ॥

# ਖੁਸ਼ੀਆਂ ਖੇੜਿਆਂ ਦੇ ਤਿਉਹਾਰ ਵਿਸਾਖੀ ਅਤੇ ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਸਮੂਹ ਸਿੱਖ ਭਾਈਚਾਰੇ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਕੋਟਾਨਿ ਕੋਟਿ ਵਧਾਈ



ਸ. ਨਰਿੰਦਰ ਸਿੰਘ ਮੁੰਦਰ
ਫੋਨ:269-273-6500

ਵਲੋਂ

## ਨਰਿੰਦਰ ਸਿੰਘ ਮੁੰਦਰ

(ਜਨਰਲ ਸਕੱਤਰ, ਅਕਾਲੀ ਦਲ (ਬਾਦਲ) ਐਨ.ਆਰ.ਆਈ. ਵਿੰਗ ਅਮਰੀਕਾ)

PUNJABI SOCIETY OF HOUSTON PRESENTS

# VAISAKHI 2010

## April 24th @ 7:30 PM

Punjabi Society of Houston

PROUD GRAND SPONSOR OF THE PROGRAM

## BAWA JEWELERS AND MONTY SINGH/ REMAX





**Enjoy the evening with Bhangra, Gidha, Punjabi Folk Dances, Skit, Gatka, Fashion Show and much much more.... Family Friendly Show**

OUR GOLD SPONSORS ARE:

- Houston Ballroom/ Mann Family
- Kulwant Singh " House of Spices"
- Lalit Jallan " New York Insurance"
- Hardam Singh and Jagdesh K. Azad
- Tara Energy • Dr. H S Narang

| | |
|---|---|
| TICKET | $10 |
| VIP | $50 |
| VVIP | $100 |

For more information call:
Manohar S. Mann (281) 220-9353
Hardeep k. Singh (713) 459-4812
Bhai Amar Singh (832) 633-5092
Jasmeeta Singh (713) 858-8229
Aman Singh Sidhu (832) 863-4756
Kulwinder Jit Otal (281) 650-2304
Mohinder Singh (832) 419-0297

Tickets available at
Bawa Jewelers • East West Grocers
Himalyas

154 CULLEN PERFORMANCE HALL
UNIVERSITY OF HOUSTON, TX 77204

VISIT OUR WEB-SITE
WWW.PUNJABISOCIETYOFHOUSTON.ORG

Silver sponsors:
• Mrs. Sunita Kapoor " Immigration Attorney" • Dr. Tarsem S. Dhesi • Texas Southern University • Parivar Grocers
• Mr. Dharam Singh Padda • Mr. & Mrs. Daljit Singh & Sukhpreet Kaur • Mr. & Mrs. Attarjit & Hardeep K. Singh
• Mr. & Mrs. Bobby & Jasmeeta Singh • Mr. & Mrs. Harinder Singh & Jasleen Kaur • Dr. & Mrs. Winnie & Aku Bedi
• Mr. & Mrs. Devinder Singh & Jasdeep Lamba • Mr. & Mrs. Jag & Pinder Gill • Mr. & Mrs. Paul & Manmeet Lakhari
• H S Mangat (Preet Hall) • Rani World Food

Bronze Sponsors: Gurmeet Singh Saini • Harbans Kaur Padda • H S Galhotra

No professional video & photography allowed in the hall.

ਹੱਸਣ ਖੇਡਣ ਮਨ ਕਾ ਚਾਓ

ਪਿੰਡ ਜੱਬੋਵਾਲ ਦੇ ਹੈਡ ਮਾਸਟਰ ਗਿਆਨ ਸਿੰਘ ਕਲੱਬ ਤੇ ਖੇਡ ਮੇਲੇ ਦੇ ਸੇਵਾਦਾਰਾਂ ਵਲੋਂ ਸਮੂਹ ਪੰਜਾਬੀਆਂ, ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਤਿਓਹਾਰ ਦੀ



ਇਕਬਾਲ ਜੱਬੋਵਾਲੀਆ

ਲੱਖ ਲੱਖ ਵਧਾਈ



ਜੱਬੋਵਾਲ ਖੇਡ ਮੇਲੇ ਦੀ ਇਕ ਤਸਵੀਰ

ਸੇਵਾਦਾਰ: ਇਕਬਾਲ ਜੱਬੋਵਾਲੀਆ ਤੇ ਪਿੰਡ ਜੱਬੋਵਾਲ ਦੇ ਸਾਬਕਾ ਕਬੱਡੀ ਖਿਡਾਰੀ, ਫੁੱਟਬਾਲ ਖਿਡਾਰੀ ਤੇ ਆਰ ਕੇ ਆਰੀਆ ਕਾਲਜ ਨਵਾਂ ਸ਼ਹਿਰ ਦੇ ਬੈਸਟ ਅਥਲੀਟ ਜੋਗਿੰਦਰ ਸਿੰਘ (ਨਿਊ ਜਰਸੀ), ਫੋਨ: 917-375-6395

**Basraon Business Connection**

5107 Pontigo Glen Dr., Plainfield, IL 60544

ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਅਤੇ ਟਰੱਕਰ ਭਰਾਵਾਂ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਪੰਜਾਬੀਆਂ ਦੇ ਸਾਂਝੇ ਤਿਉਹਾਰ ਵਿਸਾਖੀ ਦੀ

ਲੱਖ ਲੱਖ ਵਧਾਈ

Darshan Singh Basraon, *President*

Ph: 815-557-4991

e-mail: basraon77@hotmail.com




ਡਰਾਈਵਰ/ਓਨਰ ਅਪਰੇਟਰ ਚਾਹੀਦੇ ਹਨ
ਮਿਡਵੈਸਟ ਅਤੇ ਈਸਟ ਕੋਸਟ ਰੂਟ
ਡਰਾਈ ਅਤੇ ਰੀਫਰ ਲੋਡ, ਵਾਧੂ ਕੰਮ

ਸੰਪਰਕ ਕਰੋ: 815-557-4991




**Upcoming Shows**

San Jose-April 16
Sacramento-April 17
Fresno (CA)-April 18
Chicago-April 23
Detroit-April 24
New Jersey-May 1st

# 100% FAMILY SHOW

**Venue:Garden City High School**
6500 Middle Belt Rd., Garden City, MI 48135
Ph:734-762-8350

Ticket Price
$25, $35 & VIP
Doors Open
@ 7 PM
Show
@ 7:30 PM till 11 PM

*For Ticketing Info. contact:*
(Tickets also available at the box office)
National Promoter-Jaswinder Pumma
Ph:718-666-9994, Biggpieepumma@yahoo.com

**VVIP with Dinner & Drink**

**World Wide Travel**
(734) 838-9998
www.fly2world.com
29211 Ford Rd., (Ford Rd. & Middle Belt)
Garden City, MI 48135

**SYAN VIDEO**
734-261-0936
raj@syanvideo.com
28523 Ford Rd., Garden City, MI 48135
1-888-RAJ-SYAN (725-7926)

## ਕਹਾਣੀ

# ਰਿਮ ਝਿਮ ਪਰਬਤ

***ਵਰਿਆਮ ਸਿੰਘ ਸੰਧੂ ਪੰਜਾਬੀ ਦੇ ਉਨ੍ਹਾਂ ਸਮਰਥ ਕਹਾਣੀਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਸਮਕਾਲੀ ਜੀਵਨ ਦੇ ਸੰਕਟਾਂ ਬਾਰੇ ਬਹੁਤ ਵਧੀਆ ਕਹਾਣੀਆਂ ਲਿਖੀਆਂ ਹਨ। ਪੰਜਾਬ ਦੀ ਖਾੜਕੂ ਲਹਿਰ ਬਾਰੇ ਬਹੁਤ ਘੱਟ ਕਹਾਣੀਕਾਰਾਂ ਨੇ ਆਪਣੀ ਕਲਮ ਚੁੱਕੀ ਹੈ। ਪੰਜਾਬ ਟਾਈਮਜ਼ ਵਿਚ ਇਸ ਲਹਿਰ ਬਾਰੇ ਮਨਿੰਦਰ ਕਾਂਗ ਅਤੇ ਸਾਂਵਲ ਧਾਮੀ ਦੀਆਂ ਕੁਝ ਕਹਾਣੀਆਂ ਪਾਠਕ ਪਹਿਲਾਂ ਪੜ੍ਹ ਚੁਕੇ ਹਨ। ਵਰਿਆਮ ਸੰਧੂ ਦੀ ਇਹ ਤਾਜ਼ਾ ਕਹਾਣੀ ਵੀ ਪੰਜਾਬੀ ਸਾਹਿਤਕ ਹਲਕਿਆਂ ਵਿਚ ਭਰਵੀਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਲੰਮੀ ਕਹਾਣੀ ਕਿਸ਼ਤਾਂ ਵਿਚ ਛਾਪ ਰਹੇ ਹਾਂ। ਇਹ ਦੂਜੀ ਅਤੇ ਆਖਰੀ ਕਿਸ਼ਤ ਹੈ। ਪਾਠਕਾਂ ਦੇ ਹੁੰਗਾਰੇ ਦੀ ਸਾਨੂੰ ਉਡੀਕ ਰਹੇਗੀ। -ਸੰਪਾਦਕ***

### ਵਰਿਆਮ ਸਿੰਘ ਸੰਧੂ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਘਰ ਜਾ ਕੇ ਚਿੱਟੇ ਲੱਠੇ ਦੇ ਨਵੇਂ ਕੱਪੜੇ ਵਿਚ 'ਲਾਲ-ਸਿਰੇ' ਨੂੰ ਲਪੇਟਿਆ ਤੇ ਹਵੇਲੀ ਦੀ ਇੱਕ ਨੁੱਕਰੇ ਟੋਆ ਪੁੱਟ ਕੇ ਉਸਨੂੰ ਜ਼ਮੀਨ ਵਿਚ ਨੱਪ ਦਿੱਤਾ। ਉਸਦੀ ਨਵੀਂ ਬਣੀ 'ਸਮਾਧ' ਦੇ ਸਿਰਹਾਣੇ ਬਹਿੰਦਿਆਂ ਅਰਜਨ ਨੇ ਪੁੱਠੇ ਹੱਥ ਨਾਲ ਸਭ ਨੂੰ ਤੁਰ ਜਾਣ ਦਾ ਇਸ਼ਾਰਾ ਕੀਤਾ। ਫੱਜਾ ਉਹਦੇ ਮੋਢੇ ਨੂੰ ਘੁੱਟ ਕੇ ਉਹਦੇ ਕੋਲ ਹੀ ਬਹਿ ਗਿਆ।

"ਫੱਜਿਆ! ਮੈਨੂੰ ਕੱਲ੍ਹ ਪੰਡਤ ਮਾਇਆ ਰਾਮ ਨੇ ਜਿਹੜੀ ਗੱਲ ਆਖੀ ਸੀ ਉਹਦੀ ਸੋਝੀ ਤਾਂ ਮੈਨੂੰ ਹੁਣ ਆਈ ਏ। ਉਹ ਸ਼ਾਇਦ ਮੈਨੂੰ ਬੜਾ ਦਿਆਲੂ ਤੇ ਦਇਆਵਾਨ ਸਮਝਦਾ ਸੀ। ਪਰ ਮੇਰਾ ਕੰਮ ਤਾਂ ਹੈ ਸੀ ਸੁਰਤਾ ਲਾਉਣੀਆਂ ਤੇ ਜਿੱਤਣੀਆਂ! ਵਧਾਈਆਂ ਲੈਣਾ, ਜਿੱਤ ਦੇ ਜਸ਼ਨ ਮਨਾਉਣਾ। ਵਧੀਆ ਜਨੌਰ ਪਾਲਣ ਦੀ ਸਰਦਾਰੀ ਦਾ ਮਾਣ ਕਰਨਾ ਤੇ ਨਾਲ ਲੋਕਾਂ ਦੀ ਬੱਲੇ! ਬੱਲੇ! ਸੁਣ ਕੇ ਖ਼ੁਸ਼ ਹੋਣਾ! ਇਹ ਸੀ 'ਉਹ ਹੋਰ ਗੱਲ' ਜਿਸਦੀ ਮੈਨੂੰ ਸਮਝ ਨਹੀਂ ਸੀ ਪਈ! ਪਰ ਸੁਰਤਾਂ ਨਿਭਾਉਂਦੇ ਆਪਣੇ ਜਨੌਰਾਂ ਦਾ ਹੁੰਦਾ ਘਾਣ ਤੇ ਉਨ੍ਹਾਂ ਦੀ ਤਕਲੀਫ਼ ਮੈਂ ਕਦੀ ਇਸਤਰ੍ਹਾਂ ਮਹਿਸੂਸ ਨਹੀਂ ਸੀ ਕੀਤੀ। ਸ਼ਾਇਦ ਮਹਿਸੂਸ ਤਾਂ ਮੈਂ ਕਰਦਾ ਸਾਂ ਪਰ—"

ਮਾਇਆ ਰਾਮ ਦੀ ਗੱਲ ਨੇ ਉਸਨੂੰ ਹੋਰ ਹੀ ਪਾਸੇ ਸੋਚਣ ਲਾ ਦਿੱਤਾ ਸੀ। ਉਹਨੂੰ ਲੱਗਾ; ਉਹ ਮਾਇਆ ਰਾਮ ਅੱਗੇ ਪੂਰਾ ਸੱਚਾ ਨਹੀਂ! ਉਹ ਨਿਰਸਵਾਰਥ ਹੋ ਕੇ ਨਹੀਂ ਸੀ ਪੰਛੀਆਂ ਜਨੌਰਾਂ ਨੂੰ ਚੋਗਾ ਪਾਉਂਦਾ। ਇਸ ਪਿੱਛੇ ਤਾਂ ਉਸਦਾ ਆਪਣਾ ਲਾਲਚ ਸੀ। ਆਪਣਾ ਮਕਸਦ। ਉਹਦੇ 'ਪਹਿਲਵਾਨ' ਸਰੀਰੋਂ ਤਕੜੇ ਰਹਿਣ ਤੇ ਜਿੱਤਾਂ ਤੇ ਮੱਲਾਂ ਮਾਰ ਕੇ ਆਉਣ। ਉਹ ਏਡਾ ਦਿਆਲੂ ਤੇ ਦਇਆਵਾਨ ਕਿੱਥੇ ਸੀ!

ਅਗਲੇ ਦਿਨ ਸਵੇਰੇ ਹੀ ਲੱਸੀ-ਪਾਣੀ ਪੀ ਕੇ ਉਹ ਤੇ ਫੱਜਾ ਘੋੜੀ ਲੈ ਕੇ ਮਾਇਆ ਰਾਮ ਦਾ ਕਰਜ਼ ਲਾਹੁਣ ਝਬਾਲ ਨੂੰ ਤੁਰ ਪਏ। ਮਾਇਆ ਰਾਮ ਦਾ ਹੁਦਾਰ ਉਹਦੇ ਹੱਥ ਫੜਾ ਕੇ ਅਤੇ 'ਲਾਲ-ਸਿਰੇ' ਦੀ ਮੌਤ ਦੀ ਕਹਾਣੀ ਸੁਣਾ ਕੇ ਅਰਜਨ ਕਹਿੰਦਾ, "ਸ਼ਾਹ ਜੀ! ਤੁਸੀਂ ਤਾਂ ਮੈਨੂੰ ਬੜੇ ਦਰਦਮੰਦ ਦਿਲ ਵਾਲਾ ਬੰਦਾ ਸਮਝਿਆ ਸੀ, ਜਿਹੜਾ ਜਨੌਰਾਂ ਨੂੰ ਰੱਬ ਦੇ ਜੀਅ ਸਮਝ ਕੇ ਦਾਣਾ ਪਾਉਂਦਾਂ; ਪਰ ਮੈਂ ਤਾਂ ਅਸਲ ਵਿਚ ਧੁਰ ਅੰਦਰੋਂ ਕਿਤੇ ਜ਼ਾਲਮ ਸਾਂ। ਸੱਚੀ ਪੁੱਛਦੇ ਓ; ਮੈਂ ਤਾਂ ਕਾਤਲ ਆਂ ਆਪਣੇ 'ਲਾਲ-ਸਿਰੇ' ਦਾ। ਤੁਹਾਡੇ ਪੈਰਾਂ ਦੀ ਸਹੁੰ। ਜਨੌਰਾਂ ਨੂੰ ਦਾਣਾ ਤਾਂ ਪਾਊਂ, ਪਰ ਸੁਰਤਾਂ ਤੇ ਮੁਕਾਬਲੇ ਅੱਗੋਂ ਤੋਂ ਸਦਾ ਲਈ ਬੰਦ।"

ਫਿਰ ਕਈ ਦਹਾਕੇ ਬੀਤ ਗਏ, ਉਹ ਗੱਭਰੂ-ਜਵਾਨ ਤੋਂ ਬਾਬਾ ਬਣ ਗਿਆ। ਸੁਰਤਾਂ ਲਾਉਣੀਆਂ ਤਾਂ ਦੂਰ ਉਸਨੇ ਪੰਛੀ, ਜਨੌਰ ਰੱਖਣੇ ਹੀ ਬੰਦ ਕਰ ਦਿੱਤੇ ਪਰ ਉਨ੍ਹਾਂ ਨੂੰ ਦਾਣਾ ਪਾਉਣਾ ਨਾ ਛੱਡਿਆ। ਉਸਨੇ ਹਵੇਲੀ ਵਿਚ ਵੀ ਪਾਣੀ ਦਾ ਵੱਡਾ ਕੂੱਜਾ ਇੱਕ ਨੁੱਕਰੇ ਰੱਖਿਆ ਹੋਇਆ ਸੀ ਤੇ ਸਵੇਰੇ ਸ਼ਾਮ ਓਥੇ ਜਾਨਵਰਾਂ ਲਈ ਦਾਣਾ ਖਿਲਾਰਦਾ ਸੀ। ਚਿੜੀਆਂ, ਗੁਟਾਰਾਂ, ਘੁੱਗੀਆਂ ਉਸਦੇ ਦੁਆਲੇ ਬੇਖ਼ੌਫ਼ ਹੋ ਕੇ ਟਪੂਸੀਆਂ ਮਾਰਦੀਆਂ। ਦਾਣਾ ਚੁਗਦੀਆਂ। ਕਦੀ ਕਦੀ ਕੋਈ ਉਹਦੇ ਮੋਢੇ ਤੇ ਹੱਥਾਂ 'ਤੇ ਵੀ ਆ ਬੈਠਦੀ। ਖੇਤਾਂ ਵਿਚ ਵੀ ਬੰਬੀ ਵਾਲੇ ਕੋਠੇ ਵਿਚ ਉਸਨੇ ਦਾਣਿਆਂ ਵਾਲਾ ਕੁੱਜਾ ਏਸੇ ਮਕਸਦ ਲਈ ਰੱਖਿਆ ਹੋਇਆ ਸੀ। ਪੁਤ ਪੋਤਰੇ ਕਹਿੰਦੇ ਸਨ ਕਿ ਬਾਪੂ ਤਾਂ ਫ਼ਸਲਾਂ ਦਾ ਨਾਸ ਮਾਰਨ ਲਈ ਜਨੌਰਾਂ ਨੂੰ ਆਪ 'ਰੋਟੀ ਵਰਜਦੈ!'

ਪਰ ਉਹ ਹੱਸ ਕੇ ਆਖਦਾ, "ਏਹਨਾਂ ਜਨੌਰਾਂ ਦੇ ਪੈਰਾਂ ਪਿੱਛੇ ਈ ਰੱਬ ਸਾਨੂੰ ਰੋਟੀ ਦਿੰਦੈ।"

-ਉਹਨੇ ਮੁੱਠ ਵਿਚ ਰਹਿ ਗਏ ਦਾਣੇ ਵੀ ਚੁਬੱਚੇ ਦੀ ਬੰਨੀ 'ਤੇ ਖਿਲਾਰ ਦਿੱਤੇ ਤੇ ਚਿੜੀਆਂ ਨੂੰ ਚੋਗ ਚੁਗਦਿਆਂ ਵੇਖ ਡੂੰਘੀ ਉਦਾਸੀ ਵਿਚ ਡੁੱਬ ਗਿਆ।

ਮੁੰਡੇ ਸ਼ਾਇਦ ਉਹਨੂੰ ਹੀ ਮਾਰਨ ਆਏ ਸਨ ਪਰ ਪਤਾ ਨਹੀਂ ਕਿਉਂ ਛੱਡ ਗਏ! ਇਸੇ ਗੁਰਜੀਤ ਨੇ, ਜਿਹੜਾ ਹੁਣ ਸਵੈ-ਸਿਰਜਤ 'ਲੈਫ਼ਟੀਨੈਂਟ ਜਨਰਲ' ਬਣਿਆਂ ਹੋਇਆ ਸੀ, ਆਪਣੇ ਦਸਤਖ਼ਤਾਂ ਵਾਲੇ ਪੈਡ 'ਤੇ ਮਾਇਆ ਰਾਮ ਦੇ ਕਤਲ਼ ਦੀ ਜ਼ਿੰਮੇਵਾਰੀ ਓਟੀ ਸੀ। ਨੱਬੇ ਸਾਲ ਦਾ ਬੁੱਢਾ ਮਾਇਆ ਰਾਮ ਮਾਰ ਕੇ ਉਹ ਬੜੀ ਸਰਹੰਦ ਫ਼ਤਹਿ ਕੀਤੀ ਸਮਝਦੇ ਸਨ! ਮਾਇਆ ਰਾਮ ਦੀ ਅਗਲੀ ਔਲਾਦ ਨੇ ਵੀ ਬਥੇਰੀ ਕਮਾਈ ਕੀਤੀ ਸੀ। ਸ਼ੈਲਰ ਲਾ ਲਏ ਸਨ। ਕੱਪੜੇ ਦੀ ਵੱਡੀ ਦੁਕਾਨ ਚੱਲਦੀ ਸੀ। ਹੋਰ ਕਾਰੋਬਾਰ ਵੀ ਸਨ। ਇਨ੍ਹਾਂ ਨੇ ਮਾਇਆ ਰਾਮ ਨੂੰ ਅਗਵਾ ਕਰ ਲਿਆ ਸੀ। ਪੰਜ ਲੱਖ ਮੰਗਦੇ ਸਨ। 'ਸਮੇਂ ਸਿਰ' ਪੈਸੇ ਨਾ ਪਹੁੰਚੇ ਤੇ ਵਿਚਾਰਾ ਮਾਇਆ ਰਾਮ!

ਕੱਲ੍ਹ ਦੀ ਅਖ਼ਬਾਰ ਵਿਚ ਲਹੂ ਵਿਚ ਭਿੱਜੀ ਮਾਇਆ ਰਾਮ ਦੀ ਲਾਸ਼ ਦੀ ਤਸਵੀਰ ਵੇਖ ਕੇ ਅਤੇ ਉਹਦੀ ਮੌਤ ਦੀ ਜ਼ਿੰਮੇਵਾਰੀ ਲੈਂਦੀ 'ਲੈਫ਼ਟੀਨੈਂਟ ਜਨਰਲ' ਗੁਰਜੀਤ ਸਿੰਘ ਦੀ ਚਿੱਠੀ ਦਾ ਹਵਾਲਾ ਪੜ੍ਹ ਕੇ ਅਰਜਨ ਸਿੰਘ ਬੌਂਦਲ ਗਿਆ ਸੀ। ਮਾਇਆ ਰਾਮ ਅਜੇ ਵੀ ਮੁਸਕੜੀਆਂ ਵਿਚ ਹੱਸਦਾ ਉਸਨੂੰ ਕਹਿ ਰਿਹਾ ਸੀ, "ਜਿਹੜਾ ਬੰਦਾ ਪੰਛੀਆਂ ਜਨੌਰਾਂ ਨੂੰ ਦਾਣਾ ਪਾਉਂਦੈ, ਉਹ ਮੇਰੇ ਪੈਸੇ ਕਦੀ ਮਾਰ ਈ ਨਹੀਂ ਸਕਦਾ!"

"ਤੇ ਜਿਹੜਾ ਕੋਈ ਗੁਰੂ ਦਾ ਸਿੰਘ ਅਖਵਾਏ, ਉਹਦਾ ਦੱਸਿਆ ਬਾਣਾ ਪਾਏ, ਉਹਦੀ ਬਾਣੀ ਦਾ ਪਾਠ ਕਰੇ ਤੇ ਫਿਰ ਤੈਨੂੰ ਹੀ ਮਾਰ ਦਏ ਮਾਇਆ ਰਾਮਾ, ਗੁਰੂ ਦੇ ਸਿੱਖ ਨੂੰ! ਉਹ ਗੁਰੂ ਦਾ ਕੀ ਲੱਗਦਾ ਏ!"

ਉਹਦੇ ਅੰਦਰੋਂ ਹੌਕਾ ਨਿਕਲਿਆ।

ਉਨ੍ਹਾਂ ਨੇ ਉਹਦੇ ਇਸ਼ਟ ਦਾ ਕਤਲ ਕਰ ਦਿੱਤਾ ਸੀ।

ਪਹਿਲੀਆਂ ਦੋ ਮਿਲਣੀਆਂ ਤੋਂ ਬਾਅਦ ਉਹ ਮਾਇਆ ਰਾਮ ਦਾ ਮੁਰੀਦ ਹੋ ਗਿਆ ਸੀ।



"ਸ਼ਾਹ ਜੀ! ਤੁਸੀਂ ਮੈਨੂੰ ਦੁਨੀਆਂ ਨੂੰ ਵੇਖਣ ਵਾਲੀ ਨਵੀਂ ਨਜ਼ਰ ਦਿੱਤੀ ਹੈ। ਤੁਸੀਂ ਮੇਰੇ ਗੁਰੂ ਓ।"

"ਰਾਮ ਰਾਮ ਕਹੁ ਸਰਦਾਰ ਅਰਜਨ ਸਿਆਂ! ਮੈਂ ਪਾਪੀ ਬੰਦਾ। ਤੱਕੜੀ ਨੂੰ ਠੂੰਗਾ ਮਾਰਨ ਵਾਲਾ। ਛੋਟੀਆਂ ਮੋਟੀਆਂ ਬੇਈਮਾਨੀਆਂ ਕਰਨ ਵਾਲਾ। ਏਨਾ ਭਾਰ ਨਾ ਮੇਰੇ ਸਿਰ 'ਤੇ ਚਾੜ੍ਹ।"

ਪਰ ਅਰਜਨ ਸਿੰਘ ਦੇ ਮਨ ਵਿਚ, ਸਾਲਾਂ ਦੇ ਸਾਲ ਬੀਤ ਗਏ, ਮਾਇਆ ਰਾਮ ਦੀ ਕਦਰ ਜਿਉਂ ਦੀ ਤਿਉਂ ਕਾਇਮ ਸੀ। ਉਹ ਜਦੋਂ ਵੀ ਕਦੀ ਦੋਂਹ ਚਹੁੰ-ਮਹੀਨੀਂ ਓਧਰ ਲੰਘਦਾ, ਉਚੇਚਾ ਮਾਇਆ ਰਾਮ ਦੇ ਗੋਡਿਆਂ ਨੂੰ ਹੱਥ ਲਾ ਕੇ ਆਉਂਦਾ।

ਅਰਜਨ ਸਿੰਘ ਆਖਦਾ ਹੁੰਦਾ ਸੀ ਕਿ ਉਸਦਾ ਗੁਰੂ, ਉਸਦਾ ਇਸ਼ਟ ਤਾਂ ਟੋਟੋ ਟੋਟੋ ਹੋ ਕੇ ਛੋਟੇ ਛੋਟੇ ਟੁਕੜਿਆਂ ਵਿਚ ਸਾਰੇ ਬੰਦਿਆਂ ਵਿਚ ਬੈਠਾ ਹੋਇਆ ਹੈ।

ਅੱਜ ਇਨ੍ਹਾਂ 'ਗੁਰੂ ਦੇ ਸਿੰਘਾਂ' ਨੇ ਮਾਇਆ ਰਾਮ ਦੇ ਅੰਦਰ ਬੈਠਾ ਅਰਜਨ ਸਿੰਘ ਦੇ 'ਗੁਰੂ' ਦਾ ਇਕ ਹਿੱਸਾ ਕਤਲ਼ ਕਰ ਦਿੱਤਾ ਸੀ।

ਉਸਨੇ ਤੁਰੇ ਜਾਂਦੇ 'ਜਰਨੈਲ' ਦੇ ਹੱਥ ਵਿਚ ਫੜੀ ਸਟੇਨ 'ਤੇ ਨਜ਼ਰ ਮਾਰੀ ਤਾਂ ਮਾਇਆ ਰਾਮ ਤੜਫ਼ਦਾ ਦਿਖਾਈ ਦਿੱਤਾ। 'ਬਾਜ਼' 'ਚਿੜੀਆਂ' ਨੂੰ 'ਤੋੜ' ਰਹੇ ਸਨ। ਉਹਦੇ ਆਸੇ ਪਾਸੇ ਮਾਇਆ ਰਾਮ ਦੀ ਮੌਤ 'ਤੇ ਵੈਣ ਪਾਉਂਦੀਆਂ ਚਿੜੀਆਂ ਚਿਚਲਾ ਰਹੀਆਂ ਸਨ।

ਉਹਦੇ ਅੰਦਰੋਂ ਹਾਅ ਵਰਗਾ ਹੌਕਾ ਨਿਕਲਿਆ, "ਸੱਚਿਆ ਪਾਤਸ਼ਾਹ! ਇਹ ਕੇਹਾ ਸਿਤਮ ਏਂ ਕਿ ਬਾਜ਼ ਤੇਰਾ ਹੀ ਨਾਂ ਲੈ ਲੈ ਕੇ ਤੇਰੀਆਂ ਚਿੜੀਆਂ ਨੂੰ ਤੋੜ ਰਹੇ ਨੇ!"

ਉਨ੍ਹਾਂ ਦੇ ਕਾਬੂ ਆਏ ਮਾਇਆ ਰਾਮ ਨੂੰ ਜਦੋਂ 'ਲੈਫ਼ਟੀਨੈਂਟ ਜਨਰਲ' ਦੇ ਨਾਂ ਦਾ ਪਤਾ ਲੱਗਾ ਸੀ ਤਾਂ ਉਸਨੂੰ ਉਹਦਾ ਪਿੰਡ ਵੀ ਪਤਾ ਲੱਗ ਗਿਆ ਸੀ। ਅਖ਼ਬਾਰਾਂ ਵਿਚ ਦੂਜੇ ਚੌਥੇ ਦਿਨ ਉਹਦਾ ਨਾਂ ਅਖ਼ਬਾਰਾਂ ਵਿਚ ਛਪਦਾ ਹੀ ਤਾਂ ਰਹਿੰਦਾ ਸੀ। ਮਾਇਆ ਰਾਮ ਨੇ ਉਸਨੂੰ ਓਸੇ ਪਿੰਡ ਦਾ ਜਾਣ ਕੇ ਅਰਜਨ ਸਿੰਘ ਦੀ ਪਛਾਣ ਅਤੇ ਮਿੱਤਰਤਾ ਦਾ ਵੀ ਵਾਸਤਾ ਪਾਇਆ ਸੀ। ਗੁਰਜੀਤ ਸਿੰਘ ਨੇ ਉਦੋਂ ਜ਼ਹਿਰੀ ਹਾਸਾ ਹੱਸਦਿਆਂ ਕਿਹਾ ਸੀ, "ਕੋਈ ਗੱਲ ਨਹੀਂ; ਉਹਨੂੰ ਪਾਗ਼ਲ ਬੁੱਢੇ ਨੂੰ ਵੀ ਤੇਰੀ ਫਤਹਿ ਬੁਲਾ ਆਵਾਂਗੇ।"

ਕਮਾਦ ਦੇ ਓਹਲੇ ਹੋਣ ਤੋਂ ਪਹਿਲਾਂ ਬਿੱਲੂ ਨੇ ਧੌਣ ਭੁਆ ਕੇ ਉੱਚੀ ਆਵਾਜ਼ ਵਿਚ ਆਖਿਆ, "ਬਾਬਾ! ਮਾਇਆ ਰਾਮ ਮਰਨ ਤੋਂ ਪਹਿਲਾਂ ਤੈਨੂੰ 'ਆਪਣੀ ਰਾਮ ਰਾਮ' ਬੁਲਾਉਂਦਾ ਸੀ!"

ਤਿੱਖਾ ਤੀਰ ਖੁਭ ਗਿਆ ਉਸਦੇ ਕਲੇਜੇ ਵਿਚ!

"ਓਹ! ਜ਼ਾਲਮੋਂ!! ਮੈਨੂੰ ਏਹੋ ਗੋਲੀ ਮਾਰਨ ਆਏ ਸਾਓ ਏਥੇ!"

-ਕਲੇਜਾ ਘੁੱਟ ਕੇ ਉਹ ਕਣਕ ਦੇ ਕਿਆਰੇ ਦਾ ਪਾਣੀ ਵੇਖਣ ਤੁਰ ਪਿਆ। ਹੋਰ ਪੰਜ ਕੁ ਮਿੰਟ ਤੱਕ ਕਿਆਰਾ ਬੰਨੇ ਲੱਗ ਜਾਣਾ ਸੀ।

ਅਚਨਚੇਤ ਵੇਖਿਆ; ਉਨ੍ਹਾਂ ਦੇ ਖੇਤਾਂ ਨੂੰ ਆਉਂਦੀ ਕੱਚੀ ਸੜਕ 'ਤੇ ਪੁਲਿਸ ਦੀਆਂ ਦੋ ਜੀਪਾਂ ਧੂੜ ਉਡਾਉਂਦੀਆਂ ਆ ਰਹੀਆਂ ਸਨ। ਬੰਬੀ ਕੋਲ ਆ ਕੇ ਜੀਪਾਂ ਰੁਕ ਗਈਆਂ ਤੇ ਪੁਲਿਸ ਤੇ ਸੀ ਆਰ ਪੀ ਦੀ ਧਾੜ ਦੀ ਧਾੜ ਬਾਹਰ ਨਿਕਲ ਕੇ ਉਸ ਵੱਲ ਵਧੀ। ਕੋਲ ਆ ਕੇ ਥਾਣੇਦਾਰ ਕਹਿਣ ਲੱਗਾ:

"ਸਾਨੂੰ ਪੱਕੀ ਸੂਹ ਮਿਲੀ ਏ ਕਿ ਮੁੰਡੇ ਏਧਰ ਆਏ ਨੇ। ਤੇਰੀ ਬੰਬੀ 'ਤੇ ਨਹਾਉਂਦਿਆਂ ਵੇਖੇ ਨੇ ਕਿਸੇ ਨੇ। ਪੰਜ ਮਿੰਟ ਨਹੀਂ ਹੋਏ ਅਜੇ ਇਸ ਗੱਲ ਨੂੰ। ਬੁੱਢਿਆ! ਬੰਦਾ ਬਣ ਕੇ ਦੱਸ ਦੇ ਕਿੱਥੇ ਲੁਕਾਏ ਈ?"

ਅਰਜਨ ਸਿੰਘ ਦੇ ਸਿਰ ਨੂੰ ਗੁੱਸੇ ਦੀ ਕਾਂਗ ਚੜ੍ਹੀ, "ਬੰਦਾ ਤਾਂ ਮੈਂ ਸਾਰੀ ਉਮਰ ਬਣਨ ਦੀ ਕੋਸ਼ਿਸ਼ ਵਿਚ ਲੱਗਾ ਰਿਹਾਂ ਪਰ ਬੰਦਾ ਬਣਿਆਂ ਈ ਨਹੀਂ ਜਾ ਸਕਿਆ। ਪਰ ਸਰਦਾਰਾ! ਬੰਦਿਆਂ ਵਾਲੀ ਜ਼ਬਾਨ 'ਚ ਗੱਲ ਕਰਨੀ ਤੈਨੂੰ ਵੀ ਨਹੀਂ ਆਉਂਦੀ। ਮੈਂ ਵੀ ਗੁਰੂ ਦਾ ਸਿੱਖ ਆਂ ਤੇ ਵੇਖਣ ਨੂੰ ਤਾਂ ਤੂੰ ਵੀ ਇੰਝ ਈ ਲੱਗਦੈਂ। ਇਕ ਬਜ਼ੁਰਗ ਨਾਲ, ਜਿਹੜਾ ਦਸ ਸਾਲ ਪਿੰਡ ਦਾ ਸਰਪੰਚ ਵੀ ਰਿਹਾ ਹੋਵੇ, ਗੱਲ-ਬਾਤ ਕਰਨ ਦਾ ਇਹ ਕਿਹੜਾ ਸਲੀਕਾ ਤੇ ਕਿਹੜਾ ਤਰੀਕਾ ਏ ਭਾਈ!"

ਥਾਣੇਦਾਰ ਕੋਈ ਨਵਾਂ ਹੀ ਆਇਆ ਲੱਗਦਾ ਸੀ, ਜਿਹੜਾ ਅਰਜਨ ਸਿੰਘ ਦਾ ਜਾਣੂ ਨਹੀਂ ਸੀ। ਅਰਜਨ ਸਿੰਘ ਦੀ ਝਾੜ ਸੁਣ ਕੇ ਥੋੜ੍ਹਾ ਕੁ ਝੇਪਿਆ ਜ਼ਰੂਰ ਪਰ ਫਿਰ ਸੰਭਲ ਗਿਆ।

"ਮੇਰੇ ਨਾਲ ਬਹੁਤਾ ਗਿਆਨ ਨਾ ਘੋਟ ਤੇ ਸਿੱਧੀ ਤਰ੍ਹਾਂ ਦੱਸ ਉਹ ਏਥੋਂ ਗਏ ਕਿਧਰ ਨੂੰ ਨੇ?"

ਸੀ ਆਰ ਪੀ ਦਾ ਇੰਸਪੈਕਟਰ ਤਿਵਾੜੀ ਅਰਜਨ ਸਿੰਘ ਨੂੰ ਜਾਣਦਾ ਸੀ। ਅਰਜਨ ਸਿੰਘ ਪਿਛਲੇ ਦਿਨੀਂ ਕਿਸੇ ਕੰਮ ਲਈ ਉਸਨੂੰ ਦੋ-ਚਾਰ ਵਾਰ ਮਿਲਿਆ ਵੀ ਹੋਇਆ ਸੀ। ਗੱਲ-ਬਾਤ ਦੀ ਵਾਗ-ਡੋਰ ਤਿਵਾੜੀ ਨੇ ਆਪਣੇ ਹੱਥ ਲੈਣੀ ਚਾਹੀ, "ਬਾਬਾ ਜੀ! ਨਰਾਜ਼ ਮੱਤ ਹੋਈਏ। ਆਏ ਤੋ ਵੋਹ ਇਧਰ ਹੀ ਹੈਂ ਆਪ ਕੇ ਪਾਸ।"

ਬਿੱਲੂ ਦੀ ਬੋਲੀ ਨੇ ਅਰਜਨ ਸਿੰਘ ਦਾ ਕਲੇਜਾ ਚੀਰਿਆ ਹੋਇਆ ਸੀ।

ਅੱਜ ਉਹਨੂੰ ਆਪਣੇ ਪੁੱਤ ਜਗਜੀਤ ਸਿੰਘ ਦਾ ਪੈਂਤੜਾ ਵੀ ਠੀਕ ਹੀ ਲੱਗਾ। ਭਾਵੇਂ ਪਹਿਲਾਂ ਕਦੀ ਇਸ ਬਾਰੇ ਉਸਦੀ ਸਹਿਮਤੀ ਨਹੀਂ ਸੀ ਹੋਈ।

"ਇਨ੍ਹਾਂ ਕਾਤਲ ਟੋਲਿਆਂ ਨਾਲ ਤਾਂ ਬੇਕਿਰਕ ਹੋ ਕੇ ਨਜਿੱਠਣ ਦੀ ਲੋੜ ਏ। ਇਸ ਤੋਂ ਪਹਿਲਾਂ ਕਿ ਉਹ ਤੁਹਾਡੇ 'ਤੇ ਵਾਰ ਕਰਨ ਤੁਹਾਨੂੰ ਉਨ੍ਹਾਂ 'ਤੇ ਵਾਰ ਕਰ ਦੇਣਾ ਚਾਹੀਦਾ ਐ। ਜਦੋਂ ਕੋਈ ਤੁਹਾਡੇ ਖ਼ਿਲਾਫ਼ ਹਥਿਆਰ ਚੁੱਕ ਕੇ ਤੁਰ ਪਿਐ, ਫਿਰ ਇਹ ਨਾ ਵੇਖੋ ਕਿ ਉਸਦਾ ਕਸੂਰ ਕਿੰਨਾ ਕੁ ਹੈ ਤੇ ਕਿੰਨਾ ਕੁ ਨਹੀਂ! ਮੌਕਾ ਮਿਲੇ ਤੋਂ ਪਹਿਲਾਂ ਆਪਣਾ ਵਾਰ ਕਰ ਦਿਓ। ਕੋਈ ਲਿਹਾਜ ਨਹੀਂ, ਕੋਈ ਤਰਸ ਨਹੀਂ। ਇਹ ਕਿਹੜਾ ਕਿਸੇ 'ਤੇ ਤਰਸ ਖਾਂਦੇ ਨੇ!" ਉਸ ਅੰਦਰੋਂ ਉਸਦੇ ਪੁੱਤਰ ਜਗਜੀਤ ਦੀ ਪਾਰਟੀ-ਲਾਈਨ ਬੋਲਣ ਲੱਗੀ।

ਉਸਨੂੰ ਖੁਦ 'ਸਰਕਾਰੀ' ਹੋਣ ਤੋਂ ਬੜੀ ਚਿੜ ਸੀ। ਸਰਕਾਰ ਅਤੇ ਸਥਾਪਤੀ ਨਾਲ ਤਾਂ ਉਹਦਾ ਖ਼ਾਨਦਾਨੀ ਵੈਰ ਸੀ। ਭਾਵੇਂ ਉਹਨੇ ਆਪ ਹੀ ਘਰ ਦੇ ਮੁਹਾਜ਼ 'ਤੇ ਲੜਨ ਦਾ ਨਿਰਣਾ ਲਿਆ ਹੋਇਆ ਸੀ ਤੇ 'ਬਾਹਰਲੀ ਵੱਡੀ ਲੜਾਈ' ਲਈ ਬਾਪੂ ਇੰਦਰ ਸਿੰਘ ਸਮਰਪਿਤ ਸੀ ਤਦ ਵੀ ਕਦੀ ਕਦੀ ਉਹਦਾ ਬਾਗ਼ੀ ਆਪਾ ਉਛਾਲ ਮਾਰ ਜਾਂਦਾ ਰਿਹਾ ਸੀ। ਪੰਜਾਬੀ ਸੂਬੇ ਦੇ ਮੋਰਚੇ ਵਿਚ ਤਾਂ ਉਹ ਬਾਪੂ ਇੰਦਰ ਸਿੰਘ ਨਾਲ ਜੇਲ੍ਹ ਵਿਚ ਆਪ ਵੀ ਗਿਆ ਸੀ। ਖ਼ੁਸ਼ ਹੈਸੀਅਤੀ ਟੈਕਸ ਦੇ ਵਿਰੋਧ ਵਿਚ ਉੱਠੀ ਕਮਿਊਨਿਸਟ ਲਹਿਰ ਵਿਚ ਵੀ ਦੋਵੇਂ ਪਿਓ-ਪੁੱਤ ਗ੍ਰਿਫ਼ਤਾਰ ਹੋਏ ਸਨ। ਉਂਜ ਤੇ ਜਗਜੀਤ ਦੀ ਸਾਰੀ ਉਮਰ ਵੀ ਸਰਕਾਰ ਦੀਆਂ ਵਧੀਕੀਆਂ ਨਾਲ ਲੜਦਿਆਂ ਤੇ ਮੁਲਾਜ਼ਮ ਘੋਲ ਕਰਦਿਆਂ ਲੰਘੀ ਸੀ। ਇਕ ਵਾਰ ਮੁਲਾਜ਼ਮ ਮੰਗਾਂ ਲਈ ਉਹ ਲੰਮੀ ਭੁੱਖ ਹੜਤਾਲ 'ਤੇ ਬੈਠਾ ਸੀ ਤਾਂ ਉਹ ਮਰਦਿਆਂ ਮਰਦਿਆਂ ਮਸਾਂ ਬਚਿਆ ਸੀ। ਉਹਨੀਂ ਦਿਨੀਂ ਤਾਂ ਅਰਜਨ ਸਿੰਘ ਨੂੰ ਉਸ 'ਤੇ ਅੰਤਾਂ ਦਾ ਮੋਹ ਤੇ ਲਾਡ ਆਇਆ ਸੀ। ਮੋਹ ਤਾਂ ਉਹਦੇ ਅਗਾਂਹਵਧੂ ਵਿਚਾਰਾਂ ਤੇ ਕਰਮਾਂ ਨੂੰ ਉਹ ਅਜੇ ਵੀ ਕਰਦਾ ਸੀ। ਉਸ 'ਤੇ ਮਾਣ ਵੀ ਸੀ ਉਸਨੂੰ। ਯੋਧਾ ਸੀ ਉਹ ਵੀ ਉਹਦੇ ਲਈ। ਪਰ ਅੱਜ ਕੱਲ੍ਹ ਉਸਦੇ ਇਸ 'ਸਰਕਾਰੀ ਪੈਂਤੜੇ' ਨਾਲ ਉਹਦੀ ਸਹਿਮਤੀ ਨਹੀਂ ਸੀ। ਕਿਸੇ ਮੁੰਡੇ ਨੂੰ ਵਿੰਹਦਿਆਂ ਜਾਂ ਫੜ੍ਹਦਿਆਂ ਹੀ ਅਗਲੇ ਨੂੰ ਗੋਲੀ ਮਾਰ ਦੇਣ ਦਾ ਸਰਕਾਰ ਤੇ ਪੁਲਿਸ ਦਾ ਫ਼ੈਸਲਾ ਉਸਨੂੰ ਹਜ਼ਮ ਹੀ ਨਹੀਂ ਸੀ ਹੁੰਦਾ।

"ਤੂੰ ਤੇ ਤੇਰੀ ਪਾਰਟੀ ਤਾਂ ਹੁਣ ਅਸਲੋਂ ਈ ਸਰਕਾਰੀ ਹੁੰਦੀ ਜਾਂਦੀ ਏ। ਤੂੰ ਵੀ ਸਰਕਾਰੀ ਬੰਦਾ ਬਣਦਾ ਜਾਂਦਾ ਏਂ ਜਗਜੀਤ ਸਿਆਂ!"

" ਬਾਪੂ ਜੀ, ਸਾਡੇ ਹੀਰਿਆਂ ਵਰਗੇ ਕਾਮਰੇਡ ਇਨ੍ਹਾਂ ਮੁੰਡਿਆਂ ਨੇ ਸ਼ਹੀਦ ਕਰ ਦਿੱਤੇ। ਅਸੀਂ ਇਨ੍ਹਾਂ ਨੂੰ ਮਾਫ਼ ਕਿਵੇਂ ਕਰ ਦਈਏ? ਇਨ੍ਹਾਂ ਖ਼ਿਲਾਫ਼ ਬੇਕਿਰਕ ਲੜਾਈ ਲੜਨ ਦੀ ਹੀ ਲੋੜ ਹੈ।"

ਇਹ ਬਹਿਸ ਉਨ੍ਹਾਂ ਦੇ ਪਰਿਵਾਰ ਵਿਚ ਪਿਛਲੇ ਤੋਂ ਪਿਛਲੇ ਮਹੀਨੇ ਬੜਾ ਡਾਢਾ ਜ਼ੋਰ ਫੜ੍ਹ ਗਈ ਸੀ। ਰਾਤ ਨੂੰ ਟੱਬਰ ਵਿਚ ਬੈਠਿਆਂ ਉਹ ਗੱਲਾਂ-ਬਾਤਾਂ ਕਰ ਰਹੇ ਸਨ ਕਿ 'ਲਹੀਆਂ ਦੀ ਪੱਤੀ' ਦਾ ਪਰਤਾਪ ਸਿੰਘ ਤੇ ਉਹਦੇ ਭਾਈਚਾਰੇ ਦੇ ਦੋ-ਤਿੰਨ ਬੰਦੇ ਉਨ੍ਹਾਂ ਦੇ ਘਰ ਆਏ ਸਨ। ਉਨ੍ਹਾਂ ਦੇ 'ਬੇਕਸੂਰ' ਮੁੰਡੇ ਪਰਮਜੀਤ ਨੂੰ ਪਰਸੋਂ ਬਾਬਾ ਬੁੱਢਾ ਸਾਹਿਬ ਦੇ ਗੁਰਦੁਆਰੇ ਟੱਬਰ ਨਾਲ ਮੱਥਾ ਟੇਕਣ ਜਾਂਦਿਆ ਨੂੰ ਸੀ ਆਰ ਪੀ ਵਾਲਿਆਂ ਨੇ ਟਰਾਲੀ ਤੋਂ ਲਾਹ ਲਿਆ ਸੀ। ਕੱਲ੍ਹ ਉਹ ਮੁੰਡੇ ਦੇ ਪਿੱਛੇ ਗਏ ਸਨ, ਪਰ ਸੀ ਆਰ ਪੀ ਵਾਲੇ ਕਹਿੰਦੇ ਸਨ; ਪੁਲਿਸ ਨੂੰ ਪੁੱਛੋ, ਅਸੀਂ ਤਾਂ ਫੜ੍ਹ ਕੇ ਬੰਦੇ ਪੁਣ-ਛਾਣ ਲਈ ਪੁਲਿਸ ਨੂੰ ਹੀ ਦੇ ਦਿੰਦੇ ਆਂ। ਜੇ ਇਸ ਨਾਂ ਦਾ ਕੋਈ ਮੁੰਡਾ ਹੋਇਆ ਤਾਂ ਪੁਲਿਸ ਨੂੰ ਪਤਾ ਹੋਊ। ਅੱਗੋਂ ਪੁਲਿਸ ਉਨ੍ਹਾਂ ਨੂੰ ਕੋਈ ਨਿਆਂ ਨਹੀਂ ਸੀ ਦਿੰਦੀ। ਸਵੇਰੇ ਉਨ੍ਹਾਂ ਪੁਲਿਸ ਕੋਲ ਫੇਰ ਜਾਣਾ ਸੀ ਤੇ ਉਹ ਅਰਜਨ ਸਿੰਘ ਨੂੰ ਆਖਣ ਆਏ ਸਨ ਕਿ ਉਹ ਉਨ੍ਹਾਂ ਦੇ ਨਾਲ ਜਾਵੇ। ਪੁਰਾਣਾ ਸਰਪੰਚ ਰਿਹਾ ਹੋਣ ਕਰ ਕੇ, ਗੱਲ-ਬਾਤ ਦਾ ਸਲੀਕਾ ਜਾਣਨ ਕਰਕੇ ਤੇ ਦਲੀਲ ਵਿਚ ਜ਼ੋਰ ਹੋਣ ਕਰ ਕੇ ਅਜੇ ਵੀ ਲੋਕ ਉਹਦਾ ਆਸਰਾ ਤੱਕਦੇ ਰਹਿੰਦੇ ਸਨ। ਉਹ ਇਸ ਲਈ ਵੀ ਆਏ ਸਨ ਕਿ ਜਗਜੀਤ ਸਿੰਘ ਦੀ ਡੀ ਐਸ ਪੀ ਨਾਲ ਵੀ ਨੇੜਤਾ ਸੁਣੀਂਦੀ ਸੀ। ਜੇ ਉਹ ਵੀ ਡੀ ਐਸ ਪੀ ਨੂੰ ਆਖ ਦੇਵੇ ਤਾਂ!

ਉਨ੍ਹਾਂ ਦੇ ਜਾਣ ਤੋਂ ਬਾਅਦ ਜਦੋਂ ਅਰਜਨ ਸਿੰਘ ਨੇ ਕਿਹਾ, "ਜਗਜੀਤ! ਕਰ ਵਿਚਾਰੇ ਗ਼ਰੀਬ ਜੱਟ ਦੀ ਮਦਦ; ਜੇ ਕੁਝ ਕਰ ਸਕਦਾ ਏਂ ਤਾਂ!"

"ਬਾਪੂ ਜੀ, ਮੈਂ ਤਾਂ ਕਾਤਲਾਂ ਦੇ ਟੋਲੇ ਨਾਲ ਦੁਸ਼ਮਣਾਂ ਵਾਂਗ ਨਜਿੱਠਣ ਦੇ ਹੱਕ ਵਿਚ ਆਂ। ਮਾਪਿਆਂ ਦੇ ਇਸ 'ਬੇਕਸੂਰ' ਮੁੰਡੇ ਨੇ ਕੀ ਪਤਾ ਕਿੰਨੇ ਬੇਕਸੂਰ ਲੋਕਾਂ ਦਾ ਘਾਣ ਕੀਤੈ! ਪਿਛਲੇ ਤਿੰਨ ਮਹੀਨੇ ਇਹ ਘਰੋਂ ਮੁੰਡਿਆਂ ਨਾਲ ਭੱਜਿਆ ਰਿਹੈ। ਉਨ੍ਹਾਂ ਨਾਲ ਦੀਵਾਲੀ ਵੇਖਣ ਤਾਂ ਨਹੀਂ ਸੀ ਗਿਆ! ਮੈਂ ਤਾਂ ਤੁਹਾਨੂੰ ਵੀ ਰੋਕੂੰ। ਪਰ ਤੁਸੀਂ ਤਾਂ ਆਪਣੀ ਮਰਜ਼ੀ ਈ ਕਰਨੀ ਹੁੰਦੀ ਏ। ਕਿਹੜਾ ਕਿਸੇ ਦੀ ਸੁਣਨੀ ਜਾਂ ਮੰਨਣੀ ਹੁੰਦੀ ਏ!"

ਉਸਨੇ ਤਾਂ ਅਸਲੋਂ ਹੱਥ ਖੜੇ ਕਰ ਦਿੱਤੇ ਸਨ।

ਮੁੰਡਾ ਹਰਜੀਤ ਦਾ ਵਿਦਿਆਰਥੀ ਰਿਹਾ ਸੀ। ਉਸਨੇ ਕੋਲੋਂ ਗਵਾਹੀ ਦਿੱਤੀ, "ਬਾਪੂ ਜੀ, ਮੁੰਡੇ ਨੇ ਪਿਛਲੇ ਸਾਲ ਹੀ ਅਜੇ ਦਸਵੀਂ ਕੀਤੀ ਏ। ਮੇਰੇ ਕੋਲ ਪੜ੍ਹਦਾ ਸੀ। ਪੜ੍ਹਦੇ ਸਮੇਂ ਨਿਹਾਇਤ ਬੀਬਾ ਮੁੰਡਾ ਸੀ। ਹੁਣ ਹਰ ਘਰ ਤੇ ਹਰ ਬਹਿਕ 'ਤੇ ਤਾਂ ਜਦੋਂ ਜੀ ਕਰੇ ਮੁੰਡੇ ਆ ਵੜਦੇ ਨੇ। ਇਨ੍ਹਾਂ ਦੀ ਬਹਿਕ 'ਤੇ ਵੀ ਆਉਂਦੇ-ਜਾਂਦੇ ਸਨ। ਉਨ੍ਹਾਂ ਦੀਆਂ ਗੱਲਾਂ, ਬਦਾਮਾਂ ਦੀਆਂ ਗਿਰੀਆਂ ਤੇ ਹਥਿਆਰਾਂ ਦੇ ਰੁਮਾਂਸ ਨੇ ਖਿੱਚ ਤਾਂ ਉਹਨੂੰ ਪਾ ਲਈ ਤੇ ਉਹ ਦੋ ਮਹੀਨੇ ਘਰੋਂ ਭੱਜਾ ਵੀ ਰਿਹੈ। ਪਰ ਮਾਪਿਆਂ ਦਾ ਇੱਕੋ ਇੱਕ ਪੁੱਤ ਹੋਣ ਕਰ ਕੇ ਇਕ ਤਾਂ ਮਾਪਿਆਂ ਨੇ ਅਗਲਿਆਂ ਦੇ ਤਰਲੇ ਕੀਤੇ ਕਿ ਸਾਡੇ ਪੁੱਤ ਨੂੰ ਮੋੜ ਦਿਓ ਤੇ ਦੂਜਾ ਮੁੰਡਾ ਵੀ ਉਨ੍ਹਾਂ ਨਾਲ ਜਾ ਕੇ ਫ਼ਸ ਗਿਆ ਮਹਿਸੂਸ ਕਰਦਾ ਸੀ। ਅਜੇ ਹਫ਼ਤਾ ਨਹੀਂ ਹੋਇਆ, ਉਹ ਮੈਨੂੰ ਮਿਲਿਆ ਸੀ। ਉਹਨੂੰ ਖੁੱਲ੍ਹਾ ਫਿਰਦਾ ਵੇਖ ਕੇ ਮੈਂ ਵੀ ਪੁੱਛ ਲਿਆ ਤਾਂ ਉਹ ਫਿੱਸ ਪਿਆ। ਕਹਿੰਦਾ, "ਮਾਸਟਰ ਜੀ ਐਵੇਂ ਚਾਅ ਚਾਅ ਵਿਚ ਈ ਉਨ੍ਹਾਂ ਦਾ ਝੋਲਾ ਚੁੱਕ ਕੇ ਤੁਰ ਪਿਆ ਸਾਂ। ਅੱਗੇ ਤੋਂ ਕੰਨਾਂ ਨੂੰ ਹੱਥ ਲਾਏ। ਜਿੰਨੀ ਨ੍ਹਾਤੀ ਓਨਾ ਪੁੰਨ! ਮੈਂ ਤਾਂ ਹੁਣ ਓਧਰ ਮੂੰਹ ਨਹੀਂ ਕਰਦਾ। ਸ਼ੁਕਰ ਏ; ਜਿਊਂਦਿਆਂ ਘਰ ਆ ਗਏ ਆਂ। ਉਨ੍ਹਾਂ ਨਾਲ ਬਦਾਮਾਂ ਦੀਆਂ ਗਿਰੀਆਂ ਖਾਣ ਨਾਲੋਂ ਭੁੱਖੇ ਰਹਿਣਾ ਚੰਗਾ।"

"ਤਾਂ ਇਹ ਗੱਲ ਹੈ? ਵਾਕਿਆ ਈ ਕਸੂਰ ਕੋਈ ਨਹੀਂ ਉਹਦਾ?"

"ਵੇਖੋ ਜੀ, ਮੈਂ ਤਾਂ ਇਹ ਵੀ ਪੁੱਛਿਆ ਸੀ ਉਹਨੂੰ। ਉਹਨੇ ਸਹੁੰ ਖਾ ਕੇ ਆਖਿਆ ਸੀ ਕਿ ਉਸਦਾ ਕਿਸੇ ਵਾਰਦਾਤ ਵਿਚ ਕੋਈ ਹੱਥ ਨਹੀਂ। ਮੈਂ ਤਾਂ ਉਸਨੂੰ ਜਦੋਂ ਇਹ ਪੁੱਛਿਆ ਕਿ ਹੁਣ ਤੂੰ ਕਰਨਾ ਕੀ ਚਾਹੁੰਦੈਂ! ਤਾਂ ਬੜਾ ਮਾਸੂਮ ਜਵਾਬ ਦਿੱਤਾ, "ਮਾਸਟਰ ਜੀ! ਮੈਂ ਤਾਂ ਜਿਊਣਾਂ ਚਾਹੁੰਦਾਂ!" ਘਰਦਿਆਂ ਨਾਲ ਬਾਬੇ ਬੁੱਢੇ ਮੱਥਾ ਟੇਕਣ ਜਾਣ ਵਾਲੇ ਦਿਨ ਵੀ ਉਹ 'ਨਵਿਆਂ' ਦੀ ਟਰਾਲੀ 'ਤੇ ਬਹਿ ਕੇ ਸੁੱਖਣਾ ਲਾਹੁਣ ਈ ਜਾ ਰਹੇ ਸਨ ਕਿ ਉਨ੍ਹਾਂ ਦਾ ਪੁੱਤ ਬਾਬੇ ਦੀ ਮਿਹਰ ਨਾਲ ਜਿਊਂਦਾ ਜਾਗਦਾ ਘਰ ਮੁੜ ਆਇਐ!"

"ਫਿਰ ਤਾਂ ਜਗਜੀਤ ਸਿਆਂ ਮੁੰਡੇ ਨੂੰ ਬਚਾਈਏ ਯਾਰ ਕਿਸੇ ਤਰ੍ਹਾਂ।" ਅਰਜਨ ਸਿੰਘ ਨੇ ਤਰਲਾ ਲਿਆ।

ਪਰ ਜਗਜੀਤ ਨਹੀਂ ਸੀ ਮੰਨਿਆਂ। ਆਪਣੇ 'ਸਿਧਾਂਤਕ ਪੈਂਤੜੇ' ਤੇ ਕਾਇਮ ਰਿਹਾ ਸੀ। ਅਰਜਨ ਸਿੰਘ ਪਿੰਡ ਦੇ ਹੋਰ ਮੋਅਤਬਰਾਂ ਨਾਲ ਮਿਲ ਕੇ ਮੁੰਡੇ ਦਾ ਪਤਾ ਕਰਨ ਜਾਂਦਾ ਰਿਹਾ ਸੀ। ਪਹਿਲਾਂ

ਤਾਂ ਪੁਲਿਸ ਹੱਥ ਪੱਲਾ ਈ ਨਹੀਂ ਸੀ ਫੜਾਉਂਦੀ। ਪਰ ਆਖ਼ਰ ਉਨ੍ਹਾਂ ਨੂੰ ਸੂਹ ਮਿਲ ਗਈ ਕਿ ਮੁੰਡਾ ਸੀ ਆਰ ਪੀ ਦੇ ਇੰਸਪੈਕਟਰ ਤਿਵਾੜੀ ਕੋਲ ਹੈ। ਉਹ ਤਿਵਾੜੀ ਕੋਲ ਪੁੱਜੇ। ਤਿਵਾੜੀ ਮੰਨ ਤਾਂ ਗਿਆ ਕਿ ਮੁੰਡਾ ਉਹਦੇ ਕੋਲ ਹੈ ਪਰ ਉਹ ਛੱਡੇਗਾ ਨਹੀਂ ਕਿਉਂਕਿ ਅਜੇ ਉਸ ਕੋਲੋਂ ਪੁੱਛ-ਪੜਤਾਲ ਕਰ ਰਿਹਾ ਹੈ! ਅਰਜਨ ਸਿੰਘ ਨੇ ਦਲੀਲ ਦਿੱਤੀ, "ਮੰਨ ਲਿਆ, ਮੁੰਡਾ ਤੁਸੀਂ ਫੜਿਆ ਹੈ। ਪਰ ਪਿਛਲੇ ਏਨੇ ਦਿਨਾਂ ਵਿਚ ਮੁਢਲੀ ਪੁੱਛ-ਗਿੱਛ ਤਾਂ ਹੋ ਈ ਗਈ ਹੋਵੇਗੀ! ਜੇ ਉਹਦੇ 'ਚ ਕੁਝ ਹੁੰਦਾ ਤਾਂ ਹੁਣ ਤੱਕ ਨਿਕਲ ਆਉਣਾ ਸੀ। ਅਸੀਂ ਸਹੁੰ ਦਿੰਦੇ ਆਂ ਉਹਦੀ ਕਿ ਸਾਡੇ ਮੁੰਡੇ ਨੇ ਕੀਤਾ ਕਰਾਇਆ ਕੁਝ ਨਹੀਂ। ਤੁਹਾਨੂੰ ਵੀ ਪਤਾ ਲੱਗ ਗਿਆ ਹੋਣੈਂ। ਉਂਝ ਵੀ ਜੇ ਕੱਲ੍ਹ-ਕਲੋਤਰ ਨੂੰ ਉਹਦੀ ਕੋਈ ਗੱਲ ਨਿਕਲ ਆਵੇ ਤਾਂ ਅਸੀਂ ਆਪ ਮੁੰਡੇ ਨੂੰ ਤੁਹਾਡੇ ਅੱਗੇ ਪੇਸ਼ ਕਰ ਦਿਆਂਗੇ।"

ਤਿਵਾੜੀ ਅਰਜਨ ਸਿੰਘ ਨੂੰ ਪਾਸੇ ਲੈ ਗਿਆ, "ਬਾਬਾ ਜੀ! ਆਪਸ ਕੀ ਬਾਤ ਹੈ। ਕੂਏਂ ਮੇ ਗਿਰੀ ਈਂਟ ਤੋ ਬਾਹਰ ਸੂਖੀ ਨਾਹੀਂ ਨਿਕਲੇ। ਏਕ ਲਾਖ ਪਰਸੋਂ ਤਕ ਲੇ ਆਨਾ ਔਰ ਲੜਕਾ ਲੇ ਜਾਨਾ।"

ਅਰਜਨ ਸਿੰਘ ਨੇ ਦੁਹਾਈ ਪਾਈ, "ਜੀ ਉਹਦਾ ਪਿਓ ਤਾਂ ਵਿਚਾਰਾ ਡਾਢਾ ਗਰੀਬ ਜੱਟ ਐ। ਸਿਰਫ਼ ਸਾਢੇ ਤਿੰਨ ਕਿੱਲੇ ਪੈਲੀ। ਕਰਜ਼ੇ ਦਾ ਪਹਿਲਾਂ ਈ ਭੰਨਿਆਂ ਹੋਇਆ। ਗੰਜੀ ਖਾਊ ਕੀ ਤੇ ਨਿਚੋੜੂ ਕੀ! ਕਿੱਥੋਂ ਦੇ ਲਊ ਤੁਹਾਨੂੰ ਲੱਖ ਰੁਪੈਆ! ਏਦਾਂ ਗਰੀਬ ਮਾਰ ਨਾ ਕਰੋ।"

"ਮੈਂ ਨੇ ਏਕ ਬਾਤ ਕਹਿ ਦੀ, ਸੋ ਕਹਿ ਦੀ। ਪਰਸੋਂ ਆ ਜਾਨਾ। ਨਹੀਂ ਤੋ—। ਯੇਹ ਭੀ ਆਪ ਕੇ ਕਹਿਨੇ ਪਰ ਬੋਲ ਰਹਾ ਹੂੰ।"

ਉਸਨੇ ਢੱਠੇ ਦਿਲ ਨਾਲ ਆ ਕੇ ਸਾਰਿਆਂ ਨੂੰ ਤਿਵਾੜੀ ਦਾ ਫ਼ੈਸਲਾ ਸੁਣਾ ਦਿੱਤਾ। ਸਾਰੇ ਆਖਣ ਲੱਗੇ, ਇਸ ਬਿਨਾਂ ਹੋਰ ਕੋਈ ਚਾਰਾ ਨਹੀਂ। ਮੁੰਡੇ ਦੀ ਜਾਨ ਨਾਲੋਂ ਪੈਸੇ ਚੰਗੇ ਨੇ ਕਿਤੇ! ਉਸਨੂੰ ਤਾਂ ਕਿਸੇ ਤਰ੍ਹਾਂ ਬਚਾਉਣਾ ਈ ਹੋਇਆ!

ਤਿਵਾੜੀ ਨੂੰ ਮਿਲਣ ਜਾਣ ਵਾਲੇ ਦਿਨ ਅੱਖਾਂ ਦੇ ਕੋਇਆਂ ਵਿਚ ਪਾਣੀ ਅਤੇ ਕੰਬਦੇ ਹੱਥੀਂ ਪਰਤਾਪ ਸਿੰਘ, ਅਰਜਨ ਸਿੰਘ ਕੋਲ ਆਇਆ, "ਜਥੇਦਾਰਾ! ਕੀ ਕਰੀਏ ਹੁਣ। ਮੈਂ ਤਾਂ ਸਾਰੇ ਅੰਗਾਂ ਸਾਕਾਂ ਦੇ ਖੱਲਾਂ-ਖੂੰਜੇ ਫ਼ਰੋਲ ਲਏ। ਮੇਰੇ ਕੋਲੋਂ ਤਾਂ ਮਸਾਂ ਤੀਹ ਹਜ਼ਾਰ ਹੋਇਐ। ਨੰਬਰਦਾਰ ਹਰਸਾ ਸੁੰਹ ਨੂੰ ਜ਼ਮੀਨ ਲਿਖਾ ਲੈਣ ਨੂੰ ਕਿਹੈ; ਮੰਨ ਵੀ ਗਿਐ ਉਹ। ਪਰ ਉਹਦੇ ਆੜ੍ਹਤੀਏ ਨੇ ਪੈਸਿਆਂ ਦਾ ਪਰਸੋਂ ਦਾ ਕਰਾਰ ਕੀਤੈ।"

ਅਰਜਨ ਸਿੰਘ ਨੇ ਆਪਣੇ ਘਰ ਪਿਆ ਦਸ ਹਜ਼ਾਰ ਰੁਪੈਆ ਵੀ ਫੜ ਲਿਆ। ਉਹ ਤਿਵਾੜੀ ਕੋਲ ਗਏ। ਅਰਜਨ ਸਿੰਘ ਨੇ ਹੱਥ ਜੋੜੇ, "ਤਿਵਾੜੀ ਸਾਹਿਬ! ਆਹ ਚਾਲੀ ਹਜ਼ਾਰ ਫੜੋ ਹਾਲ ਦੀ ਘੜੀ। ਅਜੇ ਸਾਰਾ ਤਾਣ ਲਾ ਕੇ ਮਸਾਂ ਏਨਾ ਈ ਸਰਿਐ। ਕੱਲ੍ਹ ਜਾਂ ਹੱਦ ਪਰਸੋਂ ਤੱਕ ਬਾਕੀ ਪੈਸੇ ਮੈਂ ਆਪ ਲੈ ਕੇ ਆਊਂ। ਪਰ ਅੱਜ ਮਿਹਰਬਾਨੀ ਕਰ ਕੇ ਮੁੰਡਾ ਸਾਨੂੰ ਦੇ ਦਿਓ। ਤੁਹਾਡੇ ਅੱਗੇ ਹੱਥ ਬੰਨ੍ਹਦੇ ਆਂ।"

ਤਿਵਾੜੀ ਨੇ ਨੋਟਾਂ ਦੀ ਦੱਥੀ ਵਾਪਸ ਮੋੜਦਿਆਂ ਕਿਹਾ, "ਮੈਂ ਨੇ ਏਕ ਬਾਤ ਕਰੀ ਥੀ ਆਪ ਸੇ। ਵੋਹ ਭੀ ਗੁਰੂ ਕਾ ਸਿੱਖ ਜਾਨ ਕਰ। ਅਭੀ ਭੀ ਸ਼ਾਮ ਤੱਕ ਕਾ ਸਮੇਂ ਹੈ ਆਪ ਕੇ ਪਾਸ। ਪੈਸੇ ਲੇ ਆਓ, ਲੜਕਾ ਲੇ ਜਾਓ!"

ਨਿਰਾਸ ਹੋਏ ਉਹ ਵਾਪਸ ਪਰਤੇ ਸਨ। ਤਿਵਾੜੀ ਦੇ ਆਖੇ ਸ਼ਬਦ, "ਗੁਰੂ ਕਾ ਸਿੱਖ ਜਾਨ ਕਰ!" ਉਹਨੂੰ ਲਾਹਨਤਾਂ ਪਾ ਰਹੇ ਸਨ। ਉਹ ਗੁਰੂ ਅੱਗੇ ਸ਼ਰਮਿੰਦਾ ਸੀ। ਉਹਨੇ ਹੱਥ ਜੋੜੇ, "ਸੱਚਿਆ ਪਾਤਸ਼ਾਹ! ਮੈਂ ਦੱਲਾ ਨਹੀਂ। ਤੂੰ ਵੀ ਜਾਣਦੈਂ; ਮੈਂ ਕਦੀ ਇਹੋ ਜਿਹੀ ਦਲਾਲੀ ਨਹੀਂ ਕੀਤੀ। ਕੀ ਕਰਦਾ ਮੈਂ? ਮੇਰਾ ਮੁੰਡਾ ਹੁੰਦਾ ਤਾਂ ਮੈਂ ਲੜਦਾ। ਧਰਨੇ ਦਿੰਦਾ। ਭੀੜਾਂ ਇਕੱਠੀਆਂ ਕਰਦਾ। ਅਖ਼ਬਾਰਾਂ ਕੋਲ ਜਾਂਦਾ। ਲੜਾਈ ਲੜਦਾ। ਪਰ ਏਥੇ ਕੀ ਕਰਦਾ? ਮੁੰਡੇ ਦੇ ਘਰ ਦੇ ਤਰਲੇ ਲੈਂਦੇ ਸਨ, ਹੱਥ ਜੋੜਦੇ ਸਨ, ਕਹਿੰਦੇ ਸਨ; ਮੈਂ ਗਰਮ ਨਾ ਹੋਵਾਂ! ਬਣਦੀ ਖੇਡ ਕਿਤੇ ਵਿਗੜ ਨਾ ਜਾਵੇ। ਜਿਵੇਂ ਵੀ ਹੋਵੇ, ਮੁੰਡਾ ਛੁਡਵਾ ਲਈਏ। ਪਰਸੋਂ ਵਿਚ ਇਕ ਦਿਨ ਹੀ ਤਾਂ ਬਾਕੀ ਹੈ।"

ਪਰ ਮੁੰਡੇ ਦੀ ਜਿਊਂਦੇ ਰਹਿਣ ਦੀ ਸੱਧਰ ਅਧੂਰੀ ਰਹਿ ਗਈ ਸੀ। ਲੱਖ ਰੁਪਏ ਤੇ ਮੁੰਡੇ ਵਿਚਲਾ ਇੱਕ ਦਿਨ ਉਮਰਾਂ ਨਾਲੋਂ ਲੰਮਾਂ ਹੋ ਗਿਆ ਸੀ। ਸ਼ਾਮ ਤੱਕ ਉਹ 'ਵਾਅਦੇ ਮੁਤਾਬਕ' ਇੱਕ ਲੱਖ ਰੁਪਈਆ ਨਹੀਂ ਪੁਚਾ ਸਕੇ ਸਨ। ਅਗਲੇ ਦਿਨ ਪਰਮਜੀਤ ਦੇ 'ਮੁਕਾਬਲੇ' ਵਿਚ ਮਾਰੇ ਜਾਣ ਦੀ ਖ਼ਬਰ ਆ ਗਈ ਸੀ।

ਕਈ ਦਿਨ ਪਰਮਜੀਤ ਦੇ ਬੋਲ ਜਿਹੜੇ ਅਰਜਨ ਸਿੰਘ ਨੇ ਹਰਜੀਤ ਦੀ ਜ਼ਬਾਨੀ ਸੁਣੇ ਸਨ ਉਹਦੇ ਕੰਨਾਂ ਵਿਚ ਗੂੰਜਦੇ ਰਹੇ, "ਮੈਂ ਜਿਊਣਾ ਚਾਹੁੰਦਾਂ! ਮੈਂ ਜਿਊਣਾ ਚਾਹੁੰਦਾਂ!"

-ਪਰ ਪਰਮਜੀਤ, ਪੁਲਿਸ ਅਤੇ ਮੁੰਡਿਆਂ ਵਿਚਕਾਰ ਅਚਨਚੇਤ ਫੇਰ ਮਾਇਆ ਰਾਮ ਆ ਕੇ ਖਲੋ ਗਿਆ।

ਗੁੱਸੇ ਵਿਚ ਭਰੇ ਅਰਜਨ ਸਿੰਘ ਦਾ ਜੀ ਕੀਤਾ ਪੁਲਿਸ ਨੂੰ ਆਖੇ, "ਔਹ ਜਾਂਦੇ ਨੇ ਐਂ ਨੂੰ। ਕਮਾਦ ਦੇ ਓਹਲੇ ਹੋਇਆਂ ਅਜੇ ਮਸਾਂ ਪੰਜ ਮਿੰਟ ਨਹੀਂ ਹੋਏ।"

ਉਹ ਮਾਇਆ ਰਾਮ ਨੂੰ ਕਤਲ ਕੀਤੇ ਜਾਣ ਅਤੇ ਹੁਣੇ ਕਲੇਜੇ ਵਿਚ ਬਰਛੀ ਵਾਂਗ ਖੋਭੀ 'ਬੋਲੀ' ਦਾ ਤੱਤੇ ਘਾਹ ਹੀ ਬਦਲਾ ਲੈ ਲੈਣਾ ਚਾਹੁੰਦਾ ਸੀ। ਪਰ ਉਹਦੀਆਂ ਅੱਖਾਂ ਅੱਗੇ ਜਿਊਣ ਲਈ ਤਰਲੇ ਲੈਂਦਾ ਪਰਮਜੀਤ ਆ ਕੇ ਖਲੋ ਗਿਆ। ਆਖਣ ਲੱਗਾ, "ਮੈਂ ਜਿਊਣਾ ਚਾਹੁੰਦਾਂ!"

ਅਗਲੇ ਪਲ ਪਰਮਜੀਤ ਦਾ ਤਰਲਾ ਮਾਇਆ ਰਾਮ ਦੇ ਤਰਲਿਆਂ ਵਿਚ ਵਟ ਗਿਆ।

ਚਾਰ ਚੁਫੇਰੇ ਆਵਾਜ਼ਾਂ ਆਉਣ ਲੱਗੀਆਂ, "ਮੈਂ ਜਿਊਣਾ ਚਾਹੁੰਦਾਂ! ਮੈਂ ਜਿਊਣਾ ਚਾਹੁੰਦਾਂ!"

ਉਹ ਦੁਬਿਧਾ ਵਿਚ ਪੈ ਗਿਆ।

ਕੀ ਪੈਂਤੜਾ ਲਵੇ ਉਹ ਹੁਣ?

"ਆਹ ਵੇਖ ਤਾਜ਼ਾ ਗੰਨੇ ਚੂਪੇ ਹੋਏ।" ਥਾਣੇਦਾਰ ਨੇ ਦਾਣਾ ਚੁਗਦੀਆਂ ਚਿੜੀਆਂ ਨੂੰ ਸ਼ਿਸ਼ਕਾਰ ਕੇ ਉਡਾਇਆ ਤੇ ਚੁਬੱਚੇ ਲਾਗੇ ਚੂਪ ਕੇ ਸੁੱਟੀਆਂ ਗੰਨੇ ਦੀਆਂ ਛਿੱਲਾਂ ਨੂੰ ਵਿਖਾਉਣ ਲੱਗਾ

ਏਨੇ ਚਿਰ ਵਿਚ ਅਰਜਨ ਸਿੰਘ ਨੇ ਆਪਣੇ ਮਨ ਵਿਚ ਪੈਂਤੜਾ ਬਣਾ ਲਿਆ ਸੀ।

"ਇੱਕ ਮਿੰਟ ਖਲੋ ਜੋ।" ਅਰਜਨ ਸਿੰਘ ਬੰਬੀ ਨਾਲ ਲੱਗਦੇ ਕਮਾਦ ਵੱਲ ਵਧਿਆ ਤੇ ਮੁੰਡਿਆਂ ਵੱਲੋਂ ਭੰਨੇ ਗੰਨਿਆਂ ਦਾ ਆਗ ਫੜ ਕੇ ਹੌਲੀ ਜਿਹੀ ਤੁਰਦਾ ਉਨ੍ਹਾਂ ਕੋਲ ਆਇਆ। ਉਹ ਉਤਸੁਕਤਾ ਨਾਲ ਵੇਖ ਰਹੇ ਸਨ ਕਿ ਇਹ ਕੀ ਕਰ ਰਿਹਾ ਹੈ! ਅਰਜਨ ਸਿੰਘ ਚਾਹੁੰਦਾ ਸੀ ਕਿ ਜਿੰਨਾਂ ਵੱਧ ਤੋਂ ਵੱਧ ਸਮਾਂ ਲੰਘਾ ਸਕੇ ਚੰਗਾ ਹੈ, ਓਨੇ ਚਿਰ ਤੱਕ ਮੁੰਡੇ ਥੋੜ੍ਹਾ ਦੂਰ ਨਿਕਲ ਜਾਣਗੇ। ਇਹ ਉਹ ਜਾਣ ਗਿਆ ਸੀ ਕਿ ਪੁਲਿਸ ਵਾਲੇ ਹੁਣੇ ਹੀ ਕਿਸੇ ਵੱਲੋਂ ਦਿੱਤੀ ਪੱਕੀ ਸੂਹ ਨਾਲ ਆਏ ਹਨ। ਉਨ੍ਹਾਂ ਅੱਗੇ ਕੋਰਾ ਝੂਠ ਬੋਲਿਆਂ ਹੁਣ ਗੁਜ਼ਾਰਾ ਨਹੀਂ ਹੋਣਾ।

ਉਨ੍ਹਾਂ ਕੋਲ ਆ ਕੇ ਕਹਿੰਦਾ, "ਮੈਂ ਕਦੋਂ ਕਹਿੰਦਾਂ ਉਨ੍ਹਾਂ ਗੰਨੇ ਨਹੀਂ ਚੂਪੇ। ਆਹ ਵੇਖੋ! ਭੰਨੇ ਹੋਏ ਗੰਨਿਆਂ ਦੇ ਆਗ। ਛਿੱਲਾਂ ਵੀ ਠੀਕ ਉਨ੍ਹਾਂ ਦੀਆਂ ਨੇ। ਪਰ ਜਿੱਥੋਂ ਤੱਕ ਨਹਾਉਣ ਦੀ ਗੱਲ ਏ, ਉਹ ਏਥੇ ਨ੍ਹਾਤੇ ਬਿਲਕੁਲ ਨਹੀਂ। ਮੂੰਹ ਹੱਥ ਜ਼ਰੂਰ ਧੋਤਾ। ਮੈਂ ਤਾਂ ਔਹ ਗੋਭੀ ਦੀ ਪਨੀਰੀ ਗੋਡਣ ਡਿਹਾ ਸਾਂ। ਓਥੇ ਈ ਰਿਹਾਂ ਮੈਂ ਤਾਂ। ਡਰਦਾ ਸਾਂ ਕਿ ਕਿਤੇ ਮੈਨੂੰ ਈ ਮਾਰਨ ਨਾ ਆਏ ਹੋਣ। ਮੈਂ ਤਾਂ ਸਾਹਬ ਜੀ ਕੋਲ ਈ ਨਹੀਂ ਆਇਆ ਉਨ੍ਹਾਂ ਦੇ। ਕਿਹੜਾ ਮੌਤ ਨੂੰ ਮਾਸੀ ਆਖੇ!" ਉਹ ਜਾਣ ਬੁੱਝ ਕੇ ਬੇਮਤਲਬ ਗੱਲ ਲੰਮੀ ਕਰੀ ਜਾ ਰਿਹਾ ਸੀ।

"ਬਜ਼ੁਰਗਾ! ਬਹੁਤੀਆਂ ਕ੍ਹਾਣੀਆਂ ਨਾ ਪਾਈ ਜਾ। ਤੂੰ ਇਹ ਦੱਸ; ਏਥੋਂ ਗਏ ਕਿਧਰ ਨੂੰ ਨੇ ਉਹ? ਸਾਡੇ ਕੋਲ ਤੇਰੀ ਰਮਾਇਣ ਸੁਣਨ ਦਾ ਟੈਮ ਨਹੀਂ।" ਥਾਣੇਦਾਰ ਖਿਝ ਗਿਆ ਸੀ।

"ਗਏ?" ਅਰਜਨ ਸਿੰਘ ਨੇ ਜਿਵੇਂ ਆਪਣੇ ਆਪ ਨੂੰ ਪੁੱਛਿਆ। ਫਿਰ ਉਹ ਚਾਰੇ ਪਾਸੇ ਵੇਖਦਾ ਚਾਰੇ ਦਿਸ਼ਾਵਾਂ ਵੱਲ ਘੁੰਮਿਆਂ ਤੇ ਆਖ਼ਰਕਾਰ ਇਸ ਸੌ ਅੱਸੀ ਦਰਜੇ ਦੇ ਕੋਨ 'ਤੇ ਮੁੰਡਿਆਂ ਦੇ ਜਾਣ ਦੀ ਬਿਲਕੁਲ ਉਲਟ ਦਿਸ਼ਾ ਵੱਲ ਹੱਥ ਕਰ ਦਿੱਤਾ, "ਐਧਰ ਨੂੰ ਗਏ ਨੇ। ਮਸਾਂ ਪੰਜ ਮਿੰਟ ਹੋਏ ਹੋਣਗੇ।"

ਉਸਦਾ ਖ਼ਿਆਲ ਸੀ ਕਿ ਜਿੰਨੇ ਚਿਰ ਵਿਚ ਉਹ ਉਨ੍ਹਾਂ ਨੂੰ ਇਸ ਪਾਸਿਓਂ ਲੱਭਦੇ ਨਿਰਾਸ ਹੋ ਕੇ ਮੁੜਨਗੇ, ਓਨੇ ਚਿਰ ਤੱਕ ਮੁੰਡੇ ਦੂਜੇ ਪਾਸੇ ਦੂਰ ਨਿਕਲ ਜਾਣਗੇ।

"ਚੱਲੋ, ਛੇਤੀ ਕਰੋ। ਹਰੀ ਅੱਪ।" ਉਹ ਫਟਾ ਫਟ ਗੱਡੀਆਂ 'ਤੇ ਸਵਾਰ ਹੋਏ ਤੇ ਅਰਜਨ ਸਿੰਘ ਦੀ ਦੱਸੀ ਦਿਸ਼ਾ ਵੱਲ ਗੱਡੀਆਂ ਭਜਾ ਲਈਆਂ।

ਉਹ ਅੰਦਰੇ ਅੰਦਰ 'ਪੁੰਨ ਦਾ ਕੰਮ' ਕਰਕੇ ਖ਼ੁਸ਼ ਸੀ। ਮਾਇਆ ਰਾਮ ਉਸਦੇ ਸਾਹਮਣੇ ਆ ਕੇ ਖਲੋ ਗਿਆ, "ਮੇਰੇ ਕਾਤਲਾਂ ਨੂੰ ਬਚਾ ਕੇ ਤੂੰ ਚੰਗਾ ਨਹੀਂ ਕੀਤਾ।"

ਉਹ ਮਾਇਆ ਰਾਮ ਨਾਲ ਅੱਖਾਂ ਨਹੀਂ ਸੀ ਮਿਲਾ ਸਕਦਾ। ਸ਼ਰਮਿੰਦਾ ਜਿਹਾ ਹੋ ਗਿਆ ਉਹ!

ਏਨੇ ਚਿਰ ਵਿਚ ਬੰਬੀ ਦੀ ਬੱਤੀ ਚਲੀ ਗਈ। ਉਸਨੇ ਕੋਠੇ ਨੂੰ ਤਾਲਾ ਲਾਇਆ ਤੇ ਕਿਰਪਾਨ ਹੱਥ ਵਿਚ ਫੜ ਕੇ ਪਿੰਡ ਨੂੰ ਤੁਰਨ ਲੱਗਾ। ਦੋ ਕਦਮ ਹੀ ਚੱਲਿਆ ਸੀ ਕਿ ਗੋਲੀਆਂ ਦੀ ਗੜਗੜਾਹਟ ਨਾਲ ਚੌਗਿਰਦਾ ਗੂੰਜ ਉੱਠਿਆ। ਦਾਣਾ ਚੁਗਦੀਆਂ ਚਿੜੀਆਂ-ਗੁਟਾਰਾਂ ਦਾ ਝੁੰਡ 'ਚੀਂ ਚੀਂ' ਦਾ ਸ਼ੋਰ ਕਰਦਾ ਉੱਡ ਗਿਆ। ਅਰਜਨ ਸਿੰਘ ਨੇ ਕਲੇਜਾ ਫੜ ਲਿਆ।

"ਜਾਹ ਜਾਂਦੀਏ! ਹੋਣੀ ਵਰਤ ਗਈ ਲੱਗਦੀ ਐ!"

ਪਰ ਮੁੰਡੇ ਤਾਂ ਗੋਲੀ ਚੱਲਣ ਦੀ ਉਲਟ ਦਿਸ਼ਾ ਨੂੰ ਗਏ ਸਨ! ਓਧਰ ਕਿਉਂ ਮੁੜ ਗਏ? ਕਿਵੇਂ ਮੁੜ ਗਏ!

ਅਰਜਨ ਸਿੰਘ ਦੇ ਕਦਮਾਂ ਨਾਲ ਪਹਾੜ ਬੱਝ ਗਿਆ ਸੀ। ਤੁਰਨਾ ਮੁਹਾਲ ਹੋ ਗਿਆ। ਆਪਣੇ ਆਪ ਨੂੰ ਖਿੱਚਦਿਆਂ ਧੂਹਦਿਆਂ ਉਹ ਅਜੇ ਪਿੰਡ ਨੂੰ ਜਾਂਦੀ ਪੱਕੀ ਸੜਕੇ ਚੜ੍ਹਿਆ ਹੀ ਸੀ ਕਿ ਪੁਲਿਸ ਦੀ ਜੀਪ ਪਿੱਛੋਂ ਆਉਂਦੀ ਦਿਸੀ। ਥਾਣੇਦਾਰ ਨੇ ਬਾਬੇ ਨੂੰ ਤੁਰਿਆਂ ਜਾਂਦਾ ਪਛਾਣ ਕੇ ਡਰਾਈਵਰ ਨੂੰ ਜੀਪ ਹੌਲੀ ਕਰਨ ਦਾ ਇਸ਼ਾਰਾ ਕੀਤਾ ਤੇ ਹੌਲੀ ਹੋਈ ਜੀਪ ਵਿਚੋਂ ਉਸ ਵੱਲ ਹੱਥ ਹਿਲਾਉਂਦਾ ਬੋਲਿਆ, "ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ!"

ਤੇ ਜੀਪ ਧੂੜਾਂ ਉਡਾਉਂਦੀ ਥਾਣੇ ਵੱਲ ਭੱਜ ਗਈ। ਸਪੀਡ ਫੜ ਰਹੀ ਜੀਪ ਦਾ ਅਨੁਮਾਨ ਲਾਉਂਦਿਆਂ ਨੇੜੇ ਬੈਠੇ ਹੌਲਦਾਰ ਨੇ ਸੁਝਾ ਦਿੱਤਾ, "ਬਾਬੇ ਤੋਂ ਈ ਨਾ ਇਨ੍ਹਾਂ ਦੀ ਸ਼ਨਾਖ਼ਤ ਕਰਾ ਲਈਏ!"

"ਸ਼ਨਾਖ਼ਤਾਂ ਤੇ ਕਾਗ਼ਜ਼ੀ ਕਾਰਵਾਈ ਬਾਅਦ ਦੀ ਗੱਲ ਏ। ਢੇਕਿਆ! ਪਹਿਲਾਂ ਵੱਡੇ ਅਫ਼ਸਰਾਂ ਨੂੰ ਖ਼ੁਸ਼ੀ ਦੀ ਖ਼ਬਰ ਤਾਂ ਸੁਣਾ ਲਈਏ।"

ਅਰਜਨ ਸਿੰਘ ਦੇ ਤਾਂ ਥਾਂ 'ਤੇ ਹੀ ਪੈਰ ਜੰਮ ਗਏ। ਥਾਣੇਦਾਰ ਦੇ ਬੋਲ ਗੋਲੀਆਂ ਦੀ ਗੜਗੜਾਹਟ ਵਾਂਗ ਹੀ ਉਸਦੇ ਅੰਦਰ ਗੂੰਜਣ ਲੱਗੇ।

"ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ! ਤੇਰੇ ਦੱਸੇ --ਤੇਰੇ ਦੱਸੇ—ਤੇਰੇ ਦੱਸੇ-।"

"ਮੇਰੇ ਦੱਸੇ? ਮੇਰੇ ਦੱਸੇ! ਪਰ ਮੈਂ ਕਦੋਂ ਦੱਸਿਆ ਸੀ। ਤੂੰ ਦੱਸਿਆ ਨਹੀਂ ਸੀ? ਕਦੋਂ? ਨਹੀਂ ਦੱਸਿਆ। ਦੱਸਿਆ ਸੀ। ਨਹੀਂ।"

ਭੱਜੀ ਜਾਂਦੀ ਧੂੜਾਂ ਉਡਾਉਂਦੀ ਜੀਪ ਦਾ ਘੱਟਾ ਉਹਦੇ ਅੰਦਰ ਧੁੰਦੂਕਾਰ ਬਣ ਕੇ ਫ਼ੈਲ ਗਿਆ। ਜੀਪ ਦੀ ਆਵਾਜ਼ ਆਖੀ ਜਾਂਦੀ ਸੀ, "ਅਰਜਨ ਸਿੰਘ ਸਾਡਾ ਮੁਖ਼ਬਰ! ਅਰਜਨ ਸਿੰਘ ਸਾਡਾ ਮੁਖ਼ਬਰ!"

ਇਤਿਹਾਸ ਦੇ ਸਾਰੇ ਮੁਖ਼ਬਰ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗੇ। ਲੋਕਾਂ ਦੀਆਂ ਫਿਟਕਾਰਾਂ ਦੇ ਮਾਰੇ ਹੋਏ! ਉਨ੍ਹਾਂ ਵਿਚ ਉਹ ਵੀ ਖਲੋਤਾ ਸੀ!

ਉਹ ਬੌਂਦਲ ਗਿਆ।

"ਮੇਰਾ ਕੀ ਕਸੂਰ ਐ ਇਹਦੇ ਵਿਚ? ਮੈਂ ਤਾਂ ਨਹੀਂ ਦਿੱਤੀ ਉਨ੍ਹਾਂ ਦੀ ਸੂਹ!"

ਉਸ ਆਪਣੇ ਆਪ ਨੂੰ ਕਿਹਾ।

ਸਾਰਾ ਤਾਣ ਲਾ ਕੇ ਜ਼ਮੀਨ ਨਾਲ ਚਿੰਬੜ ਗਏ ਆਪਣੇ ਪੈਰ ਪੁੱਟੇ ਤੇ ਪਿੰਡ ਨੂੰ ਤੁਰਨ ਲੱਗਾ। ਅੱਖਾਂ ਅੱਗੇ ਬਾਰ ਬਾਰ ਹਨੇਰਾ ਆਵੇ।

ਏਨੇ ਚਿਰ ਵਿਚ ਏਧਰ ਮੁੜਦੀ ਸੜਕ 'ਤੇ ਥਾਣੇਦਾਰ ਜਾਂਦਾ ਜਾਂਦਾ ਦੋ ਸਿਪਾਹੀ ਖੜੇ ਕਰ ਗਿਆ ਸੀ। ਉਹ ਪਿੰਡ ਵੱਲੋਂ ਏਸ ਰਾਹੇ ਜਾਣ ਵਾਲਿਆਂ ਨੂੰ ਰੋਕ ਰਹੇ ਸਨ, "ਓਧਰ ਮੁਕਾਬਲਾ ਹੋਇਐ!"

ਨਾਕੇ 'ਤੇ ਡੱਕੇ ਖਲੋਤੇ ਦੋ-ਚਾਰ ਜਣਿਆਂ ਨੇ ਸਾਹਮਣਿਓਂ ਅਰਜਨ ਸਿੰਘ ਨੂੰ ਆਉਂਦਾ ਵੇਖਿਆ।

ਇਕ ਗੱਭਰੂ ਨੇ ਪੁੱਛਿਆ, "ਬਾਬਾ! ਤੁਹਾਡੀਆਂ ਪੈਲੀਆਂ ਕੋਲ ਹੋਇਆ ਲੱਗਦੈ ਮੁਕਾਬਲਾ! ਓਥੋਂ ਕੁ ਖੜਾਕ ਸੁਣਿਆਂ ਸੀ ਗੋਲੀਆਂ ਦਾ! ਕੌਣ ਸਨ ਭਲਾ?"

ਅਰਜਨ ਸਿੰਘ ਨੂੰ ਜਾਪਿਆ ਜਿਵੇਂ ਗੱਭਰੂ ਨੇ ਵੀ ਉਸਨੂੰ ਟੇਢੇ ਤਰੀਕੇ ਨਾਲ ਇਹੋ ਕਿਹਾ ਹੋਵੇ ਕਿ ਤੇਰੇ ਦੱਸਣ 'ਤੇ ਈ ਤੇਰੀਆਂ ਪੈਲੀਆਂ ਕੋਲ ਮਾਰੇ ਗਏ ਨੇ ਮੁੰਡੇ!

"ਮੈਨੂੰ ਨਹੀਂ ਕੁਝ ਵੀ ਪਤਾ ਜਵਾਨਾਂ!" ਉਸਨੇ ਖਿਝ ਕੇ ਆਖਿਆ ਤੇ ਪਿੰਡ ਦੇ ਰਾਹੇ ਪੈ ਗਿਆ।

"ਸਭ ਪਤੈ ਬਾਬੇ ਨੂੰ।" ਉਸਨੂੰ ਪਿੱਛੋਂ ਆਵਾਜ਼ ਸੁਣੀ। ਇਹ ਨਾਕੇ 'ਤੇ ਖਲੋਤਾ ਸਿਪਾਹੀ ਸੀ, ਜਿਹੜਾ ਕੁਝ ਚਿਰ ਪਹਿਲਾਂ ਪੁਲਿਸ ਦੀ ਜੀਪ ਵਿਚ ਉਨ੍ਹਾਂ ਦੀ ਬੰਬੀ 'ਤੇ ਪੁਲਿਸ ਨਾਲ ਗਿਆ ਸੀ।

ਸਿਰ ਵਿਚ ਬੰਬ ਫਟਣ ਲੱਗੇ।

"ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ!—ਸਭ ਪਤੈ ਬਾਬੇ ਨੂੰ!"

ਲੱਗਾ; ਹੁਣੇ ਸਿਪਾਹੀ ਨੇ ਨਾਕੇ 'ਤੇ ਖਲੋਤੇ ਬੰਦਿਆਂ ਕੋਲ ਸਾਰੀ ਗੱਲ ਖੋਲ੍ਹ ਦੇਣੀ ਐਂ। ਤੇ ਸਵੇਰ ਤੱਕ ਉਹਦੀ 'ਕਰਤੂਤ' ਤਾਂ ਬੱਚੇ ਬੱਚੇ ਦੀ ਜ਼ਬਾਨ 'ਤੇ ਹੋਵੇਗੀ।

"ਮੈਂ ਨਹੀਂ ਮੁੰਡਿਆਂ ਦਾ ਕਾਤਲ।" ਉਨ੍ਹਾਂ ਜ਼ੋਰ ਨਾਲ ਆਪਣੇ ਆਪ ਨੂੰ ਆਖਣਾ ਚਾਹਿਆ। ਪਰ ਉਹਦੇ ਅੰਦਰਲੇ ਨੇ ਇਸ ਆਵਾਜ਼ ਨੂੰ ਸੁਣਨੋਂ ਇਨਕਾਰ ਕਰ ਦਿੱਤਾ।

ਘਰ ਆਉਂਦਿਆਂ ਤੱਕ ਅਰਜਨ ਸਿੰਘ ਨੂੰ ਜਿਹੜਾ ਵੀ ਬੰਦਾ ਰਾਹ ਵਿਚ ਆਉਂਦਾ ਮਿਲਿਆ, ਉਹਦੀਆਂ ਨਜ਼ਰਾਂ ਇਹੋ ਕਹਿੰਦੀਆਂ ਲੱਗੀਆਂ, "ਮੁੰਡੇ ਮਰਵਾ ਕੇ ਤੂੰ ਚੰਗਾ ਨਹੀਂ ਕੀਤਾ ਅਰਜਨ ਸਿਆਂ!"

ਗਲੀਆਂ ਦੇ ਕੱਖ ਵੀ ਉਹਨੂੰ ਮਿਹਣੇ ਮਾਰ ਰਹੇ ਸਨ , "ਬੜਾ ਪਾਪ ਕੀਤੈ ਤੂੰ! ਦੁਰ ਲਾਹਨਤ ਏ ਤੈਨੂੰ!"

"ਮੈਨੂੰ ਕਾਹਦੀ ਦੁਰ ਲਾਹਨਤ! ਦੁਰ ਲਾਹਨਤ ਉਨ੍ਹਾਂ ਨੂੰ ਜਿਹੜੇ ਬੇਦੋਸ਼ਿਆਂ ਦੇ ਖ਼ੂਨ ਵਿਚ ਨਹਾਉਂਦੇ ਨੇ ਹਰ ਰੋਜ਼! ਜਿਹਨਾਂ ਮਾਇਆ ਰਾਮ ਜਿਹੀ ਹਸਤੀ ਨੂੰ ਕਤਲ ਕੀਤੈ! ਨਾਲੇ ਮੈਂ ਤਾਂ ਆਪਣੀ ਵੱਲੋਂ ਉਨ੍ਹਾਂ ਨੂੰ ਬਚਾਉਣ ਦੀ ਹੀ ਕੋਸ਼ਿਸ਼ ਕੀਤੀ ਸੀ।"

ਥਾਣੇਦਾਰ ਦੇ ਬੋਲ ਉਹਦੇ ਟਿਕਣ ਦਾ ਯਤਨ ਕਰ ਰਹੇ ਮਨ ਵਿਚ ਫਿਰ ਵਿਸਫੋਟ ਕਰਨ ਲੱਗਦੇ, "ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ! ਤੇਰੇ ਦੱਸੇ --ਤੇਰੇ ਦੱਸੇ—ਤੇਰੇ ਦੱਸੇ-।"

ਉਹ ਆਪਣੇ ਆਪ ਨੂੰ ਗੁਨਾਹਗਾਰ ਸਮਝਣ ਲੱਗ ਪਿਆ ਸੀ। ਅੱਜ ਸਿਪਾਹੀ ਨੇ ਦੱਸ ਸਿੱਤਾ ਸੀ; ਕੱਲ੍ਹ ਨੂੰ ਥਾਣੇਦਾਰ ਨੇ ਸਾਰੀ ਦੁਨੀਆਂ ਨੂੰ ਦੱਸ ਦੇਣੈਂ ਕਿ ਮੈਂ ਹੀ ਉਨ੍ਹਾਂ ਨੂੰ ਮੁੰਡਿਆਂ ਦੀ ਸੂਹ ਦਿੱਤੀ ਸੀ। ਗੱਲ ਬਾਹਰ ਆਉਣੋਂ ਤਾਂ ਰਹਿਣੀ ਨਹੀਂ! ਬਾਹਰ ਤਾਂ ਆ ਈ ਗਈ ਏ ਹੁਣ ਤਾਂ!

ਪੁੱਤਰਾਂ ਉਹਦਿਆਂ ਬੜਾ ਸਮਝਾਇਆ, "ਬਾਪੂ ਜੀ! ਇਸ ਵਿਚ ਤੁਹਾਡਾ ਕਸੂਰ ਕੀ ਏ! ਪਹਿਲੀ ਗੱਲ ਤਾਂ ਤੁਸੀਂ ਉਨ੍ਹਾਂ ਨੂੰ ਨਾ ਫੜਵਾਇਆ ਤੇ ਨਾ ਮਰਵਾਇਆ ਏ। ਤੁਸਾਂ ਤਾਂ ਪੁਲਿਸ ਨੂੰ ਉਨ੍ਹਾਂ ਤੋਂ ਉਲਟ ਰਾਹੇ ਤੋਰ ਕੇ ਆਪਣੀ ਵੱਲੋਂ ਬਚਾਉਣ ਦਾ ਹੀ ਚਾਰਾ ਕੀਤਾ ਸੀ। ਇਹ ਤਾਂ ਉਨ੍ਹਾਂ ਦੀ ਮਾੜੀ ਕਿਸਮਤ ਕਿ ਓਸੇ ਪਾਸੇ ਮੋੜਾ ਕੱਟ ਗਏ ਤੇ ਪੁਲਿਸ ਨੂੰ ਟੱਕਰ ਗਏ। ਜੇ ਕਸੂਰ ਗਿਣੀਏਂ ਵੀ ਤਾਂ ਕਿਸੇ ਓਸ ਦਾ ਏ, ਜਿਸ ਨੇ ਉਨ੍ਹਾਂ ਨੂੰ ਆਪਣੀ ਬੰਬੀ ਵੱਲ ਆਉਂਦਿਆਂ ਵੇਖਿਆ ਤੇ ਪੁਲਿਸ ਨੂੰ ਸੂਹ ਦਿੱਤੀ। ਤੁਸੀਂ ਤਾਂ ਬਿਲਕੁਲ ਨਿਰਦੋਸ਼ ਓ। ਉਂਝ ਵੀ ਉਹ ਜਿਹੜੀਆਂ ਕਰਤੂਤਾਂ ਕਰਦੇ ਸਨ, ਉਨ੍ਹਾਂ ਦੀ ਕੀਤੀ ਦਾ ਫ਼ਲ ਕਿਸੇ ਨਾ ਕਿਸੇ ਦਿਨ ਮਿਲਣਾ ਈ ਸੀ ਉਨ੍ਹਾਂ ਨੂੰ। ਕੱਲ੍ਹ ਨਹੀਂ ਤਾਂ ਅੱਜ ਮਿਲ ਗਿਆ।"

ਪਰ ਅਰਜਨ ਸਿੰਘ ਦਾ ਮਨ ਧੀਰ ਨਹੀਂ ਸੀ ਧਰ ਰਿਹਾ।

"ਮੈਂ ਆਪਣੀ ਅਣਖ਼ ਲਈ, ਖ਼ਾਨਦਾਨ ਦੀ ਇੱਜ਼ਤ ਲਈ ਆਪਣਾ ਪੁੱਤ ਤਾਂ ਮਰਵਾ ਸਕਦਾਂ, ਪਰ ਕਦੀ ਪੁਲਿਸ ਦਾ ਮੁਖ਼ਬਰ ਨਹੀਂ ਬਣ ਸਕਦਾ!"

ਤੇ ਉਹਦੇ ਪੁੱਤ ਜਗਜੀਤ ਸਿੰਘ ਨੂੰ ਉਹ ਦਿਨ ਚੇਤੇ ਆਏ ਜਦੋਂ ਉਸਨੇ ਆਪਣੀ ਜਥੇਬੰਦੀ ਦੇ ਫ਼ੈਸਲੇ ਅਨੁਸਾਰ ਮੁਲਾਜ਼ਮ ਮੰਗਾਂ ਦੀ ਪੂਰਤੀ ਲਈ ਚੰਡੀਗੜ੍ਹ ਵਿਚ ਪੰਜਾਹ ਦਿਨ ਦੀ ਲੰਮੀ ਭੁੱਖ ਹੜਤਾਲ ਨਿਭਾਈ ਸੀ। ਉਦੋਂ ਤਾਂ ਅਜੇ ਬਾਪੂ ਇੰਦਰ ਸਿੰਘ ਵੀ ਜਿਊਂਦਾ ਸੀ। ਬਾਪੂ ਇੰਦਰ ਸਿੰਘ ਨੇ ਕਿਹਾ ਸੀ, "ਸਾਡਾ ਮੁੰਡਾ ਗ਼ਲਤ ਫ਼ੈਸਲਾ ਲੈ ਬੈਠੈ। ਭੁੱਖ ਹੜਤਾਲ ਸਿਰੇ ਚੜ੍ਹਾਉਣਾ ਬੜਾ ਔਖਾ ਕੰਮ ਏ। ਅਸੀਂ ਕਰ ਕਰ ਕੇ ਵੇਖੀਆਂ ਨੇ। ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਹਿ ਸਿੰਘ ਨੇ ਬਿਨਾਂ ਕੁਝ ਪ੍ਰਾਪਤ ਕੀਤਿਆਂ ਮਰਨ ਵਰਤ ਤੋੜ ਕੇ ਆਪਣੀ ਤੇ ਕੌਮ ਦੀ ਬੜੀ ਹੇਠੀ ਕਰਾਈ ਏ। ਇਹ ਤਾਂ ਫੇਰੂਮਾਨ ਰੱਖ ਵਿਖਾ ਗਿਆ ਤੇ ਇਨ੍ਹਾਂ ਵੱਲੋਂ ਲਬੇੜਿਆ ਕੌਮ ਦਾ ਮੂੰਹ ਧੋ ਗਿਆ। ਹੁਣ ਸਾਡਾ ਮੁੰਡਾ ਕਿਤੇ ਸਾਨੂੰ ਉਲ੍ਹਾਮਾਂ ਨਾ ਦਿਵਾ ਦੇਵੇ! ਮੇਰੇ 'ਚ ਤਾਂ ਇਸ ਉਮਰ 'ਚ ਜਾਣ ਦੀ ਹਿੰਮਤ ਨਹੀਂ। ਜਾਓ ਮੁੰਡੇ ਨੂੰ ਦਿਲਬਰੀ ਦੇ ਕੇ ਆਓ।"

ਜਿਸ ਦਿਨ ਉਹਦਾ ਪਿਓ ਅਰਜਨ ਸਿੰਘ ਪਿੰਡ ਦੇ ਦਸ ਬੰਦਿਆਂ ਨੂੰ ਨਾਲ ਲੈ ਕੇ ਉਹਨੂੰ ਭੁੱਖ-ਹੜਤਾਲ ਤੇ ਬੈਠੇ ਨੂੰ ਮਿਲਣ ਗਿਆ ਸੀ ਤਾਂ ਜਗਜੀਤ ਦੀ ਭੁੱਖ ਹੜਤਾਲ ਨੂੰ ਬੱਤੀ ਦਿਨ ਗੁਜ਼ਰ ਚੁੱਕੇ ਸਨ। ਉਹ ਮਰਨ-ਹਾਰ, ਨਿਢਾਲ ਹੋਇਆ ਅੱਧ ਮੀਟੀਆਂ ਅੱਖਾਂ 'ਚੋਂ ਪਿੰਡ ਦੇ ਬਜ਼ੁਰਗਾਂ ਵੱਲ ਝਾਕਿਆ ਸੀ। ਬਾਪ ਅਰਜਨ ਸਿੰਘ ਦੀ ਚਿੱਟੀ ਹੋ ਗਈ ਦਾਹੜੀ ਵੱਲ ਵੇਖਦਿਆਂ ਉਸ ਸੋਚਿਆ ਸੀ, "ਪਹਿਲਾਂ ਵੱਡੇ ਬਾਪੂ ਜੀ ਦੇ ਬਿਖੜੇ ਰਾਹੀਂ ਤੁਰਨ ਕਰਕੇ ਮੇਰੇ ਬਾਪੂ ਨੂੰ ਸਾਰੀ ਉਮਰ ਆਪਣੇ ਭੈਣ ਭਰਾਵਾਂ ਦਾ ਤੇ ਸਾਡਾ ਪਰਿਵਾਰ ਪਾਲਣਾ ਪਿਆ ਸੀ। ਤੇ ਹੁਣ ਭਾਵੇਂ ਮੇਰੇ ਮਰਨ ਤੋਂ ਬਾਅਦ ਉਸਨੂੰ ਮੇਰਾ ਪਰਿਵਾਰ ਵੀ ਪਾਲਣਾ ਪੈ ਜਾਏ!"

ਬਾਪ ਦੇ ਉਮਰ ਭਰ ਲੰਮੇ ਸੰਘਰਸ਼ ਦਾ ਧਿਆਨ ਧਰਦਿਆਂ ਉਸਦੀਆਂ ਅੱਖਾਂ ਵਿਚ ਪਾਣੀ ਭਰ ਆਇਆ ਸੀ। ਪਰ ਇਹ ਕਿਸੇ ਕਮਜ਼ੋਰੀ ਦਾ ਪਾਣੀ ਨਹੀਂ ਸੀ। ਦਾਦੇ ਤੇ ਬਾਪ ਬਾਰੇ ਸੋਚਦਿਆਂ ਪੈਦਾ ਹੋਏ ਗੌਰਵ ਦਾ ਅਹਿਸਾਸ ਸੀ। ਉਹਦੀ ਅੱਖ ਦੇ ਕੋਏ 'ਚੋਂ ਕਿਰਦੀ ਪਾਣੀ ਦੀ ਬੂੰਦ ਉਹਦੇ ਪਿਉ ਨੇ ਤਾੜ ਲਈ ਸੀ। ਉਸਦੀ ਆਵਾਜ਼ ਗਰਜੀ ਸੀ, "ਜਗਜੀਤ ਸਿਆਂ, 'ਅਜੀਤ' ਬਣ! ਤੇਰਾ ਪਿੰਡ ਸ਼ਹੀਦਾਂ ਸੂਰਮਿਆਂ ਦਾ ਪਿੰਡ ਏ। ਓਸ ਪਿੰਡ ਦੇ ਨਾਂ ਨੂੰ ਵੱਟਾ ਨਾ ਲਾਵੀਂ। ਆਪਣੇ ਦਾਦੇ ਤੇ ਪਿਓ ਦੀ ਚਿੱਟੀ ਦਾਹੜੀ ਤੇ ਉਜਲੀ ਪੱਗ ਨੂੰ ਦਾਗ਼ ਨਾ ਲੱਗਣ ਦਈਂ। ਵੇਖੀਂ ਕਿਧਰੇ ਰਾਹ 'ਚੋਂ ਨਾ ਮੁੜ ਆਈਂ। ਪਿੱਛੇ ਦੀ ਫ਼ਿਕਰ ਨਾ ਕਰੀਂ। ਆਹ ਤੇਰੇ ਸਾਥੀ ਤੇ ਵਡੇਰੇ ਤੈਨੂੰ ਏਹੋ ਗੱਲ ਆਖਣ ਆਏ ਆਂ, ਸ਼ਹੀਦ ਹੋਣਾ ਪਏ ਤਾਂ ਖਿੜੇ ਮੱਥੇ ਹੋਈਂ। ਘਬਰਾਈਂ ਨਾ। ਮੇਰੇ ਗੁਰੂ ਦੇ ਪੁੱਤ ਵੀ ਮੈਦਾਨ ਵਿਚੋਂ ਨਹੀਂ ਸੀ ਮੁੜੇ ਤੇ ਮੇਰਾ ਪੁੱਤ ਵੀ ਨਹੀਂ ਮੁੜਨਾ ਚਾਹੀਦਾ।"

ਬਾਪੂ ਦੇ ਗਰਜਦੇ ਬੋਲ ਉਹਦੀ ਤਾਕਤ ਬਣ ਗਏ ਸਨ ਤੇ ਉਨ੍ਹਾਂ ਦੇ ਆਸਰੇ ਉਹ ਬਾਕੀ ਅਠਾਰਾਂ ਦਿਨ ਵੀ ਕੱਢ ਗਿਆ ਸੀ। ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਆਖ਼ਰਕਾਰ ਝੁਕਣਾ ਪਿਆ ਸੀ।

ਜਗਜੀਤ ਨੇ ਫੇਰ ਸਮਝਾਇਆ, "ਬਾਪੂ ਜੀ! ਤੁਹਾਡਾ ਕੋਈ ਕਸੂਰ ਨਹੀਂ। ਤੁਸੀਂ ਐਵੇਂ ਮਨ ਨੂੰ ਵਹਿਮ ਲਾ ਲਿਐ।"

"ਕਿਉਂ ਹਰਜੀਤ ਸਿਆਂ! ਜਗਜੀਤ ਸੁੰਹ ਠੀਕ ਆਖਦੈ? ਮੈਨੂੰ ਤਾਂ ਲੱਗਦੈ ਕਿ ਸਵੇਰੇ ਸਾਰਾ ਪਿੰਡ ਮੈਨੂੰ ਥੂਹ ਥੂਹ ਕਰੂਗਾ।"

"ਬਾਪੂ ਜੀ ਕੀ ਗੱਲਾਂ ਕਰਦੇ ਓ! ਤੁਹਾਡਾ ਸਾਰਾ ਜੀਵਨ ਸਾਫ਼ ਸੁਥਰੀ ਸਲੇਟ ਹੈ। ਅਸਲੋਂ ਬੇਦਾਗ਼! ਤੁਹਾਨੂੰ ਕੋਈ ਇਹੋ ਜਿਹੀ ਤੁਹਮਤ ਕਿਵੇਂ ਲਾ ਸਕਦਾ ਐ!" ਹਰਜੀਤ ਨੇ ਹੌਂਸਲਾ ਦਿੱਤਾ। ਉਸਨੇ ਕੋਲ ਖਲੋਤੇ ਆਪਣੇ ਪੁੱਤ ਤੇ ਭਤੀਜੇ ਨੂੰ ਇਸ਼ਾਰਾ ਕੀਤਾ ਤੇ ਅਗਲੇ ਪਲ ਦੋਵਾਂ ਪੋਤਰਿਆਂ ਨੇ ਆਪਣੇ ਦਾਦੇ ਦੇ ਗਲ ਨੂੰ ਜੱਫ਼ੀ ਪਾ ਲਈ।

"ਸਾਡਾ ਬਾਪੂ ਦਲਾ ਦਾ ਸੂਰਮਾਂ। ਸ਼ੇਰ ਬੱਬਰ" ਵੱਡੇ ਪੋਤਰੇ ਨੇ ਉਹਦੀ ਸਫ਼ੈਦ ਦਾੜ੍ਹੀ ਨੂੰ ਲਾਡ ਨਾਲ ਸਹਿਲਾਇਆ।

ਅਰਜਨ ਸਿੰਘ ਨੂੰ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ, "ਬੱਚਿਓ! ਤੁਹਾਡਾ ਵੱਡਾ ਬਾਪੂ ਅਜੇ ਜਿਊਂਦਾ ਸੀ, ਜਦ ਇਕ ਦਿਨ ਮੈਂ ਸਭਾਉਕੀ ਉਹਨੂੰ ਆਖਿਆ, "ਬਾਪੂ ਜੀ! ਤੁਸੀਂ ਤਾਂ ਆਪਣੀ ਜ਼ਿੰਦਗੀ ਸੋਹਣੀ ਨਿਭਾ ਲਈ; ਅੱਗੋਂ ਸਾਡੀ ਵੇਖੀਏ ਕਿਵੇਂ ਲੰਘਦੀ ਐ। ਤਾਂ ਉਹਨੇ ਅੱਗੋਂ ਪਤੈ ਕੀ ਅਖਿਆ ਸੀ? ਆਖਣ ਲੱਗਾ, "ਅਰਜਨ ਸਿਆਂ! ਪੁੱਤਰਾ!! ਕਾਹਦੀ ਚੰਗੀ ਨਿਭ ਗਈ! ਮੇਰੀ ਪੂਰੀ ਚੰਗੀ ਨਿਭੀ ਉਸ ਦਿਨ ਜਾਣਿਓਂ ਜਿਸ ਦਿਨ ਆਹ ਚਿੱਟੀ ਦਾਹੜੀ ਏਸਤਰ੍ਹਾਂ ਚਿੱਟੀ ਦੀ ਚਿੱਟੀ ਹੀ ਮੇਰੇ ਨਾਲ ਮੜ੍ਹੀਆਂ ਵਿਚ ਸੜ ਗਈ। ਬੰਦੇ ਦਾ ਕੀ ਪਤਾ ਕਿਹੜੇ ਵੇਲੇ ਕਦੋਂ ਕਾਲਖ਼ ਲੱਗ ਜਾਵੇ!—"

ਏਨੀ ਆਖ ਕੇ ਉਸ ਨੇ ਦੋ-ਤਿੰਨ ਵਾਰ ਨਾਂਹ ਵਿਚ ਸਿਰ ਹਿਲਾਇਆ।

"ਬਾਪੂ ਤੂੰ ਤਾਂ ਲੈ ਗਿਓਂ ਚਿੱਟੀ ਦਾਹੜੀ ਨਾਲ ਆਪਣੇ; ਪਰ ਮੇਰੀ ਤਾਂ ਦਾਹੜੀ ਨੂੰ ਲੱਗ ਗਈ ਕਾਲਖ਼!"

ਉਸਨੇ ਧਾਹ ਮਾਰਨ ਵਾਂਗ ਆਖਿਆ ਤੇ ਦੋਵਾਂ ਹੱਥਾਂ ਵਿਚ ਸਿਰ ਘੁੱਟ ਲਿਆ।

ਟੱਬਰ ਦੇ ਜ਼ੋਰ ਦੇਣ 'ਤੇ ਵੀ ਉਸ ਰੋਟੀ ਦੀ ਬੁਰਕੀ ਮੂੰਹ ਨਾ ਲਾਈ। ਸਾਰੀ ਰਾਤ ਬਿਸਤਰੇ 'ਤੇ ਪਿਆ ਉੱਸਲ ਵੱਟੇ ਲੈਂਦਾ ਰਿਹਾ। ਉਹਦੀ ਨਜ਼ਰ ਆਪਣੇ ਪਿੰਡ ਦੇ ਮਾਣ-ਮੱਤੇ ਇਤਿਹਾਸ 'ਤੇ ਫ਼ੈਲ ਗਈ। ਏਸੇ ਪਿੰਡ ਦੇ ਭਾਈ ਹਰਦਾਸ ਸਿੰਘ ਨੇ ਉਹ ਨਾਗ਼ਣੀ ਬਣਾਈ ਸੀ ਜਿਹੜੀ ਭਾਈ ਬਚਿੱਤਰ ਸਿੰਘ ਨੇ ਗੁਰੂ ਦਾ ਥਾਪੜਾ ਲੈ ਕੇ ਮਸਤ ਹੋਏ ਹਾਥੀ ਦੇ ਮੱਥੇ ਵਿਚ ਮਾਰੀ ਸੀ। ਪਰ ਅੱਜ ਇਹ ਨਾਗਣੀ ਉਸਦੇ ਆਪਣੇ ਕਲੇਜੇ ਵਿਚ ਖੁਭੀ ਪਈ ਸੀ। ਏਸੇ ਪਿੰਡ ਦੇ ਭਾਈ ਮਹਾਂ ਸਿੰਘ ਨੇ ਸਿਰ ਦੀ ਬਾਜ਼ੀ ਲਾ ਕੇ ਗੁਰੂ ਦੀ ਗੋਦ ਦਾ ਨਿੱਘ ਮਾਣਿਆਂ ਸੀ ਤੇ ਭਰਾਵਾਂ ਵੱਲੋਂ ਲਿਖਿਆ ਬੇਦਾਵਾ ਪੜਵਾ ਕੇ ਮੁੜ ਤੋਂ 'ਟੁੱਟੀ ਗੰਢ ਲਈ ਸੀ।' ਪਰ ਅੱਜ ਗੁਰੂ ਨੇ ਉਸ ਨਾਲੋਂ ਆਪ ਹੀ ਤੋੜ ਲਈ ਸੀ। ਉਸਨੂੰ ਖ਼ੁਦ ਨੂੰ ਗੋਦ ਵਿਚੋਂ ਧੱਕਾ ਦੇ ਕੇ ਗੁਰੂ ਨੇ ਪਾਸੇ ਸੁੱਟ ਦਿੱਤਾ ਸੀ। ਉਹ ਆਪਣੇ ਗੁਰੂ ਘਰੋਂ ਧੱਕਿਆ ਗਿਆ ਸੀ। ਨਮੋਸ਼ੀ ਵਿਚ ਗਲ਼ ਗਲ਼ ਧਸਿਆਂ ਹੋਇਆ! ਉਸ ਮਹਿਸੂਸ ਕੀਤਾ ਉਹਦੀ ਦਾੜ੍ਹੀ ਅੱਥਰੂਆਂ ਨਾਲ ਭਿੱਜ ਚੱਲੀ ਸੀ।

ਕਦੀ ਉਹਨੂੰ ਆਪਣੇ ਗ਼ਦਰੀ ਸੂਰਮਿਆਂ 'ਤੇ ਬੜਾ ਮਾਣ ਸੀ। ਆਪਣੇ ਪਿੰਡ ਦਾ ਤੇ ਆਪਣੇ ਖ਼ਾਨਦਾਨ ਦਾ ਗੌਰਵਮਈ ਇਤਿਹਾਸ ਲੋਕਾਂ ਨਾਲ ਸਾਂਝਾ ਕਰਦਿਆਂ ਉਹਦੀ ਛਾਤੀ ਮਾਣ ਵਿਚ ਫੁੱਲ ਜਾਇਆ ਕਰਦੀ ਸੀ। ਚਿਹਰੇ 'ਤੇ ਜਲਾਲ ਆ ਜਾਂਦਾ ਸੀ। ਪਰ ਅੱਜ ਉਹਨੂੰ ਆਪਣੇ ਪਿੰਡ ਦੇ ਗ਼ਦਰੀ ਪ੍ਰੇਮ ਸਿੰਘ ਨੂੰ ਧੋਖੇ ਨਾਲ ਫੜਾਉਣ ਵਾਲੇ ਉਹਦੇ ਗ਼ਦਰੀ ਯਾਰ ਭੂਰਿਆਂ ਵਾਲੇ ਲਾਲ ਸਿੰਘ ਦੇ ਪੁੱਤ ਚੰਨਣ ਸਿੰਘ ਦਾ ਖ਼ਿਆਲ ਆ ਰਿਹਾ ਸੀ ਜਿਸਨੇ ਆਪਣੇ ਮਾਮੇ ਬਲਵੰਤ ਸਿੰਘ ਨਾਲ ਮਿਲ ਕੇ ਪ੍ਰੇਮ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਸੀ। ਅੱਜ ਉਹ ਆਪ ਚੰਨਣ ਸਿੰਘ ਤੇ ਬਲਵੰਤ ਸਿੰਘ ਬਣ ਗਿਆ ਸੀ!

ਫਿਰ ਉਹਦੀ ਸੋਚ ਉਹਨੂੰ ਹੋਰ ਪਾਸੇ ਖਿੱਚ ਕੇ ਲੈ ਗਈ। ਉਹ ਤਾਂ ਐਵੇਂ ਆਪਣੇ ਪਿੰਡ ਦੇ ਮਾਣ-ਮੱਤੇ ਇਤਿਹਾਸ ਅਤੇ ਗੌਰਵ ਦਾ ਰੌਲਾ ਪਾਉਂਦਾ ਰਿਹਾ ਸੀ। ਮਾਇਆ ਰਾਮ ਦੇ ਕਾਤਲ ਇਹ ਮੁੰਡੇ ਵੀ ਤਾਂ ਏਸੇ ਪਿੰਡ ਦੇ ਸਨ। ਕਿਸੇ ਗ਼ਰੀਬ ਜੱਟ ਦੀ ਕੁੜੀ ਦੀ ਇੱਜ਼ਤ ਰੋਲਣ ਵਾਲਾ ਅੱਜ ਦਾ 'ਸ਼ਹੀਦ ਸੂਰਮਾ!' ਵੀ ਤਾਂ ਏਸੇ ਪਿੰਡ ਦਾ ਸੀ ਤੇ ਸੀ ਵੀ ਉਹਦੇ ਆਪਣੇ ਭਾਈਚਾਰੇ ਵਿਚੋਂ! ਨਿਹਾਲ ਸਿੰਘ ਵੀ ਤਾਂ ਏਸੇ ਹੀ ਪਿੰਡ ਦਾ

***(ਬਾਕੀ ਸਫਾ 40 'ਤੇ)***

# ਕਹਾਣੀ 'ਰਿਮ ਝਿਮ ਪਰਬਤ' ਨੂੰ ਪੜ੍ਹਦਿਆਂ

ਸਾਹਿਤ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਉਹ ਕਿਸ ਮਾਤਰਾ ਵਿਚ ਆਪਣੇ ਸਮਕਾਲ ਨੂੰ ਸੰਭਾਲਦਾ ਹੈ। ਵਰਿਆਮ ਸੰਧੂ ਦੀਆਂ ਕਹਾਣੀਆਂ ਇਸ ਪਰਖ ਤੇ ਖਰੀਆਂ ਉਤਰਦੀਆਂ ਪ੍ਰਵਾਨ ਹੋ ਚੁਕੀਆਂ ਹਨ। ਪੰਜਾਬ ਦੇ ਸਮਕਾਲ ਦੀ ਜਿਸ ਪਰਤ ਨੂੰ ਵਰਿਆਮ ਸੰਧੂ ਨੇ ਇਸ ਕਹਾਣੀ ਵਿਚ ਹੱਥ ਪਾਇਆ ਹੈ, ਇਹ ਸੌਖਾ ਨਹੀਂ ਹੈ ਅਤੇ ਇਸ ਨੂੰ ਜਿਸ ਸਫਲਤਾ ਨਾਲ ਉਸ ਨੇ ਨਿਭਾਇਆ ਹੈ, ਇਸੇ ਵਿਚ ਸੰਧੂ ਦੀ ਕਹਾਣੀ-ਕਲਾ ਲੁਕੀ ਹੋਈ ਹੈ। ਕਹਾਣੀਆਂ ਦੀ ਪੜ੍ਹਤ ਜਿੰਨੀ ਸੰਤੁਸ਼ਟ ਕਰਦੀ ਹੈ, ਕਹਾਣੀਆਂ ਤੇ ਪਰਤੌਂ ਉਨਾ ਹੀ ਔਖਾ ਹੁੰਦਾ ਚਲਾ ਜਾਂਦਾ ਹੈ। 'ਰਿਮ ਝਿਮ ਪਰਬਤ' ਕੇਵਲ ਮਾਤਰ ਕਹਾਣੀ ਨਹੀਂ, ਸਗੋਂ ਪੰਜਾਬ ਦੇ ਇਕ ਦਹਾਕੇ ਦੇ ਇਤਿਹਾਸ ਦਾ ਅਚੇਤ-ਵਹਿਣ ਹੈ, ਇਸੇ ਲਈ ਇਸ ਕਹਾਣੀ ਵਿਚ ਕਹਾਣੀਆਂ ਦਾ ਹੜ੍ਹ ਆ ਗਿਆ ਕਹਿਣਾ ਚਾਹੀਦਾ ਹੈ। ਕਿਸੇ ਵੀ ਕੌਮੀ ਜਾਂ ਭਾਈਚਾਰਕ ਮਾਨਸਿਕਤਾ ਦੇ ਸੁਚੇਤ ਨਾਲੋਂ ਉਸਦਾ ਅਚੇਤ ਬਹੁਤ ਬਲਵਾਨ ਹੁੰਦਾ ਹੈ। ਸੁਚੇਤ ਕੋਲ ਤਾਂ ਕਿਰਪਾਨ ਵੀ ਹੈ ਅਤੇ ਸਟੇਨ ਵੀ। ਦੋਵੇਂ ਹਥਿਆਰ ਵੀ ਹਨ ਅਤੇ ਇਤਿਹਾਸ ਵੀ। ਕਿਰਪਾਨ ਤਾਂ ਚੁਕਣੀ ਹੀ ਉਦੋਂ ਚਾਹੀਦੀ ਹੈ ਜਦੋਂ ਬਾਕੀ ਸਾਰੇ ਹੀਲੇ ਮੁੱਕ ਜਾਣ। ਇਸੇ ਲਈ ਕਿਰਪਾਨ ਮਿਆਨ ਵਿਚੋਂ ਕਢਣ ਬਾਰੇ ਵੀ ਅਰਜਨ ਸਿੰਘ ਆਪਣੇ ਪੋਤਰੇ ਨੂੰ ਨਸੀਹਤ ਕਰਦਾ ਹੈ ਕਿ ਕਿਰਪਾਨ ਉਦੋਂ ਕਢੀਦੀ ਏ ਜਦੋਂ ਆਪਣਾ ਬਚਾਅ ਕਰਨਾ ਹੋਵੇ ਜਾਂ ਕਿਸੇ ਦੀਨ ਦੁਖੀ ਦੀ ਰਖਿਆ ਕਰਨੀ ਹੋਵੇ। ਪਰ ਕਹਾਣੀ ਵਿਚ ਦੋਹਾਂ ਹਥਿਆਰਬੰਦ ਹੱਥਾਂ ਪਿਛੇ ਕੰਮ ਕਰਦੇ ਅਚੇਤ ਵਾਸਤੇ ਲੇਖਕ ਦੇ ਸ਼ਬਦਾਂ ਵਿਚ "ਦੋਵਾਂ ਦੇ ਹਥਿਆਰ ਇਸ ਵੇਲੇ ਦੋਵਾਂ ਦੇ ਹੱਥਾਂ ਵਿਚ ਨਹੀਂ ਸਨ"। ਗੱਲ ਕਿੱਲੀ ਉਤੇ ਟੰਗੇ ਦੋਹਾਂ ਹਥਿਆਰਾਂ ਦੀ ਹੈ, ਪਰ ਇਸ ਨਾਲ ਮਾਨਸਿਕਤਾ ਦੇ ਅਚੇਤ ਅਤੇ ਸੁਚੇਤ ਦਾ ਭੇਤ ਸਾਹਮਣੇ ਆ ਜਾਂਦਾ ਹੈ। ਅਸਲ ਵਿਚ ਇਹ ਕਹਾਣੀ ਪੰਜਾਬ ਦੀ ਕਿਰਸਾਨੀ ਦੇ ਸੁਚੇਤ ਅਤੇ ਅਚੇਤ ਦੇ ਮਹਾਂ ਬਿਰਤਾਂਤ ਦਾ ਮੰਤਰ ਹੋ ਗਈ ਹੈ। ਇਸ ਉਤੇ ਉਸੇ ਤਰ੍ਹਾਂ ਇਕ ਪੁਸਤਕ ਸੰਭਵ ਹੈ ਜਿਵੇਂ ਅਮਰਜੀਤ ਗਰੇਵਾਲ ਨੇ "ਤਵੀ ਦਾ ਸੱਚ" ਬਾਰੇ ਲਿਖਦਿਆਂ ਪੂਰੀ ਕਿਤਾਬ ਲਿਖ ਦਿਤੀ ਸੀ ਅਤੇ ਇਕ ਨਵੀਂ ਵਿਧਾ ਵੀ ਸਿਰਜ ਦਿਤੀ ਸੀ।

ਜਿਸ ਤਰ੍ਹਾਂ 'ਰਿਮ ਝਿਮ ਪਰਬਤ' ਵਿਚ ਸਮੇਂ ਦੇ ਸੱਚ ਨਾਲ ਜੁੜੇ ਹੋਏ ਸਭਿਆਚਾਰਕ ਅਤੇ ਧਾਰਮਿਕ ਸਰੋਕਾਰ ਕਹਾਣੀ-ਕਲਾ ਵਿਚ ਢਲ ਗਏ ਹਨ, ਮੈਨੂੰ ਇਹੋ ਲੇਖਕ ਦੀ ਇਕਹਿਰੀ ਤੇ ਵਿਲਖਣ ਪ੍ਰਾਪਤੀ ਲਗਣ ਲਗ ਪਏ ਹਨ। ਬੰਦਾ ਜਨਮ ਤਾਂ ਲੈਂਦਾ ਹੈ, ਸਭਿਆਚਾਰ ਵਿਚ ਅਤੇ ਉਸ ਦਾ ਸਹਿਜ-ਜਿਊਣ ਵੀ ਪ੍ਰਾਪਤ ਸਭਿਆਚਾਰ ਨਾਲ ਹੀ ਜੁੜਿਆ ਹੋਇਆ ਹੁੰਦਾ ਹੈ। ਸਭਿਆਚਾਰਕ-ਸਹਿਜ-ਜੀਵਨ, ਆਪਣੇ ਸਮਕਾਲ ਤੋਂ ਪ੍ਰਭਾਵਤ ਹੁੰਦਾ ਵੀ ਹੈ ਅਤੇ ਸਮਕਾਲ ਨੂੰ ਪ੍ਰਭਾਵਤ ਕਰਦਾ ਵੀ ਹੈ। ਇਸ ਕਹਾਣੀ ਦੇ ਪਾਤਰ ਇਕੋ ਹੀ ਪਿੰਡ ਵਿਚ ਜੰਮਦੇ ਹਨ, ਇਕੋ ਜਿਹੇ ਮਾਹੌਲ ਵਿਚ ਪਲਦੇ ਹਨ ਪਰ ਆਪਣੇ ਆਪਣੇ ਰੰਗ ਵਿਚ ਜਿਊਂਦੇ ਹਨ। ਗੁਰਬਾਣੀ ਦੀ ਰੋਸ਼ਨੀ ਵਿਚ ਮੈਨੂੰ ਇਹ ਸਾਰੇ ਪਾਤਰ "ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ" 473 ਦੇ ਵਡੇ ਸੱਚ ਦੇ ਨਾਨਤਵ ਦਾ ਹੀ ਹਿੱਸਾ ਲਗਦੇ ਹਨ। ਪਰ ਕਹਾਣੀ ਦੇ ਵਹਿਣ ਨਾਲ ਤੁਰਦਿਆਂ ਲਗਦਾ ਹੈ ਕਿ ਜਿਊਣ ਦਾ ਇਹ ਨਾਨਤਵ ਕਿਸੇ ਵੀ ਸਭਿਆਚਾਰ ਦੀ ਜਾਨ ਵੀ ਹੁੰਦਾ ਹੈ ਅਤੇ ਉਸ ਦਾ ਨੁਕਸਾਨ ਵੀ। ਪਿੰਡ ਦੀ ਇਕਾਈ ਵਿਚੋਂ ਲੇਖਕ ਨੇ ਜ਼ਿੰਦਗੀ ਦੇ ਸਮੁੱਚ ਨੂੰ ਸੰਸਕਾਰਾਂ, ਜਜ਼ਬਿਆਂ ਅਤੇ ਮਜਬੂਰੀਆਂ ਨਾਲ ਜੁੜੀਆਂ ਹੋਈਆਂ ਘਟਨਾਵਾਂ ਰਾਹੀਂ ਉਸੇ ਤਰ੍ਹਾਂ ਸਿਰਜਿਆ ਹੈ ਜਿਵੇਂ ਕੋਈ ਕਲਾਕਾਰ ਰੰਗਾਂ ਦੀ ਭਾਸ਼ਾ ਵਿਚ ਪੇਂਟਿੰਗ ਦੀ ਸਿਰਜਣਾ ਕਰ ਲੈਂਦਾ ਹੈ। ਏਸੇ ਲਈ ਮੈਂ ਇਸ ਨੂੰ ਮਹਿਜ ਇਕ ਕਹਾਣੀ ਨਹੀਂ ਸਗੋਂ ਅਜਿਹੀ ਸਾਹਿਤਕ ਸਿਰਜਣਾ ਸਮਝਦਾ ਹਾਂ, ਜਿਸ ਵਿਚ ਲੇਖਕ ਨੇ ਜ਼ਿੰਦਗੀ ਨੂੰ ਬੰਦ ਕਰ ਦਿਤਾ ਹੈ ਅਤੇ ਕੋਈ ਵੀ ਇਸ ਵਿਚੋਂ ਸਮਰਥਾ ਮੁਤਾਬਿਕ ਜ਼ਿੰਦਗੀ ਦੇ ਦੀਦਾਰੇ ਕਰ ਸਕਦਾ ਹੈ ਅਤੇ ਜ਼ਿੰਦਗੀ ਸਿਰਜ ਵੀ ਸਕਦਾ ਹੈ, ਜ਼ਿੰਦਗੀ ਨੂੰ ਸਮਝ ਵੀ ਸਕਦਾ ਹੈ ਅਤੇ ਹੰਢਾ ਵੀ ਸਕਦਾ ਹੈ।

ਕਹਾਣੀ ਦਾ ਮੁੱਖ ਪਾਤਰ ਅਰਜਨ ਸਿੰਘ ਹੈ ਅਤੇ ਇਹ ਪਾਤਰ ਅਚੇਤ ਅਤੇ ਸੁਚੇਤ ਦੀ ਸਜਿੰਦ-ਮਾਨਸਿਕਤਾ ਹੈ। ਉਸ ਨਾਲ ਜੁੜਿਆ ਹੋਇਆ ਉਸ ਦਾ ਸਮਾਜ ਵੀ ਹੈ ਅਤੇ ਉਸ ਦਾ ਪਰਿਵਾਰ ਵੀ। ਸਮਾਜ ਅਤੇ ਪਰਿਵਾਰ ਨਾਲ ਜੁੜਿਆ ਹੋਇਆ ਉਸ ਦਾ ਪਿੰਡ ਹੈ। ਪਿੰਡ ਨਾਲ ਜੁੜਿਆ ਹੋਇਆ ਹੈ ਪੰਜਾਬੀ-ਭਾਈਚਾਰੇ ਦੇ ਅਚੇਤ ਦਾ ਸੁਚੇਤ। ਭਾਈਚਾਰੇ ਵਿਚ ਵਿਰਾਸਤੀ-ਅਵਚੇਤਨ, ਧਾਰਮਿਕ-ਸਰੋਕਾਰ ਅਤੇ ਸਿਆਸੀ-ਲੋੜਾਂ ਨੂੰ ਇਕੱਠੀਆਂ ਤੁਰਦੀਆਂ ਦਸਿਆ ਹੈ। ਕਲਾਕਾਰ ਲਈ ਇਸ ਕੋਟੀ-ਵੰਡ ਦਾ ਯਥਾਰਥ ਅਚੇਤ ਅਤੇ ਸੁਚੇਤ ਵਿਚ ਸਹਿਜ ਨਾਲ ਨਿਭਦਾ ਰਹਿੰਦਾ ਹੈ। ਕਹਾਣੀ ਗਦਰੀ ਬਾਬਿਆਂ ਤੋਂ ਲੈ ਕੇ ਖਾੜਕੂ ਲਹਿਰ ਤਕ ਦੀ ਪੰਜਾਬੀ-ਮਾਨਸਿਕਤਾ ਨਾਲ ਜੁੜੀ ਹੋਈ ਹੈ। ਵਿਰਾਸਤੀ ਫਖਰ ਨੂੰ ਸਮਕਾਲੀ ਤ੍ਰਾਸਦੀ ਵਿਚ ਵਟਦਿਆਂ ਜਿਵੇਂ ਲੇਖਕ ਨੇ ਮਹਿਸੂਸ ਕੀਤਾ ਹੈ, ਉਵੇਂ ਹੀ ਪ੍ਰਗਟ ਕੀਤਾ ਹੋਇਆ ਹੈ। ਕੋਮਲ ਸਰੋਕਾਰਾਂ ਦੇ ਸਹਿਜ-ਸੰਤੁਲਨ ਦਾ ਪ੍ਰਗਟਾਵਾ ਲੇਖਕ ਦੀ ਪ੍ਰਾਪਤੀ ਹੈ।

ਅਰਜਨ ਸਿੰਘ ਦਾ ਪਿਤਾ ਪੂਰਬ ਅਕਾਲੀ ਲਹਿਰ ਦੀ ਸਿੱਖ ਮਾਨਸਿਕਤਾ ਦਾ ਰੋਲ-ਮਾਡਲ ਕਿਹਾ ਜਾ ਸਕਦਾ ਹੈ। ਪੰਜਾਬ ਦੇ ਇਸ ਰੋਲ-ਮਾਡਲ ਦੇ ਗੁਆਚਣ ਦਾ ਉਦਰੇਵਾਂ ਵੀ ਕਹਾਣੀ ਵਿਚ ਰਮਿਆ ਪਿਆ ਹੈ। ਉਸ ਵਾਸਤੇ ਮੈਨੂੰ ਲਗਦਾ ਹੈ ਕਿ "ਗੁਰੂ ਦੇ ਨਾਮ ਤੇ ਜਿਊਣ" ਵਾਲੀ ਪੰਜਾਬੀ ਮਾਨਸਿਕਤਾ ਦੀ ਸਿਰਜਨਾ ਇਥੋਂ ਹੋਈ ਸੀ ਕਿ "ਮੈਂ ਗੁਰੂ ਦਾ ਹਾਂ" ਅਤੇ ਇਹੀ ਮੇਰੇ ਲਈ ਸਭ ਕੁਝ ਹੈ। ਇਸ ਵਾਸਤੇ ਅਰਜਨ ਸਿੰਘ "ਕੇਸਾਂ ਸੁਆਸਾਂ ਨਾਲ ਨਿਭਣ" ਦੀ ਵਚਨਬੱਧਤਾ ਨਿਭਾਉਂਦਾ ਹੈ। ਅਰਜਨ ਸਿੰਘ ਇਹੀਓ ਸਿਦਕ ਗ੍ਰਹਿਸਤੀ ਅਤੇ ਕਿਰਤੀ ਰਹਿ ਕੇ ਨਿਭਾਉਂਦਾ ਹੈ। ਗ੍ਰਹਿਸਤ ਅਤੇ ਕਿਰਤ ਸ਼ਾਇਦ ਇਕ ਦੂਜੇ ਨਾਲੋਂ ਨਿਖੇੜੇ ਵੀ ਨਹੀਂ ਜਾ ਸਕਦੇ। ਇਹੋ ਸਿੱਖੀ-ਸਿਦਕ ਤੀਜੀ ਪੀੜ੍ਹੀ ਵਿਚ ਜਗਜੀਤ ਸਿੰਘ ਵੀ ਨਿਭਾਉਂਦਾ ਹੈ, ਪਰ ਉਹ ਆਧੁਨਿਕਤਾ ਨੂੰ ਨਾਲ ਲੈ ਕੇ ਤੁਰਦਾ ਹੈ ਅਤੇ ਪੰਜਾਬ ਦੇ ਸਭਿਆਚਾਰਕ-ਨਾਨਤਵ ਨੂੰ ਅਗੇ ਤੋਰਦਾ ਨਜ਼ਰ ਆਉਂਦਾ ਹੈ। ਪਰ ਦੂਜੇ ਪਾਸੇ ਲੈਫਟੀਨੈਂਟ ਜਨਰਲ ਗੁਰਜੀਤ ਸਿੰਘ ਹੈ, ਜੋ ਉਸ ਸਿੱਖ-ਮਾਨਸਿਕਤਾ ਦਾ ਪ੍ਰਤੀਨਿਧ ਹੈ, ਜਿਸ ਨੇ "ਮੈਂ ਗੁਰੂ ਦਾ ਹਾਂ" ਦੇ ਵਿਰਾਸਤੀ-ਅਚੇਤ ਦੀ ਥਾਂ ਤੇ "ਗੁਰੂ ਮੇਰਾ ਹੈ" ਦੀ ਸਿਆਸਤੀ ਲੋੜ ਦਾ ਪੱਲਾ ਫੜ ਲਿਆ ਹੈ। ਇਕੋ ਹੀ ਵਿਰਾਸਤੀ ਜੜ੍ਹ ਵਿਚੋਂ ਪੈਦਾ ਹੋ ਗਈਆਂ ਦੋ ਮੁਤਜ਼ਾਦ-ਮਾਨਸਿਕਤਾਵਾਂ ਦਾ ਬਿਰਤਾਂਤ ਕਹਾਣੀ ਹੋ ਗਿਆ ਹੈ।

ਅਰਜਨ ਸਿੰਘ ਪੰਜਾਬ ਦੀ ਟਰਾਂਜ਼ੀਸ਼ਨਲ-ਮਾਨਸਿਕਤਾ ਦਾ ਪ੍ਰਤੀਨਿਧ ਹੋ ਗਿਆ ਹੈ। ਉਹ ਆਪਣੇ ਪਿਤਾ ਨੂੰ ਜੈਤੋ ਦੇ ਮੋਰਚੇ ਵਿਚ "ਜਬਰ ਦਾ ਮੁਕਾਬਲਾ ਸਬਰ ਨਾਲ" ਕਰਦਾ ਵੇਖਦਾ ਹੈ। ਗੁਰੂ ਦੇ ਗੁਰਦੁਆਰੇ ਨੂੰ ਵਿਅਕਤੀਆਂ ਦੀ ਮਲਕੀਅਤ ਬਣ ਜਾਣ ਤੋਂ ਬਚਾ ਕੇ ਆਪਣੇ ਘਰ ਉਹ ਫੌੜੀਆਂ ਤੇ ਪਰਤਦਾ ਹੈ। ਉਸ ਨੂੰ ਇਸ ਦਾ ਕੋਈ ਪਛਤਾਵਾ ਨਹੀਂ ਹੈ। ਇਸ ਫਖਰ ਦਾ ਮੁੱਲ ਪਾਉਣ ਵਾਲੀ ਪੈਨਸ਼ਨ ਸਿਆਸਤ ਨੂੰ ਵੀ ਉਹ ਨੇੜੇ ਨਹੀਂ ਲਗਣ ਦੇਂਦਾ। ਪਰ ਅਰਜਨ ਸਿੰਘ ਦੇ ਸਾਹਮਣੇ ਤਾਂ ਕੌਮੀ ਮੁੱਦਾ ਹੀ ਕੋਈ ਨਹੀਂ ਹੈ। ਜੋ ਕੁਝ ਹੈ ਉਹ ਮੁੱਦਿਆਂ ਦੀ ਸਿਆਸਤ ਹੈ। ਸਿਆਸਤ ਵੀ ਕਾਹਦੀ, ਮੰਡੀਹਰ ਮਾਨਸਿਕਤਾ ਦਾ ਸ਼ੁਗਲ ਮੇਲਾ ਹੀ ਲਗਦਾ ਹੈ। 1947 ਦੀ ਵੰਡ ਵੇਲੇ ਅਰਜਨ ਸਿੰਘ ਦੇ ਆਪਣੇ ਪਿੰਡ ਦੀ ਮੰਡੀਹਰ ਲਾਗਲੇ ਪਿੰਡੋਂ ਆਪਣੇ ਹੀ ਪਿੰਡ ਦੀ ਕੁੜੀ "ਜੁੰਮੇ ਤੇਲੀ ਦੀ ਧੀ ਤੇ ਅਰਜਨ ਦੇ ਯਾਰ ਫੱਜੇ ਦੀ ਭੈਣ ਫਾਤਮਾ" ਨੂੰ ਚੁੱਕ ਲਿਆਉਂਦੀ ਹੈ ਅਤੇ ਲੇਖਕ ਦਾ ਇਕ ਸੰਵਾਦੀ-ਵਾਕ "ਮੇਰੀ ਭੈਣ ਨੂੰ ਲੈ ਗੇ ਨੇ ਉਹ ਕੁੱਤੇ" ਸਮਕਾਲੀ-ਹਲਕਾਅ ਨੂੰ ਸਾਹਮਣੇ ਲੈ ਆਉਂਦਾ ਹੈ। 1947 ਵੇਲੇ ਦੇਸ਼ ਦੀ ਵੰਡ ਦੀ ਸਿਆਸਤ ਦਾ ਦੁਖਾਂਤ ਵੀ ਬੰਦੇ ਦੇ ਪਾਗਲ ਹੋ ਜਾਣ ਦਾ ਦੁਖਾਂਤ ਹੀ ਸੀ। ਇਹੋ ਜਿਹੇ ਹਾਲਾਤ ਵਿਚ "ਇਲਤ ਦਾ ਨਾਉਂ ਚੌਧਰੀ" ਬਾਣੀ-ਬੋਲਾ ਸੱਚ ਹੋ ਜਾਂਦਾ ਹੈ। ਅਰਜਨ ਦੇ ਪਿਤਾ ਦੀ ਕੁਰਬਾਨੀ ਦੇ ਹਵਾਲੇ ਨਾਲ ਅਰਜਨ ਇਸ ਸੱਚ ਦਾ ਸ਼ਾਹਦ ਹੋ ਗਿਆ ਹੈ ਕਿ ਮਰਨਾ ਅਤੇ ਮਰਨ ਤਕ ਕੁਰਬਾਨੀ ਦੇਣੀ ਉਨੀ ਮੁਸ਼ਕਲ ਨਹੀਂ ਹੈ, ਜਿੰਨਾ ਔਖਾ ਮੰਡੀਹਰ-ਮਾਨਸਿਕਤਾ ਨਾਲ ਨਿਭਣਾ ਹੈ। ਅਰਜਨ ਦਾ ਸਿਦਕ ਜਿਸ ਨੂੰ ਸਰਕਾਰੀ ਜਬਰ ਨਹੀਂ ਤੋੜ ਸਕਦਾ ਸੀ, ਗੁਰੂ ਦੇ ਨਾਮ ਤੇ ਸਿਆਸਤ ਕਰਨ ਵਾਲੇ ਕਿਵੇਂ ਚਕਨਾਚੂਰ ਕਰ ਦੇਂਦੇ ਹਨ, ਇਸ ਕਹਾਣੀ ਦੇ ਕੇਂਦਰੀ-ਬਿੰਦੂ ਵਜੋਂ ਸਾਹਮਣੇ ਆ ਗਿਆ ਹੈ।

ਅਰਜਨ ਵਿਚ 'ਭਗਤੀ ਤੇ ਸ਼ਕਤੀ' ਦੇ ਸਿੱਖ-ਸੁਮੇਲ ਵਾਂਗ ਸਿਪਾਹੀ ਅਤੇ ਕਿਰਤੀ ਦਾ ਸੁਮੇਲ ਪ੍ਰਾਪਤ ਹੈ। ਇਸ ਦਾ ਸਿਖਰ ਅਰਜਨ ਨੂੰ ਮਾਰਨ ਆਏ ਮੁੰਡਿਆਂ ਦੀ ਮੌਤ ਨਾਲ ਸਾਹਮਣੇ ਆ ਜਾਂਦਾ ਹੈ। ਮੁੰਡਿਆਂ ਨੂੰ ਬਚਾਉਣ ਦੀ ਕੋਸ਼ਿਸ਼ ਵੇਲੇ ਅਰਜਨ ਦੇ ਅੰਦਰ ਚਲਦਾ ਘੋਲ ਹੀ ਅਰਜਨ ਦਾ ਸਮਕਾਲ ਹੋ ਗਿਆ ਹੈ। ਜਿਸ ਤਰ੍ਹਾਂ ਮੌਤ ਅਰਜਨ ਤਕ ਪਹੁੰਚ ਜਾਂਦੀ ਹੈ, ਇਸ ਦਾ ਅਹਿਸਾਸ ਤਾਂ ਕਹਾਣੀ ਨੂੰ ਪੜ੍ਹਿਆਂ ਹੀ ਹੋ ਸਕਦਾ ਹੈ। ਬਚਪਨ ਵਿਚ ਪੜ੍ਹੀਆਂ ਸੋਹਣ ਸਿੰਘ ਸੀਤਲ ਦੀਆਂ ਇਹ ਸੱਤਰਾਂ ਯਾਦ ਆ ਰਹੀਆਂ ਹਨ:

ਤੁਰੀਆਂ ਸਨ ਕਲਜੋਗਣਾਂ ਲੈ ਖੱਪਰ ਖਾਲੀ
ਹੋਵੇਗਾ ਅਸਮੇਧ ਜੱਗ ਰੱਜ ਖਾਣ ਸਵਾਲੀ
ਗਿਲਝਾਂ ਵਾਂਗ ਮੌਤ ਚਿਤਵਣ ਵਾਲੀ

ਮਾਨਸਿਕਤਾ ਜੇ ਕਿਸੇ ਸਭਿਆਚਾਰ ਵਿਚ ਪ੍ਰਵੇਸ਼ ਕਰ ਜਾਵੇ ਤਾਂ ਇਹ ਤੁਰਤ ਧਰਮ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਹੌਲੀ ਹੌਲੀ ਉਸ ਦਾ ਸੇਕ ਅਧਿਆਤਮਿਕਤਾ ਤਕ ਵੀ ਪਹੁੰਚਣ ਲਗ ਪੈਂਦਾ ਹੈ। ਇਸ ਦੀਆਂ ਜਿੰਨੀਆਂ ਪਰਤਾਂ ਇਸ ਕਹਾਣੀ ਵਿਚ ਖੁਲ੍ਹ ਗਈਆਂ ਹਨ, ਉਨ੍ਹਾਂ ਨਾਲ ਵਰਿਆਮ ਸੰਧੂ ਦੀ ਉਸਾਰੂ ਸਾਹਿਤਕਾਰੀ ਦਾ ਪ੍ਰਭਾਵ ਮੇਰੇ ਮਨ ਵਿਚ ਬਹੁਤ ਵਧ ਗਿਆ ਹੈ।

**-ਬਲਕਾਰ ਸਿੰਘ**
**ਫੋਨ:93163-01328**

# ਰਿਮ ਝਿਮ ਪਰਬਤ

*(ਸਫਾ 39 ਦੀ ਬਾਕੀ)*

ਸੀ, ਜਿਹੜਾ ਪ੍ਰੇਮ ਸਿੰਘ ਹੁਰਾਂ ਦਾ ਸਾਥੀ ਸੀ ਤੇ ਜਿਸਨੇ ਪਿੱਛੋਂ ਵਾਅਦਾ ਮੁਆਫ਼ ਗਵਾਹ ਬਣ ਕੇ ਪ੍ਰੇਮ ਸਿੰਘ ਹੁਰਾਂ ਨੂੰ ਫਾਹੇ ਲਵਾਇਆ ਸੀ! ਉਸਨੂੰ ਅਦਾਲਤ ਵਿਚ ਵਾਅਦਾ ਮੁਆਫ਼ ਬਣਿਆਂ ਵੇਖ ਕੇ ਪ੍ਰੇਮ ਸਿੰਘ ਨੇ ਆਪਣਾ ਮੂੰਹ ਪਰਨੇ ਨਾਲ ਢੱਕ ਲਿਆ ਸੀ ਤੇ ਕਿਹਾ ਸੀ, "ਮੈਂ ਇਸ ਗ਼ਦਾਰ ਦਾ ਮੂੰਹ ਨਹੀਂ ਵੇਖਣਾ ਚਾਹੁੰਦਾ।"

ਪ੍ਰੇਮ ਸਿੰਘ ਨੇ ਤਾਂ ਇਹ ਵੀ ਕਿਹਾ ਸੀ, "ਨਿਹਾਲ ਸਿਆਂ! ਜਿਹੜੀ ਮੌਤ ਤੋਂ ਡਰਦਿਆਂ ਤੂੰ ਵਾਅਦਾ ਮੁਆਫ਼ ਬਣਿਆਂ ਏਂ, ਯਾਦ ਰੱਖੀਂ! ਤੇਰੀ ਗ਼ਦਾਰੀ ਤੇ ਤੇਰੀ ਨਮੋਸ਼ੀ ਤੈਨੂੰ ਸਾਡੇ ਤੋਂ ਵੀ ਪਹਿਲਾਂ ਲੈ ਡੁੱਬੇਗੀ। ਸਾਡੇ ਤੋਂ ਪਹਿਲਾਂ ਮਰੇਂਗਾ ਤੂੰ!"

ਨਿਹਾਲ ਸਿੰਘ ਨਮੋਸ਼ੀ ਦਾ ਮਾਰਿਆ ਘਰ ਆ ਕੇ ਪਿਛਲੇ ਅੰਦਰ ਲੁਕ ਗਿਆ ਸੀ। ਪ੍ਰੇਮ ਸਿੰਘ ਦੀ ਬੋਲੀ ਉਸਦੇ ਅੰਦਰ ਖੁਭ ਗਈ ਸੀ। ਜੇ ਕਿਤੇ ਹਨੇਰੇ-ਸਵੇਰੇ, ਬਾਹਰ-ਅੰਦਰ ਜੰਗਲ-ਪਾਣੀ ਜਾਂਦਾ ਵੀ ਤਾਂ ਕਿਸੇ ਨਾਲ ਅੱਖ ਮਿਲਾਉਣੋਂ ਡਰਦਾ। ਉਸਨੂੰ ਲੱਗਦਾ ਸੀ ਜਿਵੇਂ ਉਹਨੂੰ ਵੇਖਣ ਵਾਲਾ ਹਰ ਬੰਦਾ ਵੇਖਦੇ ਸਾਰ ਮੂੰਹ ਉੱਤੇ ਪਰਨਾ ਲੈ ਲੈਣ ਲੱਗਾ ਹੋਵੇ! ਸਾਰਾ ਦਿਨ ਉਹ ਪਿਛਲੇ ਕਮਰੇ ਦੇ ਹਨੇਰੇ ਵਿਚ ਲੁਕਿਆ ਰਹਿੰਦਾ। ਆਏ ਗਏ ਕਿਸੇ ਨੂੰ ਵੀ ਮਿਲਦਾ ਨਹੀਂ ਸੀ। ਪਿਛਲੇ ਦਿਨਾਂ ਵਿਚ ਤਾਂ ਉਹ ਘਰ ਦੇ ਜੀਆਂ ਨੂੰ ਵੀ ਕਹਿਣ ਲੱਗ ਪਿਆ ਸੀ, "ਆਪਣੇ ਮੂੰਹ ਤੋਂ ਪਰਨਾ ਪਾਸੇ ਕਿਉਂ ਨਹੀਂ ਕਰਦੇ! ਕੀ ਵਿਗਾੜਿਐ ਮੈਂ ਤੁਹਾਡਾ! ਮੇਰੇ ਵੱਲ ਵਿੰਹਦੇ ਕਿਉਂ ਨਹੀਂ ਤੁਸੀਂ? ਕਿਉਂ ਮੂੰਹ ਮੋੜਦੇ ਓ ਮੇਰੇ ਤੋਂ?"

ਤੇ ਸੱਚੀਂ ਨਮੋਸ਼ੀ ਦਾ ਮਾਰਿਆ ਨਿਹਾਲ ਸਿੰਘ ਪ੍ਰੇਮ ਸਿੰਘ ਹੁਰਾਂ ਦੇ ਫਾਹੇ ਲੱਗਣ ਤੋਂ ਪਹਿਲਾਂ ਹੀ ਪ੍ਰਾਣ ਤਿਆਗ ਗਿਆ ਸੀ। ਇਹ ਕਿਸੇ ਵਲੀ-ਔਲੀਏ ਪ੍ਰੇਮ ਸਿੰਘ ਦਾ ਸਰਾਪ ਨਹੀਂ ਸੀ। ਇਹ ਤਾਂ ਇਕ ਦੇਸ਼ ਭਗਤ ਅੰਦਰੋਂ ਗ਼ਦਾਰੀ ਕਰ ਗਏ ਆਪਣੇ ਹੀ ਸਾਥੀ ਲਈ ਸਹਿਜ-ਸੁਭਾ ਨਿਕਲੀ ਦੁਰ-ਅਸੀਸ ਸੀ, ਜਿਸ ਨੇ ਭੈਅ ਵਿਚ ਫਸ ਕੇ ਆਦਰਸ਼ੋਂ ਡਿੱਗ ਪਏ ਨਿਹਾਲ ਸਿੰਘ ਦੀ ਜ਼ਮੀਰ ਨੂੰ ਲਾਹਨਤ ਪਾਈ ਸੀ। ਆਪਣੇ ਹੀ ਅੰਦਰੋਂ ਪਈ ਇਸ ਫਿਟਕਾਰ ਨੇ ਉਹਦੀ ਜ਼ਮੀਰ ਢੇਰੀ ਕਰ ਦਿੱਤੀ ਸੀ ਤੇ ਨਾਲ ਹੀ ਸਰੀਰ ਵੀ।

ਅੱਜ ਉਹ ਖ਼ੁਦ ਵੀ ਨਿਹਾਲ ਸਿੰਘ ਬਣ ਗਿਆ ਸੀ!

ਸਵੇਰੇ ਕਿਸੇ ਨੂੰ ਕੀ ਮੂੰਹ ਵਿਖਾਏਗਾ ਉਹ! ਸਾਰੇ ਲੋਕ ਉਹਨੂੰ ਵੇਖ ਕੇ ਮੂੰਹ 'ਤੇ ਪਰਨੇ ਲੈ ਲੈਣਗੇ। ਕਿਵੇਂ ਕਰੇਗਾ ਉਹ ਉਨ੍ਹਾਂ ਦਾ ਸਾਹਮਣਾ! ਕੀ ਹੁਣ ਉਹ ਵੀ ਪਿਛਲੇ ਅੰਦਰ ਲੁਕ ਜਾਵੇ!

ਜਗਜੀਤ ਤੇ ਹਰਜੀਤ ਤਾਂ ਬਾਰ ਬਾਰ ਆਖਦੇ ਸਨ ਕਿ ਉਸਦਾ ਕੋਈ ਕਸੂਰ ਨਹੀਂ! ਮੁੰਡਿਆਂ ਦੀ ਮੌਤ ਤਾਂ 'ਬਾਜ਼ਾਂ' ਦੀ 'ਬਾਜ਼ਾਂ' ਨਾਲ ਲੜਾਈ ਦਾ ਫ਼ਲ ਸੀ। ਉਨ੍ਹਾਂ 'ਬਾਜ਼ਾਂ' ਨੇ ਹੀ ਤਾਂ ਮਾਇਆ ਰਾਮ ਦਾ ਕਤਲ ਕੀਤਾ ਸੀ। ਮਾਇਆ ਰਾਮ ਦੇ ਕਾਤਲ ਪ੍ਰੇਮ ਸਿੰਘ ਦੀ ਥਾਂ ਕਿਵੇਂ ਲੈ ਸਕਦੇ ਸਨ! ਪ੍ਰੇਮ ਸਿੰਘ ਤੇ ਉਹ ਆਪ ਤਾਂ 'ਚਿੜੀਆਂ ਦੇ ਯਾਰ' ਸਨ!

ਠੀਕ ਹੀ ਤਾਂ ਸੀ। ਮਾਇਆ ਰਾਮ ਦੇ ਕਾਤਲ ਪ੍ਰੇਮ ਸਿੰਘ ਦੀ ਥਾਂ ਕਿਵੇਂ ਲੈ ਸਕਦੇ ਨੇ! ਪਰ ਥਾਣੇਦਾਰ ਹੱਸਦਾ ਹੋਇਆ ਆਖ ਰਿਹਾ ਸੀ, "ਬਾਬਾ! ਵਧਾਈ ਹੋਵੇ। ਤੇਰੇ ਦੱਸੇ ਤਿੰਨੇ ਦੇ ਤਿੰਨੇ ਪੰਛੀ ਫੁੰਡੇ ਗਏ ਨੇ! ਤੇਰੇ ਦੱਸੇ --ਤੇਰੇ ਦੱਸੇ— ਤੇਰੇ ਦੱਸੇ-।"

ਉਹ ਇੱਕ ਤਰ੍ਹਾਂ ਆਪਣੇ ਮੁੰਡਿਆਂ 'ਤੇ ਚੀਕ ਪਿਆ, "ਮਸਲਾ 'ਮਾਇਆ ਰਾਮ ਦੇ ਕਾਤਲ ਮਾਰੇ ਹੀ ਜਾਣੇ ਚਾਹੀਦੇ ਨੇ' ਦਾ ਨਹੀਂ ਸਗੋਂ ਮਸਲਾ ਮੇਰੇ ਸਹਿਵਨ ਹੀ 'ਮੁਖ਼ਬਰ' ਬਣ ਜਾਣ ਦਾ ਹੈ; ਜਿਸਦੀ ਧੁੱਖ ਥਾਣੇਦਾਰ ਤੇ ਹੋਰਨਾਂ ਪੁਲਸੀਆਂ ਰਾਹੀਂ ਅੱਜ-ਭਲਕ ਬਾਹਰ ਨਿਕਲ ਹੀ ਜਾਣੀ ਹੈ!

ਉਸਨੇ ਫਿਰ ਤੋਂ ਸਿਰ ਫੜ੍ਹ ਲਿਆ।

ਸਾਰੀ ਰਾਤ ਉਸ ਜਾਗਦਿਆਂ ਕੱਟੀ। ਲੋਅ ਲੱਗੀ ਤਾਂ ਉਸਨੇ ਦੀਵਾਰ 'ਤੇ ਟੰਗੀਆਂ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਵੱਲ ਵੇਖਿਆ।

"ਮੇਰੇ ਬਾਬਾ ਨਾਨਕਾ! ਮੈਂ ਤਾਂ ਸਦਾ ਪਹਿਲਾਂ ਤੈਨੂੰ ਈ ਸਿਮਰਿਐ! ਤੂੰ ਈ ਹੁਣ ਰਾਹ ਦੱਸ ਕੋਈ। ਮੇਰੇ ਨਾਨਕ ਦੀ ਦਸਵੀਂ ਜੋਤ, ਹੋਰਨਾਂ ਦੇ 'ਬਾਜ਼ਾਂ ਵਾਲਿਆ', ਪਰ ਮੇਰਿਆ 'ਚਿੜੀਆਂ ਵਾਲਿਆ!' ਤੂੰ ਤਾਂ ਜਾਣਦੈਂ ਕਿ ਮੈਂ ਕਿਤਿਓਂ ਵੀ ਅੰਮ੍ਰਿਤ ਨਹੀਂ ਸੀ ਛਕਿਆ। ਮੈਂ ਤਾਂ ਜਦੋਂ ਫ਼ਾਤਮਾਂ ਨੂੰ ਛੁਡਾਉਣ ਜਾਣ ਲਈ ਘਰੋਂ ਕਿੱਲੀ ਨਾਲੋਂ ਬਾਪੂ ਦੀ ਕਿਰਪਾਨ ਲਾਹੀ ਸੀ ਤਾਂ ਕੇਵਲ ਤੇਰਾ ਹੀ ਆਸਰਾ ਤਕਾਇਆ ਸੀ। ਮੈਂ ਤਾਂ ਲੋੜ ਵੇਲੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਤੇਰਾ ਨਾਂ ਲੈ ਕੇ ਤੇਰੀ ਕਿਰਪਾਨ ਕਦੀ ਕਦੀ ਉਠਾ ਲੈਂਦਾ ਸਾਂ ਤਾਂ ਭੋਲੇ ਲੋਕ ਸਮਝਦੇ ਸਨ ਕਿ ਮੈਂ ਅੰਮ੍ਰਿਤ ਛਕਿਆ ਹੋਇਐ! ਲੋਕਾਂ ਲਈ ਮੈਂ ਅੰਮ੍ਰਿਤਧਾਰੀ ਸਾਂ। ਮੈਂ ਲੋਕਾਂ ਦੇ ਵਿਸ਼ਵਾਸ ਨੂੰ ਤੋੜ ਕੇ ਤੇਰੀ ਹੇਠੀ ਨਹੀਂ ਸਾਂ ਕਰਵਾਉਣਾ ਚਾਹੁੰਦਾ। ਇਸ ਲਈ ਅਣਛਕੇ ਅੰਮ੍ਰਿਤ ਦਾ ਭੇਦ ਮੈਂ ਕਦੀ ਕਿਸੇ 'ਤੇ ਉਜਾਗਰ ਨਹੀਂ ਸੀ ਹੋਣ ਦਿੱਤਾ। ਮੈਂ ਅਣਛਕਿਆ ਅੰਮ੍ਰਿਤ ਵੀ ਕਦੀ ਤੇਰੇ ਲਈ ਮਿਹਣਾ ਨਹੀਂ ਸੀ ਬਣਨ ਦਿੱਤਾ। ਹੁਣ ਤੂੰ ਦੱਸ ਤਾਂ ਸਹੀ ਮੈਂ ਮਾਛੀਵਾੜੇ ਦੇ ਜੰਗਲ ਵਿਚੋਂ ਕਿਵੇਂ ਪਾਰ ਜਾਵਾਂ! ਫਸ ਗਿਆ ਮੈਂ ਤਾਂ ਭੁੱਲ ਭੁਲਈਆਂ ਵਿਚ।"

ਦੋਵੇਂ ਬਾਬੇ ਅੱਗੋਂ ਕੁਝ ਨਹੀਂ ਬੋਲੇ। ਉਹ ਪਰੇਸ਼ਾਨ ਹੋਇਆ ਆਪਣੇ 'ਪਿੰਡ' ਨੂੰ ਪੁੱਛਣ ਲੱਗਾ। ਸਾਰੇ ਜਿਵੇਂ ਕਹਿ ਰਹੇ ਸਨ; ਤੂੰ ਸਾਨੂੰ ਕਿਉਂ ਪੁੱਛਦਾ ਏਂ; ਆਪਣੇ ਮਨ ਨੂੰ ਪੁੱਛ। ਪਰ ਮਨ ਵਿਚ ਤਾਂ ਚਾਰ ਚੁਫ਼ੇਰੇ ਹਨੇਰਾ ਹੀ ਹਨੇਰਾ ਸੀ।

ਉਹ ਵਾਰ ਵਾਰ ਆਪਣੇ ਆਪ ਨੂੰ ਸਵਾਲ ਕਰਦਾ। ਵਾਰ ਵਾਰ ਵੱਖਰੇ ਵੱਖਰੇ ਜਵਾਬ ਮਿਲਦੇ।

ਤੇ ਫੇਰ ਜਿਵੇਂ ਉਸਨੂੰ ਅਚਨਚੇਤ ਰਾਹ ਦਿਸ ਪਿਆ ਹੋਵੇ।

ਦਿਨ ਚੜ੍ਹੇ ਉਹ ਖ਼ੁਸ਼ੀ ਖ਼ੁਸ਼ੀ ਸਾਰੇ ਟੱਬਰ ਨੂੰ ਮਿਲਿਆ। ਚਾਹ ਵੀ ਪੀਤੀ, ਨਾਸ਼ਤਾ ਵੀ ਕੀਤਾ। ਕਿਰਪਾਨ ਕਿੱਲੀ ਨਾਲੋਂ ਲਾਹੀ ਤੇ ਮਜ਼ਬੂਤ ਕਦਮੀਂ ਤੁਰਦਾ ਉਹ ਪਿੰਡ ਵਿਚ ਵੜਦੀ ਸੜਕ ਦੇ ਸਾਹਮਣੇ ਪੈਂਦੇ ਚੌਰਾਹੇ ਵਿਚਲੇ ਥੜ੍ਹੇ 'ਤੇ ਆ ਕੇ ਬੈਠ ਗਿਆ। ਉਸਨੂੰ ਪਤਾ ਸੀ ਪੁਲਿਸ ਇਸ ਵੇਲੇ ਰੋਜ਼ ਗ਼ਸ਼ਤ 'ਤੇ ਆਉਂਦੀ ਹੈ।

ਪੁਲਿਸ ਦੀ ਜੀਪ ਆਈ ਤਾਂ ਉਸਨੇ ਹੱਥ ਦੇ ਕੇ ਰੋਕ ਲਈ।

"ਕੱਲ੍ਹ ਵਾਲਾ ਬਾਬਾ ਅਰਜਨ ਸੂੰਹ ਏਂ।" ਹੌਲਦਾਰ ਨੇ ਥਾਣੇਦਾਰ ਨੂੰ ਆਖਿਆ।

"ਸੁਣਾ ਬਾਬਾ!" ਥਾਣੇਦਾਰ ਨੇ 'ਆਪਣਾ ਬੰਦਾ' ਜਾਣ ਕੇ ਚਾਅ ਵਿਚ ਜੀਪ ਤੋਂ ਪੈਰ ਹੇਠਾਂ ਲਾਹੁੰਦਿਆਂ ਪੁੱਛਿਆ।

"ਸੁਣਾਉਂਦਾਂ ਤੈਨੂੰ ਹਰਾਮੀਆਂ!" ਉਹਨੇ ਮਿਆਨ ਸਣੇ ਕਿਰਪਾਨ ਉਹਦੀਆਂ ਬਾਹਵਾਂ 'ਤੇ ਮਾਰੀ। ਉਹ ਗਰਜ ਰਿਹਾ ਸੀ।

"ਤੂੰ ਮੈਨੂੰ ਮੁਖ਼ਬਰ ਬਣਾ 'ਤਾ ਕੰਜਰਾ! ਮੈਂ ਦੁਨੀਆਂ ਸਾਹਮਣੇਂ ਕਿਤੇ ਮੂੰਹ ਦੇਣ ਜੋਗਾ ਨਹੀਂ ਰਹਿ ਗਿਆ। ਹਰਾਮੀਆਂ! ਕਲੰਕ ਲਵਾ 'ਤਾ ਈ ਮੇਰੇ ਮੱਥੇ 'ਤੇ। ਮੇਰੇ ਪਿੰਡ ਦੇ ਮੱਥੇ 'ਤੇ। ਮੇਰੀ ਉਮਰ ਭਰ ਦੀ ਕਮਾਈ ਮਿੱਟੀ ਚ ਰੋੜ੍ਹ 'ਤੀ। ਮੁੰਡਿਆਂ ਨੇ ਤਾਂ ਜੋ ਉਹ ਕਰਦੇ ਸਨ, ਅੱਜ ਭਲਕ ਮਰਨਾ ਈ ਸੀ। ਪਰ ਤੂੰ ਉਨ੍ਹਾਂ ਦੀ ਮੌਤ ਮੇਰੇ ਲੇਖੇ ਕਿਉਂ ਪਾ 'ਤੀ। ਦੱਲਾ ਬਣਾ 'ਤਾ ਤੂੰ ਮੈਨੂੰ।"

ਪੁਲਿਸ ਦੇ ਬੰਦੇ ਭੱਜ ਕੇ ਬਾਹਰ ਨਿਕਲੇ।

ਪਹਿਲਾਂ ਉਹ ਤਲਵਾਰ ਨੂੰ ਮਿਆਨੋਂ ਕੱਢਣ ਲੱਗਾ ਪਰ ਫਿਰ ਕੁਝ ਸੋਚ ਕੇ ਉਸਨੇ ਥਾਣੇਦਾਰ ਦੀ ਪੇਟੀ ਨਾਲ ਲਮਕਦੇ ਰੀਵਾਲਵਰ ਨੂੰ ਹੱਥ ਪਾ ਲਿਆ। ਥਾਣੇਦਾਰ ਨੇ ਉਸਨੂੰ ਧੱਕਾ ਮਾਰ ਕੇ ਨਾਲੋਂ ਤੋੜਨਾ ਚਾਹਿਆ। ਪਰ ਉਹਦੇ ਹੱਥ ਤਾਂ ਲੋਹੇ ਦੇ ਬਣੇ ਹੋਏ ਸਨ। ਜੀਪ ਤੋਂ ਭੱਜ ਕੇ ਉਤਰੇ ਸਾਹੋ-ਸਾਹ ਹੋਏ ਹਵਾਲਦਾਰ ਨੇ ਉਸਨੂੰ ਪਿੱਛੋਂ ਦੀ ਜੱਫਾ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਝਟਕੇ ਨਾਲ ਉਸਦੇ ਜੱਫੇ 'ਚੋਂ ਨਿਕਲ ਗਿਆ। ਪੂਰੇ ਜ਼ੋਰ ਨਾਲ ਉਸਨੇ ਥਾਣੇਦਾਰ ਦਾ ਰੀਵਾਲਵਰ ਖਿਚ ਲਿਆ।

"ਕੁੱਤਿਆਂ ਮੈਂ ਤੈਨੂੰ ਮਾਰਨਾ ਨਹੀਂ। ਪਰ ਮੈਂ ਤੈਨੂੰ ਸੁੱਕਾ ਵੀ ਨਹੀਂ ਛੱਡਣਾ। ਤੇਰੇ ਲਹੂ ਨਾਲ ਮੈਂ ਆਪਣੇ ਮੱਥੇ 'ਤੇ ਲੱਗ ਗਈ ਕਾਲਖ਼ ਧੋਣੀ ਐਂ।" ਉਹਨੇ ਖੱਬੇ ਹੱਥ ਵਿਚ ਕਿਰਪਾਨ ਸੰਭਾਲੀ ਤੇ ਸੱਜੇ ਹੱਥ ਨਾਲ ਰੀਵਾਲਵਰ ਦਾ ਬੱਟ ਪੂਰੇ ਤਾਣ ਨਾਲ ਥਾਣੇਦਾਰ ਦੇ ਮੱਥੇ ਵਿਚ ਮਾਰਿਆ।

ਲਹੂ ਚੋਂਦੇ ਮੱਥੇ ਨੂੰ ਪੂੰਝਦਿਆਂ ਥਾਣਦੇਾਰ ਨੇ ਨਾਲ ਦੇ ਸਾਥੀਆਂ ਨੂੰ ਲਲਕਾਰਿਆ, "ਮਾਰਦੇ ਕਿਉਂ ਗੋਲੀ ਇਹਨੂੰ ਭੈਣ ਚੋਦੋ! ਜਦੋਂ ਮੈਨੂੰ ਮਾਰ ਈ ਦਊ, ਉਦੋਂ ਈ ਕੁਝ ਕਰੋਗੇ।"

ਸਿਪਾਹੀ ਨੇ ਸਟੇਨਗੰਨ ਸਿੱਧੀ ਕੀਤੀ ਤੇ ਨਿਸ਼ਾਨਾ ਬੰਨ੍ਹ ਕੇ ਗੋਲੀ ਚਲਾ ਦਿੱਤੀ। 'ਗੜ ਗੜ' ਹੋਈ ਤੇ ਅਗਲੇ ਪਲ ਅਰਜਨ ਸਿੰਘ ਜ਼ਮੀਨ 'ਤੇ ਡਿੱਗਾ, ਲਹੂ ਵਿਚ ਲੱਥ ਪੱਥ, ਤੜਫ਼ ਰਿਹਾ ਸੀ।

ਪਲਾਂ ਵਿਚ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ। ਇਹ ਕੀ ਭਾਣਾ ਵਾਪਰ ਗਿਆ ਸੀ!

ਰੁਮਾਲ ਨਾਲ ਮੱਥੇ ਤੋਂ ਲਹੂ ਪੂੰਝਦਾ ਹੋਇਆ ਥਾਣੇਦਾਰ ਕਦੇ ਮੁੱਠ-ਭੇੜ ਵਿਚ ਪਾਟ ਗਈ ਤੇ ਤਿਪ ਤਿਪ ਡੁੱਲ੍ਹਦੇ ਲਹੂ ਨਾਲ ਲਿਬੜ ਰਹੀ ਆਪਣੀ ਵਰਦੀ ਵੱਲ ਵੇਖ ਰਿਹਾ ਸੀ; ਕਦੀ ਜ਼ਮੀਨ 'ਤੇ ਡਿੱਗੇ ਅਰਜਨ ਸਿੰਘ ਵੱਲ। ਲਹੂ ਚੋ ਚੋ ਕੇ ਉਹਦੇ ਚਿਹਰੇ ਤੇ ਅੱਖਾਂ ਨੂੰ ਭਿਉਂ ਰਿਹਾ ਸੀ।

ਪੁਲਿਸ ਨੇ ਦਬਕਾ ਮਾਰ ਕੇ ਭੀੜ ਨੂੰ ਪਾਸੇ ਹਟ ਜਾਣ ਲਈ ਕਿਹਾ। ਲੋਕ ਦੂਰ ਜਾ ਕੇ ਖੜੇ ਹੋ ਗਏ। ਜਿਨ੍ਹਾਂ ਕੁਝ ਇਕ ਜਣਿਆਂ ਨੇ ਆਪਣੀ ਹਾਜ਼ਰੀ ਵਿਚ ਘਟਨਾ ਵਾਪਰਦੀ ਵੇਖੀ ਸੀ, ਉਹ ਡਰੇ-ਸਹਿਮੇ ਵੀ ਸਨ ਤੇ ਹੁਲਾਸ ਵਿਚ ਵੀ ਸਨ। ਕੰਬਦੇ, ਸਹਿਮੇਂ ਤੇ ਉਤਸ਼ਾਹੀ ਬੋਲਾਂ ਨਾਲ ਉਹ ਘਟਨਾ ਦਾ ਬਿਆਨ ਕਰ ਰਹੇ ਸਨ। ਵਧਾ ਚੜ੍ਹਾ ਕੇ ਅਰਜਨ ਸਿੰਘ ਦੀ ਬਹਾਦਰੀ ਤੇ ਜਵਾਂ-ਮਰਦੀ ਦੀ ਕਹਾਣੀ ਸੁਣਾ ਰਹੇ ਸਨ।

"ਨਹੀਂ ਉਏ ਰੀਸਾਂ! ਸਾਡੇ ਸੂਰਮੇ ਬਾਪੂ ਦੀਆਂ! ਓਸ ਬੱਬਰ ਸ਼ੇਰ ਦੀਆਂ!" ਕਿਸੇ ਨੇ ਜੋਸ਼ ਵਿਚ ਭਰ ਕੇ ਪਰ ਪੁਲਿਸ ਤੋਂ ਡਰਦਿਆਂ ਹੌਲੀ ਜਿਹੀ ਆਖਿਆ।

ਭੀੜ ਤੋਂ ਪਰ੍ਹੇ ਇਕ ਪਾਸੇ ਆਣ ਖਲੋਤਾ ਅਕਾਲੀ ਭਜਨ ਸਿੰਘ ਆਪਣੇ ਨਾਲ ਖਲੋਤੇ ਸਾਥੀ ਨੂੰ ਹੌਲੀ ਜਿਹੀ ਕਹਿੰਦਾ, "ਇਹੋ ਜਿਹੇ ਇੰਜ ਈ ਕੁੱਤੇ ਦੀ ਮੌਤ ਮਰਦੇ ਹੁੰਦੇ ਨੇ। ਜਿਹੜੇ ਨਾ ਏਧਰ ਹੋਣ ਨਾ ਓਧਰ।"

"ਸ਼ਰਮ ਕਰ ਓ ਭਜਨ ਸਿਆਂ! ਉਂਜ 'ਅਕਾਲੀ' ਬਣਿਆਂ ਫਿਰਦੈਂ!" ਨਾਲ ਦੇ ਗਾਲ੍ਹ ਕੱਢਣ ਵਾਂਗ ਆਖਿਆ।

"ਠਾਣੇਦਾਰ ਨੇ ਤਾਂ ਆਪਣੀ ਡਿਊਟੀ ਨਿਭਾਉਣੀ ਸੀ! ਪਹਿਲਾਂ ਮੁੰਡਿਆਂ ਦੀ ਸੂਹ ਨਾ ਦਿੰਦਾ ਇਹ!" ਭਜਨ ਸਿੰਘ ਅਜੇ ਵੀ ਆਪਣੀ ਗੱਲ 'ਤੇ ਕਾਇਮ ਸੀ।

"ਕੋਈ ਨਹੀਂ; ਉਹਨੇ ਵੀ ਆਪਣੀ ਡਿਊਟੀ ਨਿਭਾ ਦਿੱਤੀ ਆ।"

ਭਜਨ ਸਿੰਘ ਦੇ ਮੋਢੇ 'ਤੇ ਕਿਸੇ ਨੇ ਹੱਥ ਰੱਖਿਆ।

ਇਹ ਪਿੱਛੇ ਆ ਖਲੋਤਾ ਬਾਬੇ ਦਾ ਮੁੰਡਾ ਜਗਜੀਤ ਸਿੰਘ ਸੀ ਜਿਹੜਾ ਕਿਸੇ ਦੁਕਾਨ ਤੋਂ ਹਾਦਸੇ ਦੀ ਖ਼ਬਰ ਸੁਣਕੇ ਭੱਜਾ ਆਇਆ ਸੀ।

ਜਗਜੀਤ ਕਾਹਲੀ ਨਾਲ ਖ਼ੂੰਨ ਵਿਚ ਲਿੱਬੜੇ ਬਾਪੂ ਦੀ ਲਾਸ਼ ਵੱਲ ਵਧਿਆ। ਲਹੂ ਦਾ ਛੱਪੜ ਲੱਗਾ ਹੋਇਆ ਸੀ। ਛਾਤੀ ਗੋਲੀਆਂ ਨਾਲ ਛਲਣੀ ਹੋਈ ਪਈ ਸੀ। ਤੇ ਛਾਤੀ ਦੇ ਨਾਲ ਹੀ ਖੱਬੇ ਪਾਸੇ ਉਸਦੀ ਮੁੱਠ ਵਿਚ ਘੁੱਟੀ ਉਹਦੇ ਬਾਬੇ ਦੀ ਕਿਰਪਾਨ ਪਈ ਸੀ।

ਚੜ੍ਹਦੇ ਸੂਰਜ ਦੀਆਂ ਕਿਰਨਾਂ ਦੇ ਸੁਨਹਿਰੀ ਚਾਨਣ ਵਿਚ ਬਾਬੇ ਦੀ ਚਿੱਟੀ ਦਾੜ੍ਹੀ ਲਿਸ਼ ਲਿਸ਼ ਕਰ ਰਹੀ ਸੀ।

*waryamsandhu@gmail.com*
*1-905-970-1526*

# ਸ਼ੇਰ ਵਰਗੀ ਆਵਾਜ਼ ਦੇ ਮਾਲਕ ਸਨ ਅਭਿਨੇਤਾ ਅਜੀਤ

## ਓਲਡ ਇਜ਼ ਗੋਲਡ

ਪ੍ਰਸਿੱਧ ਫ਼ਿਲਮ ਅਦਾਕਾਰ ਅਜੀਤ, ਜਿਨ੍ਹਾਂ ਨੂੰ ਸਾਰੀ ਦੁਨੀਆਂ 'ਲਾਇਨ' ਦੇ ਨਾਂ ਨਾਲ ਜਾਣਦੀ ਹੈ, ਉਨ੍ਹਾਂ ਦੀ ਆਵਾਜ਼ ਸ਼ੇਰ ਵਾਂਗ ਬੁਲੰਦ ਸੀ। ਪੰਜ ਦਹਾਕਿਆਂ ਤੱਕ ਭਾਰਤੀ ਫ਼ਿਲਮ ਜਗਤ 'ਚ ਛਾਏ ਰਹੇ। ਪਰਦੇ 'ਤੇ ਅਜੀਤ ਦੀ ਆਮਦ ਨਾਲ ਹੀ ਦਰਸ਼ਕਾਂ ਦੇ ਦਿਲ ਦਹਿਲ ਉਠਦੇ ਸਨ ਅਤੇ ਉਨ੍ਹਾਂ ਦੀ ਛੇ ਫੁੱਟੀ ਮਰਦਾਨਗੀ ਨਾਲ ਭਰਪੂਰ ਸ਼ਖਸੀਅਤ ਦੇ ਸਾਹਮਣੇ ਹੀਰੋ ਵੀ ਬੌਣਾ ਨਜ਼ਰ ਆਉਂਦਾ ਸੀ। ਅਜੀਤ ਦੇ ਫ਼ਿਲਮੀ ਸਫਰ ਦੀ ਸ਼ੁਰੂਆਤ ਸੰਨ 1943 'ਚ ਹੋਈ ਸੀ। ਬੇਹੱਦ ਖ਼ੂਬਸੂਰਤ ਸ਼ਖਸੀਅਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜੂਨੀਅਰ ਆਰਟਿਸਟ ਬਣਨ 'ਚ ਵੀ ਕਾਫੀ ਸੰਘਰਸ਼ ਕਰਨਾ ਪਿਆ। ਦੂਜੀ ਵਿਸ਼ਵ ਜੰਗ ਦੇ ਉਸ ਦੌਰ 'ਚ ਛੋਟੀਆਂ-ਛੋਟੀਆਂ ਦੋ ਚਾਰ ਰੀਲਾਂ ਦੀਆਂ ਫ਼ਿਲਮਾਂ ਬਣਦੀਆਂ ਸਨ। ਹੌਲੀ-ਹੌਲੀ ਉਹ ਇਨ੍ਹਾਂ ਫ਼ਿਲਮਾਂ 'ਚ ਮੁੱਖ ਕਿਰਦਾਰ ਕਰਨ ਲੱਗੇ।

ਸਟੰਟ ਫ਼ਿਲਮ 'ਸ਼ਾਹ-ਏ-ਮਿਸਰ' 'ਚ ਅਜੀਤ ਨੂੰ ਪਹਿਲੀ ਵਾਰ ਹੀਰੋ ਦੀ ਭੂਮਿਕਾ ਮਿਲੀ। ਫਿਰ 'ਜਨਮ ਪੱਤਰੀ', 'ਹਾਤਿਮਤਾਈ', 'ਨਾਸਤਿਕ', 'ਜੀਵਨਸਾਥੀ', 'ਆਪ ਬੀਤੀ', 'ਤਾਨਸੇਨ', 'ਸਿਕੰਦਰ', 'ਬੜਾ ਭਾਈ', 'ਚਿਲਮਨ', 'ਹਲਾਕੂ', 'ਆਨ ਬਾਨ', 'ਮੈਰੀਨ ਡ੍ਰਾਈਵ', 'ਸ਼ਹਿਜ਼ਾਦਾ', 'ਸਮਰਾਟ', 'ਰੇਸ ਕੋਰਸ' ਆਦਿ ਕੁਲ ਮਿਲਾ ਕੇ 87 ਫ਼ਿਲਮਾਂ 'ਚ ਉਨ੍ਹਾਂ ਨੇ ਹੀਰੋ ਦੀ ਭੂਮਿਕਾ ਸਫਲਤਾਪੂਰਵਕ ਨਿਭਾਈ। ਅਜੀਤ ਨੇ ਆਪਣੇ ਵੇਲੇ ਦੀਆਂ ਸਾਰੀਆਂ ਪ੍ਰਸਿੱਧ ਨਾਇਕਾਵਾਂ ਬਨਮਾਲਾ, ਗੀਤਾ ਬਾਲੀ, ਮਧੂਬਾਲਾ, ਸੁਰੱਈਆ, ਨਲਿਨੀ ਜੈਵੰਤ, ਮੀਨਾ ਕੁਮਾਰੀ, ਨਿੰਮੀ, ਮੁਮਤਾਜ਼, ਬੀਨਾ ਰਾਏ, ਸ਼ਕੀਲਾ, ਹੈਲੇਨ ਆਦਿ ਨਾਲ ਹੀਰੋ ਦੇ ਰੂਪ 'ਚ ਕੰਮ ਕੀਤਾ। ਨਲਿਨੀ ਜੈਵੰਤ ਨਾਲ ਉਨ੍ਹਾਂ ਦੀ ਫ਼ਿਲਮ 'ਨਾਸਤਿਕ' ਨੇ ਸਿਲਵਰ ਜੁਬਲੀ ਮਨਾਈ ਸੀ।

ਅਜੀਤ ਨੇ ਸੰਨ 1966 ਤਕ ਨਾਇਕ ਤੋਂ ਇਲਾਵਾ ਕੁਝ ਇਕ ਫ਼ਿਲਮਾਂ 'ਚ ਸਹਿਨਾਇਕ ਦੇ ਖਾਸ ਕਿਰਦਾਰ ਵੀ ਨਿਭਾਏ। 'ਮੁਗਲ-ਏ-ਆਜ਼ਮ' 'ਚ ਸੈਨਾਪਤੀ ਦੁਰਜਨ ਸਿੰਘ ਦੇ ਖਾਸ ਕਿਰਦਾਰ ਅਤੇ ਦਮਦਾਰ ਅਦਾਕਾਰੀ ਲਈ ਉਨ੍ਹਾਂ ਨੂੰ ਅੱਜ ਵੀ ਚੇਤੇ ਕੀਤਾ ਜਾਂਦਾ ਹੈ। ਇਸ ਪਿਛੋਂ ਫ਼ਿਲਮੀ ਜ਼ਿੰਦਗੀ ਦੇ ਦੂਜੇ ਦੌਰ 'ਚ ਅਜੀਤ ਨੇ ਸਮੇਂ ਅਤੇ ਹਾਲਾਤ ਨਾਲ ਖ਼ੁਦ ਨੂੰ ਬਦਲਿਆ ਅਤੇ ਰਾਜਿੰਦਰ ਕੁਮਾਰ ਦੀ ਫ਼ਿਲਮ 'ਸੂਰਜ' 'ਚ ਖਲਨਾਇਕ ਦੇ ਰੂਪ 'ਚ ਉਨ੍ਹਾਂ ਨੇ ਪਹਿਲੀ ਵਾਰ ਕੰਮ ਕਰਦਿਆਂ ਆਪਣੀ ਅਭਿਨੈ ਸਮਰੱਥਾ ਦਾ ਲੋਹਾ ਮੰਨਵਾਇਆ।



'ਆਦਮੀ ਔਰ ਇਨਸਾਨ', 'ਜ਼ੰਜ਼ੀਰ', 'ਖੋਟੇ ਸਿੱਕੇ', 'ਜੁਗਨੂੰ', 'ਪ੍ਰਤਿਗਿਆ', 'ਧਰਮਾ', 'ਗੱਦਾਰ', 'ਯਾਦੋਂ ਕੀ ਬਾਰਾਤ', 'ਚਰਸ' ਅਤੇ 'ਕਾਲੀਚਰਨ' ਵਰਗੀਆਂ ਫ਼ਿਲਮਾਂ 'ਚ ਅਜੀਤ ਨੇ ਖਲਨਾਇਕ ਦੇ ਰੂਪ 'ਚ ਆਪਣੀ ਖਾਸ ਇਮੇਜ ਸਥਾਪਤ ਕੀਤੀ। ਫ਼ਿਲਮ 'ਕਾਲੀਚਰਨ' 'ਚ ਆਪਣੇ ਦਮਦਾਰ ਡਾਇਲਾਗ 'ਡੀ. ਐਸ. ਪੀ. ਸਾਹਿਬ ਸਾਰਾ ਸ਼ਹਿਰ ਮੁਝੇ ਲਾਇਨ ਕੇ ਨਾਮ ਸੇ ਜਾਨਤਾ ਹੈ'' ਤੋਂ ਬਾਅਦ ਉਹ ਲਾਇਨ ਦੇ ਰੂਪ 'ਚ ਪ੍ਰਸਿੱਧ ਹੋ ਗਏ। ਅਜੀਤ ਦੀ ਸ਼ਾਨਦਾਰ ਸ਼ਖਸੀਅਤ, ਰੋਹਬਦਾਰ ਬੁਲੰਦ ਆਵਾਜ਼ ਅਤੇ ਸੰਵਾਦ ਅਦਾਇਗੀ ਦੇ ਅਨੋਖੇ ਅੰਦਾਜ਼ ਨੇ ਉਨ੍ਹਾਂ ਨੂੰ ਭਾਰੀ ਲੋਕਪ੍ਰਿਯਤਾ ਦਿਵਾਈ। ਅੱਜ ਵੀ ਸੈਂਕੜੇ ਕਲਾਕਾਰ ਉਨ੍ਹਾਂ ਦੀ ਆਵਾਜ਼ ਦੀ ਨਕਲ ਕਰਦੇ ਹਨ। ਅਜੀਤ ਨੇ ਹਿੰਦੀ ਫ਼ਿਲਮ ਜਗਤ 'ਚ ਖਲਨਾਇਕ ਦੇ ਅਕਸ ਨੂੰ ਇਕ ਨਵਾਂ ਪਹਿਲੂ ਦਿੱਤਾ। ਤਹਿਜ਼ੀਬ ਨਾਲ ਸਿਗਾਰ ਸੁਲਗਾਉਂਦੇ ਹੋਏ ਅਜੀਤ ਖਲਨਾਇਕ ਦੇ ਰੂਪ 'ਚ ਵੀ ਸ਼ਾਲੀਨਤਾ ਨਾਲ, ਆਤਮ ਵਿਸ਼ਵਾਸ ਅਤੇ ਸ਼ਾਨ ਨਾਲ ਅਦਾਕਾਰੀ ਕਰਦੇ ਸਨ। ਲਾਇਨ-ਮੋਨਾ ਡਾਰਲਿੰਗ, ਰਾਬਰਟ, ਪੀਟਰ ਆਦਿ ਉਨ੍ਹਾਂ ਦੀ ਖਲਨਾਇਕੀ ਦੇ ਗੈਟਅੱਪ ਦੇ ਅਟੁੱਟ ਅੰਗ ਸਨ। ਉਨ੍ਹਾਂ ਨੇ ਨਾਸਮਝੀ ਵਾਲੇ ਵਿਲੇਨ ਦੇ ਰੋਲ ਕਦੇ ਨਹੀਂ ਕੀਤੇ ਅਤੇ ਜੋ ਵੀ ਰੋਲ ਕੀਤੇ, ਉਨ੍ਹਾਂ ਨੂੰ ਯਾਦਗਾਰ ਬਣਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਪਹਿਲਾਂ ਇਕ ਫ੍ਰੈਂਚ ਕੁੜੀ ਨਾਲ ਵਿਆਹ ਕੀਤਾ ਅਤੇ ਤਲਾਕ ਵੀ ਲਿਆ, ਫਿਰ ਪਿਤਾ ਦੀ ਪਸੰਦ ਮੁਤਾਬਕ ਉਨ੍ਹਾਂ ਨੇ ਸ਼ਾਹਿਦਾ ਨਾਲ ਦੂਜਾ ਵਿਆਹ ਕੀਤਾ ਅਤੇ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਉਸ ਨਾਲ ਕਾਫੀ ਸੁਖਾਵੀਂ ਰਹੀ। ਅਜੀਤ ਦੇ ਤਿੰਨ ਬੇਟੇ ਹਨ, ਜੋ ਫ਼ਿਲਮੀ ਚਕਾਚੌਂਧ ਤੋਂ ਕਾਫੀ ਦੂਰ ਹਨ।

ਸਾਲ 1984 'ਚ ਅਜੀਤ ਨੇ ਫ਼ਿਲਮ 'ਰਾਜਤਿਲਕ' 'ਚ ਕੰਮ ਕੀਤਾ ਸੀ, ਉਦੋਂ ਤੱਕ ਫ਼ਿਲਮਾਂ ਦਾ ਮਾਹੌਲ ਕਾਫੀ ਬਦਲ ਗਿਆ ਸੀ, ਨਵੇਂ ਹੀਰੋ-ਹੀਰੋਇਨਾਂ ਨੇ ਸੀਨੀਅਰ ਕਲਾਕਾਰਾਂ ਦੀ ਇੱਜ਼ਤ ਕਰਨਾ ਬੰਦ ਕਰ ਦਿੱਤਾ ਸੀ। ਸਮੇਂ ਦੇ ਪਾਬੰਦ ਅਜੀਤ ਹਮੇਸ਼ਾ ਸਹੀ ਸਮੇਂ 'ਤੇ ਸੈਟ 'ਤੇ ਆ ਕੇ ਨਵੇਂ ਸਿਤਾਰਿਆਂ ਲਈ ਸਾਰਾ ਦਿਨ ਉਡੀਕ ਕਰਦੇ ਸਨ। ਵਿਲੇਨ ਦੇ ਕਿਰਦਾਰ ਵੀ ਬੇਤੁਕੇ ਹੋਣ ਲੱਗੇ ਸਨ, ਇਸ ਲਈ ਅਜੀਤ ਇਸ ਮਾਹੌਲ ਤੋਂ ਅੱਕ ਕੇ ਬਾਇੱਜ਼ਤ ਫ਼ਿਲਮਾਂ ਤੋਂ ਵਿਦਾ ਹੋ ਕੇ ਹੈਦਰਾਬਾਦ ਜਾ ਕੇ ਆਪਣੇ ਫਾਰਮ ਹਾਊਸ 'ਚ ਅੰਗੂਰਾਂ ਦੀ ਖੇਤੀ 'ਚ ਰੁੱਝ ਗਏ। ਇਸ ਤੋਂ ਅੱਠ ਸਾਲਾਂ ਬਾਅਦ ਅਜੀਤ ਫ਼ਿਲਮੀ ਦੁਨੀਆਂ 'ਚ ਵਾਪਸ ਆਏ। ਉਨ੍ਹਾਂ ਨੇ 'ਪੁਲਿਸ ਅਫ਼ਸਰ', 'ਜਿਗਰ', 'ਆ ਗਲੇ ਲਗ ਜਾ', 'ਗੈਂਗਸਟਰ' ਆਦਿ ਕੁਝ ਫ਼ਿਲਮਾਂ 'ਚ ਅਦਾਕਾਰੀ ਕੀਤੀ ਅਤੇ ਫ਼ਿਰ ਫ਼ਿਲਮਾਂ 'ਚ ਮਨ ਨਾ ਲੱਗਣ ਕਾਰਨ ਉਹ ਵਾਪਸ ਹੈਦਰਾਬਾਦ ਪਰਤ ਗਏ। ਪੰਜ ਦਹਾਕਿਆਂ ਦੇ ਫ਼ਿਲਮੀ ਕੈਰੀਅਰ 'ਚ ਅਜੀਤ ਨੇ ਹਿੰਦੀ ਫ਼ਿਲਮਾਂ 'ਚ ਦਰਸ਼ਕਾਂ ਤੋਂ ਭਰਪੂਰ ਪਿਆਰ ਅਤੇ ਸਤਿਕਾਰ ਪ੍ਰਾਪਤ ਕੀਤਾ ਪਰ ਇਹ ਤ੍ਰਾਸਦੀ ਹੀ ਹੈ ਕਿ ਸਰਵੋਤਮ ਅਦਾਕਾਰੀ ਦੇ ਬਾਵਜੂਦ ਉਨ੍ਹਾਂ ਨੂੰ ਐਵਾਰਡਾਂ ਲਈ ਕਦੇ ਵੀ ਨਹੀਂ ਚੁਣਿਆ ਗਿਆ।

ਅਜੀਤ ਲਈ ਅਸਲ ਐਵਾਰਡ ਦਰਸ਼ਕ ਦੀ ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਅਤੇ ਲੋਕਪ੍ਰਿਯਤਾ ਹੀ ਸੀ। ਮੌਤ ਨੇ ਅਜੀਤ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਪਰ ਫ਼ਿਲਮੀ ਪਰਦੇ ਅਤੇ ਦਰਸ਼ਕਾਂ ਦੇ ਦਿਲਾਂ 'ਚ ਲਾਇਨ ਅਜੀਤ ਹਮੇਸ਼ਾ ਅਮਰ ਰਹਿਣਗੇ।

# ਅਭਿਨੇਤਾ ਬਣਨ ਮੁੰਬਈ ਆਏ ਸਨ ਖੱਯਾਮ

ਮਹਾਨ ਸੰਗੀਤਕਾਰ ਖੱਯਾਮ ਦਾ ਪੂਰਾ ਨਾਂ ਮੁਹੰਮਦ ਜਹੂਰ ਖੱਯਾਮ ਹੈ। ਉਨ੍ਹਾਂ ਨੇ ਇਕ ਤੋਂ ਵਧ ਕੇ ਇਕ ਫ਼ਿਲਮੀ ਗੀਤਾਂ ਨੂੰ ਮਿੱਠੀਆਂ ਧੁਨਾਂ ਨਾਲ ਸਜਾਇਆ ਹੈ ਪਰ ਇਕ ਵੇਲਾ ਸੀ, ਜਦੋਂ ਉਹ ਫ਼ਿਲਮਾਂ 'ਚ ਅਦਾਕਾਰੀ ਕਰਨਾ ਚਾਹੁੰਦੇ ਸਨ, ਹੀਰੋ ਬਣਨਾ ਚਾਹੁੰਦੇ ਸਨ ਨਾ ਕਿ ਸੰਗੀਤਕਾਰ। ਉਸ ਜ਼ਮਾਨੇ 'ਚ ਹੀਰੋ ਬਣਨ ਲਈ ਨਾਇਕ ਦਾ ਸੰਗੀਤ ਬਾਰੇ ਜਾਣਨਾ ਵੀ ਬਹੁਤ ਜ਼ਰੂਰੀ ਹੁੰਦਾ ਸੀ, ਇਸ ਲਈ ਉਹ ਪਹੁੰਚ ਗਏ ਲਾਹੌਰ, ਮਸ਼ਹੂਰ ਸੰਗੀਤਕਾਰ ਬਾਬਾ ਚਿਸ਼ਤੀ ਕੋਲ ਤੇ ਲਾਹੌਰ ਜਾਣ ਨਾਲ ਖੱਯਾਮ ਹੀਰੋ ਦੀ ਥਾਂ ਸੰਗੀਤਕਾਰ ਬਣ ਗਏ। 1953 'ਚ ਉਨ੍ਹਾਂ ਨੇ ਫ਼ਿਲਮ 'ਫੁੱਟਪਾਥ' 'ਚ ਸੰਗੀਤ ਦਿੱਤਾ, ਇਸ ਫ਼ਿਲਮ ਦਾ ਗੀਤ 'ਸ਼ਾਮੇ ਗਮ ਕੀ ਕਸਮ', ਜਿਸ ਨੂੰ ਗਾਇਆ ਸੀ ਤਲਤ ਮਹਿਮੂਦ ਨੇ, ਗੀਤ ਸੁਪਰਹਿੱਟ ਹੋਇਆ ਸੀ। ਤਾਂ ਇਸ ਤਰ੍ਹਾਂ ਸ਼ੁਰੂ ਹੋਇਆ ਇਕ ਮਹਾਨ ਸੰਗੀਤਕਾਰ ਦਾ ਸੰਗੀਤਮਈ ਸਫਰ।

ਪਿਛਲੇ ਦਿਨੀਂ ਸੰਗੀਤ ਕੰਪਨੀ ਸਾਰੇਗਾਮਾ ਵਲੋਂ ਰਿਲੀਜ਼ ਕੀਤੀ ਗਈ 'ਪਰੀਚੈ' ਸੀਰੀਜ਼ ਦੇ ਮੌਕੇ 'ਤੇ ਖੱਯਾਮ ਸਾਹਿਬ ਨੇ ਸਾਨੂੰ ਆਪਣੀਆਂ ਬਹੁਤ ਸਾਰੀਆਂ ਯਾਦਾਂ ਤੋਂ ਜਾਣੂ ਕਰਵਾਇਆ।

ਖੱਯਾਮ ਸਾਹਿਬ ਦੇ ਇਸ ਐਮ. ਪੀ. 3 'ਚ ਉਨ੍ਹਾਂ ਵਲੋਂ ਸੰਗੀਤਬੱਧ ਕੀਤੇ ਗਏ 40 ਗੀਤ ਹਨ, ਜਿਨ੍ਹਾਂ 'ਚ 'ਅਕੇਲੇ ਮੇਂ ਵੋ ਘਬਰਾਤੇ ਤੋ ਹੋਂਗੇ', 'ਸ਼ਾਮੇਂ ਗਮ ਕੀ ਕਸਮ', 'ਬਹਾਰੋ ਮੇਰਾ ਜੀਵਨ ਭੀ ਸਵਾਰੋ', 'ਜੀਤ ਹੀ ਲੇਂਗੇ ਬਾਜ਼ੀ ਹਮ ਤੁਮ', 'ਕਭੀ ਕਭੀ ਮੇਰੇ ਦਿਲ ਮੇਂ", 'ਆਜਾ ਰੇ ਓ ਮੇਰੇ ਦਿਲਬਰ ਆਜਾ', 'ਦਿਲ ਚੀਜ਼ ਕਯਾ ਹੈ', 'ਨਾ ਜਾਨੇ ਕਯਾ ਹੂਆ', 'ਫਿਰ ਛਿੜੀ ਰਾਤ', 'ਹਜ਼ਾਰ ਰਾਹੇਂ ਮੁੜ ਕਰ ਦੇਖੀਂ", 'ਪਿਆਰ ਕਾ ਦਰਦ', 'ਯੇਹ ਕਯਾ ਜਗਹ ਹੈ ਦੋਸਤੋ' ਆਦਿ ਗੀਤ ਸ਼ਾਮਲ ਹਨ।



ਪਿਛਲੇ ਦਿਨੀਂ ਖੱਯਾਮ ਸਾਹਿਬ ਨੂੰ ਫ਼ਿਲਮ ਫੇਅਰ ਵਲੋਂ 2010 ਦਾ 'ਲਾਈਫ ਟਾਈਮ ਐਚੀਵਮੈਂਟ' ਮਿਲਿਆ ਹੈ। ਉਨ੍ਹਾਂ ਨੂੰ ਇਹ ਐਵਾਰਡ ਗਾਇਕਾ ਆਸ਼ਾ ਭੌਂਸਲੇ ਦੇ ਹੱਥੋਂ ਮਿਲਿਆ। ਇਸ ਐਵਾਰਡ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਬਹੁਤ ਹੀ ਚੰਗਾ ਲੱਗਾ ਇਹ ਐਵਾਰਡ ਪ੍ਰਾਪਤ ਕਰਕੇ, ਜਦੋਂ ਵੀ ਕੋਈ ਐਵਾਰਡ ਮਿਲਦਾ ਹੈ ਤਾਂ ਬਹੁਤ ਖੁਸ਼ੀ ਹੁੰਦੀ ਹੈ। ਇਸ ਐਵਾਰਡ ਬਾਰੇ ਬਹੁਤ ਲੋਕਾਂ ਨੇ ਕਿਹਾ ਕਿ ਮੈਨੂੰ ਇਹ ਐਵਾਰਡ ਦੇਰ ਨਾਲ ਮਿਲਿਆ ਹੈ ਪਰ ਮੈਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ ਹੈ ਕਿਉਂਕਿ ਮੇਰਾ ਮੰਨਣੈ ਕਿ ਹਰ ਚੀਜ਼ ਦਾ ਆਪਣਾ ਇਕ ਸਮਾਂ ਹੁੰਦਾ ਹੈ ਅਤੇ ਹੁਣ ਮੇਰਾ ਸਮਾਂ ਆਇਆ ਹੈ।

ਆਸ਼ਾ ਭੌਂਸਲੇ ਬਾਰੇ ਉਨ੍ਹਾਂ ਨੇ ਕਿਹਾ ਕਿ ਆਸ਼ਾ ਜੀ ਬਹੁਤ ਹੀ ਕਮਾਲ ਦਾ ਗਾਉਂਦੇ ਹਨ। ਫ਼ਿਲਮ 'ਉਮਰਾਵ ਜਾਨ' ਦੀਆਂ ਗ਼ਜ਼ਲਾਂ ਨੂੰ ਆਪਣੀ ਆਵਾਜ਼ 'ਚ ਗਾ ਕੇ ਉਨ੍ਹਾਂ ਨੇ ਉਨ੍ਹਾਂ ਨੂੰ ਅਮਰ ਬਣਾ ਦਿੱਤਾ ਹੈ। ਮੈਂ ਉਨ੍ਹਾਂ ਨੂੰ ਫ਼ਿਲਮ 'ਫੁਟਪਾਥ' 'ਚ ਕੈਬਰੇ ਡਾਂਸਰ ਦਾ ਗੀਤ ਗਵਾਇਆ ਅਤੇ ਨਾਇਕਾ ਮੀਨਾ ਕੁਮਾਰੀ ਲਈ ਵੀ ਮੈਂ ਹੀ ਉਨ੍ਹਾਂ ਤੋਂ ਗੀਤ ਗਵਾਏ।

83 ਸਾਲ ਦੀ ਉਮਰ 'ਚ ਵੀ ਉਨ੍ਹਾਂ 'ਚ ਉਹ ਕਮਾਲ ਦਾ ਉਤਸ਼ਾਹ ਹੈ, ਉਹ ਦੇਖਣ ਵਾਲਾ ਹੈ। ਗੱਲਾਂ ਦੌਰਾਨ ਕਦੇ-ਕਦੇ ਖੱਯਾਮ ਸਾਹਿਬ ਜੋਸ਼ 'ਚ ਆ ਜਾਂਦੇ ਹਨ ਅਤੇ ਗੀਤਾਂ ਨੂੰ ਗੁਣਗੁਣਾਉਣਾ ਵੀ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਨਾਲ ਗੱਲਾਂ ਕਰਨ ਵੇਲੇ ਤੁਹਾਨੂੰ ਕੁਝ ਵੀ ਬੋਲਣ ਦੀ ਲੋੜ ਨਹੀਂ ਹੁੰਦੀ। ਉਹ ਆਪਣੇ ਆਪ ਹੀ ਸਭ ਦੱਸਦੇ ਜਾਂਦੇ ਹਨ। ਉਨ੍ਹਾਂ ਨੇ ਦੱਸਿਆ, ''ਬੇਗ਼ਮ ਅਖ਼ਤਰ ਸਾਹਿਬਾ ਨੇ ਵੀ ਮੇਰੇ ਨਾਲ ਗਾਉਣ ਦੀ ਖਾਹਿਸ਼ ਜ਼ਾਹਿਰ ਕੀਤੀ, ਜਦੋਂ ਬੇਗਮ ਅਖ਼ਤਰ ਸਾਹਿਬਾ 60 ਸਾਲ ਦੇ ਸਨ, ਤਾਂ ਉਨ੍ਹਾਂ ਨੇ 'ਮੇਰੇ ਹਮਸਫਰ ਮੇਰੇ ਹਮ ਨਵਾ, ਮੁਝੇ ਦੋਸਤ ਬਨ ਕੇ ਦਗਾ ਨਾ ਦੇ' ਗਜ਼ਲ ਦੀ ਰਿਕਾਰਡਿੰਗ ਕੀਤੀ ਅਤੇ ਕਿਹਾ ਕਿ ਇਸ ਗ਼ਜ਼ਲ ਨੂੰ ਗਾ ਕੇ ਮੈਨੂੰ ਅੱਜ ਅਜਿਹਾ ਲੱਗਾ ਹੈ ਕਿ ਜਿਵੇਂ ਅੱਜ ਮੇਰੀ ਆਵਾਜ਼ 60 ਸਾਲ ਦੀ ਨਹੀਂ ਸਗੋਂ 24 ਸਾਲ ਦੀ ਹੋ ਗਈ ਹੈ। ਅੱਜ ਮੇਰੀ ਆਵਾਜ਼ ਨੂੰ ਖੱਯਾਮ ਨੇ ਜਵਾਨ ਕਰ ਦਿੱਤਾ ਹੈ।

ਲਤਾ ਮੰਗੇਸ਼ਕਰ ਬਾਰੇ ਖੱਯਾਮ ਸਾਹਿਬ ਨੇ ਦੱਸਿਆ ਕਿ ਉਹ ਜਾਦੂ ਹੈ। ਉਸ ਦੀ ਆਵਾਜ਼ ਇਕ ਜਾਦੂ ਹੈ। ਜਦੋਂ ਮੈਂ ਫ਼ਿਲਮ 'ਰਜ਼ੀਆ ਸੁਲਤਾਨਾ' ਦਾ ਗੀਤ 'ਐ ਦਿਲੇ ਨਾਦਾਨ' ਬਣਾਇਆ ਅਤੇ ਲਤਾ ਨੇ ਉਸਨੂੰ ਗਾਇਆ। ਇਹ ਗੀਤ ਉਸ ਨੂੰ ਬਹੁਤ ਚੰਗਾ ਲੱਗਾ। ਉਸ ਨੂੰ ਜਦੋਂ ਵੀ ਕੋਈ ਧੁਨ ਪਸੰਦ ਆਉਂਦੀ ਹੈ ਤਾਂ ਉਹ ਕੁਝ ਕਹਿੰਦੀ ਨਹੀਂ, ਸਗੋਂ ਉਸ ਦੀਆਂ ਗੱਲ੍ਹਾਂ ਲਾਲ ਹੋ ਜਾਂਦੀਆਂ ਹਨ। ਉਹ ਮੁਸਕਰਾਉਂਦੀ ਹੈ, ਤਾਂ ਅਸੀਂ ਸਮਝ ਜਾਂਦੇ ਹਾਂ ਕਿ ਉਸ ਨੂੰ ਧੁਨ ਬਹੁਤ ਚੰਗੀ ਲੱਗੀ ਹੈ।

ਖੱਯਾਮ ਸਾਹਿਬ ਨੇ ਫ਼ਿਲਮਾਂ 'ਚ ਤਾਂ ਸ਼ਾਨਦਾਰ ਸੰਗੀਤ ਦਿੱਤਾ ਹੈ, ਇਸ ਦੇ ਨਾਲ ਨਾਲ ਉਨ੍ਹਾਂ ਨੇ ਕਈ ਟੀ. ਵੀ. ਲੜੀਵਾਰਾਂ 'ਚ ਵੀ ਸ਼ਾਨਦਾਰ ਸੰਗੀਤ ਦਿੱਤਾ ਹੈ। 1977 'ਚ ਫ਼ਿਲਮ 'ਕਭੀ-ਕਭੀ' ਅਤੇ 1982 'ਚ - 'ਉਮਰਾਵ ਜਾਨ' ਲਈ ਉਨ੍ਹਾਂ ਨੂੰ ਸਰਵੋਤਮ ਫ਼ਿਲਮ ਦਾ ਫ਼ਿਲਮ ਫੇਅਰ ਐਵਾਰਡ ਮਿਲਿਆ। ਉਨ੍ਹਾਂ ਨੇ ਦੱਸਿਆ ਕਿ ਜਿਥੇ ਇਕ ਪਾਸੇ ਇਸ ਫ਼ਿਲਮ ਲਈ ਉਨ੍ਹਾਂ ਨੇ 'ਕਭੀ ਕਭੀ ਮੇਰੇ ਦਿਲ ਮੇਂ" ਗੀਤ ਲਈ ਸ਼ਾਇਰਾਨਾ ਸੰਗੀਤ ਦਿੱਤਾ, ਉਥੇ ਹੀ ਦੂਜੇ ਪਾਸੇ ਨੌਜਵਾਨਾਂ ਲਈ 'ਤੇਰੇ ਚਿਹਰੇ ਸੇ' ਗੀਤ ਦੀ ਵੀ ਧੁਨ ਬਣਾਈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਫ਼ਿਲਮੀ ਗੀਤਾਂ 'ਚ ਨਜ਼ਮ ਨੂੰ ਖੱਯਾਮ ਸਾਹਿਬ ਨੇ ਹੀ ਲੋਕਪ੍ਰਿਯ ਕੀਤਾ ਹੈ। ਫ਼ਿਲਮ 'ਕਭੀ-ਕਭੀ- ਦੇ ਗੀਤ 'ਮੈਂ ਪਲ ਦੋ ਪਲ ਕਾ' ਅਤੇ 'ਮੇਰੇ ਘਰ ਆਈ ਏਕ ਨੰਨ੍ਹੀ ਪਰੀ' ਦੋਵੇਂ ਹੀ ਬਹੁਤ ਲੋਕਪ੍ਰਿਯ ਹੋਏ। ਇਹ ਦੋਵੇਂ ਹੀ ਨਜ਼ਮਾਂ ਹਨ। ਆਪਣੀ ਪਤਨੀ, ਜੋ ਕਿ ਖ਼ੁਦ ਲੋਕਪ੍ਰਿਯ ਗਾਇਕਾ ਹੈ, ਬਾਰੇ ਉਨ੍ਹਾਂ ਨੇ ਦੱਸਿਆ ਕਿ ਜਗਜੀਤ ਦਾ ਬਹੁਤ ਹੀ ਵੱਡਾ ਹੱਥ ਹੈ, ਜੋ ਮੈਂ ਅੱਜ ਇਥੋਂ ਤਕ ਪਹੁੰਚਿਆ ਹਾਂ। ਇਨ੍ਹਾਂ ਦਾ ਫ਼ਿਲਮ 'ਸ਼ਗੁਨ' ਦਾ ਗਾਇਆ ਗੀਤ 'ਤੁਮ ਅਪਨੇ ਰੰਜੋ ਗਮ' ਬਹੁਤ ਹੀ ਲੋਕਪ੍ਰਿਯ ਹੋਇਆ। ਇਸੇ ਤਰ੍ਹਾਂ 'ਦੇਖ ਲੋ ਆ ਹਮਕੋ ਜੀ ਭਰ ਕੇ' ਅਤੇ 'ਕਾਹੇ ਕੋ ਬਿਆਹੀ ਬਿਦੇਸ' ਵੀ ਬਹੁਤ ਲੋਕਪ੍ਰਿਯ ਹੋਏ ਹਨ। ਇਹੀ ਨਹੀਂ, ਜਦੋਂ ਵੀ ਮੈਂ ਕਿਸੇ ਫ਼ਿਲਮ ਦਾ ਸੰਗੀਤ ਤਿਆਰ ਕਰਦਾ ਹਾਂ ਤਾਂ ਜਗਜੀਤ ਹੀ ਮੇਰੀ ਮਦਦ ਕਰਦੀ ਹੈ। ਜਦੋਂ ਮੈਂ ਫ਼ਿਲਮ 'ਉਮਰਾਵ ਜਾਨ' ਦਾ ਸੰਗੀਤ ਤਿਆਰ ਕਰ ਰਿਹਾ ਸੀ, ਉਦੋਂ ਵੀ ਅਸੀਂ ਆਪਸ 'ਚ ਬਹੁਤ ਬਹਿਸ ਕਰਦੇ ਸੀ, ਤਾਂ ਕਿਤੇ ਜਾ ਕੇ ਕੋਈ ਧੁਨ ਬਣਦੀ ਸੀ।

'ਜ਼ਿੰਦਗੀ' ਤੇਰੀ ਬਜਮ ਮੇਂ" ਫ਼ਿਲਮ 'ਉਮਰਾਵ ਜਾਨ' ਦੀ ਗਜ਼ਲ ਅਸਲ 'ਚ ਜਗਜੀਤ ਨੇ ਹੀ ਬਣਾਈ ਹੈ।



# ਰਵਾਇਤੀ ਨਾਇਕਾ ਦੀ ਇਮੇਜ ਨੂੰ ਬਦਲਿਆ ਆਸ਼ਾ ਪਾਰੇਖ ਨੇ

ਆਸ਼ਾ ਪਾਰੇਖ ਨੂੰ ਬਾਲੀਵੁੱਡ ਦੀਆਂ ਉਨ੍ਹਾਂ ਅਭਿਨੇਤਰੀਆਂ 'ਚ ਸ਼ਾਮਲ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਫ਼ਿਲਮਾਂ 'ਚ ਰਵਾਇਤੀ ਨਾਇਕਾ ਦੀ ਇਮੇਜ ਨੂੰ ਬਦਲਣ 'ਚ ਅਹਿਮ ਯੋਗਦਾਨ ਦਿੱਤਾ। ਉਂਜ ਤਾਂ ਆਸ਼ਾ ਪਾਰੇਖ ਨੇ ਅਦਾਕਾਰੀ ਦੀ ਸ਼ੁਰੂਆਤ ਇਕ ਬਾਲ ਕਲਾਕਾਰ ਵਜੋਂ 1952 'ਚ ਪ੍ਰਦਰਸ਼ਿਤ ਫ਼ਿਲਮ 'ਆਸਮਾਨ' ਤੋਂ ਕੀਤੀ ਸੀ ਪਰ ਹੀਰੋਇਨ ਵਜੋਂ ਉਨ੍ਹਾਂ ਦੀ ਪਹਿਲੀ ਫ਼ਿਲਮ 'ਦਿਲ ਦੇ ਕੇ ਦੇਖੋ' 1959 'ਚ ਪ੍ਰਦਰਸ਼ਿਤ ਹੋਈ। ਇਸ 'ਚ ਉਨ੍ਹਾਂ ਦੇ ਹੀਰੋ ਸ਼ੰਮੀ ਕਪੂਰ, ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ ਕਿ ਸ਼ੰਮੀ ਕਪੂਰ ਨਾਲ ਜੇਕਰ ਹੀਰੋਇਨ ਦੇ ਰੂਪ 'ਚ ਕਿਸੇ ਸੋਟੀ ਨੂੰ ਵੀ ਖੜ੍ਹੀ ਕਰ ਦਿੱਤਾ ਜਾਵੇ ਤਾਂ ਉਹ ਵੀ ਹਿੱਟ ਹੋ ਜਾਂਦੀ ਹੈ। ਭਾਵੇਂ ਇਹ ਗੱਲ ਮਜ਼ਾਕ 'ਚ ਆਖੀ ਜਾਂਦੀ ਸੀ ਪਰ ਸੀ ਸੌ ਫੀਸਦੀ ਸੱਚ ਕਿਉਂਕਿ ਸ਼ੰਮੀ ਕਪੂਰ ਨਾਲ ਜਿੰਨੀਆਂ ਵੀ ਅਭਿਨੇਤਰੀਆਂ ਨੇ ਕੈਰੀਅਰ ਦੀ ਸ਼ੁਰੂਆਤ ਕੀਤੀ, ਲਗਭਗ ਸਾਰੀਆਂ ਅਭਿਨੇਤਰੀਆਂ ਸਫਲਤਾ ਦੀ ਸਿਖਰ ਤੱਕ ਪਹੁੰਚੀਆਂ।

ਆਸ਼ਾ ਪਾਰੇਖ ਵੀ ਇਸ ਦਾ ਬਦਲ ਨਹੀਂ ਹੈ ਅਤੇ ਫਿਰ ਉਹ ਤਾਂ ਸੀ ਵੀ ਕਮਾਲ ਦੀ ਅਦਾਕਾਰਾ। ਫ਼ਿਲਮ 'ਦਿਲ ਦੇ ਕੇ ਦੇਖੋ' 'ਚ ਕੂਹਣੀ ਤੋਂ ਕੁਝ ਹੇਠਾਂ ਤੱਕ ਬੰਦ ਬਾਹਾਂ ਵਾਲੀ ਸ਼ਰਟ ਪਹਿਨੀ ਸੀ, ਜਿਸ ਦਾ ਰਿਵਾਜ ਪਿੱਛੇ ਜਿਹੇ ਇਕ ਵਾਰ ਫਿਰ ਪਰਤਿਆ ਸੀ। ਆਸ਼ਾ ਪਾਰੇਖ ਛੇਵੇਂ ਅਤੇ ਸੱਤਵੇਂ ਦਹਾਕੇ ਦੀਆਂ ਉਨ੍ਹਾਂ ਅਭਿਨੇਤਰੀਆਂ 'ਚੋਂ ਹੈ, ਜਿਨ੍ਹਾਂ ਨੇ ਸਲੀਵਲੈਸ ਲਿਬਾਸਾਂ ਦੇ ਰੁਝਾਨ ਨੂੰ ਵਧਾਇਆ।

ਨਾਸਿਰ ਹੁਸੈਨ ਦੀ ਮਨਪਸੰਦ ਅਦਾਕਾਰਾ ਰਹੀ ਆਸ਼ਾ ਪਾਰੇਖ ਨੇ ਉਨ੍ਹਾਂ ਲਈ ਸੱਤ ਫ਼ਿਲਮਾਂ 'ਚ ਅਦਾਕਾਰੀ ਕੀਤੀ ਅਤੇ ਇਹ ਸਾਰੀਆਂ ਫ਼ਿਲਮਾਂ ਜ਼ਬਰਦਸਤ ਹਿੱਟ ਰਹੀਆਂ। 'ਦਿਲ ਦੇ ਕੇ ਦੇਖੋ ਤੋਂ ਇਲਾਵਾ ਇਨ੍ਹਾਂ ਫਿਲਮਾਂ 'ਚ 'ਜਬ ਪਿਆਰ ਕਿਸੀ ਸੇ ਹੋਤਾ ਹੈ', 'ਫਿਰ ਵਹੀ ਦਿਲ ਲਾਇਆ ਹੂੰ', 'ਤੀਸਰੀ ਮੰਜ਼ਿਲ', 'ਬਹਾਰੋਂ ਕੇ ਸਪਨੇ', 'ਪਿਆਰ ਕਾ ਮੌਸਮ', ਅਤੇ 'ਕਾਰਵਾਂ' ਸ਼ਾਮਲ ਹਨ।

ਨਾਸਿਰ ਹੁਸੈਨ ਦੀ ਕੰਪਨੀ 'ਚ ਹਿੱਸੇਦਾਰ ਰਹੀ ਆਸ਼ਾ ਪਾਰੇਖ ਦੀਆਂ ਉਕਤ ਫ਼ਿਲਮਾਂ ਨੇ ਜਿਥੇ ਉਨ੍ਹਾਂ ਦੀ ਇਮੇਜ ਇਕ ਟੌਮ ਬੁਆਏ ਦੇ ਰੂਪ 'ਚ ਬਣਾਈ, ਉਥੇ ਹੀ ਰਾਜ ਖੋਸਲਾ ਵਲੋਂ ਨਿਰਦੇਸ਼ਿਤ ਫ਼ਿਲਮਾਂ 'ਦੋ ਬਦਨ', 'ਚਿਰਾਗ' ਅਤੇ 'ਮੈਂ ਤੁਲਸੀ ਤੇਰੇ ਆਂਗਨ ਕੀ' ਨੇ ਉਨ੍ਹਾਂ ਨੂੰ ਇਕ ਗੰਭੀਰ ਅਦਾਕਾਰਾ ਦੇ ਰੂਪ 'ਚ ਸਥਾਪਤ ਕਰ ਦਿੱਤਾ। ਭਾਵੇਂ ਕਿ ਇਸ ਪਿਛੋਂ ਉਨ੍ਹਾਂ ਦਾ ਕੈਰੀਅਰ ਬਹੁਤਾ ਲੰਬਾ ਨਹੀਂ ਚੱਲਿਆ।

ਆਸ਼ਾ ਪਾਰੇਖ ਨੇ 'ਪਗਲਾ ਕਹੀਂ ਕਾ' ਵਰਗੀਆਂ ਫ਼ਿਲਮਾਂ 'ਚ ਨਾਟਕੀ ਕਿਰਦਾਰ ਵੀ ਨਿਭਾਏ। ਆਪਣੇ ਕੈਰੀਅਰ ਦੇ ਆਖਰੀ ਦੌਰ 'ਚ ਜਦੋਂ ਉਨ੍ਹਾਂ ਨੂੰ ਭਾਬੀ ਅਤੇ ਮਾਂ ਦੇ ਕਿਰਦਾਰਾਂ ਦੀ ਪੇਸ਼ਕਸ਼ ਹੋਣ ਲੱਗੀ ਤਾਂ ਇਸ ਮਹਾਨ ਅਦਾਕਾਰਾ ਨੇ ਫ਼ਿਲਮਾਂ ਤੋਂ ਕਿਨਾਰਾ ਕਰ ਲੈਣਾ ਹੀ ਸਹੀ ਸਮਝਿਆ। ਬਾਅਦ 'ਚ ਆਸ਼ਾ ਪਾਰੇਖ ਨੇ ਛੋਟੇ ਪਰਦੇ ਲਈ ਲੜੀਵਾਰਾਂ ਦਾ ਨਿਰਮਾਣ ਅਤੇ ਨਿਰਦੇਸ਼ਨ ਵੀ ਕੀਤਾ। ਆਸ਼ਾ ਪਾਰੇਖ ਦਾ ਨਾਂ ਉਨ੍ਹਾਂ ਦੀਆਂ ਸ਼ੁਰੂਆਤੀ ਫ਼ਿਲਮਾਂ ਦੇ ਨਿਰਮਾਤਾ-ਨਿਰਦੇਸ਼ਕ ਨਾਸਿਰ ਹੁਸੈਨ ਨਾਲ ਜੁੜਿਆ ਸੀ ਪਰ ਇਹ ਅਫਵਾਹ ਅਫਵਾਹ ਹੀ ਰਹੀ। ਆਸ਼ਾ ਪਾਰੇਖ ਅਜੇ ਤੱਕ ਕੁਆਰੀ ਹੈ ਅਤੇ 'ਅਨਅਪ੍ਰੋਚੇਬਲ' ਹੋਣ ਕਾਰਨ ਕਿਸੇ ਨੇ ਵਿਆਹ ਲਈ ਉਨ੍ਹਾਂ ਦਾ ਹੱਥ ਮੰਗਣ ਦੀ ਹਿੰਮਤ ਹੀ ਨਹੀਂ ਕੀਤੀ। ਉਂਜ ਉਨ੍ਹਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਆਪਣੇ ਮਾਤਾ-ਪਿਤਾ ਦੀ ਸੇਵਾ ਦੇ ਮੁੱਖ ਉਦੇਸ਼ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ।

ਲੋਕ ਭਲਾਈ ਦੀ ਭਾਵਨਾ ਨਾਲ ਓਤਪ੍ਰੋਤ ਆਸ਼ਾ ਪਾਰੇਖ ਨੇ ਮੁੰਬਈ ਦੇ ਸਾਂਤਾ ਕਰੂਜ਼ 'ਚ ਆਪਣੇ ਨਾਂ 'ਤੇ ਇਕ ਬਹੁਤ ਵੱਡਾ ਹਸਪਤਾਲ ਵੀ ਖੋਲ੍ਹਿਆ ਹੈ, ਜੋ ਲੰਬੇ ਸਮੇਂ ਤੋਂ ਦੀਨ-ਦੁਖੀਆਂ ਦੀ ਸੇਵਾ ਕਰ ਰਿਹਾ ਹੈ। ਨ੍ਰਿਤ 'ਚ ਨਿਪੁੰਨ ਆਸ਼ਾ ਪਾਰੇਖ ਡਾਂਸ ਅਕੈਡਮੀ ਵੀ ਚਲਾ ਰਹੀ ਹੈ।

# PATEL BROTHERS®

"Celebrating Our Food....Our Culture"

## *Bringing your homeland closer since 1974*

## ਸਮੂਹ ਗਾਹਕਾਂ ਅਤੇ ਸਰਪ੍ਰਸਤਾਂ ਨੂੰ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ

### ILLINOIS

HEADQUARTERS:
**PATEL BROTHERS**
2610 W. DEVON AVENUE
CHICAGO, IL 60659
T: 773.262.7777, 773.764.1857
F: 773.262.7914

**PATEL BROTHERS**
873 E. SCHAUMBURG ROAD
SCHAUMBURG, IL 60193
T: 847.524.1111

### CALIFORNIA

**PATEL BROTHERS**
2039 EL CAMINO REAL
SANTA CLARA, CA 95050
T: 408.261.3555
F: 408.261.3545

### CONNECTICUT

**PATEL FOODS**
171 E. SPENCER STREET
MANCHESTER, CT 06040
T: 860.645-6100
F: 860.643-9322

### CANADA

**PATEL CASH & CARRY**
700 - MARKHAM ROAD, UNIT # 3 & 4,
SCARBOROUGH, ONTARIO, M1H 2A7
CANADA
T: 416-439-9393 F: 416-438-6446




### NEW JERSEY

**PATEL CASH & CARRY**
1551 OAKTREE RD
ISELIN, NJ 08830
T: 732.205.0187
F: 732.205.0397

**PATEL CASH & CARRY**
780 NEWARK AVE
JERSEY CITY, NJ 07306
T: 201.222.7572
F: 201.222.1019

**PATEL FOOD MARKET**
1357 OAKTREE RD
ISELIN, NJ 08830
T: 732.283.7283
F: 732.283.4950

**PATEL CASH & CARRY**
2800 - RT# 27
RYAN PLAZA
NORTH BRUNSWICK , NJ 28902
T:732.821.0667
F:732.821.7232

**PATEL BROTHERS**
10866, RT 46
PARSIPPANY, NJ 07054

### INDIANA

**PATEL BROTHERS**
4150 LAFAYETTE RD. SUITE F&G
INDIANAPOLIS, IN 46254
T: 317.293.8345 F:317.293.8395

### KENTUCKY

**PATEL BROTHERS**
1830 HURSTBOURNE PKWY
LOUISVILLE, KY 40220
T: 502.499.9791

### GEORGIA

**PATEL BROTHERS**
1711 CHURCH STREET
DECATUR, GA 30033
T: 404.296.2696
F: 404.296.2698

### MISSISSIPPI

**PATEL CASH & CARRY**
6800 W.OLD CANTON RD SUITE 102
RIGDELAND, MS 39157
T: 601.952.0332

**PATEL BROTHERS**
1999 HWY 80 WEST
SUITE 15
JACKSON, MS 39204
T: 601.353.6611

### PENNSYLVANIA

**PATEL BROTHERS**
4145 WILLIAM PENN HWY
MONROEVILLE, PA 15146
T: 412.372.2758 F: 412.380.0144

**PATEL BROTHERS**
1915 STREET ROAD
BENSALEM, PA 19020

### OHIO

**PATEL BROTHERS**
1170 KENNY SQUARE MALL
COLUMBUS, OH 43220
T: 614.273.1376

**PATEL BROTHERS**
6876 PEARL ROAD
MIDDLEBURGH HTS., OH 44130
T: 440.885.4440

### MICHIGAN

**PATEL BROTHERS**
28684 FORD ROAD
GARDEN CITY, MI 48135
T: 734.427.4445
F: 734.427.4985

**PATEL BROTHERS**
28950 ORCHARD LAKE ROAD
FARMINGTON HILLS, MI 48334
T: 248.851.7470

**PATEL BROTHERS**
37196 DEQUINDRE ROAD
STERLING HEIGHTS, MI 48077
T: 586.795.5120

### NORTH CAROLINA

**PATEL BROTHERS**
1419 SOUTH EAST MAYNARD RD
CARY, NC 27511
T: 919.380.0113 F: 919.319.5661

### TEXAS

**PATEL BROTHERS**
5815 HILLCROFT
HOUSTON, TX 77036
T: 713.784.8332
F: 713.784.8341

**PATEL BROTHERS**
16338, KENSINGTON DR UNIT # 130
SUGARLAND, TX 77479
T: 281.980.1181

**PATEL BROTHERS**
104 INGE DRIVE
RICHARDSON, TX 75080
T: 972.644.3972

### MARYLAND

**PATEL BROTHERS**
6402 BALTI NATIONAL PIKE
ROUTE # 40, SUITE #18B
CATONSVILLE, MD 21228
T: 410.719.2822
F: 410.719.2821

**PATEL BROTHERS**
15110 FREDERICK ROAD
ROCKVILLE, MD 20850
T: 301.340.8656
F:301.898.8959

**PATEL BROTHERS**
2074 UNIVERSITY BLVD
HYATTSVILLE, MD 20783
T:301.422.1555
F:301.422.1555

### NEW YORK

**PATEL BROTHERS**
37-27, 74TH STREET,
JACKSON HEIGHTS, NY 11372
T: 718.898.3445 F: 718.898.9243

**PATEL BROTHERS**
415 SOUTH BROADWAY
HICKSVILLE, NY 11801
T: 516.681.0091 F: 516.681.0072

**PATEL BROTHERS**
42-92 MAIN STREET
FLUSHING, NY 11355
T: 718.661.1112 F: 718.661.2076

**PATEL BROTHERS**
124-10, LIBERTY AVENUE
RICHMONDHILL, NY 11419
T: 718.843.2527 F: 718.843.2526

**PATEL BROTHERS**
251-08 HILLSIDE AVENUE
BELLEROSE, NY 11426
T: 718.470.1356 F: 718.470.0209

### MASSACHUSETTS

**PATEL BROTHERS**
425 - MOODY STREET
WALTHAM, MA 02453
T: 781.893-1003
F: 781.893-6003

**PATEL BROTHERS**
504, BOSTON TURNPIKE
SHREWSBURY, MA 01545

### VIRGINIA

**PATEL BROTHERS**
11116 LEE HIGHWAY
FAIRFAX, VA 22030
T: 703.273.7400

### TENNESSEE

**PATEL BROTHERS**
4043 NOLENSVILLE PIKE
NASHVILLE, TN 37211
T: 615.833.1555
F: 615.833.1556

**www.patelbros.com**

PB.REV.080808

Design+Print: OneIMS.com | 1-888-ONE-IMS1


ਦਿਲ ਪੰਜਾਬੀ...
ਡਿਸ਼ ਪੰਜਾਬੀ...
JANTA DI AWAZ
Punjabi Pack now includes
gPunjab
the news channel - no price increase!
PUNJABI PACK $19.99/mo.
jus punjabi
jus one
punjabi
gPunjab
LOCAL CHANNELS $9.99/mo.
CBS
NBC
FOX
(where available)
PBS
= $29 98/mo
Get Punjabi Pack with American Local channels and receive
- No equipment to buy
- Free Activation (with Agreement)
- Free DVR Upgrade ($6/mo. DVR Service fee applies)
- No Additional Service Access fee
Subscribe Today
1-888-242-2276
dish NETWORK®
INTERNATIONAL TV
Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 5/31/10. © 2010, DISH Network L.L.C. All rights reserved.

ੴ ੴ

ੴ ਸਤਿਗੁਰ ਪ੍ਰਸਾਦਿ

ਖਾਲਸਾ ਮੇਰੋ ਪਿੰਡ ਪਰਾਣ॥ ਖਾਲਸਾ ਮੇਰੀ ਜਾਨ ਕੀ ਜਾਨ॥

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ)

## ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ ਜਨਮ ਦਿਹਾੜੇ ਅਤੇ ਵਿਸਾਖੀ ਦੀ ਸਮੂਹ ਸਿੱਖ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈ



ਪੈਲਾਟਾਈਨ ਗੁਰੂ ਘਰ ਉਪਰ ਗੁੰਬਦ ਲਾਏ ਜਾਣ ਦਾ ਮਾਡਲ

ਖਾਲਸਾ ਸਿਰਜਣਾ ਦਿਵਸ 'ਤੇ ਗੁਰਦੁਆਰਾ ਪੈਲਾਟਾਈਨ ਵਿਚ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਪੰਜਾਬ ਟਰੱਕ ਯੂਨੀਅਨ ਵਲੋਂ ਕੀਤੀ ਜਾਏਗੀ। ਅਖੰਡ ਪਾਠ ਦਾ ਅਰੰਭ ਸ਼ੁਕਰਵਾਰ 16 ਅਪਰੈਲ ਨੂੰ ਹੋਵੇਗਾ ਅਤੇ ਭੋਗ 18 ਅਪਰੈਲ, 2010 ਪਵੇਗਾ। ਸਮੂਹ ਸੰਗਤਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਖਾਲਸੇ ਦਾ ਜਨਮ ਦਿਹਾੜਾ ਸ਼ਿਕਾਗੋ ਨਿਵਾਸੀ ਸੰਗਤਾਂ ਵਲੋਂ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ 18 ਅਪਰੈਲ, 2010 ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰਨ ਦੀ ਅਰਜ਼ੋਈ ਹੈ ਜੀ।

**ਅਰੰਭ ਸ੍ਰੀ ਅਖੰਡ ਪਾਠ**
16 ਅਪਰੈਲ, 2010 (ਸ਼ੁਕਰਵਾਰ) ਸਵੇਰੇ 10 ਵਜੇ

**ਭੋਗ ਸ੍ਰੀ ਅਖੰਡ ਪਾਠ**
18 ਅਪਰੈਲ, 2010 (ਐਤਵਾਰ) ਸਵੇਰੇ 10 ਵਜੇ

**ਕੀਰਤਨੀ ਜਥੇ**
ਭਾਈ ਅਤਰ ਸਿੰਘ ਅਤੇ ਭਾਈ ਗੁਰਜੰਟ ਸਿੰਘ ਖਾਲਸਾ

**ਵਿਸਾਖੀ ਸਬੰਧੀ ਵਿਸ਼ੇਸ਼ ਦੀਵਾਨ**
14 ਅਪਰੈਲ, 2010 (ਦਿਨ ਬੁੱਧਵਾਰ) ਸ਼ਾਮ 6:30 ਤੋਂ 9 ਵਜੇ ਤੱਕ

**ਅੰਮ੍ਰਿਤ ਸੰਚਾਰ**
18 ਅਪਰੈਲ ਨੂੰ ਸਵੇਰੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ ਅਭਿਲਾਖੀ ਰਿਲੀਜੀਅਸ ਸੈਕਟਰੀ ਭਾਈ ਸੋਖੀ ਸਿੰਘ ਨਾਲ ਫੋਨ 773-251-4476 'ਤੇ ਸੰਪਰਕ ਕਰ ਸਕਦੇ ਹਨ।

*ਨਿਸ਼ਾਨ ਸਾਹਿਬ ਦੀ ਸੇਵਾ ਭਾਈ ਬਲਵਿੰਦਰ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ ਜੀ।*

## Sikh Religious Society of Chicago, Palatine

1280, Winnetka St. Palatine, IL 60067 Ph. 847-358-1117